23 ਅਕਤੂਬਰ-ਦਸੰਬਰ,2011

# ਕਹਾਣੀ ਧਾਰਾ



ਮੁੱਲ : 25/-



23 ਅਕਤੂਬਰ-ਦਸੰਬਰ, 201

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971



e-mail: kahani_dhara@yahoo.co.in
kahanidhara@gmail.com

ਸੰਪਾਦਕ:

ਭਗਵੰਤ ਰਸੂਲਪੁਰੀ

94170-64350

ਟਾਇਟਲ ਪੇਂਟਿੰਗ

ਸੁਰਜੀਤ ਕੌਰ

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ :
Editor KAHANI DHARA
V. Dharampura, P.O:. Khambra,
Distt. JALANDHAR-144026(Pb.)

ਚੰਦੇ : ਇਕੱ ਅੰਕ: 25 ਰੁਪਏ, 10 ਅੰਕ: 250 ਰੁਪਏ ,
10 ਅੰਕ: ਡਾਲਰ 35 ਤੇ ਪੌਂਡ 30,
ਚੰਦੇ ਚੈੱਕ / ਬੈਂਕ ਡਰਾਫਟ/ ਮਨੀਆਰਡਰ ਰਾਹੀਂ ਕੇਵਲ
'KAHANI DHARA' ਦੇ ਨਾਂ ਭੇਜੇ ਜਾਣ।

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਖਵਿੰਦਰ ਨੇ Bright Printing Press,Mohalla Kishanpura, Jalandhar ਤੋਂ ਛਪਵਾ ਕੇ ਦਫਤਰ 'ਕਹਾਣੀ ਧਾਰਾ' ਪਿੰਡ ਧਰਮ ਪੁਰ, ਡਾਕ ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਸੰਪਾਦਕ: ਭਗਵੰਤ ਰਸੂਲਪੁਰੀ,
( ਪ੍ਰਕਾਸ਼ਨ ਮਿਤੀ 10, ਨਵੰਬਰ, 2011)

## ਇਸ ਅੰਕ ਵਿਚ

1. ਸੰਪਾਦਕੀ-1
2. ਮੁਲਾਕਾਤ- "ਬਹੁਤੇ ਆਲੋਚਕਾਂ ਨੇ ਕੁਝ ਖਾਸ ਲੇਖਕਾਂ ਦਾ ਇਕ ਮੈਕਰੋ ਹੀ ਬਣਾ ਲਿਆ ਹੈ। ਉਹ ਮੈਕਰੋ ਵਿਚਲੇ ਲੇਖਕਾਂ ਦੇ ਨਾਮ ਮੁਹਾਵਰੇ ਵਾਂਗ ਵਰਤ ਜਾਂਦੇ ਹਨ।"
-ਕੁਲਜੀਤ ਮਾਨ/ ਮੁਲਾਕਾਤੀ ਬਲਬੀਰ ਕੌਰ ਸੰਘੇੜਾ-3
3. ਕਹਾਣੀਆਂ-
-ਦਿੱਸ ਹੱਦੇ ਤੋਂ ਪਾਰ / ਇੱਛੂਪਾਲ-21
-ਇਕ ਦਾਅ ਹੋਰ / ਨਿਰੰਜਣ ਬੋਹਾ-27
-ਦਾਰੋ ਘਤਿੱਤੀ / ਪ੍ਰੀਤ ਨੀਤਪੁਰ-34
-ਚਿਖ਼ਾ ਰਚਣ / ਕਮਲ ਦੀਪ ਸਿੰਘ (ਜੰਮੂ)-59
-ਤੋਹਫ਼ਾ / ਗਾਇ ਦਿ ਮੋਪਾਸਾਂ-64
4. ਨਾਵਲ ਕਾਂਡ / ਤੀਵੀਂਆਂ / ਪਰਗਟ ਸਿੰਘ ਸਤੌਜ-69
5. ਪ੍ਰੋ. ਹਰਭਜਨ ਸਿੰਘ ਦੀ ਕਹਾਣੀ ਕਲਾ ਦੀ ਵਿਲੱਖਣਤਾ / ਪ੍ਰੋ. ਮਾਨ ਸਿੰਘ ਢੀਂਡਸਾ-75
6. ਪਰਵਾਸੀ ਪੰਜਾਬੀ ਕਹਾਣੀ: ਮਸ਼ੀਨੀ ਸਭਿਆਚਾਰ ਅਤੇ ਰਿਸ਼ਤੇ / ਡਾ. ਰਵਿੰਦਰ ਸਿੰਘ-86
7. ਇਤਿਹਾਸਕ ਪਰਿਪੇਖ ਨੂੰ ਪੇਸ਼ ਕਰਦੀ ਗਲਪੀ ਰਚਨਾ: 1857 ਦਿੱਲੀ, ਦਿੱਲੀ / ਡਾ. ਮਿਨਾਕਸ਼ੀ ਰਠੌਰ-92
8. ਚਰਿੱਤਰ ਨਾਇਕ ਦੀ ਕਰਮ ਪ੍ਰਵਿਰਤੀ ਦਾ ਸੁਹਜਵੰਤ ਬਿਰਤਾਂਤ ਵਰਿਆਮ ਸੰਧੂ ਦੀ ਸਾਹਿਤਕ ਸ੍ਵੈ ਜੀਵਨੀ / ਜੇ. ਬੀ. ਸੇਖੋਂ-96
9. ਕਾਲ ਚੱਕਰ: ਲਿਬਡੋ ਤੇ ਸੁਪਰਈਗੋ ਦਰਮਿਆਨ ਤਨਾਵਾਂ ਤੇ ਟਕਰਾਵਾਂ ਦਾ ਕਥਾ ਸਿਰਜਨ / ਡਾ. ਸਤਿੰਦਰ ਸਿੰਘ-99
10. ਸਮਕਾਲੀ ਪਰਸਥਿਤੀਆਂ ਅੰਦਰ ਪੰਜਾਬੀ ਮਨੁੱਖ ਦਾ ਪ੍ਰਵਚਨ 'ਕਥਾ ਇਸ ਯੁੱਗ ਦੀ' / ਡਾ. ਸਾਕ ਮੁਹੰਮਦ-102
ਹੁੰਗਾਰਾ-108

ਪਰਵਾਜ਼ ਪ੍ਰਕਾਸ਼ਨ

ਉਤਮ, ਮਿਆਰੀ, ਸੁੰਦਰ ਦਿੱਖ ਵਿਚ ਪੁਸਤਕਾਂ ਪ੍ਰਕਾਸ਼ਤ ਕਰਨ ਵਾਲਾ ਨਵਾਂ ਪ੍ਰਕਾਸ਼ਨ ਘਰ।
ਪੰਜਾਬੀ ਸਾਹਿਤ ਦੀ ਹਰ ਵਿਧਾ ਦੀਆਂ ਪੁਸਤਕਾਂ ਪ੍ਰਕਾਸ਼ਤ ਕਰਨ ਲਈ ਸੰਪਰਕ ਕਰੋ।
ਵਧੇਰੇ ਜਾਣਕਾਰੀ ਫੋਨ ਤੇ ਜਾਂ ਈ-ਮੇਲ ਰਾਹੀ ਪ੍ਰਾਪਤ ਕਰੋ।

Parwaz Parkashan
E.mail:parwazparkashan@gmail.com
Mob. 94170-64350

ਸੰਪਾਦਕੀ :

## ਪੁਸਤਕ ਸਭਿਆਚਾਰ ਸੰਕਟ ਤੇ ਹੱਲ

ਇਸ ਵੇਲੇ ਪੰਜਾਬੀ ਸਾਹਿਤ ਦਾ ਪੁਸਤਕ ਸਭਿਆਚਾਰ ਗੰਭੀਰ ਸੰਕਟ ਵਿਚੋਂ ਗੁਜਰ ਰਿਹਾ ਹੈ। ਮਨੁੱਖ ਨੂੰ ਬੌਧਿਕ ਤੌਰ ਤੇ ਚੇਤਨ ਕਰਨ ਦਾ ਪੁਸਤਕਾਂ ਹੀ ਮੁੱਖ ਸੋਮਾ ਹੈ। ਪੰਜਾਬੀ ਲੋਕਾਂ ਦੀ ਇਹ ਤ੍ਰਸਾਦੀ ਹੈ ਕਿ ਪੰਜਾਬੀ ਮਨ ਪੁਸਤਕਾਂ ਨਾਲ ਗੰਭੀਰਤਾ ਨਾਲ ਜੁੜ ਨਹੀਂ ਰਿਹਾ। ਇਹਦੇ ਪਿਛੇ ਅਨੇਕਾਂ ਮਨੋਵਿਗਿਆਨਕ ਤੇ ਇਤਿਹਾਸਕ ਕਾਰਨ ਹਨ। ਸੱਤਾ ਪ੍ਰਾਪਤ ਸਰਕਾਰਾਂ ਇਹ ਯਤਨ ਨਹੀਂ ਕਰ ਰਹੀਆਂ ਕਿ ਪੰਜਾਬੀ ਵਿਦਿਆਰਥੀ ਤੇ ਪਾਠਕਾਂ ਨੂੰ ਵਧੇਰੇ ਗਿਣਤੀ ਵਿਚ ਜੋੜਿਆ ਜਾਵੇ। ਪੇਂਡੂ ਵਿਦਿਆਰਥੀਆਂ ਨੂੰ ਪੁਸਤਕ ਦੇ ਨੇੜੇ ਲਿਆਉਣ ਲਈ ਲਾਇਬਰੇਰੀਆਂ ਇਕ ਬਹੁਤ ਵੱਡਾ ਸਾਧਨ ਹੈ। ਪਿੰਡਾਂ ਵਿਚ ਲਾਇਬਰੇਰੀਆਂ ਖੋਲ੍ਹਣ ਪ੍ਰਤੀ ਸਰਕਾਰਾਂ ਗੰਭੀਰ ਨਹੀਂ। ਸਾਡੇ ਗੁਵਾਂਢੀ ਰਾਜ ਹਰਿਆਣਾ ਨੇ ਪਬਲਿਕ ਲਾਇਬਰੇਰੀਜ਼ ਐਕਟ ਤਾਂ ਕਈ ਸਾਲ ਪਹਿਲਾਂ ਪਾਸ ਕਰ ਦਿੱਤਾ ਪਰ ਪੰਜਾਬ ਸਰਕਾਰ ਅਜੇ ਬਿਆਨ ਹੀ ਜਾਰੀ ਕਰੀ ਜਾ ਰਹੀ ਕਿ 'ਸ਼ਬਦ ਪ੍ਰਕਾਸ਼ ਪੰਜਾਬ ਪਬਲਿਕ ਲਾਇਬ੍ਰੇਰੀ ਅਤੇ ਸੂਚਨਾ ਸੈਵਾਵਾਂ ਬਿਲ 2011' ਬਹੁਤ ਜਲਦੀ ਬਣ ਜਾਵੇਗਾ। ਇਸ ਬਿੱਲ ਦਾ ਡਰਾਫਟ 25 ਸਾਲਾਂ ਤੋਂ ਪੰਜਾਬ ਸਰਕਾਰ ਦੀਆਂ ਫਾਇਲਾ ਵਿਚ ਰੁਲ ਰਿਹਾ ਹੈ।

ਅੱਜ ਤੋਂ 20 ਕੁ ਸਾਲ ਪਹਿਲਾਂ ਪੰਚਾਇਤੀ ਵਿਭਾਗ ਨੇ ਹਰ ਪਿੰਡ ਦੀ ਪੰਚਾਇਤ ਨੂੰ ਲਾਇਬ੍ਰੇਰੀ ਖੋਲਣ ਲਈ ਕਰੋੜਾਂ ਰੁਪਏ ਦੀਆਂ ਕਿਤਾਬਾਂ ਦਿੱਤੀਆਂ ਸਨ। ਉਹ ਕਿਤਾਬਾਂ ਅੱਜ ਕਿਸੇ ਵੀ ਪੰਚਾਇਤ ਕੋਲ ਨਹੀਂ ਹੈ ਮੈਂ ਦੁਆਬੇ ਦੇ ਤਕਰੀਬ 70-80 ਪਿੰਡਾਂ ਦੀਆਂ ਪੰਚਾਇਤਾਂ ਕੋਲੋਂ ਕਿਤਾਬਾਂ ਬਾਰੇ ਪੁੱਛਿਆ, ਰਿਕਾਰਡ ਦੇਖੇ ਉਥੇ 'ਸਿਉਂਕ ਖਾ ਗਈ' ਲਿਖਿਆ ਹੀ ਮਿਲਿਆ।

ਪਿਛਲੇ ਸਾਲ ਵਿਚ ਪੰਜਾਬ ਸਰਕਾਰ ਨੇ ਹਰ ਸਕੂਲ ਲਈ ਕਿਤਾਬਾਂ ਖਰੀਦਣ ਲਈ 10-10 ਹਜਾਰ ਰੁਪਏ ਦੀ ਗ੍ਰਾਂਟ ਭੇਜੀ ਇਸ ਨਾਲ ਕਰੋੜਾਂ ਰੁਪਏ ਦੀਆਂ ਕਿਤਾਬਾਂ ਸਕੂਲਾਂ ਵਿਚ ਗਈਆਂ। ਪ੍ਰਕਾਸ਼ਕਾਂ ਦੀਆਂ ਕਿਤਾਬਾਂ ਤਾਂ ਵਿਕੀਆਂ ਪ੍ਰੰਤੂ ਉਹ ਕਿਤਾਬਾਂ ਕਿਨੀਆਂ ਕੁ ਸਕੂਲ ਦੇ ਵਿਦਿਆਰਥੀਆਂ ਨੂੰ ਸਕੂਲ ਅਧਿਆਪਕ ਪੜ੍ਹਨ ਲਈ ਦਿੰਦਾ ਹਨ। ਇਸ ਵੱਲ ਧਿਆਨ ਦੇਣ ਦੀ ਲੋੜ ਹੈ। 90% ਸਕੂਲਾਂ ਵਿਚ ਬੱਚਿਆਂ ਕੋਲੋਂ ਕਿਤਾਬਾਂ ਜਾਰੀ ਕਰਨ ਦੇ ਬੋਗਸ ਹਸਤਾਖ਼ਰ ਕਰਵਾ ਲਏ ਜਾਂਦੇ ਹਨ ਪਰ ਉਨ੍ਹਾਂ ਨੂੰ ਪੜ੍ਹਨ ਲਈ ਕਿਤਾਬਾਂ ਨਹੀਂ ਦਿੱਤੀਆਂ ਜਾਂਦੀਆਂ।

ਪਿਛਲੇ ਦਿਨੀਂ ਇਹ ਗੱਲ ਵੀ ਸਾਹਮਣੇ ਆਈ ਕਿ ਪੰਜਾਬ ਦੇ 1641 ਸਰਕਾਰੀ ਸਕੂਲਾਂ ਵਿਚ ਲਾਇਬ੍ਰੇਰੀਆਂ ਹੀ ਨਹੀਂ ਹਨ। ਸਿੱਖਿਆ ਵਿਭਾਗ ਦੇ ਸਰਕਾਰੀ ਦਸਤਾਵੇਜ਼ ਅਨੁਸਾਰ ਸੂਬੇ ਦੇ ਗੁਰਦਾਸਪੁਰ ਦੇ 284, ਰੂਪ ਨਗਰ ਦੇ 139 , ਅੰਮ੍ਰਿਤਸਰ ਦੇ 132 , ਪਟਿਆਲੇ ਦੇ 116 , ਹੁਸਿਆਰਪੁਰ ਦੇ 112, ਫਿਰੋਜ਼ਪੁਰ ਦੇ 108, ਕਪੂਰਥਲਾ ਦੇ 71 ਜਲੰਧਰ ਦੇ 49 ਆਦਿ ਜ਼ਿਲਿਆ ਦੇ ਸਕੂਲਾਂ ਵਿਚ ਲਾਇਬ੍ਰੇਰੀਆਂ ਨਹੀਂ ਹਨ। ਪੰਜਾਬ ਵਿਚ ਜਿਹੜੀਆਂ 12 ਜ਼ਿਲ੍ਹਾ ਲਾਇਬ੍ਰੇਰੀਆਂ ਤੇ ਇਕ ਮੁਸਾਫਰ ਮੈਮੋਰੀਅਲ ਸੈਂਟਰਲ ਸਟੇਟ



ਲਾਇਬ੍ਰੇਰੀ ਹੈ ਉਨ੍ਹਾਂ ਦੀ ਹਾਲਤ ਵੀ ਕੋਈ ਬਹੁਤੀ ਠੀਕ ਨਹੀਂ ਹੈ। ਇਨ੍ਹਾਂ ਵਿਚ ਸਟਾਫ਼ ਦੀ ਭਾਰੀ ਘਾਟ ਹੈ ਜਿਸ ਕਾਰਨ ਕਿਤਾਬਾਂ ਦੀ ਸਾਂਭ ਸੰਭਾਲ ਤਸੱਲੀ ਵਾਲੀ ਨਹੀਂ।

ਪਬਲਿਕ ਲਾਇਬ੍ਰੇਰੀ ਐਕਟ ਵਿਚ ਸਰਕਾਰ ਇਹ ਦਾਅਵਾ ਕਰ ਰਹੀ ਕਿ ਇਸ ਦੇ ਲਾਗੂ ਹੋਣ ਨਾਲ 1 ਸਟੇਟ ਲਾਇਬ੍ਰੇਰੀ, 22 ਜ਼ਿਲ੍ਹਾ ਲਾਇਬ੍ਰੇਰੀਆ, 141 ਬਲਾਕ ਲਾਇਬ੍ਰੇਰੀਆ, 157 ਸ਼ਹਿਰੀ ਲਾਇਬ੍ਰੇਰੀਆਂ ਤੇ 12282 ਪੇਂਡੂ ਲਾਇਬ੍ਰੇਰੀਆਂ ਦਾ ਜਾਲ ਵਿਛਾਇਆ ਜਾਵੇਗਾ।

ਪੰਜਾਬ ਵਿਧਾਨ ਸਭਾ ਵਿਚ ਇਕ ਲਾਇਬ੍ਰੇਰੀ ਹੈ, ਜਿਸ ਲਈ ਕਿਤਾਬਾਂ ਓਨੇ ਦੀਆਂ ਖਰੀਦੀਆਂ ਨਹੀਂ ਜਾਂਦੀਆਂ ਜਿਨੇ ਪੈਸੇ ਉਸ ਦੇ ਸੰਬੰਧ ਵਿਚ ਮੀਟਿੰਗਾ ਤੇ ਮਸ਼ਵਰਿਆ ਦੇ ਨਾਂ 'ਤੇ ਖਰਚ ਕਰ ਦਿੱਤੇ ਜਾਂਦੇ ਹਨ।

ਇਸ ਦਾ ਅੰਦਰਲਾ ਸੱਚ ਵੀ ਪਿਛਲੇ ਦਿਨੀਂ ਉਭਰ ਕੇ ਸਾਹਮਣੇ ਆਇਆ ਹੈ। ਵਿਧਾਨ ਸਭਾ ਦੀ ਲਾਇਬ੍ਰੇਰੀ ਦੀ ਸਾਂਭ ਸੰਭਾਲ ਅਤੇ ਪੁਸਤਕਾਂ ਆਦਿ ਦੀ ਚੋਣ ਲਈ ਲਾਇਬ੍ਰੇਰੀ ਕਮੇਟੀ ਬਣਾਈ ਜਾਂਦੀ ਹੈ ਜਿਸ ਦੇ ਨੌਂ ਮੈਂਬਰ ਹੁੰਦੇ ਹਨ। ਇਸ ਕਮੇਟੀ ਦੀ ਮਿਆਦ ਇਕ ਸਾਲ ਹੁੰਦੀ ਹੈ। ਸਾਲ 2007-8 ਤੋਂ 2010-11 ਦੌਰਾਨ ਚਾਰ ਵਰ੍ਹਿਆਂ ਵਿਚ ਕਮੇਟੀ ਮੈਂਬਰਾਂ ਨੇ ਮਸ਼ਵਰੇ ਤੇ ਸਲਾਹਾਂ ਲਈ ਮੀਟਿੰਗਾ ਕਰਕੇ 16.45 ਲੱਖ ਖਰਚ ਦਿੱਤੇ। ਬਦਲੇ ਵਿਚ 85,798 ਰੁਪਏ ਖਰਚ ਕੇ ਕੇਵਲ 200 ਕਿਤਾਬਾਂ ਦੀ ਖਰੀਦ ਕੀਤੀ ਗਈ। ਕਮੇਟੀ ਮੈਂਬਰ ਵਿਧਾਇਕਾਂ ਨੇ ਪਹਾੜੀ ਸਥਾਨ ਤੇ ਜਾ ਕੇ ਮੀਟਿੰਗਾਂ ਕੀਤੀਆਂ। ਲਾਇਬ੍ਰੇਰੀ ਕਮੇਟੀ ਵੱਲੋਂ ਜਿਹੜੀਆਂ ਮੀਟਿੰਗ ਪੁਸਤਕਾਂ ਦੀ ਚੋਣ ਆਦਿ ਲਈ ਕੀਤੀ ਜਾਂਦੀ ਹੈ ਉਸ ਮੀਟਿੰਗ ਦਾ ਟੀ. ਏ. ਡੀ. ਏ. ਬਕਾਇਦਾ ਹਰ ਵਿਧਾਇਕ ਮੈਂਬਰ ਨੂੰ ਮਿਲਦਾ ਹੈ। 91 ਮੀਟਿੰਗ ਤੇ 16, 45,498 ਰੁਪਏ ਖਰਚੇ ਗਏ ਤੇ ਕੇਵਲ 200 ਕਿਤਾਬਾਂ ਦੀ ਚੋਣ ਹੀ ਕੀਤੀ ਗਈ। ਇਹ ਮੀਟਿੰਗਾਂ ਵਧੇਰੇ ਕਰਕੇ ਸ਼ਿਮਲਾ, ਜੈਪੁਰ ਤੇ ਚੰਡੀਗੜ੍ਹ, ਤਾਮਿਲਨਾਡੂ ਦੇ ਊਟੀ, ਕੋਇੰਬਟੂਰ, ਚੇਨੱਈ ਆਦਿ ਵਿਚ ਹਵਾਈ ਜਹਾਜਾਂ ਵਿਚ ਜਾ ਕੇ ਹੋਈਆਂ। ਪੰਜਾਬ ਵਿਚ ਕੇਵਲ ਇਕ ਮੀਟਿੰਗ ਰੱਖੀ ਗਈ। 2004-05 ਤੋਂ ਹੁਣ ਤੱਕ ਦਾ ਲੇਖਾ ਜੋਖਾ ਕਰੀਏ ਤਾਂ ਸੱਤ ਸਾਲਾਂ ਦੌਰਾਨ 711 ਪੁਸਤਕਾਂ ਦੀ ਖਰੀਦ ਕੀਤੀ ਗਈ। ਜਿਨ੍ਹਾਂ ਤੇ 3,98,380 ਰੁਪਏ ਖਰਚ ਕੀਤੇ ਗਏ। ਸੱਤ ਸਾਲਾਂ ਵਿਚ ਕਮੇਟੀ ਦੀਆਂ ਕੁੱਲ 157 ਮੀਟਿੰਗਾਂ ਹੋਈਆਂ ਤੇ ਹਰ ਮੀਟਿੰਗ ਵਿਚ ਔਸਤਨ ਚਾਰ ਤੋਂ ਪੰਜ ਪੁਸਤਕਾਂ ਦੀ ਚੋਣ ਕੀਤੀ ਗਈ।

ਇਨ੍ਹਾਂ ਉਪਰੋਕਤ ਤੱਥਾਂ ਤੋਂ ਇਸ ਗੱਲ ਦੀ ਪ੍ਰੋੜਤਾ ਹੁੰਦੀ ਹੈ ਕਿ ਪੰਜਾਬ ਸਰਕਾਰ ਪੰਜਾਬ ਵਿਚ ਪੁਸਤਕ ਸਭਿਆਚਾਰ ਪੈਦਾ ਕਰਨ ਪ੍ਰਤੀ ਗੰਭੀਰ ਨਹੀਂ। ਖੱਪਤਵਾਦ ਦੇ ਦੌਰ ਵਿਚ ਪੁਸਤਕਾਂ ਨੂੰ ਬਚਾਉਣਾ ਬਹੁਤ ਜ਼ਰੂਰੀ ਹੈ। ਪੁਸਤਕਾਂ 'ਤੇ ਅੱਜ ਦੇ ਸਮੇਂ ਵਿਚ ਬਹੁਤ ਹਮਲੇ ਹੋ ਰਹੇ ਹਨ। ਇਲੈਕਟ੍ਰੋਨਿਕ ਮੀਡੀਆ ਅਤੇ ਇੰਟਰਨੈੱਟ ਦਾ ਦੌਰ ਪੁਸਤਕ ਸਭਿਆਚਾਰ ਲਈ ਬਹੁਤ ਖਤਰਨਾਕ ਸਿੱਧ ਹੋ ਰਿਹਾ ਹੈ। ਉਹ ਜਨੂੰਨੀ ਲੋਕ ਵਧਾਈ ਦੇ ਪਾਤਰ ਹਨ ਜੋ ਪੁਸਤਕ ਸਭਿਆਚਾਰ ਪੈਦਾ ਕਰਨ ਲਈ ਹਰ ਯਤਨ ਕਰ ਰਹੇ ਹਨ। ਪੰਜਾਬੀ ਸਾਹਿਤ ਸਭਾ ਦਿੱਲੀ, ਸਾਹਿਤ ਅਕੈਡਮੀ ਲੁਧਿਆਣਾ, ਪੰਜਾਬ ਸੱਥ ਲਾਂਬੜਾ ਤੇ ਹੋਰ ਕੁਝ ਅਦਾਰੇ ਪੁਸਤਕ ਸਭਿਆਚਾਰ ਪੈਦਾ ਕਰਨ ਲਈ ਨਿਰਸਵਾਰਥ ਲੱਗੇ ਹੋਏ ਹਨ। ਉਨ੍ਹਾਂ ਦੀ ਦਾਦ ਦੇਣੀ ਬਣਦੀ ਹੈ।

**-ਭਗਵੰਤ ਰਸੂਲਪੁਰੀ**

î¹ñÅÕÅå

## “ਬਹੁਤੇ ਆਲੋਚਕਾਂ ਨੇ ਕੁਝ ਖਾਸ ਲੇਖਕਾਂ ਦਾ ਇਕ ਮੈਕਰੋ ਹੀ ਬਣਾ ਲਿਆ ਹੈ। ਉਹ ਮੈਕਰੋ ਵਿਚਲੇ ਲੇਖਕਾਂ ਦੇ ਨਾਮ ਮੁਹਾਵਰੇ ਵਾਂਗ ਵਰਤ ਜਾਂਦੇ ਹਨ।”

**- ਕੁਲਜੀਤ ਮਾਨ**

**ਮੁਲਾਕਾਤੀ - ਬਲਬੀਰ ਕੌਰ ਸੰਘੇੜਾ**

ਕੈਨੇਡੀਨ ਪੰਜਾਬੀ ਕਹਾਣੀਕਾਰ ਕੁਲਜੀਤ ਮਾਨ ਦਾ ਨਾਂ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ ਹੈ। ਪਿਛਲੇ ਕੁਝ ਵਰ੍ਹਿਆਂ ਤੋਂ ਉਸਨੇ ਆਪਣੀ ਪਛਾਣ ਲੰਬੀ ਕਹਾਣੀ ਅਤੇ ਸ਼ਬਦਾਂ ਦੀ ਜਾਦੂਗਰੀ ਨਾਲ਼ ਬਣਾ ਲਈ ਹੈ। ਉਸਦੀਆਂ ਅਨੇਕਾਂ ਕਹਾਣੀਆਂ ਦੇ ਚਰਚੇ ਗਾਹੇ ਵਗਾਹੇ ਹੁੰਦੇ ਰਹਿੰਦੇ ਹਨ। ਪਿਛਲੇ ਦਿਨੀ ਉਸਦੀ ਕਹਾਣੀ ਮੋਰ, ਚਿੜੀ ਅਤੇ ਡਰਨੇ ਦੀ ਮੌਤ ਨੂੰ ਭਰਵਾਂ ਹੁੰਘਾਰਾ ਮਿਲਿਆ। ਭਾਵੇਂ ਮੈਂ ਕੁਲਜੀਤ ਨੂੰ ਛੋਟੇ ਵੀਰ ਵਜੋਂ ਅਤੇ ਨਿੱਘੇ ਦੋਸਤ ਵਜੋਂ ਜਾਣਦੀ ਹਾਂ ਪਰ ਫੇਰ ਵੀ ਕਈ ਸਵਾਲ ਮਨ ਵਿਚ ਉੱਠਦੇ ਹਨ ਕਿ ਕਹਾਣੀਕਾਰ ਕੁਲਜੀਤ ਮਾਨ ਕੌਣ ਹੈ? ਇਸੇ ਤਲਾਸ਼ ਵਿਚ ਕੁਲਜੀਤ ਨਾਲ਼ ਹੋਈ ਵਿਚਾਰ ਚਰਚਾ ਪਾਠਕਾਂ ਵਾਸਤੇ ਪੇਸ਼ ਕਰਨ ਦੀ ਖੁਸ਼ੀ ਲੈ ਰਹੀ ਹਾਂ।

**? ਕੁਲਜੀਤ ਜੀ, ਕੁਝ ਆਪਣੇ ਬਾਰੇ, ਆਪਣੇ ਪਰਿਵਾਰਕ ਪਿਛੋਕੜ ਬਾਰੇ ਪਾਠਕਾਂ ਨੂੰ ਗਿਆਤ ਪੁਆਓ?**

– ਬਲਬੀਰ ਜੀ ਮੈਂ 1983 ਦਸੰਬਰ ਵਿਚ ਵਿਆਹ ਕਰਵਾ ਕੇ ਕੈਨੇਡਾ ਆਇਆ ਸੀ। ਵੈਨਕੂਵਰ ਜੌਬਾਂ ਦਾ ਮੌਦਾ ਸੀ। ਮਾੜੀਆਂ ਜੌਬਾਂ ਸਹੁਰਿਆਂ ਸਾਹਮਣੇ ਕਰਨ ਲਈ ਮੰਨ ਨਹੀਂ ਮੰਨਿਆ ਤੇ ਮੈਂ ਟਰਾਂਟੋ ਆ ਗਿਆ। ਸਾਰੀ ਉਮਰ ਹੀ ਬੀਤ ਗਈ ਪਰ ਅਜੇ ਤੱਕ ਚਜ ਦੀ ਨੌਕਰੀ ਨਹੀਂ ਮਿਲੀ। ਤਲਾਸ਼ ਜਾਰੀ ਹੈ। ਹੁਣ ਵੀ ਲਗਦਾ ਹੈ ਕਿ ਕੋਈ ਚਜ ਦੀ ਜੌਬ ਮਿਲ ਹੀ ਜਾਵੇਗੀ। ਘਰ ਵਿਚ ਮੇਰੀ ਪਤਨੀ ਤੇ ਤਿੰਨ ਮੁੰਡੇ ਹਨ। ਵੱਡਾ ਮੈਨਟਲੀ ਰਿਟਾਰਟਡ ਹੈ, ਦੂਜਾ ਯੂਨੀਵਰਸਿਟੀ ਤੇ ਤੀਜਾ ਗਿਆਰਵੀ ਜਮਾਤ ਵਿਚ ਪੜ੍ਹਦਾ ਹੈ। ਮਾਂ ਬਾਪ ਟਰਾਂਟੋ ਹੀ ਰਹਿੰਦੇ ਹਨ। ਇਕ ਭਰਾ ਦੀ ਡੈਥ ਹੋ ਗਈ ਹੈ ਤੇ ਸਭ ਤੋਂ ਵੱਡਾ ਅਮਰੀਕਾ ਹੈ। ਅੰਮ੍ਰਿਤਸਰ ਮੇਰਾ ਭਤੀਜਾ ਤੇ ਉਸਦਾ ਪਰਿਵਾਰ ਰਹਿੰਦਾ ਹੈ। ਪਿੰਡ ਜ਼ਮੀਨ ਥੋੜੀ ਸੀ, ਉਹ ਵੇਚ ਕੇ ਅੰਮ੍ਰਿਤਸਰ ਘਰ ਪਾ ਲਿਆ।

ਮੈਂ ਲਾਅ ਗਰੇਜੂਏਟ ਹਾਂ ਤੇ ਫਿਲਾਸਫੀ ਦੀ ਐਮ. ਏ. ਕੀਤੀ ਹੋਈ ਹੈ। ਲਾਅ ਦੀ ਪੜਾਈ ਡੇਹਰਾਦੂਨ ਤੋਂ ਕੀਤੀ ਸੀ। ਬੀ.ਏ ਥਰਡ ਡਵੀਜ਼ਨ ਵਿਚ ਕੀਤੀ ਇਸ ਲਈ ਪੰਜਾਬ ਵਿਚ ਐਡਮਿਸ਼ਨ ਨਹੀ ਮਿਲੀ। ਬੀ.ਏ ਥਰਡ ਡਵੀਜ਼ਨ ਵੀ ਨਕਲ ਮਾਰ ਕੇ ਕੀਤੀ। ਇਮਤਿਹਾਨਾਂ ਵਿਚ ਪਰਚੀਆਂ ਬਣਾ ਲੈਂਦਾ ਸਾਂ। ਇਹ ਚੰਗੀ ਗੱਲ ਹੀ ਸਮਝੋ ਕਿ ਨਕਲ ਮਾਰਦਾ ਕਦੇ ਵੀ ਫੜਿਆ ਨਹੀ ਗਿਆ। ਬਾਪੂ ਸਾਡਾ ਪੁਲੀਸ ਵਿਚ ਹਵਾਲਦਾਰ ਸੀ। ਸ਼ਹਿਰ ਵਿਚ ਵਾਕਫੀਅਤ ਹੋਣ ਕਰਕੇ ਸੁਪਰਵਾਇਜ਼ਰ ਨੂੰ ਮਿਲ ਲਈਦਾ ਸੀ। ਪਰ ਅਫਸੋਸ ਹੈ ਕਿ ਨਕਲ ਮਾਰ ਕੇ ਵੀ ਥਰਡ ਡਵੀਜ਼ਨ ਹੀ ਆਈ। ਪਰਵਾਰਿਕ ਪਿਛੋਕੜ ਕੋਈ ਐਸਾ ਨਹੀ ਕਿ ਕਹਿ ਸਕਾਂ ਕੇ ਅਸੀਂ ਕੋਈ ਸਮਾਜਿਕ ਲਹਿਰ ਵਿਚ ਹਿਸਾ ਲਿਆ ਹੋਵੇ। ਮਾੜੇ ਮੋਟੇ ਨਾਹਰੇ ਮੈਂ ਜਾਤੀ ਤੌਰ ਤੇ ਜ਼ਰੂਰ ਮਾਰੇ ਹਨ। ਪੁਲੀਸ ਆਉਣ ’ਤੇ ਭਜ ਜਾਈਦਾ ਸੀ।

**? ਕੁਲਜੀਤ ਜੀ, ਕੈਨੇਡਾ ਆਉਣ ਦਾ ਸਬੱਬ ਕਿਵੇਂ ਬਣਿਆ ਅਤੇ ਇੱਥੇ ਦੇ ਤਜ਼ਰਬੇ ਕਿਸ ਤਰ੍ਹਾਂ ਦੇ ਰਹੇ?**

– ਜੀ ਕੈਨੇਡਾ ਮੈਂ ਵਿਆਹ ਕਰਵਾ ਕੇ ਆਇਆ ਹਾਂ। ਕੋਈ ਸੋਚੀ ਸਮਝੀ ਸਕੀਮ ਨਹੀ ਸੀ। ਮੇਰੀ ਮਾਮੇ ਦੀ ਲੜਕੀ ਵੈਨਕੂਵਰ ਸੀ, ਬਸ ਉਨ੍ਹਾਂ ਦੇ ਜ਼ਰੀਏ ਹੀ ਅਰੇਂਜਡ ਵਿਆਹ ਹੋਇਆ। ਕੁੜੀ ਵਾਲਿਆਂ ਸੋਚਿਆ ਮੁੰਡਾ ਪੜਿਆ ਲਿਖਿਆ ਹੈ ਤੇ ਅਸੀਂ ਸੋਚਿਆ ਕੁੜੀ ਕੈਨੇਡਾ ਦੀ ਹੈ। ਮੈਂ ਪ੍ਰੇਮ ਵਿਚ ਅਸਫਲ ਹੋਇਆ ਸੀ ਤੇ ਵਿਆਹ ਨਾ ਕਰਵਾਉਂਣ ਦਾ ਜਜ਼ਬਾਤੀ ਫੈਸਲਾ ਕੀਤਾ ਹੋਇਆ ਸੀ ਪਰ ਜਦੋਂ ਕੈਨੇਡਾ ਦੀ ਕੁੜੀ ਨਾਲ ਰਿਸ਼ਤੇ ਦੀ ਗੱਲ ਚਲੀ ਤਾਂ ਮੈਂ ਬਿਨ੍ਹਾਂ ਵੇਖੇ ਹੀ ਹਾਂ ਕਰ ਦਿਤੀ। ਸੋਚਿਆ ਜੇ ਉਹ ਨਹੀ ਤਾਂ ਹੋਰ ਕੋਈ ਵੀ ਹੋਵੇ ਕੀ ਫਰਕ ਪੈਂਦਾ ਹੈ? ਮੇਰੀ ਪਤਨੀ ਗਿਆਰਾਂ ਸਾਲ ਦੀ ਉਮਰ ਵਿਚ ਕੈਨੇਡਾ ਆਈ ਸੀ। ਘਰੇਲੂ ਪਰਿਵਾਰਕ ਕੁੜੀ ਨੇ ਵੀ ਆਪਣੇ ਘਰਵਾਲਿਆਂ ਦੇ ਆਖੇ ਲਗਕੇ ਹਾਂ ਕਰ ਦਿਤੀ। ਅਸੀਂ ਇਕ ਦੁਜੇ ਨੂੰ ਵਿਆਹ ਤੋਂ ਪਹਿਲਾਂ ਨਹੀ ਵੇਖਿਆ ਸੀ। ਮੈਂ ਲਾਵਾਂ ਤੋਂ ਬਾਦ,ਡੋਲੀ ਤੁਰਨ ਲਗਿਆਂ ਪਹਿਲੀ



ਵਾਰ ਆਪਣੀ ਵਹੁਟੀ ਨੂੰ ਵੇਖਿਆ ਸੀ ਜਦੋਂ ਉਸਦੇ ਭਰਾ ਨੇ ਵਿਦਾ ਕਰਨ ਲਈ ਭੈਣ ਨੂੰ ਕਾਰ ਵਿਚ ਬੈਠਿਆਂ ਜਫੀ ਪਾਈ ਤੇ ਉਸਦਾ ਮੂੰਹ ਨੰਗਾ ਹੋਇਆ।

ਬਾਕੀ ਰਹੀ ਤਜ਼ਰਬਿਆਂ ਦੀ ਗੱਲ, ਉਹ ਗੱਲ ਲੰਬੀ ਵੀ ਹੈ ਤੇ ਬਾਕੀਆਂ ਨਾਲ ਮਿਲਦੀ-ਜੁਲਦੀ ਵੀ। ਇਸਦੇ ਕਈ ਪਹਿਲੂ ਹਨ। ਪਰਿਵਾਰਕ, ਸਮਾਜਿਕ, ਸਭਿਆਚਾਰਕ ਤੇ ਧਾਰਮਿਕ, ਜੇ ਥੋੜ੍ਹੇ ਸ਼ਬਦਾਂ ਵਿਚ ਗੱਲ ਮੁਕਾਉਂਣੀ ਹੋਵੇ ਤਾਂ ਕਹਿ ਸਕਦਾ ਹਾਂ ਕਿ ਬਹੁਤ ਹੀ ਕੌੜੇ ਤਜ਼ਰਬੇ ਹੋਏ। ਉਹ ਸਾਰੇ ਪਹਿਲੂ ਸਾਡੇ ਪਰਵਾਸੀ ਸਾਹਿਤ ਵਿਚ ਦਰਜ ਹਨ, ਹਰ ਕੋਈ ਜਾਣਦਾ ਹੈ। ਮੈਂ ਕੋਈ ਵੀ ਅਲੋਕਾਰੀ ਗੱਲ ਕਰਨ ਦੇ ਸਮਰਥ ਨਹੀ। ਉਨ੍ਹਾਂ ਤਜ਼ਰਬਿਆਂ ਨੂੰ ਅਧਾਰ ਬਣਾ ਕੇ ਹੀ ਮੈਂ ਕਈ ਕਹਾਣੀਆਂ ਲਿਖੀਆਂ ਹਨ ਤੇ ਲਿਖ ਰਿਹਾ ਹਾਂ। ਹਾਂ ਜੋ ਵਖਰੀ ਗੱਲ ਹੈ, ਉਹ ਹੈ ਮੇਰੀ ਪਤਨੀ। ਬਿਨ੍ਹਾਂ ਵੇਖੇ ਕੁਵਿਕ ਪਿੱਕ ਲਾਟਰੀ ਵਰਗੀ ਜੋ ਜੈਕ ਪੌਟ ਵਾਂਗ ਮੇਰੀ ਜ਼ਿੰਦਗੀ ਵਿਚ ਪਸਰੀ ਪਈ ਹੈ। ਮੇਰੇ ਹਰ ਤਣਾਓ ਦੀ ਹਕੀਮ। ਉਸ ਵੇਲੇ ਵੀ ਮੇਰੇ ਨਾਲ ਜਦੋਂ ਮੈਂ ਅਠਾਰਾਂ ਮਹੀਨਿਆਂ ਵਿਚ ਆਪਣੀ ਪਚੀ ਸਾਲ ਦੀ ਕਮਾਈ ਗਵਾ ਬੈਠਾ ਸਾਂ। ਪਰਛਾਵੇਂ ਵਾਂਗ ਵਿਚਰਦੇ ਰਿਸ਼ਤੇਦਾਰ,ਦੋਸਤ ਮੈਨੂੰ ਮਖੋਲ ਵੀ ਕਰਦੇ ਤੇ ਠਿਠ ਵੀ ਕਰਦੇ। ਘਰ ਵੀ ਵਿਕ ਗਿਆ,ਉਦੋਂ ਮੇਰੀ ਪਤਨੀ ਹੀ ਸੀ ਜੋ ਹਰ ਦੋ ਘੰਟੇ ਬਾਦ ਮੇਰਾ ਪਤਾ ਕਰਦੀ ਸੀ ਕਿ ਮੈਂ ਕਿੱਥੇ ਹਾਂ ਤੇ ਕੀ ਕਰ ਰਿਹਾ ਹਾਂ?ਮੇਰਾ ਹਾਈਵੇ ਤੇ ਚੜਨਾ ਉਸਨੇ ਬੰਦ ਕਰ ਦਿਤਾ ਸੀ। ਮੈਂ ਹਸ ਰਿਹਾ ਸੀ, ਲੋਕ ਹੈਰਾਨ ਸੀ ਤੇ ਮੈਂ ਲੋਕਾਂ ਨੂੰ ਆਪਣੀ ਕਮਜੋਰੀ ਛੁਪਾਉਣ ਦੀ ਖਾਤਰ ਜੋਕ ਸੁਣਾਇਆ ਕਰਦਾ ਸੀ। ਮੇਰੀ ਉਸ ਜਿੰਦਾ ਦਿਲੀ ਪਿੱਛੇ ਮੇਰੀ ਪਤਨੀ ਚਟਾਨ ਵਾਂਗ ਖੜੀ ਸੀ, ਮੇਰਾ ਖਿਆਲ ਰਖਦੀ ਮੇਰੀ ਹਰ ਖੁਸ਼ੀ ਦੀ ਖੋਜ਼ ਕਰਦੀ। ਬਾਕੀ ਤੇ ਸਭ ਭਜ-ਦੌੜ ਹੀ ਸੀ। ਮੈਂ ਵੀ ਆਪਣੀ ਜਗ੍ਹਾ ਖੜਾ ਰਹਿਣ ਦੀ ਖਾਤਰ ਭੱਜ ਰਿਹਾ ਹਾਂ, ਬਾਕੀਆਂ ਵਾਂਗ।

**? ਲਿਖਣ ਦੀ ਪ੍ਰੇਰਨਾ ਕਿਸ ਤਰ੍ਹਾਂ ਅਤੇ ਕਿਸ ਤੋਂ ਮਿਲੀ? ਕਿਹੜੇ ਲੇਖਕਾਂ ਨੇ ਤੁਹਾਨੂੰ ਪ੍ਰਭਾਵਤ ਕੀਤਾ?**

– ਕੈਨੇਡਾ ਰਹਿੰਦਿਆਂ ਮੈਂ ਕਦੇ ਲਿਖਣ ਬਾਰੇ ਸੋਚਿਆ ਹੀ ਨਹੀ ਸੀ। ਟਾਇਮ ਵੀ ਨਹੀ ਸੀ। ਮੈਂ ਲਗਾਤਾਰ ਦੋ ਜੌਬਾਂ ਕਰ ਰਿਹਾ ਸੀ। ਕਈ ਤਰ੍ਹਾਂ ਦੇ ਪਾਪੜ ਵੇਲਦਾ। ਮੈਂ 1986 ਤੋਂ ਹੀ ਦੋ ਜੌਬਾਂ ਕਰ ਰਿਹਾ ਸੀ। ਪਹਿਲੇ ਸਕਿਉਰਟੀ ਜੌਬ ਕਰਦਾ ਸੀ ਆਪਣੀ ਫੁਲ ਟਾਇਮ ਦੇ ਨਾਲ। ਵੀਕ ਐਂਡ ਤੇ ਚੌਵੀ ਘੰਟੇ ਦੀ ਡਿਊਟੀ ਹੁੰਦੀ ਸੀ। ਸ਼ਨੀਵਾਰ ਦੁਪਿਹਰ ਤੋਂ ਐਤਵਾਰ ਦੁਪਿਹਰ ਤੱਕ। ਪਰ ਉਹਦੇ ਨਾਲ ਗਰੌਸ ਇੰਨਕਮ ਵਧ ਜਾਂਦੀ ਸੀ ਤੇ ਟੈਕਸ ਜ਼ਿਆਦਾ ਦੇਣਾ ਪੈਂਦਾ ਸੀ। ਇਸ ਲਈ ਮੈਂ ਪੀਜ਼ਾ ਡਲਵਿਰੀ ਦਾ ਕੈਸ਼ ਕੰਮ ਸ਼ੁਰੂ ਕਰ ਲਿਆ। ਪੜ੍ਹਿਆ ਲਿਖਿਆ ਹੋਣ ਦੇ ਬਾਵਜੂਦ ਵੀ ਇਹ ਕੰਮ ਇਸ ਲਈ ਕਰਦਾ ਸੀ ਕਿ ਜਲਦੀ ਪੈਸੇ ਕਮਾਉਣ ਦੀ ਧੁੰਨ ਸਵਾਰ ਸੀ। ਜ਼ਿਆਦਾ ਕੰਮ ਦੇ ਬੋਝ ਨਾਲ ਮੈਂ 1998 ਵਿਚ ਬਿਮਾਰ ਪੈ ਗਿਆ। ਊਲ–ਜਲੂਲ ਬੋਲਣਾ, ਸੋਚਣਾ ਤੇ ਹਰ ਇਕ ਨੁਕਤੇ ’ਤੇ ਬਹਿਸ ਨਾਲ ਡਾਕਟਰ ਨੇ ਮੈਨੂੰ ਡਿਪਰੈਸ਼ਨ ਦਾ ਮਰੀਜ਼ ਘੋਸ਼ਿਤ ਕਰ ਦਿੱਤਾ ਤੇ ਮੈਨੂੰ ਤਿੰਨ ਮਹੀਨੇ ਦੀ ਰੈਸਟ ਕਰਨ ਲਈ ਕਿਹਾ। ਉਨ੍ਹਾਂ ਦਿਨਾਂ ਵਿਚ ਮੈਂ ਕਿਤਾਬਾਂ ਪੜਨੀਆਂ ਸ਼ੁਰੂ ਕੀਤੀਆਂ ਤੇ ਸੋਚਿਆ ਕਿਉਂ ਨਾ ਮੈਂ ਵੀ ਲਿਖਾਂ? ਹੇਠ ਉਪਰ ਤਿੰਨ ਕਹਾਣੀਆਂ ਲਿਖੀਆਂ। ਜੋ ਟਰਾਂਟੋ ਦੇ ਸਥਾਨਕ ਅਖ਼ਬਾਰਾਂ ਵਿਚ ਛਪ ਗਈਆਂ। ਪਸੰਦ ਵੀ ਕੀਤੀਆਂ ਗਈਆਂ ਤੇ ਸਥਾਨਕ ਲੇਖਕਾਂ ਦੀ ਹਲਾਸ਼ੇਰੀ ਨਾਲ ਕਹਾਣੀ ਵਿਚਾਰ–ਮੰਚ ਨਾਲ ਜੁੜ ਗਿਆ ਤੇ ਫਿਰ ਚਲ ਸੋ ਚਲ। ਜੀ ਤੁਹਾਡੇ ਸੁਆਲ ਦਾ ਦੂਜਾ ਭਾਗ ਬਹੁਤ ਔਖਾ ਹੈ। ਮੈਂ ਇਸ ਸੁਆਲ ਦਾ ਜੁਆਬ ਅੱਗੇ ਵੀ ਦੋ ਚਾਰ ਵਾਰ ਦੇ ਕੇ ਆਪਣੇ ਕਈ ਦੋਸਤ ਨਰਾਜ਼ ਕੀਤੇ ਹਨ। ਸਾਰੇ ਲੇਖਕ ਹੀ ਚੰਗੇ ਹਨ,ਮੈਂ ਸਾਰਿਆਂ ਤੋਂ ਪ੍ਰਭਾਵਿਤ ਹਾਂ। ਸਭ ਇੱਕ ਦੂਜੇ ਤੋਂ ਚੜਦੇ। ਜੋ ਲਿਖ ਰਿਹਾ ਹੈ ਛਪ ਰਿਹਾ ਹੈ,ਉਹ ਵਧੀਆ ਹੀ ਹੈ, ਤਾਂ ਹੀ ਉਹ ਲੇਖਕ ਹੈ। ਕਈ ਜੁਗਾੜ ਵੀ ਕਰਦੇ ਹਨ। ਜੁਗਾੜ ਕਰਨਾ ਕੋਈ ਮਾੜੀ ਗੱਲ ਤੇ ਨਹੀ। ਉਹ ਕਿਹੜਾ ਕਿਸੇ ਮਾੜੇ ਕੰਮ ਦਾ ਜੁਗਾੜ ਕਰਦੇ ਹਨ? ਆਪਣੀ ਰਚਨਾ ਨੂੰ ਬਹੁਤੇ ਲੋਕਾਂ ਤੱਕ ਪਹੁੰਚਾਉਣ ਲਈ ਜੇ ਕੋਈ ਕੋਸ਼ਿਸ਼ ਕਰਦਾ ਹੈ ਤਾ ਇਸ ਨਾਲ ਕੀ ਫਰਕ ਪੈਂਦਾ ਹੈ? ਮੈਂ ਵੀ ਕਈ ਵਾਰ ਇਸ ਤਰ੍ਹਾਂ ਸੋਚਦਾ ਹਾਂ ਪਰ ਮੇਰਾ ਹੱਥ ਹੀ ਨਹੀ ਪੈਂਦਾ। ਮੇਰੇ ਲਈ ਤਾਂ ਅੰਗੂਰ ਖੱਟੇ ਹਨ ਕਿਉਂਕਿ ਮੇਰਾ ਆਪਣਾ ਹੱਥ ਨਹੀ ਪਹੁੰਚ ਰਿਹਾ,ਹੋ ਸਕਦਾ ਹੈ ਮੇਰੇ ਲਈ ਵੀ ਅੰਗੂਰ ਮਿੱਠੇ ਹੋ ਜਾਣ।

**? ਕੀ ਕਹਾਣੀ ਦਾ ਖੇਤਰ ਮਿੱਥ ਕੇ ਚੁਣਿਆ ਗਿਆ ਕਿ ਸਹਿਜ ਭਾਅ ਹੀ ਕਦਮ ਵਧੇ?**

– ਜੀ ਇਸਦਾ ਜੁਆਬ ਮੈਂ ਉਪਰ ਦੇ ਸੁਆਲ ਵਿਚ ਹੀ ਦੇ ਦਿਤਾ ਹੈ। ਕਹਾਣੀ ਦਾ ਖੇਤਰ ਸਹਿਜ ਭਾਅ ਹੀ ਚੁਣਿਆ ਗਿਆ, ਪਰ ਕਈ ਵਾਰ ਕਵਿਤਾ ਲਿਖਣ ਦੀ ਕੋਸ਼ਿਸ਼ ਵਿਚ ਮੈਂ ਮਹਿਸੂਸ ਕੀਤਾ ਹੈ ਕਿ ਮੈਂ ਆਪਣੀ ਗੱਲ ਸਿਰਫ ਕਹਾਣੀ ਵਿਚ ਹੀ ਸੁਚਜੇ ਤਰੀਕੇ ਨਾਲ ਕਹਿ ਸਕਦਾ ਹਾਂ। ਅੱਜ ਦਾ ਇਨਸਾਨ ਜਦੋ-ਜਹਿਦ ਕਰਦਾ ਕਈ ਮੁਹਾਜਾਂ ਨਾਲ ਸੰਘਰਸ਼ ਕਰਦਾ ਉਲਝਿਆ ਹੋਇਆ ਹੈ। ਇਹ ਪਰਿਵਰਤਨ ਦਾ ਸਮਾਂ ਹੈ। ਕਦਰਾਂ ਕੀਮਤਾ ਨੇ ਆਪਣੇ ਰਾਹ ਬਦਲ ਲਏ ਸਨ। ਸਮਾਜਿਕ ਤਬਦੀਲੀ ਨੇ ਆਰਥਿਕਤਾ ਨੂੰ ਡਾਇਜ ਤੇ ਉਪਰਲੀ ਜਗ੍ਹਾ ਦੇ ਦਿੱਤੀ ਹੈ। ਇਸ ਵਿਰਾਟ ਰੁਖ ਥੱਲੇ ਹੀ ਰਿਸ਼ਤੇ ਨਾਤੇ ਤੇ ਸਬੰਧਾਂ ਦਾ ਬਸੇਰਾ ਹੈ। ਵਿਸ਼ਵਾਸ਼ ਨੇ ਲਿਖਤੀ ਕਾਨੂੰਨ ਦੀ ਜਗ੍ਹਾ ਲੈ ਲਈ ਹੈ। ਸਮਾਜਿਕ ਵਾਤਾਵਰਣ ਵਿਚ ਆਏ ਇਸ ਤਾਪ ਨੇ ਮਨੁੱਖ ਦੇ ਅੰਦਰਲੇ ਨੂੰ ਤਰੇੜ ਦਿੱਤਾ ਹੈ। ਮਾਨਸਿਕ ਗੁੰਝਲਾਂ ਦੇ ਇਸ ਪਸਾਰੇ ਨੂੰ ਸਮਝਣ ਤੇ ਉਸ ਸਮਝ ਦੀ ਗੱਲ ਕਰਨ ਲਈ ਮੇਰੇ ਸੁਭਾਅ ਅਨੁਸਾਰ ਕਹਾਣੀ ਵਿਧਾ ਇਕ ਢੁਕਵਾਂ ਖੇਤਰ ਹੈ, ਜਿਸ ਵਿਚ ਮੈਂ ਆਪਣੀ ਗੱਲ ਸੌਖੀ ਤਰ੍ਹਾਂ ਕਰ ਸਕਦਾ ਹਾਂ।

**? ਤੁਹਾਡੀਆਂ ਕਹਾਣੀਆਂ ਵਿਚ ਪ੍ਰਤੀਕਾਂ ਦੀ ਵਰਤੋਂ ਕੀਤੀ ਗਈ ਹੁੰਦੀ ਹੈ, ਬਹੁਤ ਕੁਝ ਸੰਕੇਤਾਂ ਰਾਹੀ ਕਿਹਾ ਗਿਆ ਹੁੰਦਾ ਹੈ। ਬਤੌਰ ਲੇਖਕ/ਪਾਠਕ, ਤੁਸੀਂ ਕੀ ਸੋਚਦੇ ਹੋ ਕਿ ਕਹਾਣੀ ਕਹਿਣ ਵਾਸਤੇ ਇਹ ਜ਼ਰੂਰੀ ਹਨ ਅਤੇ ਖੁਦ ਪਾਠਕ ਹੋਣ ਦੇ ਨਾਤੇ ਵੀ ਤੁਸੀਂ ਕਹਾਣੀ ਵਿਚ ਕੀ ਭਾਲ਼ਦੇ ਹੋ?**

– ਜੀ ਹਾਂ ਮੈਂ ਪ੍ਰਤੀਕਾਂ ਦੀ ਵਰਤੋਂ ਸੁਚੇਤ ਰੂਪ ਵਿਚ ਕਰਦਾ ਹਾਂ। ਇਹ ਕਹਾਣੀ ਦੀ ਖੂਬਸੂਰਤੀ ਵਾਸਤੇ ਵੀ ਜ਼ਰੂਰੀ ਹਨ, ਪਰ ਮੈਂ ਇਹ ਨਹੀ ਸਮਝਦਾ ਕਿ ਕਹਾਣੀ ਲਈ ਜ਼ਰੂਰੀ ਹਨ। ਕਈ ਕਹਾਣੀਆਂ ਪ੍ਰਤੀਕਾਂ ਤੋਂ ਬਿਨ੍ਹਾਂ ਵੀ ਪ੍ਰਭਾਵਸ਼ਾਲੀ ਹੁੰਦੀਆਂ ਹਨ। ਇਹ ਤੇ ਲੇਖਕ ਦਾ ਆਪਣੀ ਗੱਲ ਦਾ ਸੰਚਾਰ ਕਰਨ ਦਾ ਇਕ ਮਾਧਿਆਮ ਮਾਤਰ ਹੈ। ਅਸਲ ਵਿਚ ਤਾਂ ਇਹ ਹੀ ਜ਼ਰੂਰੀ ਹੈ ਕਿ ਕਹਾਣੀ ਤੇ ਪਾਠਕ ਦਾ ਇਕ ਸਬੰਧ ਪੈਦਾ ਹੋਏ। ਪਾਠਕ ਨੂੰ ਉਹ ਮਿਲੇ ਜੋ ਉਸਦੀ ਸੋਚ ਨੂੰ ਹਲੂਣਾ ਦੇਵੇ। ਜਿਸ ਗੱਲ ਦਾ ਪਾਠਕ ਨੂੰ ਪਹਿਲੋਂ ਹੀ ਪਤਾ ਹੈ ਤੇ ਉਸ ਵਿਚ ਕੁਝ ਨਵਾਂਪਨ ਨਹੀਂ ਹੈ,ਉਹ ਉਸ ਨਾਲ ਬਝ ਨਹੀ ਸਕਦਾ। ਨਵਾਂ ਕਹਿਣ ਤੋਂ ਮੇਰਾ ਭਾਵ ਨਵਾਂ ਵਿਸ਼ਾ ਨਹੀ ਬਲਕਿ ਦ੍ਰਿਸ਼ਟੀ ਹੈ। ਇਸ ਦ੍ਰਿਸ਼ਟੀ ਨੂੰ ਉਜਾਗਰ ਕਰਨ ਲਈ ਪ੍ਰਤੀਕ ਬਹੁਤ ਹੀ ਸਹਾਈ ਹੁੰਦੇ ਹਨ। ਦੋ ਗੱਲਾਂ ਦੇ ਸਮਾਨੰਤਰ ਤੁਰਨ ਨਾਲ ਵਜ਼ਨ ਪੈਦਾ ਹੁੰਦਾ ਹੈ।

? **ਅਜ ਦੇ ਦੌਰ ਵਿਚ ਸਾਹਿਤ ਸਿਰਜਣਾ ਲਈ ਵਰਤੀ ਗਈ ਭਾਸ਼ਾ ਤੋਂ ਜਾਂ ਅੱਜ ਦੇ ਵਿਸ਼ਿਆਂ ਤੋਂ ਕੀ ਤੁਸੀਂ ਸੰਤੁਸ਼ਟ ਹੋ?**

– ਜੀ ਸੰਤੁਸ਼ਟੀ ਦੇ ਤੇ ਕਈ ਪਸਾਰ ਹਨ। ਜੇ ਅਸੀਂ ਇਸ ਸ਼ਬਦ ਦਾ ਅੱਖਰੀ ਬੋਧ ਲਈਏ ਤਾਂ ਮੈਂ ਕਹਿ ਸਕਦਾ ਹਾਂ ਕਿ ਲੇਖਕ ਕਦੇ ਵੀ ਸੰਤੁਸ਼ਟ ਨਹੀ ਹੁੰਦਾ। ਉਹ ਭਾਵੇਂ ਕੁਲਜੀਤ ਹੋਵੇ ਤੇ ਭਾਵੇਂ ਕੋਈ ਹੋਰ। ਸੰਤੁਸ਼ਟੀ ਦੇ ਕਈ ਪੜਾਵ ਹਨ। ਕਈ ਖਾਸ ਮੌਕੇ ਤੇ ਜੁਮਲੇਬਾਜੀ ਨਾਲ ਵੀ ਸੰਤੁਸ਼ਟੀ ਮਹਿਸੂਸ ਕਰਦੇ ਹਨ ਪਰ ਐਸੀ ਸੰਤੁਸ਼ਟੀ ਅਸਥਾਈ ਹੁੰਦੀ ਹੈ। ਪੰਜਾਬੀ ਕਹਾਣੀ ਵਿਚ ਨਵੇਂ ਵਿਸ਼ਿਆਂ ਦਾ ਆਗਮਨ ਹੋਇਆ ਹੈ। ਇਹ ਸੁਭਾਵਕ ਵੀ ਸੀ ਸਮਾਜਿਕ ਤਬਦੀਲੀ ਦੇ ਨਾਲ। ਇਸੇ ਤਰ੍ਹਾਂ ਭਾਸ਼ਾ ਦੇ ਸੰਦਰਭ ਵੀ ਬਦਲ ਗਏ ਹਨ। ਕਈ ਖੁੱਲਾਂ ਨੇ ਕਹਾਣੀ ਵਿਚ ਪ੍ਰਵੇਸ਼ ਕੀਤਾ ਹੈ। ਨਵੀਆਂ ਦਲੀਲਾਂ ਵੀ ਸਾਹਮਣੇ ਆਈਆਂ ਹਨ। ਜਿਵੇਂ ਅਸੀਂ ਕਹਿੰਦੇ ਹਾਂ, ਨਿਉਡਿਟੀ, ਅਸ਼ਲੀਲਤਾ ਤੇ ਯਥਾਰਥਕ ਪਹੁੰਚ। ਨਰੋਈਆਂ ਹਕੀਕਤਾਂ ਨੂੰ ਪੇਸ਼ ਕਰਨ ਲਈ ਜ਼ਰੂਰੀ ਨਹੀ ਕਿ ਅਸੀਂ ਉਹ ਸ਼ਬਦ ਵਰਤੀਏ ਜੋ ਸਾਡੇ ਸਭਿਅਕ ਵਰਤਾਰੇ ਨਾਲ ਮੇਲ ਨਾ ਖਾਂਦਾ ਹੋਵੇ। ਦੇਹਵਾਦੀ ਕਹਾਣੀ ਨਾਲ ਕਈ ਲੋਕਾਂ ਨੂੰ ਇਤਰਾਜ਼ ਹੈ,ਮੈਨੂੰ ਵੀ ਹੈ ਪਰ ਮਾਨਸਿਕ ਗੁੰਝਲਾਂ ਦਾ ਸਾਡੇ ਸਮਾਜਿਕ ਜੀਵਨ ਵਿਚ ਪਏ ਅਸਰ ਨੂੰ ਛੂਹਣਾ ਵੀ ਸਾਡਾ ਕਰਮ ਹੈ ਪਰ ਇਹ ਇਸ ਤਰ੍ਹਾਂ ਹੋਣਾ ਚਾਹੀਦਾ ਹੈ ਕਿ ਪਾਠਕ ਵਰਤਾਰੇ ਨੂੰ ਸਮਝ ਸਕੇ ਨਾ ਕਿ ਉਸਦੇ ਅੰਦਰ ਕਿਸੇ ਪ੍ਰਕਾਰ ਦੀ ਹਿਲਜੁਲ ਨੂੰ ਮੁਖ ਰਖ ਕੇ ਵਿਸ਼ੇ ਨੂੰ ਜਾਣ ਬੁਝਕੇ ਚੁਣਿਆ ਜਾਵੇ ਤੇ ਫਿਰ ਕਹਾਣੀ ਨੂੰ ਘੜਿਆ ਜਾਵੇ। ਇਥੇ ਮੈਂ ਇਸ ਗੱਲ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਸਮਝਦਾ ਹਾਂ ਕਿ ਐਸੀਆਂ ਕਹਾਣੀਆਂ ਵਿਚ ਵੀ ਪ੍ਰਗਤੀਸ਼ੀਲਤਾ ਹੁੰਦੀ ਹੈ ਜੇ ਪ੍ਰਗਤੀਸ਼ੀਲਤਾ ਨੂੰ ਸਮਝਣ ਲਈ ਕੋਈ ਲਾਈਨ ਨਾ ਖਿਚੀ ਜਾਵੇ। ਮੇਰੇ ਖਿਆਲ ਵਿਚ ਤੁਹਾਡੇ ਸੁਆਲ ਦਾ ਜੁਆਬ ਮੈਂ ਦੇ ਦਿੱਤਾ ਹੈ। ਜੇ ਸੰਖੇਪ ਵਿਚ ਕਹਾਂ ਤੇ ਕਹਾਣੀ ਬੁਣਨ ਤੇ ਘੜਣ ਵਿਚ ਹੀ ਵਿਸ਼ੇ ਤੇ ਭਾਸ਼ਾ ਦੀ ਸੰਤੁਸ਼ਟੀ ਦਾ ਜੁਆਬ ਹੈ ਤੇ ਸੰਤੁਸ਼ਟੀ ਦਾ ਮਤਲਬ ਹੀ ਖੜੋਤ ਹੈ।



**? ਕੁਲਜੀਤ ਜੀ, ਜੋ ਤੁਸੀਂ ਕਹਿਣਾ ਚਾਹੁੰਦੇ ਹੋ, ਕੀ ਸੰਪੂਰਨ ਰੂਪ 'ਚ ਕਹਾਣੀ ਦੀ ਵਿਧਾ ਵਿਚ ਕਹਿ ਸਕਦੇ ਹੋ?**

– ਜੀ ਇਸਦਾ ਇਕ ਅਖਰੀ ਜੁਆਬ ਤਾਂ ਇਹੀ ਬਣਦਾ ਹੈ ਕਿ ਨਹੀਂ। ਮੈਂ ਸੰਪੂਰਨਤਾ ਵਿਚ ਵਿਸ਼ਵਾਸ਼ ਨਹੀ ਰਖਦਾ। ਮੈਂ ਆਪਣੀ ਕਿਸੇ ਵੀ ਕਹਾਣੀ ਬਾਰੇ ਇਹ ਨਹੀ ਕਹਿ ਸਕਦਾ। ਕਹਾਣੀ ਦਾ ਇਕ ਵਿਧੀ ਵਿਧਾਨ ਹੈ ਜਿਸ ਦੇ ਅੰਦਰ ਰਹਿ ਕੇ ਹੀ ਲੇਖਕ ਨੇ ਗੱਲ ਕਰਨੀ ਹੁੰਦੀ ਹੈ। ਵਿਸ਼ੇ ਦਾ ਫੋਕਸ ਬਹੁਤ ਜ਼ਰੂਰੀ ਹੈ ਪਰ ਮੇਰੇ ਨਾਲ ਅਕਸਰ ਹੁੰਦਾ ਹੈ ਕਿ ਮੈਂ ਫੋਕਸ ਨਾਲੋਂ ਟੁਟ ਜਾਂਦਾ ਹਾਂ। ਕਹਾਣੀ ਕਹਿੰਦਿਆਂ ਕਈ ਤਰਾਂ ਦੇ ਬਿੰਬਾਂ ਨੂੰ ਵਰਤਦਾ, ਬਿੰਬਾਂ ਨੂੰ ਸਪਸ਼ਟ ਕਰਨ ਦੀ ਕੋਸ਼ਿਸ਼ ਵਿਚ ਫੋਕਸ ਨਾਲੋਂ ਨਾਤਾ ਹੀ ਬਿਖੇਰ ਬੈਠਦਾ ਹਾਂ। ਕੋਈ ਹੋਰ ਗੱਲ ਨੂੰ ਲੈ ਕੇ ਤੁਰ ਪੈਂਦਾ ਹਾਂ, ਸੋਚਦਾ ਹਾਂ ਕਿ ਇਹ ਗੱਲ ਵੀ ਜ਼ਰੂਰੀ ਹੈ। ਦੋਸਤ ਸਲਾਹ ਵੀ ਦਿੰਦੇ ਹਨ। ਸਲਾਹ ਠੀਕ ਵੀ ਲਗਦੀ ਹੈ। ਪਰ ਤੁਹਾਡੀ ਗੱਲ ਨਾਲ ਇਹ ਗੱਲ ਜੁੜਦੀ ਹੈ, ਸੰਪੂਰਨਤਾ ਦੀ ਗੱਲ। ਸੰਪੂਰਨ ਰੂਪ ਵਿਚ ਆਪਣੀ ਗੱਲ ਨੂੰ ਕਹਿ ਸਕਣ ਵਾਲੀ ਪ੍ਰਕਿਰਿਆ ਮੇਰੇ ਨਾਲ ਨਹੀ ਵਾਪਰਦੀ। ਹਾਂ ਅੰਸ਼ਕ ਸੰਤੁਸ਼ਟੀ ਦੇ ਅਹਿਸਾਸ ਤੋਂ ਬਿਨ੍ਹਾਂ ਮੈਂ ਕਹਾਣੀ ਸੰਪੂਰਨ ਨਹੀ ਕਰਦਾ।

**? ਕਈ ਵੇਰਾਂ ਕਹਾਣੀ ਦਾ ਵਿਸ਼ਾ ਭਾਸ਼ਾ ਰਾਹੀਂ ਕਹਾਣੀ ਦੀ ਪਕੜ ਵਿਚ ਨਹੀਂ ਆਉਂਦਾ, ਫਿਰ ਬਾਕੀ ਬਚਦੀ ਗੱਲ ਦਾ ਕੀ ਬਣਦਾ ਹੈ? ਤੁਸੀਂ ਉਸਨੂੰ ਕਿਵੇਂ ਸਮੇਟਦੇ ਹੋ?**

– ਜੀ ਇਹ ਸੁਆਲ,ਤੁਸੀਂ ਮੇਰੇ ਮਤਲਬ ਦਾ ਕੀਤਾ ਹੈ। ਮੈਂ ਕਈ ਵਾਰ ਚਾਹਿਆ ਕਿ ਇਸ ਸੁਆਲ ਦਾ ਜੁਆਬ ਦੇਵਾਂ। ਅੱਜ ਕਲ ਦੇ ਵਿਸ਼ੇ ਆਪਣੀ ਨਵੀਂ ਆਸ ਨਾਲ ਲੇਖਕ ਕੋਲ ਆਉਂਦੇ ਹਨ। ਜੋ ਤੁਸੀਂ ਭਾਸ਼ਾ ਦੀ ਗੱਲ ਕੀਤੀ ਹੈ, ਇਸਦੇ ਦੋ ਪਹਿਲੂ ਹਨ। ਪਹਿਲੇ ਦਾ ਸੰਬੰਧ ਦੇਹ ਦੀਆਂ ਗੁੰਝਲਾਂ ਨਾਲ ਹੈ,ਜੋ ਬਹੁਤ ਹੀ ਨਾਜ਼ੁਕ ਮਸਲਾ ਹੈ ਸਾਡੇ ਪੰਜਾਬੀ ਸਮਾਜ ਅੰਦਰ। ਇਕ ਲੇਖਕ ਦੇ ਤੌਰ ਤੇ ਮੇਰੇ ਅੱਗੇ ਇਹ ਇੱਕ ਚਣੌਤੀ ਹੁੰਦੀ ਹੈ ਕਿ ਮੈਂ ਕੋਈ ਐਸਾ ਸ਼ਬਦ ਨਾ ਵਰਤਾਂ ਜੋ ਕੀਮਤਾਂ ਵਲੋਂ ਕਬੂਲ ਨਾ ਹੋਵੇ। ਇਸ ਪੱਖੋਂ ਮੈਂ ਸੁਚੇਤ ਹਾਂ। ਇਥੇ ਹੀ ਲੇਖਕ ਦੀ ਪ੍ਰਭਾਵੀ ਸਮਝ ਕੰਮ ਕਰਦੀ ਹੈ। ਪੇਤਲਾਪਨ ਕਦੇ ਵੀ ਮੰਨਜ਼ੂਰ ਨਹੀ ਹੁੰਦਾ। ਹੋਣਾ ਵੀ ਨਹੀ ਚਾਹੀਦਾ। ਮੇਰੇ ਨਾਲ ਕੁਝ ਐਸਾ ਵੀ ਹੋਇਆ ਹੈ ਕਿ ਮੈਂ ਸਿਧੇ ਸ਼ਬਦਾਂ ਦਾ ਪ੍ਰਯੋਗ ਵੀ ਨਹੀ ਕੀਤਾ ਫੇਰ ਵੀ ਮੇਰੇ ਨਿੱਜ ਨੂੰ ਕੁਝ ਲੋਕਾਂ ਨੇ ਕਹਾਣੀ ਨਾਲ ਜੋੜ ਕੇ ਸਮਝਣ ਦੀ ਕੋਸ਼ਿਸ਼ ਕੀਤੀ। ਇਹ ਇੱਕ ਦੁਖ ਦੇਣ ਵਾਲੀ ਗੱਲ ਸੀ। ਪਰ ਲੇਖਕ ਨੂੰ ਇਨ੍ਹਾਂ ਤੋਂ ਉਪਰ ਉਠਣ ਦੀ ਲੋੜ ਹੈ। ਮੇਰੀਆਂ ਕਹਾਣੀਆਂ ਆਮ ਤੌਰ ਤੇ ਫਸਟ ਪਰਸਨ ਵਿਚ ਹੁੰਦੀਆਂ ਹਨ, ਇਹ ਮੈਨੂੰ ਸੌਖਾ ਲਗਦਾ ਹੈ, ਆਪਣੀ ਗੱਲ ਨੂੰ ਸਪਸ਼ਟ ਕਰਨ ਲਈ। ਪਰ ਕਦੇ ਕਦੇ ਮਛੇਰੇ ਦੀ ਕੁੰਡੀ ਵਿਚ ਵੀ ਮੇਰੀ ਮਾਨਸਿਕ ਮੱਛੀ ਫਸ ਜਾਂਦੀ ਹੈ। ਫੇਰ ਸੋਚਦਾ ਹਾਂ ਕਿ ਮਛੇਰੇ ਤਾਂ ਮਛੇਰੇ ਹੀ ਹੁੰਦੇ ਹਨ। ਇਸ ਲਈ ਜਦੋਂ ਵਿਸ਼ਾ ਭਾਸ਼ਾ ਦੀ ਪਕੜ ਵਿਚ ਨਹੀ ਆਉਂਦਾ ਤਾਂ ਮੈਂ ਕਲਮੀ ਹਥਿਆਰ ਨਹੀ ਸੁਟਦਾ। ਇਸਦੇ ਵੀ ਦੋ ਕਾਰਣ ਹਨ। ਪਹਿਲਾ ਕਾਰਣ ਤਾਂ ਮੇਰੀ ਜ਼ਮੀਰ ਹੈ ਤੇ ਦੂਜਾ ਕਾਰਣ ਹੈ ਮਛੇਰੇ ਤੋਂ ਬਚਣਾ। ਇਸ ਬਚ ਬਚਾਈ ਲਈ ਮੈਂ ਪ੍ਰਤੀਕਾਂ ਦੀ ਵਰਤੋਂ ਕਰਦਾ ਹਾਂ ਤੇ ਕਦੇ ਕਦੇ ਕੁਝ ਲੋਕ ਇਹ ਵੀ ਕਹਿ ਦਿੰਦੇ ਹਨ ਕਿ ਗੱਲ ਸਮਝ ਨਹੀ ਆਈ। ਮੈਂ ਆਪਣੇ ਆਪ ਨੂੰ ਕਹਿੰਦਾ ਹਾਂ ਕਿ ਮੈਂ ਕਹਾਣੀ ਪਾਠਕ ਲਈ ਲਿਖ ਰਿਹਾ ਹਾਂ ਨਾ ਕਿ ਕੁਝ ਲੋਕਾਂ ਲਈ। ਲਗਾਤਾਰ ਬਚਦੇ ਨੇ ਮੈਂ ਗੱਲ ਨੂੰ ਸਮਝਾਉਣ ਲਈ ਮੁਹਾਰਤ ਵੀ ਹਾਸਲ ਕਰ ਲਈ ਹੈ। ਰੌਚਕਿਤਾ ਨਾਲ ਕਹਾਣੀ ਨੂੰ ਅੱਗੇ ਵਧਾਉਣ ਲਈ ਇਸ ਤਰ੍ਹਾਂ ਦੀ ਹਲਚਲ ਕਰਨੀ ਹੀ ਪੈਂਦੀ ਹੈ।

**? ਜੇ ਕਰ ਗੱਲ ਪੂਰਨ ਰੂਪ ਵਿਚ ਕਹਾਣੀ ਦੀ ਪਕੜ ਵਿਚ ਨਾ ਆਵੇ ਤਾਂ ਤੁਹਾਡੇ ਖਿਆਲ ਅਨੁਸਾਰ, ਕਹਾਣੀ ਸਿਰਜਣ ਦੀ ਸੰਚਾਰ ਯੋਗਤਾ ਨੂੰ ਕਿਵੇਂ ਪੂਰਿਆਂ ਕੀਤਾ ਜਾ ਸਕਦਾ ਹੈ?**

– ਜੀ ਇਹ ਇੱਕ ਔਖਾ ਸੁਆਲ ਹੈ। ਇਹ ਸਥਿਤੀ ਉਤਪੰਨ ਉਦੋਂ ਹੁੰਦੀ ਹੈ ਜਦੋ ਅਸੀਂ ਅਨੁਭਵ ਤੋਂ ਵਖਰੇ ਹੋ ਕੇ ਕੋਈ ਵਿਸ਼ਾ ਚੁਣ ਲੈਂਦੇ ਹਾਂ। ਮੈਂ ਕਦੇ ਜਹਾਜ਼ ਨਹੀ ਚਲਾਇਆ ਇਸ ਲਈ ਪਾਈਲਟ ਬਾਰੇ ਕੁਝ ਕਹਿਣ ਲਗਿਆਂ ਮੈਂ ਜ਼ਮੀਨ ਤੇ ਰਹਾਂਗਾ। ਜਹਾਜ਼ ਵਿਚ ਮੈਂ ਸਫ਼ਰ ਕੀਤਾ ਹੈ ਪਰ ਕਦੇ ਕਾਕਪਿਟ ਵਿਚ ਨਹੀ ਗਿਆ। ਜਹਾਜ਼ ਦੇ ਬਟਨਾਂ ਬਾਰੇ ਮੈਨੂੰ ਖੋਜ ਕਰਨੀ ਪਵੇਗੀ, ਇਸ ਲਈ ਇਸ ਸੰਚਾਰ ਨੂੰ ਮੈਂ ਆਪਣੀ ਯੋਗਤਾ ਨਾਲ ਪੂਰਾ ਨਹੀ ਕਰ ਸਕਦਾ ਭਾਵੇਂ ਕਿਤਨੀਆਂ ਵੀ ਕਿਤਾਬਾਂ ਪੜ੍ਹ ਲਵਾਂ। ਮੈਂ ਕਦੇ ਵੀ ਵਿਸ਼ਾ

ਲਭਦਾ ਨਹੀ ਹਾਂ।ਉਸੇ ਵਿਸ਼ੇ ਤੇ ਗੱਲ ਕਰਨੀ ਪਸੰਦ ਕਰਦਾ ਹਾਂ ਜੋ ਮੇਰੇ ਦਿਲ ਨੂੰ ਟੁੰਬੇ।ਇਸ ਕਰਕੇ ਮੇਰੀਆਂ ਕਹਾਣੀਆਂ ਦੇ ਵਿਸ਼ੇ ਪਰਿਵਾਰਕ, ਸਮਾਜਿਕ ਤੇ ਰਿਸ਼ਤਿਆਂ ਨਾਲ ਵਾਬਸਤਾ ਹੁੰਦੇ ਹਨ।ਜੋ ਮੇਰੇ ਅਨੁਭਵ ਦੇ ਆਲੇ ਦੁਆਲੇ ਹੀ ਹੁੰਦੇ ਹਨ।ਕਹਾਣੀ ਘੜਨਾ ਮੇਰੇ ਵਸ ਵਿਚ ਹੀ ਨਹੀ ਹੈ।ਨਾ ਕਦੇ ਕੋਸ਼ਿਸ਼ ਕੀਤੀ ਹੈ ਤੇ ਨਾ ਕਦੇ ਸੋਚਿਆ ਹੈ।ਇਸ ਲਈ ਕਹਾਣੀ ਦਾ ਪੂਰਨ ਰੂਪ ਵਿਚ ਪਕੜ 'ਚ ਆਉਣਾ, ਆਪੋ ਆਪਣੇ ਸੁਭਾਅ 'ਤੇ ਵੀ ਨਿਰਭਰ ਕਰਦਾ ਹੈ।ਸੰਪੂਰਨ ਦਾ ਵਿਰੋਧੀ ਵਿਕਲਪ ਅਪੂਰਨ ਨਹੀ ਹੁੰਦਾ ਤੇ ਜੇ ਤੁਸੀਂ ਅਪੂਰਨਤਾ ਦੀ ਗੱਲ ਕਰਦੇ ਹੋ ਤਾਂ ਉਹ ਜ਼ਰੂਰ ਤੁਹਾਡੇ ਸੁਆਲ ਦੇ ਘੇਰੇ ਵਿਚ ਆਉਂਦੀ ਹੈ।ਤੇ ਇਸ ਅਪੂਰਨ ਨੂੰ ਸੰਪੂਰਨ ਕਰਨਾ ਯੋਗਤਾ ਤੇ ਨਿਰਭਰ ਕਰਦਾ ਹੈ।ਸੰਚਾਰ ਤੇ ਹੋ ਜਾਂਦਾ ਹੈ ਦੇਰ ਸਵੇਰ,ਪਰ ਕਾਹਲੀ ਨਾਲ ਨਹੀ ਹੁੰਦਾ। ਜੇ ਤੁਹਾਡਾ ਟੁੰਬਿਆ ਵਿਸ਼ਾ ਤੁਹਾਡੇ ਅਨੁਭਵ ਨਾਲ ਮੇਲ ਨਹੀ ਖਾਂਦਾ ਤਾਂ ਮੈਂ ਇੰਤਜਾਰ ਕਰਦਾ ਹਾਂ।ਅਨੁਭਵ ਦੀ ਵਿਆਖਿਆ ਕਰਦਿਆਂ ਇਹ ਜ਼ਰੂਰੀ ਨਹੀ ਕਿ ਉਹ ਤੁਹਾਡੇ ਨਿੱਜ ਨਾਲ ਹੀ ਵਾਪਰਿਆ ਹੋਵੇ।ਵਿਸ਼ੇ ਨਾਲ ਦਿਲਚਸਪੀ ਵੀ ਤੁਹਾਡੀ ਨਜ਼ਰ ਨੂੰ ਤਿਰਛੀ ਕਰ ਦਿੰਦੀ ਹੈ ਤੇ ਤੁਸੀਂ ਆਲੇ ਦੁਆਲੇ ਨੂੰ ਘੋਖਣ ਦੇ ਘੁਨਸੀ ਹੋ ਜਾਂਦੇ ਹੋ।ਇਸ ਮੁਦੇ ਤੇ ਮੈਂ ਖੋਜਣ ਨਾਲੋਂ ਵੇਖਣ ਨੂੰ ਤਰਜੀਹ ਦਿੰਦਾ ਹਾਂ।ਮੇਰੀ ਇਸ ਤਰਜੀਹ ਨੇ ਮੇਰੀ ਸੰਚਾਰ ਯੋਗਤਾ ਦੀ ਮਦਦ ਕੀਤੀ ਹੈ।ਮੇਰਾ ਇਹ ਰਾਹ ਮੇਰੇ ਲਈ ਸੌਖਾਲਾ ਹੈ ਪਰ ਇਹ ਜ਼ਰੂਰੀ ਨਹੀ ਕਿ ਇਹ ਕੋਈ ਐਸੀ ਪਗਡੰਡੀ ਹੈ ਜੋ ਹਰ ਕਿਸੇ ਲਈ ਲਾਭ ਦਾਇਕ ਹੋ ਸਕੇ।

**? ਕਿਹਾ ਜਾਂਦਾ ਹੈ ਕਿ ਪੰਜਾਬੀ ਸਾਹਿਤ ਦੇ ਪਾਠਕ ਨਿਰੰਤਰ ਘੱਟ ਰਹੇ ਹਨ।ਪਰ ਦੂਜੇ ਬੰਨੇ ਸਾਹਿਤ ਧੜਾ-ਧੜ ਛਪੀ ਜਾ ਰਿਹਾ ਹੈ, ਤੁਹਾਡਾ ਇਸ ਬਾਰੇ ਕੀ ਕਹਿਣਾ ਹੈ?**

– ਤੁਹਾਡੀਆਂ ਦੋਵੇਂ ਗੱਲਾਂ ਠੀਕ ਹਨ।ਜਦ ਕਿ ਇਹ ਵਰਤਾਰਾ ਅਨੁਪਾਤ ਦਾ ਅਨੁਸਰਣੀ ਹੋਣਾ ਚਾਹੀਦਾ ਸੀ।ਨਹੀ ਹੈ, ਕਾਰਣ ਤਾਂ ਕਈ ਹਨ, ਕਈਆਂ ਬਾਰੇ ਸਾਂਝੀ ਰਾਏ ਹੈ, ਕਈ ਕਾਰਣ ਮੇਰੀ ਆਪਣੀ ਸੋਚ ਅਨੁਸਾਰ ਵੀ ਹਨ ਤੇ ਕਈ ਕਾਰਨਾ ਦਾ ਮੈਨੂੰ ਪਤਾ ਨਹੀ।ਵੱਡਾ ਕਾਰਣ ਮੰਡੀ ਹੈ।ਅੱਜ ਹਰ ਗੱਲ ਆਰਥਿਕ ਵਰਤਾਰੇ ਦੀ ਕਿੱਲੀ 'ਤੇ ਟੰਗੀ ਹੋਈ ਹੈ।ਇਸ ਨੂੰ ਵੀ ਉੱਥੇ ਹੀ ਟੰਗ ਸਕਦੇ ਹਾਂ।ਪਾਠਕ ਆਪਣੀ ਜਗ੍ਹਾ ਤੇ ਖਲੋਣ ਲਈ ਵੀ ਭੱਜ ਰਿਹਾ ਹੈ।ਦਿਨ ਰਾਤ ਦੀ ਮੁਸ਼ੱਕਤ ਨਾਲ ਹੀ ਉਸਦੀ ਗੱਡੀ ਚਲ ਰਹੀ ਹੈ ਤੇ ਵੇਹਲ ਦੇ ਸਮੇਂ ਲਈ ਉਸ ਕੋਲ ਟੈਕਨੋਲੌਜੀ ਦੇ ਵਿਕਲਪ ਮੌਜੂਦ ਹਨ।ਟੀਵੀ, ਅਖ਼ਬਾਰ ਤੇ ਕੰਪਿਊਟਰ ਉਸਦੀਆਂ ਬੁਨਿਆਦੀ ਲੋੜਾਂ ਲਈ ਉਪਲੱਬਧ ਹਨ।ਨਰੋਈਆਂ ਕੀਮਤਾਂ ਦੇ ਮਾਪ ਦੰਡ ਵੀ ਬਦਲ ਗਏ ਹਨ।ਇਸ ਲਈ ਰੁਝਾਨ ਬਦਲ ਗਏ ਹਨ।ਇਸ ਬਦਲਾਵ ਨੇ ਪੰਜਾਬੀ ਸਮਾਜ ਦੇ ਕਿਤਾਬੀ ਕਲਚਰ ਨੂੰ ਵਡੀ ਢਾਹ ਲਾਈ ਹੈ।ਲੇਖਕ ਦੀਆਂ ਸੰਭਾਵਿਤ ਬੁਲੰਦ ਕੀਮਤਾਂ ਵੀ ਇਸੇ ਵਰਤਾਰੇ ਵਿਚ ਵੇਖੀਆਂ ਜਾ ਰਹੀਆਂ ਹਨ।ਆਮ ਵਿਅਕਤੀ ਦਾ ਲੇਖਕ ਬਾਰੇ ਕਾਲਪਨਿਕ ਰੂਪ ਵੀ ਤਿੜਕ ਰਿਹਾ ਹੈ।ਕੁਝ ਬੇਸਮਝੀ ਕਾਰਨ ਤੇ ਕੁਝ ਰਹਿਤਲ ਦੀਆਂ ਹਕੀਕਤਾਂ ਕਾਰਨ।ਸਵੈਮਾਣ ਤੇ ਹਉਮੈ ਰਲ-ਗਡ ਹੋ ਗਿਆ ਹੈ।ਤੂਤੀ ਸੁਣੀ ਜਾ ਰਹੀ ਹੈ ਤੇ ਤੂਤੀ ਪਿਛੇ ਛੁਪੀ ਦਾਸਤਾਨ, ਪੰਜਾਬੀ ਸਮਾਜ ਵਿਚ ਨਾਂਹ ਪੱਖੀ ਰੋਲ ਨਿਭਾ ਰਹੀ ਹੈ। ਕਈ ਪੰਜਾਬੀ ਦੇ ਵੱਡੇ ਕੱਦ, ਵਰਤਮਾਨ ਵਿਚ ਲਿਖੇ ਜਾ ਰਹੇ ਸਾਹਿਤ ਨੂੰ ਅੱਜ ਦੇ ਸਮੇਂ ਮੁਤਾਬਕ ਦੇਖਦੇ ਹੀ ਨਹੀ।ਉਨਾ ਦੇ ਪੁਰਾਣੇ ਮਾਪ ਦੰਡ ਵੀ ਪਾਠਕ ਨੂੰ ਵਿਚਲਿਤ ਕਰ ਰਹੇ ਹਨ।ਪਾਠਕ ਤੇ ਉਹੋ ਹੀ ਪੜ੍ਹਨਾ ਪਸੰਦ ਕਰੇਗਾ ਜਿਸਨੂੰ ਉਹ ਆਪਣਾ ਹੀ ਬੀਤ ਰਿਹਾ ਸਮਾਜ ਸਮਝੇ।ਮਸਲਨ ਤੁਸੀਂ ਕੈਨੇਡਾ ਵਿਚ ਬੈਠੇ ਹੋ। ਪਾਠਕ ਵੀ ਇਥੋਂ ਦਾ ਤੇ ਲੇਖਕ ਵੀ ਇਥੋਂ ਦਾ। ਬੱਚੇ ਦੇ ਵਰਤਾਰੇ ਦੀ ਗੱਲ ਕਰਦਿਆਂ ਅਸੀਂ ਲਿਖੀਏ ਪੰਜਾਬੀ ਸੰਸਕਾਰਾਂ ਦੀ ਪੱਟੀ ਬੰਨ੍ਹ ਕੇ।ਪਾਠਕ ਕਿਵੇਂ ਪੜੇਗਾ? ਉਸਨੂੰ ਬੱਚੇ ਦੀ ਮਾਨਸਿਕਤਾ ਨੂੰ ਸਮਝਣ ਦੀ ਲੋੜ ਹੈ ਜੋ ਕੈਨੇਡੀਅਨ ਸਕੂਲ ਜਾ ਰਿਹਾ ਹੈ।ਅਸੀਂ ਬੱਚੇ ਨੂੰ ਉਦੋਂ ਹੀ ਕੁਝ ਸੁਣਾ ਸਕਦੇ ਹਾਂ ਜਦੋਂ ਪਹਿਲਾਂ ਉਸਨੂੰ ਸੁਣਾਂਗੇ ਪਰ ਇਹ ਗੱਲ ਘਟ ਹੋ ਰਹੀ ਹੈ।ਅਸੀ ਤਾਂ ਇਹ ਚਾਹੁੰਦੇ ਹਾਂ ਕਿ ਬੱਚਾ ਸਵਿਮਿੰਗ ਵਿਚ ਵੜ ਜਾਵੇ ਪਰ ਉਸਦੇ ਕਪੜੇ ਗਿੱਲੇ ਨਹੀ ਹੋਣੇ ਚਾਹੀਦੇ।ਕਿਤਾਬਾਂ ਛਪਾਉਣੀਆਂ ਸੌਖੀਆ ਹੋ ਗਈਆਂ ਹਨ। ਟੌਹਰ ਮਾਰਨ ਲਈ ਧੜਾ-ਧੜ ਛਪਵਾ ਰਹੇ ਹਾਂ।ਕੋਈ ਪੜ੍ਹੇ ਨਾ ਪੜ੍ਹੇ ਰਿਸ਼ਤੇਦਾਰਾਂ ਅੱਗੇ ਤਾਂ ਧੌਂਸ ਮਾਰੀ ਹੀ ਜਾ ਸਕਦੀ ਹੈ।ਹਰ ਕੋਈ ਧਰਮਿੰਦਰ ਤੇ ਬਣ ਨਹੀ ਸਕਦਾ।



**? ਕਿਤਾਬਾਂ ਦੀ ਛਪਾਈ ਵਿਚ ਲੇਖਕਾਂ ਨਾਲ਼ ਪਬਲਿਸ਼ਰਾਂ ਦਾ ਰੋਲ ਕਿਸ ਤਰ੍ਹਾਂ ਦਾ ਹੈ? ਕੀ ਇਸ ਵਿਚ ਸੁਧਾਰ ਦੀ ਗੁੰਜਾਇਸ਼ ਹੈ?**

– ਜੀ ਇਸ ਬਾਰੇ ਮੈਨੂੰ ਨਾ ਤਾਂ ਕੋਈ ਤਜ਼ਰਬਾ ਹੈ ਤੇ ਨਾ ਕੋਈ ਮੇਰੀ ਖੋਜ।ਸਤੀਸ਼ ਗੁਲਾਟੀ ਮੇਰਾ ਜਾਤੀ ਦੋਸਤ ਹੈ।ਜਦੋਂ ਵੀ ਟਰਾਂਟੋ ਆਉਂਦਾ ਹੈ ਮੇਰੇ ਕੋਲ ਹੀ ਠਹਿਰਦਾ ਹੈ।ਲੋਕੀ ਕਹਿੰਦੇ ਹਨ ਉਹ ਕਰੋੜਪਤੀ ਹੋ ਗਿਆ ਪਰ ਮੈਨੂੰ ਉਹਦੀਆਂ ਗੱਲਾਂ ਤੋਂ ਲਗਦਾ ਨਹੀ।ਮੇਰੇ ਅੱਗੇ ਤਾਂ ਰੋਣ ਹਾਕਾ ਹੀ ਰਹਿੰਦਾ ਹੈ।ਜੋ ਰੁੱਖੀ ਮਿਸੀ ਖਾਂਦਾ ਹਾਂ, ਉਹੋ ਪਰੋਸਦਾ ਹਾਂ।ਮੈਗਜ਼ੀਨ ਦਾ ਚੰਦਾ ਨਹੀ ਦਿੱਤਾ, ਉਸਨੇ ਬੰਦ ਕਰ ਦਿੱਤਾ।ਉਹ ਵੀ ਖੁਸ਼ ਮੈਂ ਵੀ ਖੁਸ਼।ਪਰ ਮੈਨੂੰ ਯਕੀਨ ਹੈ ਕਿ ਜੇ ਉਹ ਕਰੋੜਪਤੀ ਹੁੰਦਾ ਤਾਂ ਮੇਰਾ ਮੈਗਜ਼ੀਨ ਬੰਦ ਨਾ ਕਰਦਾ।ਬਾਕੀ ਸਮੁੱਚੇ ਰੂਪ ਵਿਚ ਪਬਲਿਸ਼ਰ ਕੀ ਕਰਦੇ ਹਨ? ਉਨ੍ਹਾਂ ਦਾ ਕੀ ਰੋਲ ਹੈ? ਇਹਦੇ ਬਾਰੇ ਅਕਸਰ ਗੱਲਬਾਤ ਹੁੰਦੀ ਰਹਿੰਦੀ ਹੈ।ਉਸ ਗੱਲ ਬਾਤ ਤੋਂ ਇੰਞ ਲਗਦਾ ਹੈ ਕਿ ਵਾਕਈ ਪਬਲਿਸ਼ਰਾਂ ਦਾ ਰੋਲ ਠੀਕ ਨਹੀਂ ਹੈ।ਮੈਂ ਵੀ ਹੂੰ-ਹਾਂ ਕਰ ਛਡਦਾ ਹਾਂ, ਪਰ ਜਿਹੜੇ ਉੱਚੀ ਅਵਾਜ਼ ਵਿਚ ਗੱਲ ਕਰਦੇ ਹਨ, ਉਹ ਹੀ ਪਬਲਿਸ਼ਰਾਂ ਦੇ ਪੱਕੇ ਦੋਸਤ ਹਨ।ਬੰਦੂਕਾਂ ਹੱਥ ਵਿਚ ਫੜਕੇ ਮੋਢੇ ਲੱਭਦੇ ਰਹਿੰਦੇ ਹਨ।ਮੈਂ ਕੋਈ ਇਨਵੈਸੇਟੀਗੇਟਰ ਨਹੀਂ ਹਾਂ ਪਰ ਜੇ ਕਿਸੇ ਨੇ ਇਨਵੈਸੀਗੇਟ ਕਰਨਾ ਹੋਵੇ ਤਾਂ ਮੇਰਾ ਸੁਝਾਅ ਹੈ ਕਿ ਉਹ ਰੌਲਾ ਪਾਉਣ ਵਾਲਿਆਂ ਦਾ ਫੋਨ ਬਿਲ ਚੈੱਕ ਕਰਕੇ ਹੀ ਆਪਣੀ ਅਗਲੀ ਖੋਜ ਸ਼ੁਰੂ ਕਰੇ।ਸੁਧਾਰ ਤੇ ਹੁਣ ਅੰਨਾ ਹਜ਼ਾਰੇ ਹੀ ਕਰੇਗਾ।

**? ਤੁਹਾਡੇ ਖਿਆਲ ਅਨੁਸਾਰ ਅੱਜ ਦੀ ਸਮੁੱਚੀ ਪੰਜਾਬੀ ਕਹਾਣੀ ਜਾਂ ਪਰਵਾਸੀ ਪੰਜਾਬੀ ਕਹਾਣੀ ਕਿੱਥੇ ਖੜੀ ਹੈ? ਕੀ ਮੁੱਖਧਾਰਾ ਵਾਲੇ ਪਰਵਾਸੀ ਕਹਾਣੀ ਨੂੰ ਬਣਦੀ ਥਾਂ ਦੇ ਰਹੇ ਹਨ?**

– ਜੀ ਸਾਡੇ ਵਿਦਵਾਨ ਪੰਜਾਬੀ ਕਹਾਣੀ ਬਾਰੇ ਅਕਸਰ ਮੁਲਾਂਕਣ ਕਰਦੇ ਰਹਿੰਦੇ ਹਨ।ਇਸ ਖੋਜ਼ ਕਾਰਜ ਵਿਚ ਪੰਜਾਬ ਦੀਆਂ ਯੂਨੀਵਰਸਿਟੀਆਂ ਵੀ ਆਪਣਾ ਵਡ-ਮੁੱਲਾ ਯੋਗਦਾਨ ਪਾ ਰਹੀਆਂ ਹਨ। ਸਮੁੱਚੀ ਪੰਜਾਬੀ ਕਹਾਣੀ ਦੀ ਗੱਲ ਕਰਦਿਆਂ, ਮੈਂ ਇਹ ਕਹਿ ਸਕਦਾ ਹਾਂ ਕਿ ਅੱਜ ਪੰਜਾਬੀ ਕਹਾਣੀ ਨੇ ਆਪਣੀ ਸਤਿਕਾਰਯੋਗ ਜਗ੍ਹਾ ਬਣਾ ਲਈ ਹੈ।ਪੰਜਾਬੀ ਸਾਹਿਤ ਵਿਚ ਇਹ ਬਹੁਤ ਹੀ ਸ਼ਿੱਦਤ ਨਾਲ ਪੜੀ ਤੇ ਮਾਣੀ ਜਾ ਰਹੀ ਹੈ।ਭਾਵੇਂ ਕਿਤਾਬੀ ਕਲਚਰ ਨੂੰ ਪੰਜਾਬ ਵਿਚ ਉਭਾਰਨ ਦੀ ਸਖਤ ਲੋੜ ਹੈ ਪਰ ਉਹ ਇੱਕ ਵੱਖਰਾ ਵਿਸ਼ਾ ਹੈ।ਪੜਾਵਾਂ ਵਿਚੋਂ ਗੁਜ਼ਰਦਿਆਂ ਪੰਜਾਬੀ ਕਹਾਣੀ ਨੇ ਗੁਣਾਤਮਕ ਪਖੋਂ ਬਹੁਤ ਹੀ ਤਰੱਕੀ ਕੀਤੀ ਹੈ।ਪਿਛਲੇ ਦਹਾਕੇ ਵਿਚ ਹੀ ਕਈ ਕਲਾਸਿਕ ਕਹਾਣੀਆਂ ਸਿਰਜੀਆਂ ਗਈਆਂ ਹਨ। ਮੈਂ ਨਾਮ ਲੈ ਕੇ ਜ਼ਿਕਰ ਕਰਨ ਤੋਂ ਗੁਰੇਜ਼ ਕਰਾਂਗਾ ਕਿਉਂਕਿ ਯਾਦ ਕਰਦਿਆਂ ਕੋਈ ਕਹਾਣੀ ਰਹਿ ਵੀ ਸਕਦੀ ਹੈ।ਪਿਛਲੇ ਸਮੇਂ ਵਿਚ ਵੀ ਪੰਜਾਬੀ ਕਹਾਣੀ ਦਾ ਵਿਕਾਸ ਮਾਨਣਯੋਗ ਹੋਇਆ ਹੈ।ਜ਼ਮੀਨੀ ਹਕੀਕਤਾਂ ਦੇ ਬਦਲਾਵ ਨਾਲ ਮੇਲ ਖਾਂਦੀ ਪੰਜਾਬੀ ਕਹਾਣੀ ਸਾਬਤ ਕਦਮੀ ਅਗੇ ਵਧ ਰਹੀ ਹੈ।ਅੱਜ ਦਾ ਮਨੁੱਖ ਤੇ ਉਸਦੀ ਹੋਣੀ, ਦਸ਼ਾ, ਰਿਸ਼ਤਿਆਂ ਦਾ ਤਿੜਕਾਵ ਤੇ ਮਾਨਸਿਕ ਗੁੰਝਲਾਂ ਦੇ ਧਰਾਤਲ ਵਿਚ ਚਲ ਰਹੀ ਲਗਾਤਾਰ ਤਬਦੀਲੀ ਦੀ ਸੂਚਕ ਪੰਜਾਬੀ ਕਹਾਣੀ ਤੇ ਇਸਦੇ ਸਿਰਜਣਹਾਰ ਨਵੇਂ ਦਿਸਹਿਦਿਆਂ ਵੱਲ ਅਗਰਸਰ ਹਨ।ਬਾਕੀ ਰਹੀ ਪ੍ਰਵਾਸੀ ਕਹਾਣੀ ਤੇ ਇਸਦੀ ਮੁੱਖ ਧਾਰਾ ਨਾਲ ਨਿੱਜੀ ਸਾਂਝ।ਇਸਦੇ ਕਈ ਪਹਿਲੂ ਹਨ।ਜਿਨ੍ਹਾਂ ਨੂੰ ਵਿਚਾਰਨ ਦੀ ਲੋੜ ਹੈ।ਤੁਹਾਡਾ ਸੁਆਲ ਵੀ ਸੰਪੂਰਨ ਨਹੀ ਹੈ।ਜੇ ਅਸੀਂ ਇਹ ਕਹੀਏ ਕਿ ਕੀ ਸਾਡੇ ਵਿਦਵਾਨ ਪ੍ਰਵਾਸ ਵਿਚ ਲਿਖੀ ਜਾ ਰਹੀ ਕਹਾਣੀ ਦੇ ਮੂਲ ਸਰੋਤਾਂ ਦੀ ਗੱਲ ਕਰ ਰਹੇ ਹਨ,ਤਾਂ ਮੇਰਾ ਜੁਆਬ ਹਾਂ ਵਿਚ ਹੈ।ਸਮੇਂ ਸਮੇਂ ਬਦਲਦੇ ਪੈਟਰਨ ਅਨੁਸਾਰ ਵਿਦਵਾਨਾਂ ਨੇ ਗੱਲ ਕੀਤੀ ਹੈ।ਭੂ-ਹੇਰਵਾ, ਜੋ ਕਿ ਹੁਣ ਨਹੀ ਰਿਹਾ।ਔਰਤ ਦੀ ਦਸ਼ਾ ਤੇ ਦਿਸ਼ਾ, ਪੀੜ੍ਹੀ-ਪਾੜਾ, ਸਭਿਆਚਾਰਕ ਵਖਰੇਵਾਂ, ਪਰਿਵਾਰਕ ਟੁੱਟ-ਭੱਜ ਇਹ ਸਭ ਵਿਸ਼ੇ ਵਿਦਵਾਨਾਂ ਵਲੋਂ ਵਿਚਾਰੇ ਗਏ ਹਨ ਤੇ ਲਗਾਤਾਰ ਵਿਚਾਰੇ ਜਾ ਰਹੇ ਹਨ।ਇਨ੍ਹਾਂ ਵਿਸ਼ਿਆਂ ਦਾ ਸੁਹਿਰਦਤਾ ਨਾਲ ਵਿਚਾਰੇ ਜਾਣਾ ਹੀ ਤਸਦੀਕ ਕਰਦਾ ਹੈ ਕਿ ਮੁਖ ਧਾਰਾ ਪ੍ਰਵਾਸੀ ਕਹਾਣੀ ਨੂੰ ਥਾਂ ਦੇ ਰਹੇ ਹਨ ਤੇ ਇਹ ਇੱਕ ਚੰਗੀ ਗੱਲ ਹੈ।ਪਰ ਵਿਚਾਰ ਵਿਅਕਤ ਕਰਦੇ ਬਹੁਤੇ ਆਲੋਚਕਾਂ ਨੇ ਕੁਝ ਖਾਸ ਲੇਖਕਾਂ ਦਾ ਇਕ ਮੈਕਰੋ ਹੀ ਬਣਾ ਲਿਆ ਹੈ।ਉਹ ਮੈਕਰੋ ਵਿਚਲੇ ਲੇਖਕਾਂ ਦੇ ਨਾਮ ਮੁਹਾਵਰੇ ਵਾਂਗ ਹੀ ਵਰਤੇ ਜਾਂਦੇ ਹਨ। ਇਹ ਵੀ ਠੀਕ ਹੈ ਕਿ ਉਨ੍ਹਾ ਦਾ ਧਿਆਨ

ਸਮੱਸਿਆ ਵਲ ਹੋਵੇ ਨਾ ਕਿ ਬਾਕੀ ਲੇਖਕਾਂ ਦੀਆਂ ਭਾਵਨਾਵਾਂ ਨਾਲ। ਇਥੋਂ ਹੀ ਤੁਹਾਡੇ ਸੁਆਲ ਦਾ ਜਨਮ ਹੁੰਦਾ ਹੈ।

ਹੁਣ ਸਾਡੇ ਵਰਗੇ ਲੇਖਕ ਜੋ ਉਸ ਮੈਕਰੋ ਵਿਚ ਸ਼ਾਮਲ ਨਹੀ ਹਨ। ਉਨ੍ਹਾਂ ਨੇ ਵੀ ਇੱਕ ਸੋਚ ਬਣਾ ਲਈ ਹੈ ਕਿ ਪ੍ਰਵਾਸੀ ਕਹਾਣੀ ਕਹਿਣਾ ਹੀ ਗਲਤ ਹੈ। ਸਾਨੂੰ ਪੰਜਾਬ ਵਾਲੇ ਮੁਖ ਧਾਰਾ ਨਾਲ ਜੋੜ ਕੇ ਕਿਉਂ ਨਹੀਂ ਵੇਖਦੇ? ਕਹਾਣੀ ਤੇ ਕਹਾਣੀ ਹੈ ਕਿਤੇ ਵੀ ਲਿਖੀ ਜਾਵੇ। ਜਦੋਂ ਮੈਂ ਇਕ ਵਾਰ ਇੰਡੀਆ ਗਿਆ ਸੀ, ਮੇਰੇ ਇੱਕ ਲੇਖਕ ਦੋਸਤ ਨੇ ਕਿਹਾ ਸੀ ਪ੍ਰਵਾਸੀ ਕਹਾਣੀ ਅਸੀਂ ਪਹਿਲ ਦੇ ਅਧਾਰ ਤੇ ਪੜਦੇ ਹਾਂ, ਕਿਉਂਕਿ ਉਸ ਵਿਚ ਕੁਝ ਨਵੇਂ ਪਨ ਦੀ ਗੁੰਜਾਇਸ਼ ਹੁੰਦੀ ਹੈ। ਇਕ ਵਖਰੇ ਸਮਾਜ ਦੀ ਗੱਲ। ਪੰਜਾਬੀ ਕਹਾਣੀ ਨੂੰ ਹਿਸਿਆਂ ਵਿਚ ਵੰਡ ਕੇ ਉਸਦੀ ਪੜਚੋਲ ਕਰਨੀ, ਇੱਕ ਸਿਹਤਮੰਦ ਵਰਤਾਰਾ ਹੈ। ਇਸ ਨਾਲ ਵਿਚਾਰ ਵਿਚ ਗਹਿਰਾਈ ਆਉਂਦੀ ਹੈ। ਮੈਨੂੰ ਪ੍ਰਵਾਸੀ ਕਹਾਣੀ ਦਾ ਵਖਰੇ ਤੌਰ 'ਤੇ ਪੜਚੋਲਣਾ ਵਧੀਆ ਲਗਦਾ ਹੈ। ਅੱਜ ਕਲ ਜਿਸ ਤਰ੍ਹਾਂ ਪ੍ਰਵਾਸੀ ਕਹਾਣੀ ਤੇ ਲੇਖ ਲਿਖ ਕੇ ਇਸਦੀ ਪੜਚੋਲ ਕੀਤੀ ਜਾ ਰਹੀ ਹੈ, ਇਹ ਵਧੀਆ ਗੱਲ ਹੈ। ਇਸਦਾ ਇਹ ਹਰਗਿਜ਼ ਮਤਲਬ ਨਹੀ ਕਿ ਪ੍ਰਵਾਸੀ ਕਹਾਣੀ ਮੁਖਧਾਰਾ ਨਾਲੋਂ ਕਿਸੇ ਦੂਰੀ ਤੇ ਖੜੀ ਹੈ। ਬਾਕੀ ਤਾਂ ਹਰ ਕਹਾਣੀ ਆਪਣੇ ਬਲਬੂਤੇ ਤੇ ਹੀ ਖੜਨੀ ਹੈ। ਕਹਾਣੀ ਦੀ ਸ਼੍ਰੇਣੀ ਵੰਡ ਨਾਲ ਮੁੱਦੇ ਹੋਰ ਵੀ ਨਿਖਰਕੇ ਉਭਰਦੇ ਹਨ।

? **ਕੁਲਜੀਤ ਜੀ, ਤੁਹਾਡੀ ਕਹਾਣੀ ਨੇ ਬਹੁਤ ਥੋੜੇ ਸਮੇਂ ਵਿਚ ਵਿਕਾਸ ਕੀਤਾ ਹੈ? ਨਿਵੇਕਲੇ ਵਿਸ਼ੇ ਅਤੇ ਨਿਵੇਕਲੀ ਸ਼ਬਦਾਵਲੀ ਨਾਲ਼ ਤੁਸੀਂ ਆਪਣੀ ਖਾਸ ਥਾਂ ਬਣਾਈ ਹੈ. ਤੁਹਾਡੇ ਸਮਕਾਲੀਆਂ ਦਾ ਤੁਹਾਡੀ ਲਿਖਤ ਅਤੇ ਇਸ ਪ੍ਰਾਪਤੀ ਬਾਰੇ ਕੀ ਕਹਿਣਾ ਹੈ? ਤੁਸੀਂ ਆਪਣੇ ਇਸ ਵਿਕਾਸ ਨੂੰ ਕਿਵੇਂ ਬਿਆਨ ਕਰਨਾ ਚਾਹੋਗੇ?**

– ਜੀ ਥੋੜਾ ਸਮਾਂ ਤੇ ਨਹੀਂ ਕਹਿ ਸਕਦੇ। ਤੇਰਾਂ ਸਾਲ ਹੋ ਗਏ ਹਨ, ਮੈਨੂੰ ਕਹਾਣੀ ਲਿਖਦੇ ਨੂੰ। ਬਾਕੀ ਪੜਨ ਦਾ ਰੁਝਾਨ ਤੇ ਇਸਤੋਂ ਵੀ ਪੁਰਾਣਾ ਹੈ। ਨਿਵੇਕਲੇ ਵਿਸ਼ੇ ਦੀ ਗੱਲ ਕਰਨ ਲੱਗਿਆਂ ਮੈਂ ਇਹ ਕਹਿ ਸਕਦਾ ਹਾਂ ਕਿ ਮੈਂ ਜ਼ਿੰਦਗੀ ਵਿਚ ਪਾਪੜ ਬੜੇ ਵੇਲੇ ਹਨ,ਅਜੇ ਵੀ ਵੇਲ ਰਿਹਾ ਹਾਂ। ਸ਼ਾਇਦ ਉਨ੍ਹਾਂ ਪਾਪੜਾਂ ਦੀ ਗੱਲ ਕਰਦਾ ਹੀ ਮੈਂ ਨਿਵੇਕਲਾ ਲਗਦਾ ਹੋਵਾਂ। ਮੈਂ ਇਸ ਉਮਰ ਵਿਚ ਨੌਕਰੀ ਲਭ ਰਿਹਾ ਹਾਂ, ਇਹ ਮੇਰੇ ਪਾਪੜਾਂ ਦੀ ਪ੍ਰਾਪਤੀ ਹੈ। ਤੁਹਾਨੂੰ ਪਤਾ ਹੈ, ਨੌਕਰੀਆਂ ਵਾਈਟ ਕਲਰ, ਬਿਲੂ ਕਲਰ ਹੁੰਦੀਆਂ ਹਨ। ਮੇਰੀਆਂ ਕੀਤੀਆਂ ਦਾ ਕੋਈ ਵੀ ਰੰਗ ਨਹੀ ਸੀ। ਮੈਂ ਇੰਡੀਆ ਵਕਾਲਤ ਵੀ ਕੀਤੀ ਤੇ ਬੈਂਕ ਦੀ ਨੌਕਰੀ ਵੀ, ਬੀ.ਏ. ਕਰਦਿਆਂ ਹੋਮ ਗਾਰਡ ਵਿਚ ਕਲਰਕੀ ਵੀ ਕੀਤੀ। ਫੁਲ ਟਾਈਮ ਤੇ ਮੈਂ ਰੋਮਾਂਸ ਵੀ ਨਹੀ ਕੀਤਾ। ਕੈਨੇਡਾ ਆਕੇ ਵੀ ਭਾਂਤ ਭਾਂਤ ਦੀਆਂ ਨੌਕਰੀਆਂ ਕੀਤੀਆਂ। ਬਹੁਤੇ ਕਹਿੰਦੇ ਸੀ ਕਿ ਇਹ ਵਕਾਲਤ ਬਾਰੇ ਝੂਠ ਬੋਲਦਾ ਹੈ। ਪਰ ਉਹ ਵੀ ਠੀਕ ਸਨ। ਉਨ੍ਹਾਂ ਨੂੰ ਕਿਹੜਾ ਪਤਾ ਸੀ ਕਿ ਮੇਰਾ ਵਡਾ ਮੁੰਡਾ ਮੰਦ-ਬੁਧੀ ਹੈ ਤੇ ਮੈਂ ਹਰ ਹਾਲਤ ਵਿਚ ਪੈਸੇ ਇੱਕਠੇ ਕਰਕੇ ਇੰਡੀਆ ਪਹੁੰਚਣਾ ਹੈ। ਤੇਰਾਂ ਸਾਲ ਇਹੋ ਸੋਚਦਾ ਰਿਹਾ ਜੋ ਗਲਤ ਸੀ। ਇਹਦੇ ਦੌਰਾਨ ਜੋ ਹੋਇਆ ਉਸਦਾ ਅੰਦਾਜ਼ਾ ਲਾਉਣਾ ਵੀ ਔਖਾ ਨਹੀ। ਜ਼ਿੰਦਗੀ ਕੋਲੋਂ ਘਟ ਸਮਝ ਨਾਲ ਛਿਤਰ ਜ਼ਿਆਦਾ ਖਾਧੇ ਗਏ। ਉਸਨੇ ਭਾਵਕ ਵੀ ਬਣਾ ਦਿੱਤਾ। ਵਿਸ਼ੇ ਵੀ ਨਵੇਂ ਮਿਲ ਗਏ। ਬਹੁਤਾ ਰੋਣ ਨਾਲ ਸ਼ਬਦਾਵਲੀ ਵੀ ਮਿਲ ਗਈ। ਸਮਕਾਲੀਆਂ ਤੋਂ ਪਿਆਰ ਵੀ ਬਹੁਤ ਮਿਲਿਆ। ਕਈਆਂ ਤੋਂ ਕੁੜੱਤਣ ਵੀ ਮਿਲੀ। ਪਰ ਉਸ ਕੁੜੱਤਣ ਨਾਲ ਮੈਂ ਮਿਲੇ ਪਿਆਰ ਦੀ ਤੁਲਨਾ ਕਰਕੇ ਹੋਰ ਵੀ ਖੁਸ਼ ਹੁੰਦਾ ਹਾਂ। ਰੰਗ ਹੋਰ ਵੀ ਗੂੜਾ ਹੋ ਜਾਂਦਾ ਹੈ। ਕੌੜਾਪਨ ਐਦਾਂ ਲਗਦਾ ਹੈ ਜਿਵੇਂ ਹਰੇ ਘਾਹ ਵਿਚ ਕਾਲੀ ਬਿਲੀ ਖਲੋਤੀ ਹੋਵੇ। ਪਿਆਰ ਕਰਨ ਵਾਲੇ ਬਹੁਤੇ ਚੰਗੇ ਲਗਦੇ ਹਨ। ਅੱਜ ਕਲ ਵੀ ਦੋ ਚਾਰ ਬੰਦੇ ਮੇਰਾ ਵਿਕਾਸ ਕਰਨ ਵਿਚ ਰੁਝੇ ਹੋਏ ਹਨ। ਜੇ ਮੈਂ ਉਨਾਂ ਦਾ ਧੰਨਵਾਦ ਵੀ ਕਰਾਂ, ਉਨ੍ਹਾਂ ਨੂੰ ਲਗਦਾ ਹੈ ਕਿ ਮੈਂ ਝੂਠ ਬੋਲ ਰਿਹਾ ਹਾਂ। ਵੇਖੋ ਜੀ ਘੜੇ ਵਿਚ ਰਹਿ ਕੇ ਬੰਦੇ ਦਾ ਵਿਕਾਸ ਨਹੀ ਹੁੰਦਾ। ਵਿਕਾਸ ਲਈ ਤੇ ਖੁਲਾ ਸਮੁੰਦਰ ਹੀ ਚਾਹੀਦਾ ਹੈ। ਪਰ ਵਿਕਾਸਕਾਰਾਂ ਨੂੰ ਇਹ ਪਤਾ ਨਹੀ।

? **ਕਈ ਵੇਰਾਂ ਪਾਠਕ ਦੇ ਮਨ ਵਿਚ ਹੁੰਦਾ ਹੈ ਕਿ ਕਹਾਣੀਕਾਰ ਲਿਖਦਾ ਕਿਉਂ ਹੈ? ਏਸੇ ਪ੍ਰਸੰਗ ਵਿਚ ਤੁਸੀਂ ਕੀ ਕਹਿਣਾ ਚਾਹੋਗੇ ਕਿ ਤੁਸੀਂ ਕਿਉਂ ਲਿਖਦੇ ਹੋ?**

– ਜੀ ਸੱਚੀਂ ਗੱਲ ਤੇ ਹੈ ਕਿ ਇਸ ਪ੍ਰਸੰਗ ਦੇ ਦੋ ਪਹਿਲੂ ਹਨ। ਮੈਂ ਪੜ ਲਿਖਕੇ ਵੀ ਨਿਕੰਮਾ ਗਿਣਿਆ ਜਾਂਦਾ ਸੀ। ਪਹਿਲਾਂ ਜਦੋਂ ਲਿਖਣਾ ਸ਼ੁਰੂ ਕੀਤਾ ਤਾਂ ਕਾਰਣ ਸੀ ਘਰਦਿਆਂ,ਰਿਸ਼ਤੇਦਾਰਾਂ ਤੇ ਦੋਸਤਾਂ ਤੇ



ਰੋਹਬ ਪਾਉਣਾ ਚਾਹੁੰਦਾ ਸੀ। ਰੋਹਬ ਪਿਆ ਵੀ,ਉਹ ਹੁਬਕੇ ਮੇਰੀ ਕਹਾਣੀ ਪੜ੍ਹਦੇ ਵੀ ਸਨ ਪਰ ਹੁਣ ਨਹੀਂ ਪੜਦੇ ਸਮਝਦੇ ਹਨ ਕਿ ਇਹਦਾ ਤਾਂ ਰੋਜ਼ ਦਾ ਹੀ ਕੰਮ ਹੋ ਗਿਆ। ਐਵੇਂ ਵਕਤ ਖਰਾਬ ਕਰਦਾ ਰਹਿੰਦਾ ਹੈ। ਇਸੇ ਵਕਤ ਵਿਚ ਪੈਸੇ ਕਮਾਏ ਜਾ ਸਕਦੇ ਹਨ। ਦੂਜਾ ਕਾਰਣ ਹੈ ਕਿ ਸਾਹਿਤ ਨਾਲ ਜਾਣ ਪਛਾਣ ਹੋ ਗਈ। ਪੜਨ ਦਾ ਸ਼ੌਕ ਹੋਰ ਵੀ ਵਧ ਗਿਆ। ਸੋਚਣ ਦਾ ਤਰੀਕਾ ਬਦਲ ਗਿਆ। ਰਹਿਣੀ ਬਹਿਣੀ ਦਾ ਅਸਰ ਤੇ ਹੁੰਦਾ ਹੀ ਹੈ। ਮੇਰੇ ਤੇ ਵੀ ਹੋਇਆ। ਹੁਣ ਤੇ ਲਗਦਾ ਹੈ ਕਿ ਇਹੋ ਹੀ ਇਕੋ ਇਕ ਤਰੀਕਾ ਹੈ ਜਿਸ ਨਾਲ ਆਪਣੇ ਦਿਲ ਦੀ ਗੱਲ ਕੀਤੀ ਜਾ ਸਕਦੀ ਹੈ ਤੇ ਆਪਣੇ ਆਪ ਨੂੰ ਸੁਣਾਈ ਜਾ ਸਕਦੀ ਹੈ। ਕੁਝ ਜ਼ਿੰਮੇਵਾਰੀਆਂ ਵੀ ਮਹਿਸੂਸ ਕਰਦਾ ਹਾਂ।

? **ਕੁਲਜੀਤ ਜੀ ਮੈਨੂੰ ਇਹ ਦੱਸੋ ਕਿ ਕੁਲਜੀਤ ਮਾਨ ਅਤੇ ਕਹਾਣੀਕਾਰ ਕੁਲਜੀਤ ਮਾਨ ਵਿਚ ਕੀ ਅੰਤਰ ਹੈ?**

– ਕੁਲਜੀਤ ਮਾਨ ਦਾ ਆਪਣਾ ਸੱਚ ਹੈ ਤੇ ਕਹਾਣੀਕਾਰ ਕੁਲਜੀਤ ਮਾਨ ਕੋਲ ਆਪਣੇ ਸੱਚ ਦੇ ਨਾਲ ਨਾਲ ਆਸੇ ਪਾਸੇ ਦਾ ਸੱਚ ਵੀ ਹੈ।

? **ਆਓ ਕੁਝ ਇਸਤਰੀ ਲੇਖਕਾਵਾਂ ਦੀ ਗੱਲ ਵੀ ਕਰ ਲਈਏ। ਕੀ ਇਸਤਰੀ ਲੇਖਕਾਵਾਂ ਦੀ ਕਹਾਣੀ ਵਿਚ ਅਤੇ ਮਰਦ ਲੇਖਕਾਂ ਦੀ ਕਹਾਣੀ ਵਿਚ ਵਿਸ਼ੇ-ਵਸਤੂ ਪੱਖੋਂ ਜਾਂ ਨਿਭਾਅ ਪੱਖੋਂ ਤੁਸੀਂ ਕੋਈ ਅੰਤਰ ਮਹਿਸੂਸ ਕਰਦੇ ਹੋ? ਜੇ ਕਰਦੇ ਹੋ ਤਾਂ ਕਿਹੜੇ ਧਰਾਤਲ ਤੇ?**

– ਇਸ ਸੁਆਲ ਦਾ ਜੁਆਬ ਦੇਣ ਤੋਂ ਪਹਿਲਾਂ ਸਾਨੂੰ ਇਸ ਵਰਤਾਰੇ ਦੀ ਮਾਨਸਿਕਤਾ ਸਮਝਣ ਦੀ ਲੋੜ ਹੈ। ਪਰਿਵਾਰਕ ਤੇ ਸਮਾਜਿਕ ਵਰਤਾਰਿਆਂ ਬਾਰੇ ਕਹਾਣੀ ਪੜਦਿਆਂ, ਇਹ ਲਭ ਹੀ ਪੈਂਦਾ ਹੈ ਕਿ ਇਸਦਾ ਸਿਰਜਕ ਮਰਦ ਹੈ ਜਾਂ ਔਰਤ। ਵਖਰੇ ਜੈਂਡਰ ਹੋਣ ਦੀ ਛਾਪ ਕੁਦਰਤੀ ਹੈ ਤੇ ਇਹ ਪ੍ਰਭਾਵ ਸਮਾਜ ਦੀ ਬਣਤਰ ਵਿਚ ਹੈ। ਰੁਤਬਾ ਕੋਈ ਵੀ ਹੋਵੇ ਪਰ ਸਾਡੇ ਮਾਪ ਦੰਡ, ਨਾ ਲਿਖਣ ਵੇਲੇ ਤੇ ਨਾ ਪੜ੍ਹਨ ਵੇਲੇ ਇਕਸੁਰ ਹੁੰਦੇ ਹਨ। ਔਰਤ ਪਾਤਰ ਬਾਰੇ ਸਾਡੇ ਅਵਚੇਤਨ ਵਿਚ ਜੋ ਔਰਤ ਛਵੀ ਪਈ ਹੁੰਦੀ ਹੈ, ਅਸੀਂ ਉਸੇ ਨੂੰ ਹੀ ਸ਼ੀਸ਼ਾ ਸਮਝ ਕੇ ਪਾਤਰ ਦੀ ਮਾਨਸਿਕਤਾ ਦਾ ਇਕ ਪਧਰ ਕਲਪਿਤ ਕਰ ਲੈਂਦੇ ਹਾਂ। ਹੁਣ ਆਪਾਂ ਅਵਚੇਤਨ ਨੂੰ ਪਛਾੜ ਕੇ ਕੁਝ ਲਿਖੀਏ ਤਾਂ ਉਹ ਪਛਾੜ ਵੀ ਮਰਦ ਲੇਖਕ ਦੀ ਆਪਣੀ ਹੁੰਦੀ ਹੈ ਤੇ ਔਰਤ ਲੇਖਿਕਾ ... ਕਰ ਰਿਹਾ ਹਾਂ। ਸੁਤੇ ਸਿਧ ਹੀ ਸਮੱਸਿਆ ਨੂੰ ਆਪੋ ਆਪਣੇ ਨਜ਼ਰੀਏ ਤੋਂ ਦੇਖਦੇ ਹਨ। ਕਰਾਂਤੀਕਾਰੀ ਵਿਚਾਰ ਕਲਪਿਤ ਕਰਦਿਆਂ ਵੀ ਬੁਨਿਆਦੀ ਧੁੰਨੀਆ ਹਾਜ਼ਰ ਰਹਿੰਦੀਆਂ ਹਨ। ਕਈ ਵਾਰ ਔਰਤ ਬਾਰੇ ਲਿਖਦਿਆਂ ਨਾਹਰਾ ਭਾਰੂ ਹੋ ਜਾਂਦਾ ਹੈ। ਮਸਲਨ ਭਰੂਣ ਹੱਤਿਆ ਨੂੰ ਲੈ ਲਉ। ਔਰਤ ਦੀਆਂ ਬੁਨਿਆਦੀ ਲੋੜਾਂ ਨੂੰ ਸਮਝਣਾ ਤੇ ਨਾ ਬਰਾਬਰੀ ਦੇ ਅਣਦਿਸਦੇ ਕਾਰਣ ਜੋ ਔਰਤ ਦੇ ਸਵੈ-ਮਾਣ ਨੂੰ ਮਰਦ ਦੇ ਬਰਾਬਰ ਖਲਾਰਦੇ ਹੋਣ, ਉਨ੍ਹਾਂ ਦੀ ਵਜ਼ਾਹਤ ਕਰਦਿਆਂ ਦੋਵਾਂ ਜੈਂਡਰਾਂ ਦਾ ਫਰਕ ਸਾਫ ਝਲਕ ਪੈਂਦਾ ਹੈ। ਅਸਲ ਵਜ੍ਹਾ ਇਹ ਵੀ ਹੁੰਦੀ ਹੈ ਕਿ ਕਹਾਣੀ ਘੜਨ ਦੀ ਕੋਸ਼ਿਸ਼ ਵਿਚ ਲੇਖਕ ਕਈ ਵਾਰ ਟਪਲਾ ਖਾ ਹੀ ਜਾਂਦਾ ਹੈ ਜਦੋਂ ਮਸਲਾ ਸੰਜੀਦਾ ਹੋਵੇ। ਕਹਿਣ ਤੋਂ ਭਾਵ ਇਹ ਵੀ ਹੈ ਕਿ ਵਿਸ਼ਾ-ਵਸਤੂ ਦੇ ਨਿਭਾਅ ਪਖੋਂ ਕੋਈ ਨਿਰਣਾ ਕਰਨਾ ਸੌਖਾ ਕਾਰਜ ਨਹੀ ਹੈ। ਤੇ ਨਾ ਹੀ ਸਮੁੱਚੇ ਰੂਪ ਵਿਚ ਗੱਲ ਕੀਤੀ ਜਾ ਸਕਦੀ ਹੈ। ਦੋਵਾਂ ਹੀ ਜੈਂਡਰਾਂ ਵਿਚ ਕੁਝ ਐਸੇ ਵੀ ਹਨ ਜੋ ਚਟਖਾਰਿਆਂ ਨਾਲ ਆਪਣੀ ਗੱਲ ਨੂੰ ਵਧੇਰੇ ਰੌਚਿਕਤਾ ਨਾਲ ਨਿਭਾਉਣ ਦੀ ਕੋਸ਼ਿਸ਼ ਵਿਚ ਬਣੇ ਬਣਾਏ ਮਾਪਾਂ ਦੀ ਅਵਗਿਆ ਕਰਦੇ ਵੀ ਦਿਸਦੇ ਹਨ। ਰਾਮ ਤੇ ਸ਼ਾਮ ਵਿਚ ਅੰਤਰ ਕਰਨਾ ਅਸਾਨ ਹੈ। ਪਰ ਨਿਭਾਅ ਪਖੋਂ ਲੇਖਕ ਤੇ ਲੇਖਿਕਾ ਦਾ ਫਰਕ ਕਰਨਾ ਅਸੰਭਵ ਕਾਰਜ ਵੀ ਹੈ ਹਾਂ ਇੱਕ ਗੱਲ ਤਾਂ ਜ਼ਰੂਰ ਹੈ ਕਿ ਕੋਈ ਔਰਤ ਲੇਖਿਕਾ ਕੁਝ ਬੰਦਿਸ਼ਾਂ ਕਰਕੇ ਸੰਗਾਊ ਹੋ ਸਕਦੀ ਹੈ। ਕੁਝ ਸਮਰਥ ਲੇਖਕ ਜਾਂ ਲੇਖਿਕਾਵਾਂ ਐਸੀ ਰਚਨਾ ਵੀ ਕਰਦੇ ਹਨ ਜੋ ਇਸ ਸੋਚ ਦੇ ਪਾਰ ਹੁੰਦੀ ਹੈ।

? **ਕਿਹਾ ਜਾਂਦਾ ਹੈ ਕਿ ਕਹਾਣੀ ਦੀ ਬਣਤ ਅਤੇ ਬੁਣਤਰ ਜਾਂ ਭਾਸ਼ਾ ਦੀ ਪਛਾਣ ਔਰਤ ਜਾਂ ਮਰਦ ਦੀ ਨਿਰਮਾਣ ਭਾਸ਼ਾ ਦੇ ਆਧਾਰ ਉੱਤੇ ਪਛਾਣੀ ਜਾਂਦੀ ਹੈ। ਕੀ ਤੁਸੀਂ ਵੀ ਇਸ ਨੂੰ ਔਰਤ ਜਾਂ ਮਰਦ ਭਾਸ਼ਾ ਵਿਚ ਤਕਸੀਮ ਕਰਕੇ ਕਦੀ ਦੇਖਿਆ ਹੈ?**

– ਜੀ ਇਹ ਸਹੀ ਹੈ ਕਿ ਕਹਾਣੀ ਦੀ ਬਣਤ ਅਤੇ ਬੁਣਤਰ ਜਾਂ ਭਾਸ਼ਾ ਨਾਲ ਇਸਦੇ ਲੇਖਕ ਜਾਂ ਲੇਖਿਕਾ ਦੇ ਹੋਣ ਦਾ ਪਤਾ ਲਗ ਜਾਂਦਾ ਹੈ। ਖਾਸ ਤੌਰ ਤੇ ਪੰਜਾਬੀ ਕਹਾਣੀ ਦੇ ਬਾਰੇ ਇਹ ਗੱਲ ਜ਼ਿਆਦਾ ਢੁਕਦੀ ਹੈ। ਕਾਰਣ ਵੀ ਸਪਸ਼ਟ ਹਨ। ਸਾਡੇ ਸਮਾਜਿਕ ਵਰਤਾਰੇ,ਪਰਿਵਾਰਕ ਰਿਸ਼ਤੇ ਤੇ ਸਾਡੇ ਸਮਾਜ ਦੀ ਲਿੰਗ ਅਧਾਰਿਤ ਸ਼੍ਰੇਣੀ ਵੰਡ। ਗੱਲ ਫੇਰ ਅਵਚੇਤਨ ਤੇ ਹੀ ਆ ਜਾਂਦੀ ਹੈ। ਵਿਸ਼ੇ ਨੂੰ ਸੁਝਦਿਆਂ ਕਲਪਨਾ ਦੀ ਉਡਾਨ ਨੂੰ ਸਾਡਾ ਅਵਚੇਤਨ ਪ੍ਰਭਾਵਿਤ ਕਰਦਾ ਹੈ। ਪੀੜ੍ਹੀ ਦਰ ਪੀੜ੍ਹੀ ਵਿਚਰ ਰਹੇ ਸਭਿਆਚਾਰਕ ਵਰਤ ਵਿਹਾਰ ਤੇ ਉਨ੍ਹਾਂ ਵਿਚ ਜਜ਼ਬ ਹੋਇਆ ਮਰਦ ਤੇ ਔਰਤ ਦਾ ਵੱਖੋ-ਵਖਰਾ ਰੂਪ ਸਰੂਪ ਇਸ ਕਦਰ ਗੂੜਾ ਹੁੰਦਾ ਹੈ ਕਿ ਲਿਖਣ ਲੱਗਿਆਂ ਕੋਸ਼ਿਸ਼ ਕਰਕੇ ਵੀ ਉਹ ਰੰਗ ਫਿੱਕਾ ਤੇ ਹੋ ਸਕਦਾ ਹੈ ਪਰ ਅਲੋਪ ਨਹੀਂ ਹੋ ਸਕਦਾ। ਇਸ ਵਿਚ ਟੁੰਬੇ ਵਿਸ਼ੇ ਨੂੰ ਘਾੜਤ ਸ਼ਕਤੀ ਨਾਲ ਵੀ ਮੂਲੋਂ ਹੀ ਮਨਫੀ ਕਰਨਾ ਮੁਸ਼ਕਲ ਕਾਰਜ ਹੈ। ਹਾਂ ਸਾਡੇ ਕੋਲ ਐਸੇ ਲੇਖਕ ਤੇ ਲੇਖਿਕਾਵਾਂ ਮੌਜੂਦ ਹਨ ਕਿ ਜੇ ਉਨ੍ਹਾਂ ਨੂੰ ਕਿਹਾ ਜਾਵੇ ਕਿ ਐਸਾ ਕਰਨਾ ਹੈ ਤਾਂ ਉਹ ਅਸਾਨੀ ਨਾਲ ਕਰ ਦੇਣਗੇ ਪਰ ਜਦੋਂ ਆਮ ਵਰਤਾਰੇ ਦੀ ਗੱਲ ਕਰਦੇ ਹਾਂ ਤੇ ਮੇਰਾ ਖਿਆਲ ਹੈ ਕਿ ਸਮੁੱਚੇ ਰੂਪ ਵਿਚ ਕਹਾਣੀ ਪੜਦਿਆਂ ਅਹਿਸਾਸ ਹੋ ਜਾਂਦਾ ਹੈ ਕਿ ਸਿਰਜਕ ਲੇਖਕ ਹੈ ਜਾਂ ਲੇਖਿਕਾ।

**? ਇਨ੍ਹਾਂ ਮੁਲਕਾਂ ਵਿਚ ਆ ਕੇ, ਕੀ ਅੱਜ ਵੀ ਰਿਸ਼ਤੇ ਜਗੀਰਦਾਰੀ ਸਿਸਟਮ ਅਨੁਸਾਰ ਹੀ ਚਲਦੇ ਹਨ? ਕੀ ਮਰਦ ਅਤੇ ਔਰਤ ਦੇ ਰੋਲ ਵਿਚ ਕੋਈ ਅੰਤਰ ਨਜ਼ਰ ਆਇਆ ਹੈ ਜਾਂ ਸਮਾਜਵਾਦ ਸਿਰ.ਫ ਇਕ ਸੁਪਨਾ ਹੈ।**

– ਜੀ ਇਹ ਤਬਦੀਲੀ ਜਾਰੀ ਹੈ। ਇਨ੍ਹਾਂ ਮੁਲਕਾਂ ਵਿਚ ਆਉਣ ਨਾਲ ਸਾਡਾ ਸਿਸਟਮ ਤੇਜੀ ਨਾਲ ਬਦਲ ਰਿਹਾ ਹੈ ਤੇ ਨਾਲ ਹੀ ਸਾਡੀ ਸੋਚ ਵੀ। ਅੱਜ ਤੋਂ ਵੀਹ ਸਾਲ ਪਹਿਲਾਂ ਤਕ ਅਸੀਂ ਜੋ ਸੋਚਦੇ ਸੀ ਅੱਜ ਅਸੀਂ ਉਸ ਤਰ੍ਹਾਂ ਨਹੀਂ ਸੋਚਦੇ। ਕਾਰਣ ਵੀ ਸਪਸ਼ਟ ਹੈ। ਇਹ ਤਬਦੀਲੀ ਸਾਡੀ ਮਜਬੂਰੀ ਵੀ ਸੀ ਤੇ ਜਿਸਨੂੰ ਅਸੀਂ ਦਲੀਲ ਨਾਲ ਵੀ ਘੜ ਲਿਆ ਹੈ। ਵੀਹ ਸਾਲ ਪਹਿਲਾਂ ਤਕ ਅਸੀਂ ਆਪਣੀ ਔਲਾਦ ਦਾ ਰਿਸ਼ਤਾ ਕਰਨ ਲਗਿਆਂ ਆਪਣੀ ਪਸੰਦ ਦਾ ਘਰਾਣਾ ਵੀ ਲੱਭਦੇ ਸੀ ਤੇ ਜਾਤ ਬਰਾਦਰੀ ਦਾ ਖਿਆਲ ਵੀ ਰਖਦੇ ਸਾਂ। ਅੱਜ ਅਸੀਂ ਪ੍ਰਾਂਤ ਤਕ ਤੇ ਕਿਸੇ ਹੱਦ ਤੱਕ ਦੇਸ਼ ਤਕ ਵੀ ਆਪਣੇ ਆਪ ਨੂੰ ਤਿਆਰ ਕਰ ਲਿਆ ਹੈ। ਮਜ਼ਬੂਰੀ ਨੇ ਸਾਡੀ ਦਲੀਲ ਦਾ ਸਿੱਕਾ ਆਪਣੀ ਸਹੂਲਤ ਅਨੁਸਾਰ ਉਛਾਲ ਲਿਆ। ਔਰਤ ਦੀ ਖੁੱਲ੍ਹ ਸਾਡੀ ਮਰਜੀ ਨਹੀਂ ਹਾਲਾਤ ਸੀ ਪਰ ਅਸੀਂ ਹੁਣ ਇਸ ਖੁੱਲ੍ਹ ਦੇ ਆਦੀ ਹੋ ਕੇ ਆਪਣੀ ਸੋਚ ਨੂੰ ਇਸਦੇ ਹਾਣੀ ਬਣਾ ਲਿਆ ਹੈ। ਥੋਪਣ ਦੀ ਦਾਦਾਗਿਰੀ ਖਤਮ ਹੋ ਗਈ ਤੇ ਅਸੀਂ ਹੌਲੀ-ਹੌਲੀ ਬੱਚਿਆਂ ਦੀ ਖੁਸ਼ੀ ਖਾਤਰ ਸਭਿਅਕ ਬਣਦੇ ਜਾ ਰਹੇ ਹਾਂ। ਜੋ ਅਸੀਂ ਪਹਿਲਾਂ ਵੀ ਸੀ ਪਰ ਹੁਣ ਵਖਰੀਆਂ ਕੀਮਤਾਂ ਨਾਲ ਸਭਿਅਕ ਹੁੰਦੇ ਜਾ ਰਹੇ ਹਾਂ। ਇਹ ਵਰਤਾਰਾ ਇਕ ਸਾਈਕਲ ਦੀ ਤਰ੍ਹਾਂ ਕੰਮ ਕਰ ਰਿਹਾ ਹੈ। ਨਾਂ,ਦਵੰਧ, ਮਜ਼ਬੂਰੀ, ਤੇ ਅੰਤ ਕੀ ਹਰਜ਼ ਹੈ ਦੇ ਸਾਈਕਲ ਨਾਲ ਸਾਡੀ ਸੋਚ ਤੇਜੀ ਨਾਲ ਬਦਲ ਰਹੀ ਹੈ। ਇਹ ਗੱਲਾਂ ਪ੍ਰਵਾਸੀ ਕਹਾਣੀ ਵਿਚ ਆ ਰਹੀਆਂ ਹਨ। ਕੁਝ ਲੇਖਕਾਂ ਨੇ ਅਜੇ ਵੀ ਅੱਖਾਂ ’ਤੇ ਪਟੀ ਬੰਨ੍ਹੀ ਹੋਈ ਹੈ। ਉਹ ਇਸ ਤਬਦੀਲੀ ਨੂੰ ਸਨਸਨੀਖੇਜ਼ ਤਰੀਕੇ ਨਾਲ ਉਲਝਾ ਕੇ ਆਪਣੀ ਰੂੜੀਵਾਦੀ ਸੋਚ ਨਾਲ ਮਾਪਦੇ ਹਨ। ਇਸ ਵਹਿੰਦੇ ਤੇਜ਼ ਪਾਣੀ ਦੀ ਰਫਤਾਰ ਅਸੀਂ ਧੀਮੀ ਤੇ ਕਰ ਸਕਦੇ ਹਾਂ ਪਰ ਰੋਕ ਨਹੀ ਸਕਦੇ। ਨਵੀ ਪੀੜ੍ਹੀ ਨੂੰ ਸੁਣ ਕੇ ਅਸੀਂ ਆਪਣੀ ਗੱਲ ਸੁਣਾ ਸਕਦੇ ਹਾਂ। ਇਥੇ ਇਹ ਗਲ ਕਰਨੀ ਵੀ ਕੁਥਾਂ ਨਹੀ ਹੋਵੇਗੀ ਕਿ ਬਹੁਤੀ ਵਾਰ ਵਿਧਾਵਾਂ ਦੀ ਸਿਰਜਣਾ ਵੇਲੇ ਅਸੀਂ ਕੈਨੇਡੀਅਨ ਬੱਚਿਆਂ ਦੀ ਗ਼ਲਤ ਤਸਵੀਰ ਵੀ ਪੇਸ਼ ਕਰ ਦਿੰਦੇ ਹਾਂ। ਉਲਾਰਪਨ ਹੈ ਪਰ ਘਟ ਹੈ, ਜਜ਼ਬਾਤ ਦੀ ਭਰਮਾਰ ਵੀ ਹੈ। ਬੱਚੇ ਸਾਡੀ ਮਿਹਨਤ ਨਾਲ ਬਿਤਾਈ ਜ਼ਿਦਗੀ ਦਾ ਅਹਿਸਾਸ ਮਹਿਸੂਸਦੇ ਹਨ। ਕੁਝ ਕਰਨਾ ਵੀ ਚਾਹੁੰਦੇ ਹਨ ਤੇ ਬਹੁਤੀ ਵਾਰ ਅਸੀਂ ਹੀ ਉਨ੍ਹਾਂ ਨੂੰ ਕੁਝ ਕਰਨ ਦਾ ਮੌਕਾ ਹੀ ਨਹੀ ਦਿੰਦੇ। ਸਾਂਝੀ ਕੜੀ ਹੋਣੀ ਚਾਹੀਦੀ ਹੈ। ਵਰਨਾ ਤੀਸਰੀ ਚੌਥੀ ਪੀੜ੍ਹੀ ਤੱਕ ਪਹੁੰਚਦਿਆਂ ਅਸੀਂ ਬਹੁਤ ਨੁਕਸਾਨ ਕਰਵਾ ਲਵਾਂਗੇ। ਅਗਲੀ ਪੀੜ੍ਹੀ ਬੜੀ ਪੜ੍ਹੀ ਲਿਖੀ ਤੇ ਸੂਝਵਾਨ ਆ ਰਹੀ ਹੈ। ਲੋੜ ਹੈ ਆਪਣੀਆਂ ਸਿਹਤਮੰਦ ਕੀਮਤਾਂ ਦੀ ਉਨ੍ਹਾਂ ਵਿਚ ਟਰਾਂਸਮਿਸ਼ਨ ਕੀਤੀ ਜਾਵੇ।

**? ਅੱਜ ਦੀ ਕਹਾਣੀ ਦਾ ਵਿਸ਼ਾ ਵਸਤੂ ਮਰਦ-ਔਰਤ ਦੇ ਰਿਸ਼ਤੇ ਦੇ ਦੁਆਲ਼ੇ ਘੁੰਮਦਾ ਹੈ। ਇੰਜ ਵੀ ਕਿਹਾ ਜਾ ਸਕਦਾ ਹੈ ਕਿ ਮਰਦ ਵੱਲੋਂ ਤੇ ਔਰਤ ਵੱਲੋਂ ਭੋਗੇ ਜਾਣ ਦੁਆਲੇ ਹੀ ਘੁੰਮਦਾ ਹੈ। ਕਈ ਵੇਰਾਂ ਇਸ ਤਰ੍ਹਾਂ ਵੀ**



**ਮਹਿਸੂਸ ਹੁੰਦਾ ਹੈ ਕਿ ਲੇਖਕ ਬਿਨ੍ਹਾਂ ਲੋੜ ਤੋਂ ਹੀ ਕੁਝ ਚਟ-ਪਟਾ ਜਿਹਾ ਲਿਖਣ ਦੀ ਕੋਸ਼ਿਸ਼ ਵਿਚ ਹੈ ਜਿਵੇਂ ਥਰਡ ਕਲਾਸ ਫਿਲਮਾਂ ਵਿਚ ਹੁੰਦਾ ਹੈ। ਕੀ ਅੱਜ ਵਿਸ਼ਿਆਂ ਦੀ ਘਾਟ ਹੈ ਜਾਂ ਬੰਦੇ ਦੀ ਮਾਨਸਿਕਤਾ ਇਸ ਤੋਂ ਅੱਗੇ ਜਾ ਹੀ ਨਹੀਂ ਰਹੀ ਜਾਂ ਇਹ ਸਾਹਿਤਕ ਰਾਜਨੀਤੀ ਹੈ?**

– ਜੀ ਸਭ ਤੋਂ ਪਹਿਲਾਂ ਮੈਂ ਤੁਹਾਡਾ ਸੁਆਲ ਠੀਕ ਕਰ ਦੇਵਾਂ। ਅੱਜ ਦੀ ਕਹਾਣੀ ਨਹੀ ਬਲਕਿ ਤੁਸੀ ਕਹਿ ਸਕਦੇ ਹੋ ਕੁਝ ਕਹਾਣੀਆਂ ਜਾਂ ਜਿਆਦਾ ਕਹਾਣੀਆਂ ਕਹਿਣ ਨਾਲ ਵੀ ਉਹਨਾਂ ਕਹਾਣੀਆਂ ਨੂੰ ਸਪੇਸ ਮਿਲ ਜਾਵੇਗੀ ਜੋ ਇਸ ਘੇਰੇ ਤੋਂ ਬਾਹਰ ਹਨ। ਦੂਸਰੀ ਗੱਲ ਵੀ ਕੁਝ ਕਹਾਣੀਆਂ ਤਕ ਹੀ ਸੀਮਤ ਹੈ ਜਿਥੇ ਭੋਗੇ ਜਾਣ ਦਾ ਜਿਕਰ ਇਸ ਕਰਕੇ ਆਉਂਦਾ ਹੈ ਜੋ ਸਿਰਫ ਇਸ ਕਰਕੇ ਲਿਖੀਆਂ ਗਈਆਂ ਤਾਂ ਕਿ ਇਸੇ ਸੰਦਰਭ ਵਿਚ ਹੀ ਪੜ੍ਹੀਆਂ ਜਾਣ ਜਾਂ ਇੰਝ ਵੀ ਕਹਿ ਸਕਦੇ ਹਾਂ ਜੋ ਪਾਠਕੀ ਹਿਰਸ ਨੂੰ ਜਗਾਉਣ ਵਾਸਤੇ ਹੀ ਲਿਖੀਆਂ ਗਈਆਂ ਹੋਣ। ਇਹ ਕਹਾਣੀ ਪੜ੍ਹੀ ਵੀ ਜਾਂਦੀ ਹੈ ਪਰ ਇਸਦਾ ਮਕਸਦ ਕਿਸੇ ਸਮੱਸਿਆ ਵਲ ਇਸ਼ਾਰਾ ਕਰਨਾ ਨਹੀ ਹੁੰਦਾ। ਮੋਟਾ ਠੁਲਾ ਮਕਸਦ ਇੱਕ ਹੀ ਹੁੰਦਾ ਹੈ। ਦੂਜੇ ਤਰ੍ਹਾਂ ਦੀ ਕਹਾਣੀ ਇਸ ਤਰ੍ਹਾਂ ਹੁੰਦੀ ਹੈ ਕਿ ਉਹ ਪਾਤਰ ਦੀਆਂ ਮਾਨਸਿਕ ਗੁੰਝਲਾਂ,ਗੁੰਝਲਾਂ ਦੇ ਕਾਰਣ ਜਾਂ ਹੋਰ ਸਮਾਜਿਕ ਵਰਤਾਰੇ ਵੀ ਲਏ ਜਾਂਦੇ ਹਨ। ਸਮਾਜ ਦੀ ਗੁੰਝਲਦਾਰ ਬੁਣਤਰ ਵਿਚ ਵਿਚਰ ਰਹੇ ਦੇਹ–ਵਾਦੀ ਉਲਝਾਵ, ਉਤਪਤੀ, ਗਿਰਾਵਟ, ਸਮਾਜ ਤੇ ਉਸਦੇ ਪ੍ਰਭਾਵ ਗਤੀਸ਼ੀਲ ਹੁੰਦੇ ਹਨ। ਜੋ ਸਿਹਤਮੰਦ ਸੇਧ ਪ੍ਰਦਾਨ ਕਰੇ, ਉਹ ਪ੍ਰਗਤੀਸ਼ੀਲ ਵੀ ਹੁੰਦੀਆਂ ਹਨ। ਪ੍ਰਗਤੀਸ਼ੀਲ ਦਾ ਮਤਲਬ ਹੀ ਇਹ ਹੈ ਜੋ ਸਮਾਜ ਵਿਚ ਸੇਹਤਮੰਦ ਰੁਝਾਨ ਪੈਦਾ ਕਰੇ। ਬੁਸੀਆਂ ਕੀਮਤਾਂ ਨੂੰ ਤਾਜ਼ਾ ਤਰੀਨ ਕਰੇ ਫਿਰ ਉਹ ਭਾਵੇਂ ਕਿਸੇ ਕਵਿਤਾ ਕਹਾਣੀ ਦੇ ਸੂਖਮ ਰੂਪ ਵਿਚ ਮਾਨਸਿਕ ਉਲਝਣਾਂ ਨਾਲ ਸਬੰਧਿਤ ਹੀ ਕਿਉਂ ਨਾ ਹੋਵੇ। ਪਰ ਅਫਸੋਸ ਇਹ ਹੈ ਕਿ ਕਈ ਵਾਰ ਮੋਟੇ ਠੁਲੇ ਰੂਪ ਵਿਚ ਜੋ ਸਮਾਜਿਕ ਪਰਿਪੇਖ ਵਿਚ ਉਠ ਰਹੀ ਲਹਿਰ ਦੀ ਗੱਲ ਨਹੀ ਕਰਦਾ,ਉਹ ਪ੍ਰਗਤੀਸ਼ੀਲ ਹੀ ਨਹੀਂ ਹੈ। ਇਸੇ ਮੁੱਦੇ ਨੇ ਕਈ ਵਾਰ ਸੰਸਥਾਵਾਂ ਵਿਚ ਵੰਡ ਵੀ ਪਾਈ ਹੈ। ਜੋ ਬਹੁਤੀ ਵਾਰ ਚੌਧਰ ਦੀ ਗੱਲ ਹੀ ਹੁੰਦੀ ਹੈ। ਪ੍ਰਗਤੀਸ਼ੀਲ ਆਮ ਤੋਰ ਤੇ ਅਸੀਂ ਸਮਾਜਿਕ ਲਹਿਰ ਨਾਲ ਜੋੜਕੇ ਹੀ ਵੇਖਦੇ ਹਾਂ। ਇਹੋ ਜਿਹੇ ਦੇਹ ਨਾਲ ਸਬੰਧਿਤ ਕਹਾਣੀਆਂ ਬਹੁਤ ਕਲਾਸਿਕ ਵੀ ਲਿਖੀਆਂ ਗਈਆਂ। ਚਟਖਾਰੇ ਵਾਲੀ ਰਚਨਾ ਪੜਨਾ ਮਨੁੱਖੀ ਸੁਭਾਅ ਹੈ ਤੇ ਇਸ ਸੋਹਜ ਸੁਆਦ ਨੂੰ ਸਾਹਮਣੇ ਰੱਖ ਕੇ ਵੀ ਬਹੁਤ ਕੁਝ ਲਿਖਿਆ ਗਿਆ ਹੈ। ਕਦੇ ਔਰਤ ਦੀ ਅਜ਼ਾਦੀ ਦੇ ਨਾਮ ਤੇ, ਕਦੇ ਦੇਹ ਵਾਦ ਨੂੰ ਵਰਜਿਤ ਫਰੀ ਕਰਨ ਦੇ ਨਾਮ ਤੇ। ਕੋਈ ਰੋਕ ਟੋਕ ਵੀ ਨਹੀ ਹੈ ਪਰ ਵਿਸ਼ੇ ਦੀ ਲੋੜ ਅਨੁਸਾਰ ਤੇ ਉਸਦੀ ਪ੍ਰਮੁੱਖਤਾ ਨੂੰ ਬਰਕਰਾਰ ਰਖਣਾ ਜ਼ਰੂਰੀ ਹੈ ਨਾ ਕੀ ਵਿਸ਼ੇ ਦੇ ਨਾਮ ਤੇ ਇਤਨੇ ਚਟਕਾਰੇ ਭਰੇ ਜਾਣ ਕਿ ਵਿਸ਼ਾ ਦਬ ਕੇ ਹੀ ਰਹਿ ਜਾਏ। ਕਈ ਵਾਰ ਐਸਾ ਹੁੰਦਾ ਹੈ ਕਿ ਜਿਵੇਂ ਫਿਲਮ ਵਿਚ ਫੁਟੇਜ਼ ਦੇ ਤੌਰ ਤੇ ਕਹਾਣੀ ਨੂੰ ਰੋਕ ਕੇ ਕੋਈ ਆਈਟਮ ਗੀਤ ਰੱਖਿਆ ਜਾਂਦਾ ਹੈ ਉਵੇਂ ਹੀ ਕਈ ਕਹਾਣੀਆਂ ਵਿਚ ਵੀ ਦੇਖਣ ਨੂੰ ਮਿਲਦਾ ਹੈ। ਪਰ ਸਿਆਣਾ ਪਾਠਕ ਤੇ ਤਿਰਛੀ ਨਜ਼ਰ ਵਾਲੇ ਵਿਦਵਾਨ ਪਹਿਚਾਨ ਜਾਂਦੇ ਹਨ ਕਿ ਇਹ ਕਹਾਣੀ ਦੀ ਮੰਗ ਨਹੀ। ਲੇਖਕ/ ਲੇਖਕਾਂ ਦਾ ਸੁਆਦ ਹੈ।

**? ਤੁਹਾਡੀਆਂ ਕਈ ਕਹਾਣੀਆਂ ਦੇ ਵਿਸ਼ੇ ਵਿਚ, ਕਹਾਣੀ ਦੀ ਪਾਤਰ ਔਰਤ ਇਹ ਕਹਿੰਦੀ ਲਗਦੀ ਹੈ ਕਿ ਉਸਦਾ ਆਦਮੀ ਉਸਨੂੰ ਕੁੱਟੇ-ਮਾਰੇ ਉਸ ਉੱਤੇ ਆਪਣਾ ਹੱਕ ਜਮਾਵੇ। ਇਸਦਾ ਕੀ ਕਾਰਨ ਹੈ ਅਤੇ ਇਹ ਤੁਹਾਡੀ ਕਹਾਣੀ ਵਿਚ ਵਾਰ-ਵਾਰ ਕਿਉਂ ਆ ਰਿਹਾ ਹੈ?**

– ਮੇਰੀਆਂ ਕਹਾਣੀਆਂ ਵਿਚ ਇਹ ਗੱਲ ਕਈ ਵੇਰ ਆਈ ਹੈ ਤੇ ਬੈਠਕਾਂ ਵਿਚ ਪੁੱਛਿਆ ਵੀ ਗਿਆ ਹੈ ਪਰ ਮੇਰੀ ਦਲੀਲ ਨੂੰ ਅਜੇ ਤਕ ਸਹੀ ਤੌਰ ਤੇ ਸਮਝਿਆ ਨਹੀ ਗਿਆ। ਇਹ ਦੇਖਣ ਵਿਚ ਇੰਝ ਲਗਦਾ ਹੈ ਕਿ ਜਿਵੇਂ ਮੈਂ ਇਸ ਗੱਲ ਦੀ ਵਕਾਲਤ ਕਰ ਰਿਹਾ ਹਾਂ। ਪਰ ਅਸਲ ਵਿਚ ਮੈਂ ਔਰਤ ਦੀ ਇਸ ਤਰਾਸਦੀ ਨੂੰ ਗੂੜਾ ਰੰਗ ਦੇ ਕੇ ਹੀ ਗੱਲ ਅੱਗੇ ਵਧਾਉਣ ਦੀ ਕੋਸ਼ਿਸ਼ ਕੀਤੀ ਹੈ। ਜਿਤਨਾ ਚਿਰ ਉਭਰਵੇਂ ਰੂਪ ਵਿਚ ਸਮਸਿਆ ਨੂੰ ਡਾਇਸ ’ਤੇ ਨਹੀ ਲਿਆਂਦਾ ਜਾਂਦਾ, ਉਸਦੇ ਸਮਾਧਾਨ ਵੀ ਨਿਖਰ ਕੇ ਸਾਹਮਣੇ ਨਹੀ ਆਉਂਦੇ। ਔਰਤ ਦੀ ਅਜ਼ਾਦੀ ਦੀ ਗੱਲ ਕਰਦਿਆਂ, ਉਸਦੇ ਸੰਘਰਸ਼ ਦੀ ਰੂਪ-ਰੇਖਾ ਘੜਦਿਆਂ ਅਸੀਂ ਮਰਦ ਦੇ ਵਿਰੋਧ ਵਿਚ ਖੜਾ ਕਰਕੇ ਕਈ ਵਾਰ ਸਮੱਸਿਆ ਨੂੰ ਵਾਚਦੇ ਹਾਂ। ਔਰਤ ਦੇ ਹੱਕ ਅਸੀਂ ਸੰਵਿਧਾਨ

ਅਨੁਸਾਰ ਮੰਗਦੇ ਹਾਂ, ਪਰ ਉਸਦੀ ਮਾਨਸਿਕ ਦਸ਼ਾ ਨੂੰ ਸਮਝੇ ਬਗੈਰ, ਉਸਦੀ ਸੁਤੰਤਰ ਹੋਂਦ ਨੂੰ ਸੁਚੇਤ ਰੂਪ ਵਿਚ ਧਰਾਤਲ ਤੇ ਲਿਆਉਂਣਾ ਅਸੰਭਵ ਨਹੀ ਪਰ ਕਠਿਨ ਕਾਰਜ ਹੈ। ਸਾਡੇ ਪੰਜਾਬੀ ਸਮਾਜ ਵਿਚ ਔਰਤ ਦੀ ਸਭ ਤੋਂ ਵੱਡੀ ਸਮੱਸਿਆ ਉਸਦੀ ਅਸੁਰੱਖਿਆ ਹੈ। ਉਹ ਆਪਣੇ ਆਪ ਨੂੰ ਸੁਰੱਖਿਅਤ ਨਹੀਂ ਸਮਝਦੀ। ਸੰਸਕਾਰਾਂ ਨੇ ਉਸਨੂੰ ਮੁਥਾਜ਼ ਬਣਾਇਆ ਹੋਇਆ ਹੈ। ਇਸੇ ਮੁਥਾਜ਼ੀ ਵਿਚੋਂ ਹੀ ਉਸਦੇ ਰੁਮਾਂਸ ਪੰਨਪਦੇ ਹਨ। ਪਰਿਵਾਰਕ ਰਿਸ਼ਤੇ, ਰਬ ਦਾ ਡਰ, ਸਮਾਜ ਦਾ ਖੌਫ਼ ਉਸ ਨੂੰ ਆਪਣੇ ਪਤੀ ਨਾਲ ਇਸ ਹੱਦ ਤਕ ਨਥੀ ਕਰ ਦਿੰਦਾ ਹੈ ਕਿ ਉਹ ਆਪਣੀ ਸਾਰੀ ਸੁਰਖਿਆ ਲਈ ਸਿਰਫ ਪਤੀ ’ਤੇ ਹੀ ਨਿਰਭਰ ਕਰਨ ਲੱਗ ਪੈਂਦੀ ਹੈ। ਇਸ ਮੁਦੇ ’ਤੇ ਹੀ ਉਹ ਮੈਸਿਸਟ (ਆਪਣੇ ਆਪ ਨੂੰ ਦੁਖ ਦੇਕੇ ਸੰਤੁਸ਼ਟੀ ਲੈਣੀ) ਦੀ ਸ਼ਿਕਾਰ ਹੋ ਜਾਂਦੀ ਹੈ ਤੇ ਉਹ ਪਤੀ ਨੂੰ ਪਰਮੇਸ਼ਰ ਵੀ ਸਮਝਦੀ ਹੈ ਤੇ ਉਸ ਤੇ ਕਬਜਾ ਵੀ ਸਮਝਦੀ ਹੈ ਤੇ ਚਾਹੁੰਦੀ ਹੈ ਕਿ ਪਤੀ ਵੀ ਉਸਤੇ ਕਬਜਾ ਸਮਝੇ। ਇਸ ਵਰਤਾਰੇ ਦਾ ਅਸੰਤੁਲਿਨ ਉਸਨੂੰ ਪ੍ਰੇਸ਼ਾਨ ਕਰਦਾ ਹੈ। ਪਤੀ ਸਾਰੀ ਦੁਨੀਆਂ ਨਾਲ ਖਿਝ ਖਿਝਾ ਕੇ ਜਦੋਂ ਘਰ ਆਉਂਦਾ ਹੈ ਤਾਂ ਉਸਦਾ ਭਰਮ ਉਸਨੂੰ ਦਸਦਾ ਹੈ ਕਿ ਪਤੀ ਜੋ ਕਰ ਰਿਹਾ ਹੈ ਉਹ ਪਰਿਵਾਰ ਲਈ ਕਰ ਰਿਹਾ ਹੈ ਤੇ ਇਹ ਪਰਿਵਾਰ ਉਸਦਾ ਹੈ,ਉਹ ਮਾਲਕਣ ਹੈ। ਰਿਸ਼ਤੇਦਾਰੀ ਵਿਚ ਆਪਣੀ ਸਰਦਾਰੀ ਕਾਇਮ ਰਖਣ ਲਈ ਉਹ ਪਤੀ ਦਾ ਜ਼ੁਲਮ ਸਹਿੰਦੀ ਇਕ ਪਾਸੇ ਪਤੀ ਦੀ ਖੁਸ਼ੀ,ਆਪਣਾ ਉਸ ਪ੍ਰਤੀ ਸਮਰਪਣ ਤੇ ਪਰਿਵਾਰ ਨਾਲ ਜੁੜੇ ਮਾਨਸਿਕ ਰਿਸ਼ਤੇ ਨੂੰ ਮੂਹਰੇ ਰਖਦੀ ਹੈ। ਹੁਣ ਤੁਸੀਂ ਕਹੋਗੇ ਕਿ ਇਹ ਸਮਾਂ ਪੁਰਾਣਾ ਹੈ, ਇਹ ਭੂਤ ਕਾਲ ਦੀ ਗੱਲ ਹੈ, ਅੱਜ ਦੀ ਸਮਾਜਿਕ ਬਣਤਰ ਵਿਚ ਇਹ ਨਹੀ ਹੁੰਦਾ। ਮੈਂ ਸਹਿਮਤ ਹਾਂ ਕਿ ਐਸਾ ਨਹੀ ਹੁੰਦਾ, ਹੋਣਾ ਵੀ ਨਹੀ ਚਾਹੀਦਾ ਪਰ ਜਦੋਂ ਅਸੀਂ ਭਰੂਣ ਹੱਤਿਆ ਦੀ ਗੱਲ ਕਰ ਰਹੇ ਹੁੰਦੇ ਹਾਂ, ਉਸਦੀਆਂ ਜੜਾਂ ਕਿੱਥੇ ਹਨ? ਕਿਉਂ ਨਹੀਂ ਅਜੇ ਵੀ ਸਮਾਜ ਵਿਚ ਔਰਤ ਦੀ ਸ਼ਾਨੋ ਸ਼ੌਕਤ ਕਾਇਮ ਹੋਈ? ਅਸੀ ਨਾਹਰੇ ਜਿਤਨੇ ਮਰਜ਼ੀ ਮਾਰ ਲਈਏ ਜਿਤਨਾ ਚਿਰ ਇਸਦੀਆਂ ਜੜਾਂ ਨਾਲ ਨਹੀ ਜੁੜਾਂਗੇ, ਉਨ੍ਹਾਂ ਦੇ ਕਾਰਣਾ ਨੂੰ ਸਹੀ ਸੰਦਰਭ ਵਿਚ ਨਹੀਂ ਸਮਝਾਂਗੇ, ਇਹ ਵਰਤਾਰੇ ਸਗੋਂ ਹੋਰ ਵੀ ਗੂੜੇ ਹੋਣਗੇ। ਮੇਰੀ ਇਕ ਕਹਾਣੀ ਵਿਚ ਮਾਂ ਆਪਣੀ ਧੀ ਦੀ ਚਿੰਤਾ ਕਰਦੀ ਇਹ ਸਭ ਕਰ ਰਹੀ ਹੈ। ਅਸਲ ਵਿਚ ਉਹ ਕਰਾਂਤੀ ਚਾਹੁੰਦੀ ਹੈ ਪਰ ਕਾਨੂੰਨ ਤੋਂ ਬਗੈਰ ਕੋਈ ਰਾਹ ਨਹੀਂ ਦਿਸਦਾ। ਅਸਲ ਵਿਚ ਕਾਨੂੰਨ ਮਰਦ ਔਰਤ ਦੇ ਰਿਸ਼ਤੇ ਦਾ ਕੋਈ ਹੱਲ ਨਹੀ ਹੈ। ਇਹ ਤਬਦੀਲੀ ਤਾਂ ਸੋਚ ਬਦਲਣ ਨਾਲ ਹੀ ਆਉਣੀ ਹੈ। ਛੋਟੀ ਜਿਹੀ ਗੱਲ ਮੈਂ ਇਕ ਕਹਾਣੀ ਵਿਚ ਕੀਤੀ ਸੀ। ਔਰਤ ਮਰਦ ਦੋਵੇਂ ਟੀਵੀ ਦੇਖ ਰਹੇ ਹਨ। ਦੋਵਾਂ ਦਾ ਮੰਨ ਪਸੰਦ ਦਾ ਸ਼ੋ ਚਲ ਰਿਹਾ ਹੈ। ਪਤੀ ਕਹਿੰਦਾ ਹੈ, ਮੈਂ ਪਾਣੀ ਪੀਣਾ ਹੈ ਤੇ ਪਤਨੀ ਬਗੈਰ ਕਿਸੇ ਸੋਚ ਦੇ ਰਸੋਈ ਵਿਚ ਜਾਂਦੀ ਹੈ ਤੇ ਪਾਣੀ ਦਾ ਗਲਾਸ ਲੈ ਆਉਂਦੀ ਹੈ। ਪਰ ਮੈਨੂੰ ਕਿਸੇ ਨੇ ਇਸ ਗੱਲ ਬਾਰੇ ਨਹੀਂ ਪੁੱਛਿਆ ਸਗੋਂ ਇਕ ਵਿਚਾਰ ਸੀ ਕਿ ਇਹ ਲਾਈਂਨ ਹੀ ਵਾਧੂ ਹੈ। ਇਸ ਲਈ ਮੈਂ ਕਦੇ ਕਦੇ ਆਪਣੀ ਗੱਲ ਨੂੰ ਦਸਣ ਲਈ ਹੀ ਇਹ ਤੁਹਾਡੀ ਸੁਝਾਈ ਗੱਲ ਕਰਦਾ ਹਾਂ। ਮੈਂ ਇਹ ਨਹੀਂ ਕਹਿੰਦਾ ਕਿ ਇਹ ਆਮ ਵਰਤਾਰਾ ਹੈ। ਨਹੀਂ ਹੈ, ਦਿਨੋਂ ਦਿਨ ਘਟ ਵੀ ਰਿਹਾ ਹੈ ਪਰ ਅਜੇ ਬਹੁਤ ਕੁਝ ਕਰਨਾ ਬਾਕੀ ਹੈ। ਇਸ ਸਮਸਿਆ ਨੂੰ ਕਾਨੂੰਨ ਨਾਲ ਜਾਂ ਨਾਹਰਿਆਂ ਨਾਲ ਨਹੀਂ ਨਜਿਠਿਆ ਜਾ ਸਕਦਾ। ਇਸਦੇ ਲਈ ਸਦੀਆਂ ਤੋਂ ਤੁਰੀ ਆ ਰਹੀ ਪਰੰਪਰਾ ਤੇ ਸਮੇਂ ਸਮੇਂ ਕੀਤੇ ਸੁਧਾਰ ਤੇ ਸਮੇਂ ਸਮੇਂ ਹੋਏ ਅਤਿਆਚਾਰ ਤੇ ਉਨ੍ਹਾਂ ਦਾ ਸਮਾਜ ਵਿਚ ਵਿਚਰ ਰਿਹਾ ਕਰਮ ਕਾਂਡ ਦੀ ਨਿਸ਼ਾਨਦੇਹੀ ਕਰਨੀ ਪਵੇਗੀ। ਔਰਤ ਦੇ ਅੰਦਰਲੀ ਮਾਨਸਿਕ ਅਵਸਥਾ ਤੋਂ ਹੌਲੀ-ਹੌਲੀ ਨਿੱਕੀਆਂ ਨਿੱਕੀਆਂ ਛਾਨਣੀਆਂ ਲਾਹੁੰਣੀਆਂ ਪੈਣਗੀਆਂ। ਮੇਰਾ ਔਰਤ ਦੇ ਅੱਤ ਦੀ ਅਵਸਥਾ ਦਾ ਵਰਣਨ ਸਿਰਫ ਹਲੂਣੇ ਵਾਂਗ ਹੁੰਦਾ ਹੈ ਕਿ ਔਰਤ ਦਾ ਮਰਦ ਦੀ ਛਾਂਵੇ ਖਲੋਣ ਦੀ ਆਦਤ ਦਾ ਥਹੁ ਪਤਾ ਪਾਠਕ ਤਕ ਪਹੁੰਚ ਸਕੇ।

**? ਤੁਸੀਂ ਕੈਨੇਡਾ ਵਿਚ ਲੰਮੇ ਸਮੇਂ ਤੋਂ ਰਹਿ ਰਹੇ ਹੋ, ਤੁਸੀਂ ਇੱਥੇ ਸਭਿਆਚਾਰਕ ਤਬਦੀਲੀਆ ਤੱਕੀਆਂ ਹੋਣਗੀਆਂ, ਕੀ ਪਿਛਲੀ ਪੀੜ੍ਹੀ ਨਾਲ਼ ਅੱਜ ਦੀ ਪੀੜ੍ਹੀ ਬਰਾਬਰ ਤੁਰਦੀ ਜਾਪਦੀ ਹੈ ਜਾਂ ਆਉਣ ਵਾਲੇ ਸਮੇਂ ਵਿਚ ਵਿੱਥ ਹੋਰ ਵੱਧਦੀ ਜਾਵੇਗੀ?**

– ਪਿਛਲੇ ਪਚੀ ਸਾਲਾਂ ਵਿਚ ਬਹੁਤ ਤਬਦੀਲੀਆਂ ਹੋਈਆਂ ਹਨ, ਜਿਨ੍ਹਾਂ ਦਾ ਜਿਕਰ ਕਾਫੀ ਲੰਮਾ ਹੈ। ਸਮੁੱਚੇ ਕੈਨੇਡਾ ਵਿਚ ਵੀ ਤੇ ਆਪਣੇ ਪੰਜਾਬੀ ਸਮਾਜ ਵਿਚ ਵੀ। ਜੇ ਮੁੱਦੇ ਤੇ ਹੀ ਕੇਂਦਰਿਤ ਰਹੀਏ ਤਾਂ



ਠੀਕ ਹੈ। ਵੈਸਟ ਇੰਡੀਅਨਜ਼ ਦੀ ਉਦਾਹਰਣ ਸਾਡੇ ਸਾਹਮਣੇ ਹੈ। ਪਰ ਅਸੀਂ ਉਨ੍ਹਾਂ ਤੋਂ ਵਖਰੇ ਹਾਂ। ਉਨ੍ਹਾਂ ਨੇ ਬੋਲੀ ਬਿਲਕੁਲ ਹੀ ਗਵਾ ਲਈ। ਸਾਡੀ ਧਾਰਮਿਕਤਾ ਬੋਲੀ ਨੂੰ ਬਚਾਉਂਣ ਵਿਚ ਸਹਾਇਕ ਹੋਵੇਗੀ। ਰਸਮੋ–ਰਿਵਾਜ਼ਾਂ ਦਾ ਰਚ ਮਿਚ ਜਾਣਾ ਵੀ ਉਨ੍ਹਾਂ ਨਾਲੋਂ ਵਖਰਾ ਹੈ। ਅੱਜ ਦੀਆਂ ਦੋ ਪੀੜ੍ਹੀਆਂ ਵਿਚ ਵਖਰੇਵੇਂ ਸਪਸ਼ਟ ਦਿਸਦੇ ਹਨ ਤੇ ਉਨ੍ਹਾਂ ਦੇ ਕਾਰਣ ਵੀ। ਗੱਲ ਨੂੰ ਸਪਸ਼ਟ ਕਰਨ ਲਈ ਮੈਂ ਉਦਾਹਰਣ ਦਿੰਦਾ ਹਾਂ ਤਿੰਨ ਪੀੜ੍ਹੀਆਂ ਦੀ। ਇਕ ਉਹ ਜੋ ਪਿਛਲੇ ਤੀਹ ਸਾਲ ਤੋਂ ਆ ਕੇ ਆਪਣੀ ਜਵਾਨੀ ਵਿਚ ਇਥੇ ਵਸੇ। ਦੂਜੇ ਉਨ੍ਹਾਂ ਦੇ ਮਾਪਿਆਂ ਦੀ ਪੀੜ੍ਹੀ ਤੇ ਤੀਸਰੀ ਉਨ੍ਹਾਂ ਦੀ ਔਲਾਦ ਜੋ ਇੱਥੇ ਜੰਮੀ ਤੇ ਪ੍ਰਵਾਨ ਚੜ੍ਹੀ। ਵਿਚਲੀ ਪੀੜ੍ਹੀ ਸੈਂਡਵਿਚ ਵਾਂਗ ਹੈ ਜੋ ਦੂਜੀਆਂ ਦੋ ਪੀੜ੍ਹੀਆਂ ਦੇ ਅੜਿਕੇ ਆਈ ਹੈ। ਪਹਿਲੀ ਪੀੜ੍ਹੀ ਆਸ ਕਰਦੀ ਸੀ ਕਿ ਉਨ੍ਹਾਂ ਦੀ ਪੰਜਾਬ ਵਾਂਗ ਸੇਵਾ ਸੰਭਾਲ ਹੋਵੇ ਤੇ ਉਹ ਆਪਣੀ ਦਾਦਗਿਰੀ ਵੀ ਚਲਾਉਂਦੇ ਸਨ। ਹਰ ਗੱਲ ਪੰਜਾਬ ਦੀ ਕਿੱਲੀ ਤੇ ਟੰਗਦੇ ਸਨ। ਦੂਜੀ ਪੀੜ੍ਹੀ ਸਾਰੀ ਉਮਰ ਪਿਸਦੀ ਹੀ ਰਹੀ। ਕੰਮ ਵੀ ਕਰਨਾ, ਘਰ ਵੀ ਬਨਾਉਂਣਾ ਤੇ ਮਾਪਿਉ ਦੀ ਸੁਣਨੀ ਤੇ ਬੱਚੇ ਵੀ ਪਾਲਣੇ। ਤੀਸਰੀ ਪੀੜ੍ਹੀ ਤੇ ਪਹਿਲੀ ਪੀੜ੍ਹੀ ਇਕ ਦੂਜੇ ਨੂੰ ਸਮਝਣ ਤੋਂ ਅਸਮਰਥ ਹਨ। ਕਸੂਰ ਕਿਸੇ ਦਾ ਵੀ ਨਹੀ। ਸੋਚਣ ਦੇ ਢੰਗ ਹੀ ਵਖਰੇ ਹਨ। ਪਰ ਤੀਸਰੀ ਪੀੜ੍ਹੀ ਦੂਜੀ ਪੀੜ੍ਹੀ ਨਾਲ ਮਤਭੇਦ ਰਖਦੀ ਹੋਈ ਵੀ ਉਨ੍ਹਾਂ ਦੀ ਕੀਤੀ ਗਈ ਮਿਹਨਤ ਨੂੰ ਦੇਖਦੇ ਰਹੀ ਹੈ। ਸੁਝਾਅ ਵੀ ਦਿੰਦੇ ਹਨ ਤੇ ਪਿਆਰ ਵੀ ਕਰਦੇ ਹਨ। ਜਜ਼ਬਾਤੀ ਤੌਰ ਤੇ ਜੁੜੇ ਹੋਏ ਵੀ ਹਨ ਪਰ ਉਨਾਂ ਦੇ ਸੋਚਣ ਤੇ ਜ਼ਿੰਦਗੀ ਜੀਣ ਦੇ ਢੰਗ ਵਖਰੇ ਹਨ। ਦੂਜੀ ਪੀੜ੍ਹੀ ਨੇ ਦੋਜ਼ਖ ਝਲਿਆ ਹੈ। ਖਾਦ ਦਾ ਕੰਮ ਕੀਤਾ ਹੈ ਆਪਣੀ ਅਗਲੀ ਪੀੜ੍ਹੀ ਲਈ। ਉਨ੍ਹਾਂ ਦਾ ਤੇ ਇਹ ਹਾਲ ਹੈ ਕਿ ਪਹਿਲੀ ਪੀੜ੍ਹੀ ਕਹਿੰਦੀ ਰਹੀ ਕਿ ਸਾਡੇ ਮੁਤਾਬਕ ਚਲੇ ਨਹੀ, ਅਸੀਂ ਤੁਹਾਡੀ ਸੇਵਾ ਨੂੰ ਕਾਬੂ ਨਹੀ। ਤੀਜੀ ਪੀੜ੍ਹੀ ਕਹਿੰਦੀ ਅਸੀਂ ਤੁਹਾਡੀ ਸੇਵਾ ਕਰਨੀ ਨਹੀ, ਇਹ ਕੰਮ ਸਰਕਾਰ ਦਾ ਹੈ। ਪਰ ਦੂਜੀ ਤੇ ਤੀਜੀ ਪੀੜ੍ਹੀ ਦੀ ਨੇੜਤਾ ਜ਼ਿਆਦਾ ਹੈ। ਦੂਜੇ, ਤੀਜਿਆਂ ਦੀ ਸਮੱਸਿਆਵਾਂ ਨੂੰ ਸਮਝਦੇ ਹਨ। ਇਸ ਲਈ ਦੂਜੀ ਤੇ ਤੀਜੀ ਪੀੜ੍ਹੀ ਦਾ ਤਾਲਮੇਲ ਠੀਕ ਬੈਠ ਰਿਹਾ ਹੈ ਤੇ ਹੋਰ ਵੀ ਬੇਹਤਰ ਹੁੰਦਾ ਜਾਇਗਾ। ਐਜੂਕੇਸ਼ਨ ਵੀ ਆਪਣਾ ਹਿੱਸਾ ਪਾ ਰਹੀ ਹੈ। ਸਾਡੇ ਨਿਆਣੇ ਚੰਗੀਆਂ ਜੌਬਾਂ ਤਕ ਪਹੁੰਚ ਗਏ ਹਨ। ਤੇ ਉਹ ਆਪਣੀ ਅਗਲੀ ਪੀੜ੍ਹੀ ਨੂੰ ਇਸ ਕੈਨੇਡੀਅਨ ਸਮਾਜ ਵਿਚ ਸਮਾਉਣ ਦੇ ਸਮਰਥ ਹਨ। ਅਗਲੇ ਸਾਲਾਂ ਵਿਚ ਪੀੜ੍ਹੀ ਪਾੜਾ ਤੇ ਘਟ ਜਾਇਗਾ ਪਰ ਪੰਜਾਬੀ ਸਮਾਜ, ਕੈਨੇਡੀਅਨ ਸਮਾਜ ਵਿਚ ਰਲਕੇ ਇੱਕ ਵੱਖਰਾ ਤੇ ਨਿਆਰਾ ਸਮਾਜ ਸਿਰਜਣ ਵਲ ਅਗਰਸਰ ਹਨ। ਮੇਰੇ ਖਿਆਲ ਵਿਚ ਸਭ ਹਾਂ–ਪੱਖੀ ਹੀ ਹੋਏਗਾ।

**? ਕੈਨੇਡਾ ਵਿਚ ਜਾਂ ਹੋਰਨਾਂ ਪੱਛਮੀ ਦੇਸ਼ਾਂ ਵਿਚ ਆਰਥਿਕ ਤੌਰ ਤੇ ਮਨੁੱਖ ਸਵੈ-ਨਿਰਭਰ ਹੋਇਆ ਹੈ। ਕੀ ਮਾਨਸਿਕ ਸਕੂਨ ਵੀ ਉਸਨੂੰ ਮਿਲਿਆ ਹੈ, ਤੁਸੀਂ ਕਿਸ ਤਰ੍ਹਾਂ ਸੋਚਦੇ ਹੋ?**

– ਜੀ ਨਹੀ, ਮਾਨਸਿਕ ਸਕੂਨ ਵਾਲਾ ਕੋਈ ਵੀ ਚਿਨ੍ਹ ਨਹੀ ਮਿਲਦਾ। ਮੈ ਵੀ ਸਕੂਨ ਵਿਚ ਨਹੀਂ ਸੀ। ਜਦੋਂ ਦਾ ਮੇਰਾ ਆਰਥਿਕ ਬੇੜਾ ਗਰਕ ਹੋਇਆ ਹੈ, ਮੈਂ ਬਹੁਤ ਹੀ ਸ਼ਾਂਤ ਹੋ ਗਿਆ ਹਾਂ। ਸਾਰੀ ਭਟਕਣ ਮੁਕ ਗਈ। ਹੁਣ ਪੂਰੇ ਮਾਨਸਿਕ ਸਕੂਨ ਵਿਚ ਹਾਂ। ਕਦੇ ਕਦੇ ਲਾਟਰੀ ਪਾ ਛਡੀਦੀ ਹੈ। ਉਹ ਵੀ ਰੱਬ ਨੂੰ ਮੌਕਾ ਦੇਈਦਾ ਹੈ ਕਿ ਜੇ ਉਸਨੇ ਮਦਦ ਕਰਨੀ ਹੋਵੇ ਤਾਂ ਇਹ ਨਾ ਕਹੇ ਕਿ ਮੈਂ ਕਿਵੇਂ ਮਦਦ ਕਰਦਾ? ਮੇਰੇ ਅੰਦਰਲਾ ਮਨੁੱਖ ਕਦੇ ਵੀ ਸ਼ਾਂਤ ਨਹੀ ਹੁੰਦਾ ਕਿਸੇ ਨਾ ਕਿਸੇ ਕੇਸ ਵਿਚ ਫਸੇ ਹੀ ਰਹੀਦਾ ਹੈ। ਗ਼ੈਰ ਜ਼ਰੂਰੀ ਲਾਲਸਾਵਾਂ ਤੇ ਫਿਰ ਉਨ੍ਹਾਂ ਦਾ ਪੂਰਾ ਨਾ ਹੋਣਾ, ਕਿੱਥੇ ਟਿਕਣ ਦਿੰਦਾ ਹੈ ਮੈਨੂੰ? ਛੋਟਾ ਘਰ ਸਾਰੀ ਉਮਰ ਦੀ ਕਮਾਈ ਨਾਲ ਫਰੀ ਹੋ ਗਿਆ, ਉਸਨੂੰ ਵੇਚ ਕੇ ਵੱਡਾ ਲੈ ਲਵੋ, ਕਿਉਂਕਿ ਬਾਕੀਆਂ ਕੋਲ ਵੱਡਾ ਹੈ। ਜੇ ਮੈਂ ਇਸ ਤਰ੍ਹਾਂ ਹਾਂ ਤਾਂ ਬਾਕੀ ਵੀ ਮੇਰੇ ਵਾਂਗ ਹੀ ਹਨ। ਪਰ ਹੈਰਾਨੀ ਹੁੰਦੀ ਹੈ ਕਿ ਅਸੀਂ ਤਾਂ ਮਾਨਸਿਕ ਸਕੂੰਨ ਤੋਂ ਵਾਂਝੇ ਹਾਂ ਪਰ ਜਿਹੜੇ ਇੰਡੀਆ ਤੋਂ ਆਉਂਦੇ ਹਨ, ਉਹ ਸਾਡੇ ਨਾਲੋਂ ਵੀ ਜ਼ਿਆਦਾ ਦੁੱਖੀ ਹਨ। ਕਈਆਂ ਦਾ ਦੁੱਖ ਤਾਂ ਡੁੱਲ ਡੁੱਲ ਪੈਂਦਾ ਹੈ। ਇਸ ਲਈ ਮੇਰਾ ਨਹੀਂ ਖਿਆਲ ਪੱਛਮ ਵਿਚ ਰਹਿ ਕੇ ਸਵੈ–ਨਿਰਭਰ ਹੋਣ ਦਾ ਮਾਨਸਿਕ ਸਕੂਨ ਨਾਲ ਕੋਈ ਸਿੱਧਾ ਸਬੰਧ ਜੁੜਦਾ ਹੈ।

**? ਪੰਜਾਬ ਵਿਚ ਵੱਡੀ ਪੱਧਰ ’ਤੇ ਤਬਦੀਲੀ ਆਈ ਹੈ। ਯੂਥ ਭਟਕ ਗਿਆ ਹੈ। ਰਿਸ਼ਤੇ ਖੇਰੂੰ-ਖੇਰੂੰ ਹੋ ਰਹੇ ਹਨ। ਗਲੋਬਲੀਕਰਨ ਦੀ ਹਨੇਰੀ ਹਰ ਪਾਸੇ ਚੱਲੀ ਹੈ। ਕੀ ਤੁਹਾਨੂੰ ਲਗਦੈ ਕਿ ਕੈਨੇਡਾ ਵਿਚ ਵੀ ਪਰਿਵਾਰ ਅਪ੍ਰਸੰਗਿਕ ਹੋ ਰਹੇ ਹਨ?**

– ਜੀ ਗਲੋਬੀਕਰਨ ਦੇ ਜ਼ਮਾਨੇ ਨੇ ਕਾਰਪੋਰੇਸ਼ਨ ਨੂੰ ਅਗਰਭੂਮੀ ਵਿਚ ਲੈ ਆਂਦਾ ਹੈ। ਅੱਜ ਸਾਰੀ ਦੁਨੀਆਂ ਵਿਚ ਕਾਰਪੋਰੇਸ਼ਨ ਹੀ ਰਾਜ ਕਰ ਰਹੀ ਹੈ। ਹਰ ਕਲਚਰ ਪ੍ਰਭਾਵਿਤ ਹੋਇਆ ਹੈ। ਰਿਸ਼ਤੇ ਨਾਤੇ, ਸਮਾਜ,ਪਰਿਵਾਰ ਸਭ ਕੁਝ ਆਰਥਿਕਤਾ ਦੀ ਜੂਹ ਲੰਘਕੇ ਹੀ ਸਾਡੇ ਤਕ ਪਹੁੰਚਦਾ ਹੈ। ਕਦਰਾਂ ਕੀਮਤਾਂ ਨੂੰ ਆਰਥਿਕਤਾ ਹੀ ਤਹਿ ਕਰਦੀ ਹੈ। ਯੂਥ ਭਾਵੇਂ ਕੈਨੇਡਾ ਦਾ ਹੋਵੇ ਜਾਂ ਇੰਡੀਆ ਦਾ, ਇਸਦੇ ਪ੍ਰਭਾਵ ਥਲੇ ਹੈ। ਪਰਿਵਾਰਕ ਸਿਸਟਮ ਵੀ ਐਸੇ ਹੀ ਧਰਾਤਲ 'ਤੇ ਵਿਚਰ ਰਿਹਾ ਹੈ। ਜਿਥੇ ਆਰਥਿਕਤਾ ਡਗਮਗਾ ਗਈ ਉਥੇ ਪਰਿਵਾਰਕ ਰਿਸ਼ਤੇ ਵੀ ਅਪ੍ਰਸੰਗਿਕ ਹੋ ਕੇ ਰਹਿ ਰਹੇ ਹਨ। ਖੜੇ ਰਹਿਣਾ ਸਭ ਤੋਂ ਜ਼ਰੂਰੀ ਹੈ। ਇਨਸਾਨ ਦੀ ਜ਼ਰੂਰਤ ਹੀ ਇਸ ਪ੍ਰਸੰਗਿਕਤਾ ਦਾ ਸਿੱਧੇ ਅਨੁਪਾਤ ਵਿਚ ਜਮਾਂ ਘਟਾਉ ਕਰਦੀ ਹੈ। ਲੋੜ ਤੇ ਇਸ ਦੀ ਹੈ ਕਿ ਕੁਝ ਐਸਾ ਕੀਤਾ ਜਾਵੇ ਜਿਸ ਨਾਲ ਅਸੀਂ ਆਪਣੀਆਂ ਸਮਾਜਿਕ ਤਣੀਆਂ ਨੂੰ ਪੈਸੇ ਤੋਂ ਬਗੈਰ ਵੀ ਕਸ ਸਕੀਏ ਤੇ ਇਸ ਸਬੰਧ ਵਿਚ ਨਰੋਆ ਸਾਹਿਤ ਵੱਡਾ ਰੋਲ ਅਦਾ ਕਰ ਸਕਦਾ ਹੈ। ਬਾਕੀ ਕੈਨੇਡਾ ਵਿਚਲਾ ਸੰਯੁਕਤ ਪਰਿਵਾਰ ਤਾਂ ਖੰਡਿਤ ਹੋ ਹੀ ਗਿਆ ਹੈ, ਯੂਥ ਵੀ ਕਾਫੀ ਹੱਦ ਤੱਕ ਆਪਣੇ ਆਪ ਨੂੰ ਸੀਮਤ ਕਰਨ ਦੇ ਆਹਰ ਵਿਚ ਹੈ। ਇਸਦੇ ਪਿਛੇ ਪੈਸੇ ਤੋਂ ਇਲਾਵਾ ਹੋਰ ਵੀ ਕਾਰਣ ਹਨ। ਜ਼ਿੰਦਗੀ ਜੀਣ ਦੇ ਉਨ੍ਹਾਂ ਦੇ ਆਪਣੇ ਹੀ ਰੰਗ ਹਨ। ਉਨ੍ਹਾਂ ਨੂੰ ਵਰਤਮਾਨ ਪੀੜ੍ਹੀ ਦੇ ਘਰ ਦਾ ਪ੍ਰਮੁੱਖ ਤੇ ਉਸਦਾ ਆਲਾ ਦੁਆਲਾ ਜੋ ਭਾਵੇਂ ਕਿਤਨਾ ਵੀ ਖੁੱਲੇ-ਡੁੱਲੇ ਸੁਭਾਅ ਦਾ ਹੋਵੇ,ਉਨ੍ਹਾਂ ਦੇ ਅਵਚੇਤਨ ਵਿਚ ਪਏ ਅਚਾਰ ਵਿਹਾਰ ਸੰਕੋਚੇ ਹੀ ਰਹਿੰਦੇ ਹਨ। ਹਾਂ ਤੁਹਾਡੇ ਸੁਆਲ ਦੇ ਅਪ੍ਰਸੰਗਿਕ ਹੋ ਰਹੇ ਪਰਿਵਾਰ ਨੂੰ ਇਸੇ ਪ੍ਰੀਭਾਸ਼ਾ ਵਿਚ ਹੀ ਵਿਚਾਰਿਆ ਜਾ ਸਕਦਾ ਹੈ। ਪਿਆਰ ਹੈ, ਜਜ਼ਬਾਤ ਹਨ ਪਰ ਵਿਹਾਰ ਆਪੋ ਆਪਣੇ।

? **ਇਨ੍ਹਾਂ ਦੇਸ਼ਾਂ ਵਿਚ ਮਾਂ ਅਤੇ ਬਾਪ ਦੋਨੋਂ ਹੀ ਰਿਸ਼ਤਿਆਂ ਵਿਚ ਜਕੜੇ ਮਹਿਸੂਸ ਕਰਦੇ ਹਨ। ਕਈ ਲੋਕ ਤਲਾਕ ਦੇ ਦਰ 'ਤੇ ਵੀ ਖੜੇ ਜਾਂਦੇ ਹਨ। ਪਿਛਲੇ ਦਿਨੀਂ ਹੋਏ ਸਰਵੇ ਅਨੁਸਾਰ ਤਲਾਕ ਦੀ ਦਰ ਭਾਰਤੀ ਕਮਿਉਨਿਟੀ ਵਿਚ 52% ਢੁੱਕ ਗਿਆ ਹੈ। ਇਹ ਦਰ ਜਿੱਥੇ ਇਮੀਗਰੇਸ਼ਨ ਦੀ ਗ਼ਲਤ ਵਰਤੋਂ ਕਰਕੇ ਵਧਦਾ ਨਜ਼ਰ ਆਉਂਦਾ ਹੈ ਉੱਥੇ ਅੱਜ ਦੀ ਨਵੀਂ ਪੀੜ੍ਹੀ ਵਿਚ ਰਿਸ਼ਤੇ ਨੂੰ ਨਾ ਨਿਭਾ ਸਕਣ ਕਾਰਨ ਵੀ ਵਧਿਆ ਹੈ। ਲਗਦੈ ਅੱਜ ਮਾਂ-ਬਾਪ ਦਾ ਪਰੰਪਰਕ ਮਾਡਲ ਢਹਿ ਢੇਰੀ ਹੋ ਰਿਹਾ ਹੈ? ਕੀ ਮਨੁੱਖ ਵਿਚ ਸਹਿਣਸ਼ਕਤੀ ਦੀ ਘਾਟ ਹੈ ਜਾਂ ਹੋਰ ਕੀ ਕਾਰਨ ਹੋ ਸਕਦੇ ਹਨ? ਕੀ ਇਸ ਤਰ੍ਹਾਂ ਦੇ ਵਿਸ਼ੇ ਉੱਤੇ ਲਿਖਦਿਆਂ ਤੁਸੀਂ ਕਿਸੇ ਨਤੀਜੇ ਉੱਤੇ ਵੀ ਪਹੁੰਚੇ ਹੋ?**

– ਤੁਹਾਡੇ ਇਸ ਸੁਆਲ ਦਾ ਜੁਆਬ ਕਾਫੀ ਹਦ ਤਕ ਉਪਰ ਦਿੱਤਾ ਜਾ ਚੁੱਕਾ ਹੈ, ਪਰ ਆਉ ਆਪਾਂ ਇਸਨੂੰ ਫੇਰ ਦੂਸਰੇ ਕੋਣ ਤੋਂ ਵਿਚਾਰਦੇ ਹਾਂ। ਜੀ ਇਨ੍ਹਾਂ ਸਰਵਿਆਂ ਸੁਰਵਿਆਂ ਨੂੰ ਛਡੋ। ਇਹ ਤੇ ਪੰਜਾਬੀ ਬੋਲੀ ਬਾਰੇ ਵੀ ਬਹੁਤ ਕੁਝ ਕਹੀ ਜਾਂਦੇ ਹਨ। 52% ਜਾਣਕੇ ਤੇ ਲਗਦਾ ਹੈ ਕਿ ਅਸੀਂ ਹੀ ਪਿਛੇ ਰਹਿ ਗਏ ਹਾਂ। ਐਸੀ ਗੱਲ ਨਹੀ ਕਿ ਇਹ ਗਿਣਤੀ ਘਟ ਹੈ ਪਰ ਮੈਂ ਇਸਨੂੰ ਅਜੇ ਵੀ ਘਟ ਹੀ ਸਮਝਦਾ ਹਾਂ। ਇਹ ਤਲਾਕ ਵੀ ਕਈ ਕਿਸਮ ਦੇ ਹੁੰਦੇ ਹਨ। ਜਿਵੇਂ ਵਿਆਹ ਵੀ ਕਈ ਕਿਸਮ ਦੇ ਹੁੰਦੇ ਹਨ। ਸਿੰਗਲ ਮਦਰ ਤਲਾਕ, ਬੈਕਰਪਸੀ ਤਲਾਕ, ਕਾਗਜ਼ੀ ਤਲਾਕ, ਇਸੇ ਤਰ੍ਹਾਂ ਹੋਰ ਵੀ ਕਈ ਕਿਸਮਾਂ ਹਨ। ਜਿਥੇ ਤਲਾਕ ਤੇ ਹੁੰਦਾ ਹੈ ਪਰ ਉਹ ਉਸੇ ਤਰ੍ਹਾਂ ਪਿਕਨਿਕਾਂ ਮਨਾਉਂਦੇ ਹਨ। ਜੇ ਇਕਠੇ ਫੜੇ ਵੀ ਜਾਣ ਤਾਂ ਕਹਿ ਦਿੰਦੇ ਹਨ ਜੀ ਮੈਂ ਤੇ ਮੁਆਫੀ ਮੰਗਣ ਆਇਆ ਸੀ ਤੇ ਇਨ੍ਹਾਂ ਅਗੋਂ ਚਾਹ ਧਰ ਲਈ। ਵੈਸੇ ਜੀ ਜਦੋਂ ਵੀ ਸਮਾਜਿਕ ਤਬਦੀਲੀਆਂ ਆਉਂਦੀਆਂ ਹਨ ਕਈ ਤਰ੍ਹਾਂ ਦੀ ਉਥਲ-ਪੁਥਲ ਹੁੰਦੀ ਹੈ। ਇਮੀਗਰੇਸ਼ਨ ਦੀ ਗ਼ਲਤ ਵਰਤੋਂ ਵੀ ਉਸਨੂੰ ਹੀ ਕਿਹਾ ਜਾਂਦਾ ਹੈ ਜਦੋਂ ਅਗਲਾ ਕਾਬੂ ਆ ਜਾਂਦਾ ਹੈ,ਵਰਨਾ ਸਭ ਚਲੀ ਜਾਂਦਾ ਹੈ। ਵੈਸੇ ਜਿਥੇ ਕੋਈ ਗ਼ਲਤੀ ਹੁੰਦੀ ਹੈ ਉਸਦੀ ਬੁਨਿਆਦ ਤੇ ਕਿਤੇ ਇਤਿਹਾਸ ਵਿਚ ਹੀ ਹੁੰਦੀ ਹੈ। ਜਿਸ ਮਾਡਲ ਦੀ ਗੱਲ ਤੁਸੀਂ ਕਰਦੇ ਹੋ ਆਪਾਂ ਉਸਨੂੰ ਵਿਆਹ-ਸੰਸਥਾ ਦੀ ਗੱਲ ਕਰਕੇ ਜ਼ਿਆਦਾ ਚੰਗੀ ਤਰ੍ਹਾਂ ਵਿਚਾਰ ਸਕਦੇ ਹਾਂ। ਇਸ ਸੰਸਥਾ ਦੀਆਂ ਤੇ ਹੁਣ ਸਾਰੇ ਸੰਸਾਰ ਵਿਚ ਹੀ ਚੂਲਾਂ ਹਿੱਲੀਆਂ ਹੋਈਆਂ ਹਨ। ਇਸ ਸੰਸਥਾ ਨੂੰ ਮਰਦ ਔਰਤ ਦੇ ਸੰਬੰਧ ਵਿਚ ਵਿਚਾਰਿਆ ਜਾ ਰਿਹਾ ਹੈ। ਨਵੇਂ ਨਾਮ ਸਾਹਮਣੇ ਆ ਰਹੇ ਹਨ। ਪਾਰਟਨਰਜ,ਲਿਵ-ਇੰਨ ਕਾਮਨ ਲਾਅ। ਇਸ ਸੰਬੰਧ ਵਿਚ ਸਾਡਾ ਸਮਾਜ ਤੇ ਉਸਦੀ ਜੀਵਨ ਜਾਚ ਵਰਸਜ਼ ਕੈਨੇਡੀਅਨ ਕਾਨੂੰਨ ਤੇ ਉਸਦਾ ਸੋਸ਼ਲ ਨੈਟਵਰਕ, ਰੋਲ ਮਾਡਲ ਵੀ ਮੁੱਖ ਜਿੰਮਾ ਹੈ। ਹੁਣ ਦੇਖੋ ਜੇ



ਇਕ ਵਾਰ ਵੀ ਪੁਲੀਸ ਘਰ ਆ ਗਈ, ਉਨ੍ਹਾਂ ਨੇ ਖੁਸਰਿਆਂ ਵਾਂਗ ਖਾਲੀ ਹੱਥ ਨਹੀ ਜਾਣਾ। ਭਾਵੇਂ ਫੋਨ ਕਿਸੇ ਛੋਟੀ ਜਿਹੀ ਗੱਲ ਤੇ ਹੀ ਕੀਤਾ ਗਿਆ ਹੋਵੇ। ਉਹ ਆਉਂਦੇ ਵੀ ਇਤਨੀ ਜਲਦੀ ਹਨ ਕਿ ਤਵੇ ਤੇ ਪਾਇਆ ਫੁਲਕਾ ਵੀ ਬਾਦ ਵਿਚ ਹੀ ਫੁਲਦਾ ਹੈ। ਵਡੇ ਵਡੇ ਪੈਮਫਲਿਟ ਚੁਕੀ ਫਿਰਦੇ ਸੋਸ਼ਲ ਵਰਕਰ,ਜਿਵੇਂ ਅਸੀ ਸਾਰੇ ਹੀ ਅੰਦਰ ਦੇਣ ਵਾਲੇ ਹੋਈਏ। ਸ਼ੈਲਟਰਜ਼ ਤੇ ਹੋਰ ਸਹੂਲਤਾਂ ਲਈ ਫਿਰਦੇ ਹਨ। ਉਂਝ ਤਾਂ ਵਧੀਆ ਸਿਸਟਮ ਹੈ ਪਰ ਸਾਨੂੰ ਹਜ਼ਮ ਕਰਨਾ ਔਖਾ ਹੋਇਆ ਪਿਆ। ਰਾਤ ਨੂੰ ਵੀ ਪੱਕੀ ਕਰਕੇ ਸੌਂਈਦਾ ਹੈ ਕਿ ਧਰਮ-ਪਤਨੀ ਜੀ ਖੁਸ਼ ਹਨ ਕਿ ਨਹੀਂ । ਮੈਂ ਤੇ ਮਜ਼ਾਕ ਕਰ ਰਿਹਾ ਸੀ ਪਰ ਸਿਸਟਮ ਤੇ ਐਸਾ ਹੀ ਹੈ। ਇਸ ਸਿਸਟਮ ਦੇ ਬਾਵਜੂਦ ਵੀ ਜਿਹੜਾ ਜੋੜਾ ਤਲਾਕ ਤੋਂ ਬਚਿਆ ਰਹੇ,ਉਸਨੂੰ ਤੇ ਸਨਮਾਨਿਤ ਕਰਨਾ ਚਾਹੀਦਾ ਹੈ। ਹੁਣ ਤੁਸੀਂ ਦਸੋ ਇਹ 52% ਕੋਈ ਜ਼ਿਆਦਾ ਹੈ? ਜੀ ਗਲ ਇਸ ਤਰ੍ਹਾਂ ਹੈ ਆਪਣਾ ਨਿਸਚਿਤ ਕੀਤਾ ਹੋਇਆ ਮਾਡਲ ਤਾਂ ਖਤਰੇ ਵਿਚ ਹੈ ਪਰ ਬਹੁਤੇ ਲੋਕ ਖੁਸ਼ ਹਨ। ਮਜ਼ੇ ਲੈ ਰਹੇ ਹਨ। ਮੁਆਫੀਆਂ ਮੰਗੀਆ ਜਾ ਰਹੀਆ ਹਨ, ਮਾਫੀ ਦਿੱਤੀ ਜਾ ਰਹੀ ਹੈ। ਹੌਲੀ ਹੌਲੀ ਸਭ ਠੀਕ ਹੋ ਜਾਵੇਗਾ। ਮੇਰਾ ਮਤਲਬ ਆਦਤ ਪੈ ਜਾਵੇਗੀ, ਜੀਣ ਦੀ। ਇਹ ਮਾਣ ਸਨਮਾਨ ਤਾਂ ਕਹਿਣ ਦੀਆਂ ਗੱਲਾਂ ਹਨ ਅਸਲ ਮਕਸਦ ਤਾਂ ਜੀਣ ਦਾ ਹੈ। ਨਾਰੀ-ਚੇਤਨਾ ਵੀ ਇਸਦਾ ਕਾਰਣ ਹੈ,ਹਾਂ-ਪੱਖੀ ਵੀ ਤੇ ਨਾ-ਪੱਖੀ ਵੀ।

? **ਤੁਸੀਂ ਆਪ ਟੀਨੇਜ ਬੱਚਿਆਂ ਦੇ ਬਾਪ ਹੋ। ਤੁਹਾਨੂੰ ਨਵੀਂ ਪੀੜ੍ਹੀ ਦਾ ਭਵਿੱਖ ਕੀ ਨਜ਼ਰ ਆਉਂਦਾ ਹੈ? ਕੀ ਤੁਸੀਂ ਸੋਚਦੇ ਹੋ ਕਿ ਉਹ ਸਹੀ ਲੀਹਾਂ ਉੱਤੇ ਤੁਰ ਰਹੇ ਹਨ? ਜੇ ਕਰ ਨਹੀਂ ਤਾਂ ਮਾਂ-ਬਾਪ ਦਾ ਰੋਲ ਕੀ ਹੋਣਾ ਚਾਹੀਦਾ ਹੈ?**

– ਇਹ ਵੀ ਨਿਰਭਰ ਕਰਦਾ ਹੈ ਵਿਅਕਤੀਗਤ ਸਮੱਸਿਆ ਵੀ ਵਿਚਾਰੇ ਜਾਣ ਦੀ ਲੋੜ ਹੈ ਤੇ ਉਸਤੇ ਕਾਬੂ ਪਾਉਣ ਦੀ ਵੀ। ਅਸੀਂ ਬਹੁਤੇ,ਬੱਚਿਆਂ ਨੂੰ ਟਾਈਮ ਨਹੀਂ ਦੇ ਪਾਉਂਦੇ ਜਦੋਂ ਲੋੜ ਹੁੰਦੀ ਹੈ। ਵੈਸੇ ਸਮੁੱਚੇ ਰੂਪ ਵਿਚ ਨਵੀਂ ਪੀੜ੍ਹੀ ਦਾ ਭਵਿੱਖ ਵਧੀਆ ਹੈ। ਇਸਦਾ ਕਾਰਣ ਹੈ ਕਿ ਮੌਕੇ ਬਹੁਤ ਹਨ। ਸਹੂਲਤਾਂ ਬਹੁਤ ਹਨ। ਬੱਚਾ ਪੜ੍ਹਨ ਵਾਲਾ ਹੋਵੇ ਤਾਂ ਮੌਕੇ ਬੇਅੰਤ ਹਨ। ਗਰਾਂਟਾਂ ਵੀ ਹਨ ਤੇ ਐਜੂਕੇਸ਼ਨ ਲੋਨ ਤੇ ਉਨ੍ਹਾਂ ਦੀ ਵਾਪਸੀ ਇਤਨੀ ਸਰਲ ਹੈ ਕਿ ਬੱਚੇ 'ਤੇ ਬੋਝ ਵੀ ਨਹੀਂ ਪੈਂਦਾ। ਮੈਂ ਫਿਰ ਉਹੋ ਗੱਲ ਤੇ ਹੀ ਜੋਰ ਦੇ ਰਿਹਾ ਹਾਂ ਕਿ ਜੇ ਅਸੀਂ ਆਪਣੇ ਸੰਸਕਾਰ ਠੋਸਣ ਦੀ ਬਜਾਇ ਉਨ੍ਹਾਂ ਦੀ ਸੁਣੀਏ ਤੇ ਫਿਰ ਸੁਣਾਈਏ ਤਾਂ ਨਤੀਜੇ ਹੈਰਾਨੀਜਨਕ ਨਿਕਲ ਸਕਦੇ ਹਨ। ਡਰੱਗ ਮਾਫੀਆ, ਡਰੱਗ ਦਾ ਸੇਵਨ ਤੇ ਹੋਰ ਇਲਤਾਂ ਐਸੀਆਂ ਹਨ ਜਿਨ੍ਹਾਂ ਦੀ ਗਿਣਤੀ ਘਟ ਹੈ ਤੇ ਕੰਟਰੋਲ ਵੀ ਕੀਤੀ ਜਾ ਸਕਦੀ ਹੈ ਪਰ ਉਹਦੇ ਲਈ ਸਾਡੀ ਇੱਛਾ ਸ਼ਕਤੀ ਵੱਡਾ ਰੋਲ ਅਦਾ ਕਰ ਸਕਦੀ ਹੈ। ਪੀੜ੍ਹੀ ਦੇ ਬਦਲਣ ਨਾਲ ਕਾਫੀ ਕੁਝ ਰੌਸ਼ਨ ਹੋਇਆ ਦਿਸਦਾ ਹੈ। ਨਵੀਂ ਪੀੜ੍ਹੀ ਇਸ ਸਮਾਜ ਦੇ ਸਿਸਟਮ ਵਿਚ ਜਜ਼ਬ ਹੋ ਰਹੀ ਹੈ। ਚੰਗੀਆਂ ਜੌਬਾਂ ਤੇ ਆਪਣੇ ਨੌਜਵਾਨ ਕਾਫੀ ਗਿਣਤੀ ਵਿਚ ਨਜ਼ਰ ਆਉਣ ਲੱਗ ਪਏ ਹਨ ਪਰ ਹਾਈ ਪਰੋਫਾਈਲ ਵਿਚ ਅਜੇ ਵੀ ਵਿਤਕਰਾ ਹੋ ਰਿਹਾ ਹੈ, ਜਿਸਦੇ ਘਟਣ ਦੇ ਅਸਾਰ ਸਾਫ ਦਿਖਾਈ ਦਿੰਦੇ ਹਨ।

? **ਕੈਨੇਡਾ ਵਿਚ ਗਲਪ ਸਾਹਿਤ ਦਾ ਕੰਮ ਬਹੁਤ ਸ਼ਿੱਦਤ ਨਾਲ਼ ਹੋਇਆ ਹੈ। ਸਾਹਿਤਕ ਜਥੇਬੰਦੀਆਂ ਵੀ ਬਹੁਤ ਦੇਰ ਤੋਂ ਕੰਮ ਕਰ ਰਹੀਆਂ ਹਨ। ਕੀ ਜਥੇਬੰਦੀਆਂ ਨੇ ਉਸ ਸਾਹਿਤ ਦੀ ਪ੍ਰਫੁੱਲਤਾ ਵਾਸਤੇ ਵਧੀਆ ਪਲੇਟਫਾਰਮ ਮੁਹੱਈਆ ਕੀਤੇ ਹਨ?**

– ਇਹ ਠੀਕ ਹੈ ਕਿ ਕੈਨੇਡਾ ਵਿਚ ਗਲਪ ਸਾਹਿਤ ਦਾ ਕੰਮ ਸ਼ਿਦਤ ਨਾਲ ਹੋਇਆ ਹੈ। ਨਰੋਈਆਂ ਸਾਹਿਤਕ ਜਥੇਬੰਦੀਆਂ ਵੀ ਦੇਰ ਤੋਂ ਸਰਗਰਮ ਹਨ। ਇਨ੍ਹਾਂ ਜਥੇਬੰਦੀਆਂ ਦੇ ਆਪੋ ਆਪਣੇ ਸਰੂਪ ਹਨ ਤੇ ਉਹ ਵਧੀਆ ਕੰਮ ਵੀ ਕਰ ਰਹੀਆਂ ਹਨ। ਕਿਤਾਬਾਂ ਦੀ ਰਿਲੀਜ਼ ਤੇ ਗੋਸ਼ਟੀਆਂ ਹੁੰਦੀਆਂ ਰਹਿੰਦੀਆਂ ਹਨ। ਮੀਡੀਆ ਵੀ ਇਨ੍ਹਾਂ ਨੂੰ ਕਵਰ ਕਰਦਾ ਹੈ ਪਰ ਕਦੇ ਕਦੇ ਕਈ ਕਿੰਤੂ ਪਰੰਤੂ ਵੀ ਖੜੇ ਹੁੰਦੇ ਹਨ। ਇਹ ਕਿੰਤੂ ਉਦੋਂ ਹੁੰਦੇ ਹਨ ਜਦੋਂ ਜਥੇਬੰਦੀਆਂ ਦੇ ਪਲੇਟਫਾਰਮ ਦੀ ਕਈ ਲੋਕ ਆਪਣੇ ਨਿੱਜ ਦੀ ਖਾਤਰ ਵਰਤੋਂ ਕਰਨ ਤੋਂ ਵੀ ਸੰਕੋਚ ਨਹੀ ਕਰਦੇ। ਇਹ ਸੇਹਤਮੰਦ ਰੁਝਾਨ ਦੇ ਕਰਮ-ਕਾਂਡ ਵਿਚ ਕੋੜਕੂ ਵਾਂਗ ਰੜਕਦੇ ਹਨ। ਰਚਨਾ ਦੀ ਬਜਾਇ ਰਚਨਾਕਾਰ ਨੂੰ ਘੇਰਨ ਦੀ ਕੋਸ਼ਿਸ਼ ਕਰਦੇ ਵਿਖਾਈ ਦਿੰਦੇ ਹਨ। ਸੰਵਾਦ ਰਚਾਉਂਣ ਵੇਲੇ ਵੀ ਨਿੱਜੀ ਗੱਲਾਂ ਦੀ ਪ੍ਰਮੁੱਖਤਾ ਦਿਖਾਈ ਦੇ ਹੀ ਜਾਂਦੀ ਹੈ। ਪਰ ਇਹ ਤਾਂ ਪੰਜਾਬੀ ਸਾਹਿਤ ਵਿਚ

ਇੱਕ ਆਮ ਵਰਤਾਰਾ ਬਣਦਾ ਜਾ ਰਿਹਾ ਹੈ ਪਰ ਇਹਦੇ ਨਾਲ ਜਥੇਬੰਦੀ ਦੀ ਮੂਲ ਰੂਹ ਨੂੰ ਕੋਈ ਫਰਕ ਨਹੀ ਪੈਂਦਾ। ਸਮਾਂ ਪਾ ਕੇ ਕੰਗਿਆਰੀ ਆਪ ਹੀ ਸਾਫ ਹੋ ਜਾਂਦੀ ਹੈ ਤੇ ਸੰਸਥਾ ਹੋਰ ਵੀ ਨਿਖਰਕੇ ਸਾਹਮਣੇ ਆਉਂਦੀ ਹੈ। ਪਰ ਇਹ ਗੱਲ ਮਾਨਣਯੋਗ ਹੈ ਕਿ ਇਤਨੇ ਰੁਝੇਵੇਂ ਦੇ ਬਾਵਜੂਦ ਇਹ ਸੰਸਥਾਵਾਂ ਦੇ ਸੰਸਥਾਪਕ ਤੇ ਪ੍ਰਬੰਧਕ ਜੇਰੇ ਵਾਲੇ ਹਨ। ਵਧੀਆ ਕੰਮ ਕਰੀ ਜਾ ਰਹੇ ਹਨ। ਬਹੁਤੇ ਮੈਂਬਰ ਸੰਸਥਾਵਾਂ ਨਾਲ ਭਾਵਕ ਤੌਰ ’ਤੇ ਜੁੜੇ ਹੋਏ ਹਨ ਤੇ ਸਮੇਂ-ਸਮੇਂ ਬੜਾ ਨਿਰਛਲ ਵਿਹਾਰ ਕਰਦੇ ਆਮ ਹੀ ਨਜ਼ਰ ਆ ਜਾਂਦੇ ਹਨ। ਚੰਗੀ ਰਚਨਾ ਦੀ ਪ੍ਰਫੁਲਤਾ ਨੂੰ ਕਿਸੇ ਡੰਗੋਰੀ ਦੀ ਲੋੜ ਵੀ ਮਹਿਸੂਸ ਨਹੀਂ ਹੋਣੀ ਚਾਹੀਦੀ ਸਿਵਾਏ ਮੁਢਲੀ ਜਾਣਕਾਰੀ ਦੇ।

**? ਕੈਨੇਡੀਅਨ ਪੰਜਾਬੀ ਸਾਹਿਤ ਵਿਚ ਜਥੇਬੰਦੀਆਂ ਜਾਂ ਜੁਗਾੜਬੰਦੀਆਂ ਦੇ ਰੋਲ ਬਾਰੇ ਵੀ ਕੁਝ ਚਾਨਣਾ ਪਾਉਂਦੇ ਜਾਓ?**

– ਮੂਲ ਰੂਪ ਵਿਚ ਜਥੇਬੰਦੀ ਦਾ ਮਤਲਬ ਹੀ ਇਹੋ ਹੈ ਕਿ ਕਿਸੇ ਮਿਸ਼ਨ ਬਾਰੇ ਮਿਲਕੇ ਕੰਮ ਕਰਨਾ ਹੈ। ਸਮਾਂ ਪਾ ਕੇ ਸਮੂਹਕ ਕੰਮ ਮਹਿਕ ਵੀ ਪੈਦਾ ਕਰਦਾ ਹੈ। ਜਥੇਬੰਦੀ ਕਿਸੇ ਬਿਲਡਿੰਗ ਦਾ ਨਾਮ ਤੇ ਹੁੰਦਾ ਨਹੀ। ਇਹ ਤੇ ਇਕ ਸਪਾਰਕ, ਖੁਸ਼ਬੋ, ਮਿਸ਼ਨ ਤੇ ਇੱਕ ਸੱਚੇ ਸੌਦੇ ਦੀ ਕਮਾਈ ਹੈ ਪਰ ਜਦੋਂ ਸਮਾਂ ਪਾ ਕੇ ਇਸਦੀ ਖੁਸ਼ਬੋ ਚਾਰੇ ਪਾਸੇ ਫੈਲ ਜਾਂਦੀ ਹੈ, ਉਦੋਂ ਸੰਤੁਲਿਨ ਬਨਾਉਂਣ ਦੀ ਸਗੋਂ ਬਹੁਤੀ ਲੋੜ ਹੁੰਦੀ ਹੈ ਪਰ ਕਦੇ ਕਦੇ ਥੋੜੇ ਸਮੇਂ ਲਈ ਮਾਮਲਾ ਅਸੰਤੁਲਿਨ ਵੀ ਹੋ ਜਾਂਦਾ ਹੈ। ਸਵੈ-ਮਾਣ ਸਹਿਜੇ ਹੀ ਹਉਮੈ ਵਿਚ ਤਬਦੀਲ ਹੋ ਜਾਂਦਾ ਹੈ, ਪਰ ਇਹ ਤਬਦੀਲੀ ਅਸਥਾਈ ਹੀ ਹੁੰਦੀ ਹੈ। ਇਹ ਤੇ ਬਸ ਜਿੰ ਦੇ ਬਾਕੀ ਅਮਲਾਂ ਵਾਲੀ ਗੱਲ ਹੀ ਹੈ। ਕਮਾਈਆਂ ਹੋਈਆਂ ਸੰਸਥਾਵਾਂ ਕਿਤੇ ਨਹੀਂ ਜਾਂਦੀਆਂ ਕਿਉਂਕਿ ਇਨ੍ਹਾਂ ਦੀ ਬਣਤਰ ਤੇ ਬੁਣਤਰ ਬਹੁਤ ਸੰਘਣੀ ਹੁੰਦੀ ਹੈ। ਐਸੀ ਸੰਸਥਾ ਕਿਸੇ ਦੀ ਮੁਥਾਜ਼ ਵੀ ਨਹੀਂ ਹੁੰਦੀ, ਮੁਥਾਜ਼ੀ ਤਾਂ ਸਗੋਂ ਵਿਅਕਤੀਗਤ ਲੋੜ ਹੈ। ਟਰਾਂਟੋ ਵਿਚ ਕਲਮਾਂ ਦਾ ਕਾਫ਼ਲਾ ਪਿਛਲੇ ਵੀਹ ਸਾਲ ਤੋਂ ਕਾਰਜਸ਼ੀਲ ਹੈ। ਇਸਦੇ ਮੈਂਬਰਜ਼ ਜਾਣਦੇ ਹਨ ਕਿ ਇਸ ਸੰਸਥਾ ਨੇ ਸਮੇਂ ਸਮੇਂ ਬਹੁਤ ਵਧੀਆ ਕੰਮ ਕੀਤੇ ਹਨ। ਸੁਚਾਰੂ ਸੋਚ ਸਦਾ ਹੀ ਭਾਰੂ ਰਹੀ ਹੈ। ਹਾਂ ਕਦੇ ਕਦੇ ਕੋਈ ਵਾਇਰਸ ਵੀ ਆ ਜਾਂਦਾ ਹੈ ਪਰ ਇਹ ਤੇ ਜ਼ਿੰਦਗੀ ਦਾ ਹਿੱਸਾ ਹੈ। ਇਹੋ ਜਿਹੇ ਸਪੈਮ ਵਕਤ ਨਾਲ ਆਪ ਹੀ ਡਲੀਟ ਹੋ ਜਾਂਦੇ ਹਨ। ਜੀ ਮੈਂ ਇਕੋ ਗੱਲ ਕਹਾਂਗਾ ਕਿ ਵਿਅਕਤੀ ਤੇ ਸੰਸਥਾ ਦਾ ਇਹੋ ਫਰਕ ਹੈ। ਇਕ ਵਿਅਕਤੀ ਹੈ ਤੇ ਦੂਜਾ ਸਮੂਹ। ਸਮੂਹ ਹਮੇਸ਼ਾਂ ਚਲਦਾ ਹੈ। ਵਿਅਕਤੀ ਤੇ ਸਿਰਫ ਭਰਮ ਹੀ ਪਾਲ ਸਕਦਾ ਹੈ ਤੇ ਕਿਸੇ ਦੇ ਪਾਲੇ ਭਰਮ ਦਾ ਕਿਸੇ ਕੋਲ ਕੋਈ ਹਲ ਵੀ ਤੇ ਨਹੀਂ ਹੁੰਦਾ। ਤੁਹਾਡੇ ਸੁਆਲ ਦਾ ਦੂਜਾ ਹਿਸਾ ਹੈ ਜੁਗਾੜਬੰਦੀ। ਉਹ ਤੇ ਬਸ ਪਹਿਲੇ ਦਾ ਹੀ ਫੈਲਿਆ ਹੋਇਆ ਪ੍ਰਛਾਵਾਂ ਹੁੰਦਾ ਹੈ। ਉਸਦੀਆਂ ਬਰਾਚਾਂ, ਜਿਨ੍ਹਾਂ ਦਾ ਅੱਗੇ ਕੋਈ ਸਬ-ਕਲਾਜ਼ ਵੀ ਹੋਏਗਾ। ਵੇਖਣ ਵਾਲੇ ਨੂੰ ਐਵੇਂ ਭਰਮ ਜਿਹਾ ਹੀ ਹੋ ਜਾਂਦਾ ਹੈ ਕਿ ਇਹ ਜੁਗਾੜ ਤਾਂ ਦੂਰ ਦੂਰ ਤਕ ਫੈਲਿਆ ਹੋਇਆ ਹੈ। ਪਰ ਐਸੀ ਕੋਈ ਗੱਲ ਹੀ ਨਹੀਂ ਹੁੰਦੀ। ਜੇ ਭਰਮ ਦੀਆਂ ਜੜਾਂ ਹੋਣ ਤਾਂ ਉਸਨੂੰ ਜੁਗਾੜ ਕਰਨ ਦੀ ਲੋੜ ਹੀ ਨਾ ਪਵੇ। ਪਰ ਇਸ ਨਾਲ ਸੰਸਥਾਵਾਂ ਨੂੰ ਕੋਈ ਫਰਕ ਨਹੀਂ ਪੈਂਦਾ। ਸਮੂਹ ਤਾਂ ਸਮੂਹ ਹੀ ਹੁੰਦਾ ਹੈ। ਤੇ ਵੱਡੇ ਦੀ ਛਾਂ ਵੀ ਸੰਘਣੀ, ਪੱਤੇ ਵੀ ਲਿਸ਼ਕਵੇਂ ਹਰੇ ਤੇ ਫਲ ਵੀ ਰਸਦਾਰ। ਕੈਨੇਡੀਅਨ ਪੰਜਾਬੀ ਸਾਹਿਤ ਵਿਚ ਸਭ ਸੇਹਤਮੰਦ ਹੈ। ਵਕਤ ਘਟ ਪਰ ਫਿਰ ਵੀ ਸੁਹਿਰਦਤਾ, ਇਸਤੋਂ ਵੱਡੀ ਗੱਲ ਹੋਰ ਕੀ ਹੋ ਸਕਦੀ ਹੈ ਭਲਾ? ਭਾਵੇਂ ਨਿੱਜੀ ਮੁਫਾਦ ਵੱਡਾ ਬਿਖੇੜਾ ਵੀ ਖੜਾ ਕਰ ਦਿੰਦੇ ਹਨ। ਸੰਸਥਾ ਹਾਈਜੈਕ ਨਹੀਂ ਹੁੰਦੀ। ਹਾਈਜੈਕਰ ਕਿਸਮ ਦੇ ਲੋਕ ਤਾਂ ਹਰ ਜਗ੍ਹਾ ਹੁੰਦੇ ਹਨ।

**? ਤੁਹਾਡੀਆਂ ਕਹਾਣੀਆਂ ਵਿਚਲੇ ਪਾਤਰ ਔਰਤ ਜਾਂ ਮਰਦ ਕਿਸ ਤਰ੍ਹਾਂ ਦੇ ਹਨ? ਉਨ੍ਹਾਂ ਨੂੰ ਉਲੀਕਦਿਆਂ ਹੋਇਆਂ ਤੁਸੀਂ ਕਿੰਨ੍ਹਾ ਸਮੱਸਿਆਵਾਂ ਨਾਲ਼ ਜੂਝੇ ਹੋ?**

– ਮੇਰੀਆਂ ਕਹਾਣੀਆਂ ਦੇ ਪਾਤਰ ਕਿਸੇ ਵੀ ਜੈਂਡਰ ਦੇ ਹੋਣ, ਉਹ ਮੇਰੇ ਵੇਖੇ ਭਾਲੇ ਹੁੰਦੇ ਹਨ। ਮੇਰੀ ਇੱਕ ਸਮੱਸਿਆ ਵੀ ਹੈ ਕਿ ਕਿਸੇ ਸੁਝਾਏ ਵਿਸ਼ੇ ਤੇ ਕਹਾਣੀ ਨਹੀਂ ਲਿਖ ਸਕਦਾ। ਵਿਸ਼ੇ ਦੀ ਚੋਣ ਮੈਂ ਆਪ ਹੀ ਕਰਦਾ ਹਾਂ। ਮੂਲ ਰੂਪ ਵਿਚ ਪੰਜਾਬੀ ਪਰਿਵਾਰ ਜਦੋਂ ਕੈਨੇਡੀਅਨ ਸਮਾਜ ਵਿਚ ਆ ਕੇ ਇਥੋਂ ਦੇ ਸਿਸਟਮ ਨਾਲ ਦੋ ਚਾਰ ਹੁੰਦੇ ਹਨ ਤਾਂ ਉਨ੍ਹਾਂ ਦੀਆਂ ਮਾਨਸਿਕ ਗੁੰਝਲਾਂ ਕੀ ਰੁਖ ਅਖਤਿਆਰ ਕਰਦੀਆਂ



ਹਨ, ਇਹ ਹੀ ਮੇਰੀਆਂ ਕਹਾਣੀਆਂ ਦੇ ਮੁੱਖ ਸਰੋਕਾਰ ਰਹੇ ਹਨ। ਇਹਦੇ ਵਿਚ ਮੈਂ ਆਪ ਵੀ ਸ਼ਾਮਲ ਹੁੰਦਾ ਹਾਂ ਪਰ ਕਦੇ ਕਦੇ ਇਹ ਇਲਜ਼ਾਮ ਵੀ ਲਗਦਾ ਹੈ ਕਿ ਕੋਈ ਖਾਸ ਪਾਤਰ ਮੈਂ ਹੀ ਹਾਂ। ਜਦ ਕਿ ਕਦੇ ਕਿਸੇ ਨੇ ਮੈਨੂੰ ਪੁਛਿਆ ਤਕ ਨਹੀਂ ਹੁੰਦਾ। ਦੇਖੋ, ਸੁਣੀ ਸੁਣਾਈ ਗੱਲ ਨੂੰ ਇੰਨ ਬਿੰਨ ਵਰਨਣ ਕਰਨ ਨਾਲ ਕਹਾਣੀ ਦੀ ਰੂਹ ਨੂੰ ਵੀ ਜ਼ਰਬ ਆਉਂਦਾ ਹੈ ਇਸ ਲਈ ਕਲਪਨਿਕ ਘਟਨਾਵਾਂ ਜੋੜਨੀਆਂ ਪੈਂਦੀਆਂ ਹਨ ਪਰ ਇਹ ਵੀ ਸਹੀ ਹੈ ਕਿ ਉਹ ਕਾਲਪਨਿਕ ਘਟਨਾਵਾਂ ਦੇ ਪਿਛੇ ਵੀ ਕੁਝ ਹਕੀਕੀ ਮੁੱਦੇ ਹੁੰਦੇ ਹਨ। ਸਭ ਤੋਂ ਔਖਾ ਕੰਮ ਤਾਂ ਪਾਤਰਾਂ ਨੂੰ ਸਜੀਵ ਕਰਨ ਦਾ ਹੁੰਦਾ ਹੈ ਜਦੋਂ ਪਾਤਰ ਸਜੀਵ ਹੋ ਗਏ ਫਿਰ ਤਾਂ ਤੁਸੀਂ ਗੁੰਦਦੇ ਹੀ ਹੋ ਬਾਕੀ ਤਾਂ ਸਾਰਾ ਕੁਝ ਉਹ ਆਪ ਹੀ ਸੁਝਾਉਂਦੇ ਹਨ। ਮੇਰੇ ਨਾਲ ਕਈ ਵਾਰ ਐਸਾ ਵੀ ਹੁੰਦਾ ਹੈ ਕਿ ਜੋ ਸ਼ੁਰੂ ਵਿਚ ਸੋਚਿਆ ਹੁੰਦਾ ਹੈ, ਉਹ ਪਿਠ-ਭੂਮੀ ਵਿਚ ਚਲੇ ਜਾਂਦਾ ਹੈ ਤੇ ਮੁੱਖ ਰੂਪ ਵਿਚ ਉਹ ਮੁੱਦਾ ਸਾਹਮਣੇ ਆਉਂਦਾ ਹੈ ਜੋ ਖੁਦ ਨੂੰ ਵੀ ਅਜੀਬ ਲਗਦਾ ਹੈ। ਉਸ ਮੌਕੇ ਮੈਂ ਵੀ ਆਪਣੀ ਹੀ ਲਿਖੀ ਕਹਾਣੀ ਦਾ ਆਨੰਦ ਲੈਂਦਾ ਹਾਂ। ਇਲਜ਼ਾਮ ਇਹ ਵੀ ਲਗਦਾ ਹੈ ਕਿ ਮੈਂ ਕਹਾਣੀ ਨੂੰ ਅਗੇ ਨਹੀ ਤੋਰਦਾ ਸਗੋਂ ਹੋਰ ਹੀ ਕਹਾਣੀਆਂ ਜਿਹੀਆਂ ਪਾਉਂਣ ਲੱਗ ਪੈਂਦਾ ਹਾਂ। ਮੇਰੇ ਕਈ ਚੰਗੇ ਸ਼ਬਦਾਂ ਦੀ ਤਾਰੀਫ ਕਰਨ ਦੀ ਬਜਾਇ ਉਸਨੂੰ ਕਾਵਕ ਭਾਸ਼ਾ ਦੀ ਸੰਗਿਆ ਨਾਲ ਤੁਲਨਾ ਕੇ ਸਲਾਹ ਇਹ ਦਿੱਤੀ ਜਾਂਦੀ ਹੈ ਗਲਪ ਵਿਚ ਤੇ ਖਾਸ ਤੌਰ ’ਤੇ ਕਹਾਣੀ ਵਿਚ ਇਹ ਨਹੀਂ ਹੋਣਾ ਚਾਹੀਦਾ। ਮੇਰੀ ਮੂਲ ਸਮੱਸਿਆ ਇਹੋ ਹੀ ਹੈ। ਮੈਂ ਬਣੇ ਬਣਾਏ ਮਾਡਲ ਨੂੰ ਛਡਕੇ ਕੱਚੇ ਚੜ ਜਾਂਦਾ ਹਾਂ। ਪਰ ਲਗਦਾ ਹੈ ਕਿ ਮੈਂ ਛੇਤੀ ਕੀਤੇ ਇਸਤੋਂ ਮੁਕਤੀ ਨਹੀ ਪਾ ਸਕਦਾ। ਸੱਚ ਤਾਂ ਇਹ ਹੈ ਕਿ ਇਸ ਮੁਕਤੀ ਲਈ ਮੈਂ ਦਿਲੋਂ ਤਿਆਰ ਹੀ ਨਹੀਂ। ਦੇਖੋ ਹੋਰ ਸਿਆਣਾ ਹੋ ਕੇ ਸ਼ਾਇਦ ਮੈਂ ਵੀ ਲੋਕਾਂ ਦੀਆਂ ਗੱਲਾਂ ਸੁਣਨ ਤੇ ਮੰਨਣ ਦਾ ਆਦੀ ਹੋ ਜਾਵਾਂ। ਪਰ ਲਗਦਾ ਹੈ ਅਜੇ ਸਿਆਣਪ ਮੇਰੇ ਤੋਂ ਕੋਹਾਂ ਦੂਰ ਹੈ। ਮੇਰੀਆਂ ਕਹਾਣੀਆਂ ਦੇ ਮਰਦ/ਔਰਤ ਪਾਤਰ ਜ਼ਿੰਦਗੀ ਜੀਅ ਰਹੇ ਹਨ। ਕੁਝ ਮਰਜ਼ੀ ਨਾਲ ਤੇ ਕੁਝ ਬਾਕੀਆਂ ਦੀ ਮਰਜ਼ੀ ਨਾਲ। ਅੱਧਾ ਜੀਵਨ ਇੰਡੀਆ ਵਿਚ ਬਿਤਾਉਂਣ ਤੋਂ ਬਾਦ, ਕੈਨੇਡਾ ਵਿਚ ਜੀਵਨ ਬਿਤਾਉਣਾ ਤੇ ਆਸ ਕਰਨੀ ਕਿ ਇਸਦਾ ਅਚਾਰ ਵਿਹਾਰ ਉਪਰਾ ਨਾ ਲਗੇ ਇਹ ਤੇ ਇੰਝ ਹੀ ਹੈ ਜਿਵੇਂ ਕਿਸੇ ਬਸ ਡਰਾਈਵਰ ਨੂੰ ਕਿਹਾ ਜਾਵੇ ਕਿ ਉਹ ਜਹਾਜ਼ ਵੀ ਠੀਕ ਚਲਾਵੇ। ਇਕ ਉਦਾਹਰਣ ਦੇ ਕੇ ਗੱਲ ਸਪਸ਼ਟ ਕਰਦਾ ਹਾਂ। ਬੇਟਾ ਦਿਨ ਰਾਤ ਕੰਮ ਕਰਕੇ ਘਰ ਬਣਾਉਂਦਾ ਹੈ ਤੇ ਆਪਣਾ ਪਰਿਵਾਰ ਇੰਡੀਆ ਤੋਂ ਮੰਗਾਉਂਦਾ ਹੈ। ਉਸਨੇ ਕਦੇ ਸੋਚਿਆ ਵੀ ਨਹੀਂ ਹੁੰਦਾ ਕਿ ਘਰ ਵਿਚ ਬੈਠੇ ਉਸਦੇ ਮਾਤਾ ਪਿਤਾ ਆਪਣੇ ਪੋਤਰੇ ਪੋਤਰੀ ਨੂੰ ਸਾਂਭਦੇ ਆਪਣੇ ਆਪ ਨੂੰ ਬੇਬੀ ਸਿਟਰ ਸਮਝਣਗੇ ਤੇ ਇਸ ਗੱਲ ਤੇ ਦਲੀਲ ਬਾਜ਼ੀ ਵੀ ਕਰ ਸਕਦੇ ਹਨ। ਮਾਤਾ ਪਿਤਾ ਵੀ ਆਪਣੀ ਜਗ੍ਹਾ ਠੀਕ ਹਨ। ਉਨ੍ਹਾਂ ਕੋਲ ਵੀ ਆਪਣਾ ਇੱਕ ਅਵਚੇਤਨ ਹੈ। ਇਸ ਕਸ਼ਮਕਸ਼ ’ਚ ਜਿਥੇ ਦੋਵੇਂ ਠੀਕ ਵੀ ਹਨ ਤੇ ਦੋਵੇਂ ਠੀਕ ਨਹੀਂ ਵੀ ਹਨ, ਐਸੇ ਵਿਸ਼ੇ ਮੈਨੂੰ ਟੁੰਬਦੇ ਹਨ ਤੇ ਮੈਂ ਆਪਣੀ ਕਲਪਨਾ ਨਾਲ ਕੋਈ ਕਹਾਣੀ ਬਣਾ ਲੈਂਦਾ ਹਾਂ। ਹੁਣ ਜਿਹੜੇ ਮੇਰੇ ਲਾਗੇ ਦੇ ਹਨ ਜਾਂ ਜੇ ਕੋਈ ਵੀ ਆਪਣੇ ਆਪ ਨੂੰ ਅਡਨਟੀਫਾਈ ਕਰ ਲਵੇ, ਉਹ ਮੈਨੂੰ ਕੁਝ ਕੌੜਾ ਵੀ ਕਹਿ ਸਕਦਾ ਹੈ। ਇਹ ਇਕ ਸਮੱਸਿਆ ਹੈ। ਜਿਸ ਨਾਲ ਹਰ ਲੇਖਕ ਨੂੰ ਜੂਝਣਾ ਵੀ ਪੈਂਦਾ ਹੈ ਤੇ ਕੁਝ ਸਤਰਕ ਵੀ ਹੋਣਾ ਪੈਂਦਾ ਹੈ। ਅਸਲ ਮੁੱਦਾ ਹੈ ਕਿ ਇੱਕ ਕਲਚਰ ਜਦ ਦੂਜੇ ਵਿਚ ਜਜ਼ਬ ਹੁੰਦਾ ਹੈ ਤਾਂ ਕਿਹੜੇ ਰੰਗ ਹੁੰਦੇ ਹਨ ਤੇ ਜੋ ਕੁਝ ਨਵਾਂ ਪੈਦਾ ਹੁੰਦਾ ਰਹਿੰਦਾ ਹੈ ਤੇ ਪੁਰਾਣਾ ਛੁਟਦਾ ਰਹਿੰਦਾ ਹੈ। ਇਸਦੀ ਰਫਤਾਰ, ਇਸ ਦੌਰਾਨ ਹੋਈ ਤਿੜਕਣਬਾਜ਼ੀ, ਨਵੀਂ ਪਿਉਂਦ ਦਾ ਪੁਰਾਣੇ ਨਾਲ ਸੁਮੇਲ, ਇਹ ਹੀ ਕੁਝ ਹੈ। ਮੇਰਾ ਵੀ ਤੇ ਹੋਰ ਕਹਾਣੀਕਾਰਾਂ ਦਾ ਵੀ।

? **ਕੁਲਜੀਤ ਜੀ, ਅਕਸਰ ਕਿਹਾ ਜਾਂਦੈ ਕਿ, ਕਨੇਡੀਅਨ ਲੇਖਕਾਂ ਦੀਆਂ ਲਿਖਤਾਂ ਵਿਚ ਬਦੇਸ਼ੀ ਪਾਤਰ ਸਿਰਫ਼ ਨਾਂ ਦੇ ਹੀ ਪਾਤਰ ਹਨ। ਉਹ ਲੇਖਕ ਦੀ ਪੱਕੀ-ਪੀਢੀ ਅਤੇ ਬੱਝਵੀਂ ਪਕੜ ਤੋਂ ਵਿਰਵੇ ਹਨ। ਪੰਜਾਬੀ ਪਾਤਰਾਂ ਦੇ ਨਾਂ ਬਦਲਣ ਨਾਲ਼ ਉਹ ਕਨੇਡੀਅਨ ਪਾਤਰ ਨਹੀਂ ਬਣ ਜਾਂਦੇ। ਇਸ ਬਾਰੇ ਤੁਹਾਡੀ ਕੀ ਰਾਇ ਹੈ?**

– ਜੀ ਇਹ ਪੂਰਾ ਸੱਚ ਨਹੀ ਹੈ। ਹਾਂ ਕਦੇ ਕਦੇ ਇਹ ਵੇਖਣ ਵਿਚ ਆਉਂਦਾ ਹੈ। ਲੇਖਕ ਤੇ ਆਪਣੇ ਵਲੋਂ ਹਰ ਸੰਭਵ ਕੋਸ਼ਿਸ਼ ਕਰਦਾ ਹੈ ਕਦੇ ਕਿਤੇ ਕਿਤੇ ਪੇਤਲਾਪਨ ਵੀ ਰਹਿ ਜਾਂਦਾ ਹੈ ਪਰ ਇਹ ਕੋਈ ਧਾਰਣਾ ਵੀ ਨਹੀ ਹੈ। ਕਹਾਣੀ ਲਿਖਣ ਲੱਗਿਆਂ ਲੇਖਕ ਅੱਗੇ ਇਕ ਪਰੋਜੈਕਟ ਹੁੰਦਾ ਹੈ ਜਿਸਨੂੰ ਉਸਨੇ

ਪੂਰੀ ਤਸਵੀਰ ਵਿਚ ਢਾਲਣਾ ਹੁੰਦਾ ਹੈ। ਇਹ ਵੀ ਹੋ ਸਕਦਾ ਹੈ ਕਿ ਉਸਦੀ ਸਮੱਸਿਆ ਹੀ ਇਸ ਕਿਸਮ ਦੀ ਹੋਵੇ ਜਿਸ ਵਿਚ ਗੋਰੇ ਪਾਤਰ ਦੇ ਮੰਨ ਦੀਆਂ ਤਿਹਾਂ ਫਰੋਲਣ ਦੀ ਜ਼ਰੂਰਤ ਹੀ ਨਾ ਹੋਵੇ ਤੇ ਸਿਰਫ ਪੰਜਾਬੀ ਪਾਠਕ ਦੀ ਸੌਖ ਲਈ ਹੀ ਇਤਨਾ ਡੂੰਘਾ ਨਾ ਉਤਰਦਾ ਹੋਵੇ ਜਾਂ ਇਸਦੀ ਜ਼ਰੂਰਤ ਹੀ ਮਹਿਸੂਸ ਨਾ ਕਰਦਾ ਹੋਵੇ। ਇਸ ਬਾਰੇ ਕੋਈ ਪੱਕੀ ਧਾਰਣਾ ਨਹੀਂ ਹੈ ਪਰ ਤੁਹਾਡੀ ਗੱਲ ਕਿਸੇ ਹਦ ਤਕ ਠੀਕ ਵੀ ਹੈ ਜਦੋਂ ਐਸੇ ਵਰਤਾਰੇ, ਦਾਲ ਵਿਚਲੇ ਕੋੜਕੂ ਵਾਂਗ ਰੜਕਣ। ਇਸ ਤੋਂ ਬਚਣਾ ਚਾਹੀਦਾ ਹੈ। ਪਰ ਨਿਰ ਸੰਦੇਹ ਕਈ ਕਹਾਣੀਆਂ ਵਿਚ ਐਸਾ ਦੋਸ਼ ਨਹੀਂ ਵੀ ਹੈ। ਪਾਤਰ ਦੇ ਨਾਲ ਨਾਲ ਉਹ ਵਿਸ਼ਾ ਵੀ ਸਥਾਈ ਲੈਂਦੇ ਹਨ ਤੇ ਫਿਰ ਤਨਦੇਹੀ ਨਾਲ ਨਿਭਾਅ ਵੀ ਦਿੰਦੇ ਹਨ। ਮੇਰੀ ਰਾਏ ਤੇ ਇਹੋ ਹੈ ਕਿ ਕਹਾਣੀ ਦੀ ਲੋੜ ਅਨੁਸਾਰ ਹੀ ਐਸੇ ਗੋਰੇ ਪਾਤਰ ਸਜੀਵ ਕੀਤੇ ਜਾਣ ਤੇ ਫਿਰ ਇਸ ਸਜੀਵਤਾ ਵਿਚ ਮਾਨਸਿਕਤਾ ਵੀ ਐਸੀ ਹੀ ਹੋਵੇ। ਪੰਜਾਬੀ ਪਾਠਕ ਤੇ ਹੁਣ ਬਹੁਤ ਹੀ ਸੰਜੀਦਾ ਹੈ। ਉਹ ਕਿਸੇ ਕਿਸਮ ਦਾ ਅਧੂਰਾਪਨ ਨਹੀਂ ਚਾਹੁੰਦਾ।

**? ਕੈਨੇਡਾ ਵਿਚ ਪੰਜਾਬੀ ਸਭਿਆਚਾਰ ਵਿਚੋਂ, ਪੰਜਾਬੀ ਲੋਕ, ਜਿਨ੍ਹਾਂ ਹੋਂਦ ਮੂਲਕ ਸੰਕਟਾਂ ਦਾ ਸਾਹਮਣਾ ਕਰਦੇ ਹਨ, ਕੀ ਉਹ ਕਨੇਡੀਅਨ ਲੇਖਕਾਂ/ਲੇਖਕਾਵਾਂ ਨੇ ਅਜ ਦੀ ਕਹਾਣੀ ਵਿਚ ਸੰਤੁਸ਼ਟੀ ਦੀ ਹੱਦ ਤੀਕ ਉਲੀਕੇ ਹਨ?**

– ਜੀ ਮੈਂ ਤੇ ਕਹਾਂਗਾ ਕਿ ਸੰਤੁਸ਼ਟੀ ਨਾਮ ਹੀ ਖੜੋਤ ਦਾ ਹੈ। ਬਹੁਤ ਸਾਰੇ ਮਸਲਿਆਂ ਤੇ ਬਹੁਤ ਕੁਝ ਵਧੀਆ ਰਚਿਆ ਗਿਆ ਹੈ। ਸੰਕਟ ਵੀ ਆਪੋ ਆਪਣੀ ਸੋਚ ਅਧਾਰਿਤ ਹੈ। ਕੋਈ ਸੰਕਟ ਕਿਸੇ ਹੋਰ ਲਈ ਆਮ ਵਰਤਾਰਾ ਹੋ ਸਕਦਾ ਹੈ। ਸਿੱਧੀ ਜਿਹੀ ਗੱਲ ਹੈ ਜੋ ਅੱਜ ਇੰਡੀਆ ਤੋਂ ਆਉਂਦਾ ਹੈ ਜੋ ਉਸਦੇ ਸੰਕਟ ਹਨ ਉਹ ਵੀਹ ਸਾਲ ਤੋਂ ਰਹਿ ਰਹੇ ਦੇ ਨਹੀਂ ਹਨ। ਮੈਂ ਆਰਥਿਕਤਾ ਦੀ ਗੱਲ ਨਹੀਂ ਕਰ ਰਿਹਾ ਸਗੋਂ ਸੋਚਣ ਦੇ ਢੰਗ ਦੀ ਗੱਲ ਕਰ ਰਿਹਾ ਹਾਂ। ਜੇ ਅੱਜ ਕੋਈ ਠਾਣੇਦਾਰ ਪੰਜਾਬ ਤੋਂ ਆਉਂਦਾ ਹੈ ਤਾਂ ਉਸਨੂੰ ਕਹੋ ਕਿ ਕੱਛਾ ਪਾ ਕੇ ਮਸ਼ੀਨਾਂ ਦਾ ਗੰਦਾ ਤੇਲ ਕਢ। ਉਹ ਸੰਕਟ ਵਿਚ ਆ ਜਾਵੇਗਾ ਅੱਜ ਤੋਂ ਵੀਹ ਸਾਲ ਪਹਿਲੇ ਆਇਆ ਠਾਣੇਦਾਰ ਇਸਨੂੰ ਸੰਕਟ ਨਹੀ ਸਮਝੇਗਾ, ਸਗੋਂ ਦੋ ਘੰਟੇ ਵਧ ਲਾਉਣ ਨੂੰ ਵੀ ਤਿਆਰ ਹੋਵੇਗਾ। ਅੱਜ ਦਾ ਵੱਡਾ ਸੰਕਟ ਜਨਰੇਸ਼ਨ ਗੈਪ ਤੇ ਆਪਣੀ ਔਲਾਦ ਨਾਲ ਮਜ਼ਬੂਤ ਸੰਚਾਰ ਦੀ ਸਮੱਸਿਆ ਹੈ। ਉਹ ਸਾਡਾ ਕਲਚਰ ਗ੍ਰਹਿਣ ਕਰਨ ਤੋਂ ਆਨਾਕਾਨੀ ਕਰਦੇ ਹਨ ਤੇ ਅਸੀ ਉਨ੍ਹਾਂ ਨੂੰ ਕਦੇ ਨਿਠ ਕੇ ਸੁਣਦੇ ਹੀ ਨਹੀਂ। ਉਨ੍ਹਾਂ ਦੀਆਂ ਰੁਚੀਆਂ ਨੂੰ ਮੂਲੋਂ ਹੀ ਰੱਦ ਕਰਦੇ ਹਾਂ। ਇਸ ਵਿਚਾਲੇ ਸੰਤੁਲਿਨ ਬਠਾਉਂਣ ਦੀ ਲੋੜ ਹੈ। ਐਸੇ ਕਿਤਨੇ ਹੀ ਮੂਲ ਸੰਕਟ ਹਨ, ਪਰ ਇਹ ਤਸਲੀ ਵਾਲੀ ਗੱਲ ਹੈ ਕਿ ਕਨੇਡੀਅਨ ਲੇਖਕ ਸਰਗਰਮੀ ਨਾਲ ਇਸ ਬਾਰੇ ਲਿਖ ਰਹੇ ਹਨ। ਪਰ ਅਜੇ ਐਸਾ ਨਹੀ ਹੋ ਰਿਹਾ ਕਿ ਜੋ ਲਿਖਿਆ ਜਾ ਰਿਹਾ ਹੈ,ਉਹ ਸਾਡੀ ਔਲਾਦ ਵੀ ਪੜ੍ਹੇ। ਇਸਦੇ ਅਗੋਂ ਕਈ ਕਾਰਣ ਹਨ। ਮੈਂ ਸਿਰਫ ਦੋ ਮੌਲਿਕ ਕਾਰਣ ਹੀ ਦਸਾਂਗਾ। ਪਹਿਲੀ ਰੁਚੀ ਤੇ ਦੂਜੀ ਭਾਸ਼ਾ। ਉਹ ਪੰਜਾਬੀ ਨਹੀਂ ਜਾਣਦੇ ਜਾਂ ਬਹੁਤ ਘਟ ਜਾਣਦੇ ਹਨ ਤੇ ਲੇਖਕਾਂ ਦੀਆਂ ਕਹਾਣੀਆਂ ਅੰਗਰੇਜ਼ੀ ਵਿਚ ਬਹੁਤ ਘਟ ਤਰਜ਼ਮਾਈਆਂ ਗਈਆਂ ਹਨ। ਪਰ ਇਹ ਵੀ ਸੁਖਦ ਗੱਲ ਹੈ ਕਿ ਇਸ ਤੇ ਕੰਮ ਹੋ ਰਿਹਾ ਹੈ ਤੇ ਕੁਝ ਚੇਤਨ ਲੋਕਾਂ ਨੇ ਇਸਦਾ ਬੀੜਾ ਵੀ ਚੁਕਿਆ ਹੈ ਪਰ ਅਜੇ ਤਸਲੀ ਵਾਲਾ ਕੰਮ ਆਰੰਭ ਹੋਣਾ ਬਾਕੀ ਹੈ।

**? ਕੁਲਜੀਤ ਜੀ ਬਰਤਾਨਵੀ ਸਾਹਿਤ ਵਿਚ ਝੂਹੇਰਵੇ ਦੀ ਗੱਲ ਵੱਧ ਚੱਲੀ ਜਦੋਂ ਕਿ ਕੈਨੇਡੀਅਨ ਸਾਹਿਤ ਨੇ ਅਗਲੇ ਕਦਮ ਪੁੱਟੇ ਅਤੇ ਰਿਸ਼ਤਿਆਂ ਦੀ ਗੱਲ ਤੋਰੀ, ਮਨੁੱਖ ਦੇ ਅੰਦਰ ਦੀ ਟੁੱਟ-ਭੱਜ ਦੀ ਗੱਲ ਕੀਤੀ। ਕੀ ਤੁਹਾਨੂੰ ਅੱਜ ਦਾ ਸਾਹਿਤਕਾਰ/ਕਹਾਣੀਕਾਰ ਗਲੋਬਲੀਕਰਨ ਦੀਆਂ ਸਮੱਸਿਆਵਾਂ ਬਾਰੇ ਗੱਲ ਕਰਦਾ ਵੀ ਨਜ਼ਰ ਆਉਂਦਾ ਹੈ?**

– ਇਹ ਰੁਝਾਨ ਅਜੇ ਘਟ ਹੈ। ਇਸਦੇ ਪ੍ਰਭਾਵ ਤਾਂ ਮਿਲਦੇ ਹਨ ਪਰ ਸੁਸਤ ਰੂਪ ਵਿਚ। ਭੂ ਹੇਰਵਾ ਤੇ ਬੀਤੇ ਦੀ ਗੱਲ ਬਣ ਚੁੱਕਾ ਹੈ। ਰਿਸ਼ਤਿਆਂ ਦੀ ਗੱਲ ਅੱਜ ਮੁੱਖ ਮੁੱਦਾ ਹੈ ਲੇਕਿਨ ਉਸਦੇ ਸਰੋਕਾਰ ਵਖੋ ਵਖਰੇ ਹਨ। ਤੇਜ਼ ਤਬਦੀਲੀ ਨੇ ਸਾਰੇ ਪੰਜਾਬੀ ਭਾਈਚਾਰੇ ਦੀਆਂ ਅੱਖਾਂ ਚੁੰਦਿਆ ਦਿੱਤੀਆਂ ਹਨ। ਬਣਿਆ ਬਣਾਇਆ ਸਾਰਾ ਢਹਿ ਢੇਰੀ ਹੋ ਰਿਹਾ ਹੈ। ਨਵੇਂ ਪਾਸਾਰ ਉਘੜ ਰਹੇ ਹਨ। ਵਿਆਹ ਸੰਸਥਾ ਹੀ ਕਈ ਪ੍ਰਕਾਰ ਦੇ ਸੰਕਟਾਂ ਦਾ ਸ਼ਿਕਾਰ ਹੈ। ਖਾਸ ਕਰਕੇ ਕੈਨੇਡਾ ਵਿਚਲੀ ਵਿਆਹ ਸੰਸਥਾ ਨੇ ਤੇ ਬਹੁਤ ਹੀ ਜ਼ੋਖ਼ਮ ਭਰੇ ਅੰਜਾਮ ਆਪਣੇ ਤੇ ਹੰਢਾਏ ਹਨ,ਵਕਤ ਪੈਣ ਨਾਲ ਉਸਦੇ ਪ੍ਰਭਾਵ ਸਾਹਮਣੇ ਆ ਰਹੇ ਹਨ। ਜਿਹੜੀ ਮੰਡੀ ਸਾਰੀ ਦੁਨੀਆਂ ਨੂੰ ਝੁਲਸਾ ਰਹੀ ਹੈ ਉਸ ਨਾਲ ਜਦੋਂ ਇਨ੍ਹਾਂ ਆਪੂ ਸਿਰਜੇ ਸੰਕਟਾਂ ਨਾਲ ਜਰਬਾਂ ਹੁੰਦੀਆਂ ਦੇਖਦੇ ਹਾਂ ਤਾ ਮਾਮਲਾ ਬਹੁਤ ਹੀ ਸੰਗੀਨ ਦਿਸਦਾ ਹੈ। ਛੋਟੀ ਜਿਹੀ ਗੱਲ ਹੀ ਲਵੋ ਕਿ ਵਿਆਹ ਦੋ ਜੀਆਂ ਦਾ ਇਕ ਬਹੁਤ ਹੀ ਪਵਿੱਤਰ ਬੰਧਨ ਹੈ। ਜਦੋਂ ਵਿਆਹ ਵੇਲੇ ਵੀਹ ਲੱਖ ਦੀ ਰਕਮ ਸ਼ਾਮਲ ਹੋ ਜਾਵੇ ਤਾਂ ਪੈਸੇ ਦੇਣ ਵਾਲੀ ਧਿਰ ਕਿਸ ਬੁਨਿਆਦ ਤੇ ਜਜ਼ਬਾਤੀ ਸਾਂਝ ਪੈਦਾ ਕਰ ਲਵੇਗੀ,ਦੂਸਰੀ ਧਿਰ ਨਾਲ? ਵਿਆਹ ਕੋਈ ਇੱਟਾਂ ਸੀਮੰਟ ਰੇਤ ਦਾ ਤੇ ਬਣਦਾ ਨਹੀਂ। ਪ੍ਰਵਾਸੀ ਜਦੋਂ ਕਹਾਣੀ ਦੀ ਗੱਲ ਵਿਚ ਟੁੱਟ ਭੱਜ ਦੀ ਗੱਲ ਕਰਦਾ ਹੈ ਤੇ ਉਹਦੇ ਪਿੱਛੇ ਕਿਹਾ,ਅਣਕਿਹਾ ਇਹ ਮੰਡੀ ਦਾ ਪਸਾਰਾ ਹੀ ਹੁੰਦਾ ਹੈ। ਜਿਸਨੂੰ ਮਹਿਸੂਸ ਕਰਨ ਦੀ ਲੋੜ ਹੈ। ਅੱਜ ਕੱਲ ਤਾਂ ਪਾਰਟਨਰਜ਼, ਲਿਵ-ਇਨ ਕਾਮਨ ਲਾਅ ਵਰਗੇ ਰੁਝਾਨ ਵੀ ਪੈਦਾ ਹੋ ਰਹੇ ਹਨ ਤੇ ਮਹਿੰਗਾਈ ਹਥੋਂ ਮਜ਼ਬੂਰੀ ਵਸ ਪਰਿਵਾਰ ਦੁਬਾਰਾ ਇੱਕਠੇ ਵੀ ਹੋ ਰਹੇ ਹਨ ਤੇ ਇਨ੍ਹਾਂ ਤੇ ਕਹਾਣੀਆਂ ਵੀ ਲਿਖੀਆਂ ਜਾ ਰਹੀਆਂ ਹਨ। ਜੋ ਪਹਿਲੀ ਨਜ਼ਰੇ ਕਈਆਂ ਨੂੰ ਫੋਕਸ ਤੋਂ ਦੂਰ ਵੀ ਲਗਦੀਆਂ ਹਨ ਪਰ ਅਸਲ ਵਿਚ ਨਵੇਂ ਫੋਕਸ ਨੂੰ ਵੇਖਣ ਵਾਲੀ ਅੱਖ ਵੀ ਅਜੇ ਇਤਨੀ ਪਰੌੜ ਨਹੀਂ ਹੋਈ। ਵਕਤ ਨਾਲ ਇਹ ਰਾਬਤਾ ਜ਼ਰੂਰ ਬਣ ਜਾਵੇਗਾ।

**? ਕੁਲਜੀਤ ਜੀ ਅਸੀਂ ਕਹਾਣੀ ਬਾਰੇ ਕਾਫ਼ੀ ਗੱਲਾਂ ਕੀਤੀਆਂ ਹਨ। ਤੁਸੀਂ ਸਾਹਿਤ ਦੀਆਂ ਹੋਰ ਵਿਧਾਵਾਂ ਬਾਰੇ ਵੀ ਕੁਝ ਚਾਨਣਾ ਪਾਓ। ਕੀ ਕੈਨੇਡਾ ਵਿਚ ਹੋਰ ਵਿਧਾਵਾਂ ਭਾਵ ਕਵਿਤਾ, ਵਾਰਤਕ, ਨਾਵਲ ਆਦਿ ਤੇ ਵੀ ਚੰਗਾ ਕੰਮ ਹੋਇਆ ਹੈ?**

– ਜੀ ਬਿਲਕੁਲ ਹੋ ਰਿਹਾ ਹੈ। ਵਾਰਤਕ ਘਟ ਲਿਖੀ ਜਾ ਰਹੀ ਹੈ ਪਰ ਜਿਤਨੀ ਵੀ ਲਿਖੀ ਗਈ ਉਤਮ ਦਰਜੇ ਦੀ ਲਿਖੀ ਗਈ। ਕਵਿਤਾ ਬਾਰੇ ਤਾਂ ਬਹੁਤ ਕੁਝ ਕਹਿਣ ਲਿਖਣ ਲਈ ਹੈ ਤੇ ਬਹੁਤ ਵਧੀਆ ਲਿਖੀ ਗਈ ਤੇ ਲਿਖੀ ਜਾ ਰਹੀ ਹੈ। ਇਸ ਤਰ੍ਹਾਂ ਹੀ ਨਾਵਲ ਵੀ ਬੜੇ ਚੰਗੇ ਲਿਖੇ ਗਏ। ਜਿਨ੍ਹਾਂ ਵਿਚ ਇਤਿਹਾਸ ਵੀ ਸਾਂਭਿਆ ਗਿਆ।

**? ਕੈਨੇਡਾ ਦੇ ਪੰਜਾਬੀ ਲੇਖਕਾਂ ਅਤੇ ਕਨੇਡੀਅਨ ਲੇਖਕਾਂ ਜਾਂ ਹੋਰ ਭਾਸ਼ਾਵਾਂ ਦੇ ਲੇਖਕਾਂ ਵਿਚਾਲੇ ਕੋਈ ਤਾਲ-ਮੇਲ ਹੈ?**

– ਇਹ ਕੋਈ ਤਸਲੀ ਵਾਲੀ ਗੱਲ ਨਹੀ ਹੈ। ਜਿਤਨਾ ਹੋਣਾ ਚਾਹੀਦਾ ਹੈ, ਨਹੀਂ ਹੈ। ਸਾਡੇ ਕਈ ਲੇਖਕ ਨੈਸ਼ਨਲ ਲੈਵਲ ਦੇ ਕੈਨੇਡੀਅਨ ਲੇਖਕਾਂ ਦੀ ਸੰਸਥਾ ਦੇ ਮੈਂਬਰ ਹਨ। ਉਨ੍ਹਾਂ ਦਾ ਰਾਬਤਾ ਵੀ ਹੈ ਪਰ ਆਮ ਤੌਰ ਤੇ ਸੰਸਥਾਵਾਂ ਵਿਚ ਉਨ੍ਹਾਂ ਦੀ ਸ਼ਮੂਲੀਅਤ ਨਾਂਹ ਦੇ ਬਰਾਬਰ ਹੈ। ਇਸ ਮਾਮਲੇ ਤੇ ਪੰਜਾਬੀ ਸੰਸਥਾਵਾਂ ਨੂੰ ਧਿਆਨ ਦੇਣ ਦੀ ਲੋੜ ਹੈ।

**? ਕੈਨੇਡਾ ਵਿਚ ਪੱਤਰਕਾਰੀ ਦੀ ਕੀ ਭੂਮਿਕਾ ਰਹੀ ਹੈ? ਕੀ ਤੁਸੀਂ ਸਮਝਦੇ ਹੋ ਕਿ ਪੰਜਾਬੀ ਪੱਤਰਕਾਰੀ ਵੀ ਕੈਨੇਡੀਅਨ ਮੁੱਖ ਧਾਰਾ ਨਾਲ ਵਰ ਮੇਚ ਕੇ ਕਦੀ ਤੁਰ ਪਾਏਗੀ?**

– ਇਸਦਾ ਜੁਆਬ ਤਾਂ ਸਹੀ ਸੰਦਰਭ ਵਿਚ ਕੋਈ ਪੱਤਰਕਾਰ ਹੀ ਦੇ ਸਕਦਾ ਹੈ। ਮੈਂ ਤੇ ਜੇ ਕੁਝ ਕਿਹਾ ਵੀ ਤਾਂ ਉਸਦਾ ਅਧਾਰ ਸੁਣੀ ਸੁਣਾਈ ਗੱਲ ਹੀ ਹੋਵੇਗਾ। ਸੁਣਦੇ ਹਾਂ ਕਿ ਪੱਤਰਕਾਰੀ ਨੂੰ ਕਾਰਪੋਰੇਸ਼ਨਜ਼ ਕੰਟਰੋਲ ਕਰਦੀਆਂ ਹਨ ਤੇ ਉਸੇ ਹਿਸਾਬ ਨਾਲ ਹੀ ਕਵਰ ਕਰਦੀਆਂ ਹਨ ਜਿਵੇਂ ਉਨਾਂ ਦੇ ਆਕਾ ਚਾਹੁੰਦੇ ਹਨ। ਪਰ ਮੇਰੀ ਸੁਣੀ ਸੁਣਾਈ ਤੇ ਵਿਸ਼ਵਾਸ਼ ਨਾ ਕਰਿਉ। *

**Add. KULJIT MAAN**,
32 VIEW CREST CIRCLE, ETOBICOKE, ONTARIO, M 9 W 7 G 5,
CANADA, Ph.4162138715
**Add. Balbir Sanghera** ,
1266, ROPER DRIVE ,MILTON, ONTARIO, L 9 T 6 E 6,
CANADA, Ph. 9058786499

## ਕਹਾਣੀ / ਦਿੱਸ ਹੱਦੇ ਤੋਂ ਪਾਰ / ਇੱਛੂਪਾਲ

ਨਸ਼ੇ ਵਿਚ ਗੁੱਟ ਧੀ ਨੂੰ ਵੇਖ ਕੇ ਸ਼ੁਬਨ ਕਾਕਾ ਨੂੰ ਕੋਈ ਅਚੰਭਾ ਨਹੀਂ ਹੋਇਆ। ਇਹ ਰੋਜ਼ ਦੀ ਗੱਲ ਸੀ। ਉਹਨੇ ਪਹਿਲਾਂ ਹੀ ਗੇਟ ਨੂੰ ਅੱਧਾ ਖੁੱਲ੍ਹਾ ਛੱਡਿਆ ਸੀ। ਉਹ ਅਜੇ ਵੀ ਧੀ ਦੀ ਉਡੀਕ 'ਚ ਲਾਨ ਵਿਚ ਟਹਿਲ ਰਿਹਾ ਸੀ। ਕਾਰ ਦਾ ਹਾਰਨ ਵਜਦੇ ਸਾਰ ਹੀ ਉਹ ਨੇ ਦੌੜ ਕੇ ਗੇਟ ਖੋਲ੍ਹਿਆ। ਫਿਰ ਵੀ ਗੇਟ ਦੇ ਇਕ ਪਾਸੇ ਨਾਲ ਕਾਰ ਦਾ ਬੰਪਰ ਲਗ ਗਿਆ ਸੀ। ਗੇਟ ਨੂੰ ਖੁੱਲ੍ਹਾ ਛੱਡ ਕੇ ਉਹ ਕਾਰ ਵੱਲ ਦੌੜਿਆ। ਉਹਦੀ ਕੁੜੀ ਕਾਰ ਨੂੰ ਠੀਕ ਤਰ੍ਹਾਂ ਪਾਰਕ ਵੀ ਨਹੀਂ ਕਰ ਪਾ ਰਹੀ। ਅੱਗੇ ਵਧ ਕੇ ਉਹਨੇ ਮਦਦ ਕਰਨੀ ਚਾਹੀ ਤਾਂ ਉਹਦੀ ਧੀ ਬਰਸ ਪਈ।

"ਪਿੱਛੇ ਹੋ ਜਾ ਮਿਸਟਰ ਸ਼ੁਬਨ ਕਾਕਾ... ਕਾਕ ਸਾਹਿਬ ਮੈਂ ਕੀ ਤੈਨੂੰ ਸ਼ਰਾਬੀ ਲਗਦੀ ਹਾਂ।" ਉਂਝ ਉਹਨੂੰ ਸਹਾਰੇ ਦੀ ਲੋੜ ਸੀ। ਫਿਰ ਵੀ ਉਹਨੇ ਬਾਪ ਨੂੰ ਪਿੱਛੇ ਰਹਿਣ ਨੂੰ ਕਿਹਾ। ਉਹ ਨਿਮੋਝੂਣ ਹੋਇਆ ਉੱਥੇ ਹੀ ਖਲੋਤਾ ਰਿਹਾ। ਕਈ ਤਰ੍ਹਾਂ ਦੇ ਸਵਾਲ ਉਹਦੇ ਜ਼ਿਹਨ 'ਚ ਹਥੌੜੇ ਵਾਂਗ ਵਜਦੇ ਰਹੇ। ਉਹਨੇ ਦੋਹਾਂ ਹੱਥਾਂ ਨਾਲ ਆਪਣੇ ਕੰਨ ਬੰਦ ਕੀਤੇ ਪਰ ਫਿਰ ਵੀ ਸਵਾਲਾਂ ਨੇ ਉਹਦਾ ਪਿੱਛਾ ਨਹੀਂ ਛੱਡਿਆ। ਉਹਦੇ ਸਾਹਮਣੇ ਕੁੜੀ ਧੱਕੇ ਮੁੱਕੇ ਖਾਂਦੀ ਹੋਈ ਆਪਣੇ ਕਮਰੇ ਵੱਲ ਵੱਧ ਰਹੀ ਸੀ। ਕਮਰੇ 'ਚ ਅਪੜ ਕੇ ਉਹ ਧੜਾਮ ਕਰ ਕੇ ਪਲੰਘ ਤੇ ਪਈ। ਉਹਨੇ ਗੇਟ ਬੰਦ ਕੀਤਾ। ਕਾਰ ਦੀਆਂ ਸਾਰੀਆਂ ਖਿੜਕੀਆਂ ਖੋਲ੍ਹੀਆਂ ਬੜੀ ਬੁਰੀ ਦੁਰਗੰਧ ਦੀ ਹਵਾੜ ਉਹਨੇ ਮਹਿਸੂਸ ਕੀਤੀ।

ਉਹ ਬੜੇ ਹੀ ਮੋਹ ਨਾਲ ਕੋਠੀ ਨੂੰ ਵੇਖ ਰਿਹਾ ਸੀ। ਕੋਠੀ ਦੀ ਉਸ ਸ਼ਾਨ ਨੂੰ ਉਸ ਅਹੁਦੇ ਨੂੰ ਜਿਸ ਤੋਂ ਉਹ ਸੇਵਾ ਮੁਕਤ ਹੋਇਆ ਸੀ। ਕਿੰਨੇ ਹੀ ਲੋਕ ਉਹਦੇ ਦਰ 'ਤੇ ਮਿਲਣ ਆਉਂਦੇ। ਉਹਨੇ ਕਦੀ ਵੀ ਇੰਨਾ ਮਾਣ ਨਹੀਂ ਸੀ ਕੀਤਾ। ਕਿਸੇ ਅੱਗੇ ਝੁੱਕਿਆ ਵੀ ਨਹੀਂ। ਆਪਣੇ ਕਮਰੇ ਅੰਦਰ ਜਾਣ ਤੋਂ ਪਹਿਲਾਂ ਉਹਨੇ ਕੁੜੀ ਨੂੰ ਵੇਖਣਾ ਚਾਹਿਆ। ਕੁੜੀ ਦੇ ਸਾਰੇ ਕਪੜੇ ਸ਼ਰਾਬ ਨਾਲ ਗਿੱਲੇ ਹੋਏ ਪਏ ਸਨ। ਜਿਵੇਂ ਸ਼ਰਾਬ ਨਾਲ ਨਹਾ ਕੇ ਆਈ ਹੋਵੇ। ਕਲੱਬ ਵਿਚ ਉਹਦਾ ਕਿਹੜਾ ਕਿਹੜਾ ਦੋਸਤ ਹੈ ਜਾਂ ਕਿਸ ਕਿਸ ਕੁੜੀ ਨਾਲ ਉਹਦਾ ਉੱਠਣਾ ਬੈਠਣਾ ਹੈ, ਉਹ ਜਾਣਦਾ ਸੀ। ਉਹਦੇ ਮਨ੍ਹਾ ਕਰਨ ਤੇ ਵੀ ਉਹ ਨਹੀਂ ਸੀ ਮੁੜੀ। ਉਹਨੇ ਅਜੇ ਕੁੜੀ ਦੇ ਕਮਰੇ 'ਚ ਪੈਰ ਧਰਿਆ ਹੀ ਸੀ ਕਿ ਇਕ ਗਰਜਵੀਂ ਆਵਾਜ਼ ਦਾ ਸਾਮਣਾ ਕਰਨਾ ਪਿਆ।

"ਮਿਸਟਰ ਸ਼ੁਬਨ ਜੀ, ਇੰਜੀਨੀਅਰ ਸਾਹਿਬ। ਇਹ ਕਮਰਾ ਇਕ ਮਹਿਲਾ ਦਾ ਹੈ। ਇਸ ਕਮਰੇ ਅੰਦਰ ਆਣ ਤੋਂ ਪਹਿਲਾਂ ਨਾਕ ਕਰਨੀ ਬਹੁਤ ਜ਼ਰੂਰੀ ਹੈ। ਕੀ ਵੇਖਣਾ ਚਾਹੁੰਦੇ ਸੀ? ਮੇਰੇ ਤਨ ਤੇ ਕਪੜੇ ਹੈ ਵੀ ਨੇ ਜਾਂ ਨਹੀਂ। ਇਹ ਕਪੜੇ ਗਿੱਲੇ ਨੇ ! ਕਿਸ ਨਾਲ ਹੋਏ ਨੇ? ਕੀ ਫ਼ਰਕ ਪੈਂਦਾ ਹੈ। ਇਹ ਜਾਨਣ ਦੀ ਲੋੜ ਤੁਹਾਨੂੰ ਨਹੀਂ ਹੈ। ਸਮਝੇ।"

ਉਹ ਕਮਰੇ ਦੇ ਦਰਵਾਜ਼ੇ ਨਾਲ ਦਰਵਾਜ਼ਾ ਹੋਇਆ ਜਿਵੇਂ ਉਥੇ ਹੀ ਜੁੜ ਗਿਆ ਸੀ। ਜਿਵੇਂ ਦਰਵਾਜ਼ੇ ਦਾ ਕੁੰਡਾ ਹੋਵੇ। ਅੰਦਰਲਾ ਕੁੰਡਾ ਜਿਹੜੇ ਕਮਰੇ ਅੰਦਰ ਦੇ ਹਰ ਨੰਗੇਜ਼ ਨੂੰ ਵੇਖੀ ਜਾ ਰਿਹਾ ਸੀ। ਕੁੜੀ ਪਲੰਘ ਤੇ ਕੇਵਲ ਕਲ ਵਲ ਕਰ ਰਹੀ ਸੀ। ਸਿਰ ਹਿਲਾਂਦੀ ਬੁੜ ਬੁੜ ਕਰਦੀ ਹੋਈ। ਸਰਾਹਣੇ ਹੇਠੋਂ ਰਸਾਲਾ ਕੱਢਿਆ ਰਸਾਲੇ ਦੇ ਟਾਇਟਲ ਪੇਜ 'ਤੇ ਅੱਧ ਨੰਗੀ ਕਿਸੇ ਕਾਲ ਗਰਲ ਦੀ ਤਸਵੀਰ ਛਪੀ ਸੀ। ਤਸਵੀਰ ਨੂੰ ਚੁੰਮਣ ਲੱਗੀ।

"ਤੂੰ ਚੰਗੀ ਏ। ਆਪਣੀ ਮਰਜ਼ੀ ਦੀ ਮਾਲਿਕ। ਵਖਰੇ ਫਲੈਟ 'ਚ ਰਹਿੰਦੀ ਏਂ। ਤੇਰੀਆਂ ਤਸਵੀਰਾਂ ਕਿੱਥੇ ਕਿੱਥੇ ਨਹੀਂ ਛਪਦੀਆਂ। ਚੰਗੀ ਖਾਸੀ ਰਕਮ ਬਣਾ ਲੈਂਦੀ ਏਂ। ਆਪਣੇ ਮਨ ਪਸੰਦ...। ਉਫ਼ ਇੱਥੇ ਪਹਿਲਾਂ ਆਪ ਪੜ੍ਹੋ ਤੇ ਫੇਰ ਜਾ ਕੇ ਪੜ੍ਹਾਓ। ਕਿਆ ਜ਼ਿੰਦਗੀ ਹੈ। ਸੋ-ਕਾਲਡ ਸੋਸਾਇਟੀ। ਸੋਸਾਇਟੀ ਰਿਸ਼ਤੇ ਅੰਦਰ ਬੱਝੀ ਹੋਈ। ਕੇਵਲ ਜਮ੍ਹਾਂ ਖਰਚ ਜਾਂ ਗੱਲਾਂ ਹੀ ਗੱਲਾਂ... ਬੇਹੂਦਾ...।"

ਉਹਨੇ ਉੱਥੋਂ ਪਰਤਣਾ ਹੀ ਠੀਕ ਸਮਝਿਆ। ਘਰ ਵਾਲੀ ਪਿਛਲੇ ਕਈ ਸਾਲਾਂ ਤੋਂ ਮੰਜੇ 'ਤੇ ਬੀਮਾਰ ਪਈ ਸੀ। ਅਧਰੰਗ ਦੀ ਬੀਮਾਰੀ ਨਾਲ ਜੂਝ ਰਹੀ ਸੀ। ਉਹਨੇ ਚਮਚੇ ਨਾਲ ਪਤਨੀ ਨੂੰ ਪਾਣੀ ਪਿਲਾਇਆ।



ਪਤਨੀ ਦਾ ਚਿਹਰਾ ਚੁੰਮ ਕੇ ਉਹ ਅਣ-ਮਨਿਆ ਜਿਹਾ ਉਸੇ ਪਲੰਘ ਤੇ ਲੇਟ ਗਿਆ। ਮੱਥੇ 'ਤੇ ਹੱਥ ਰੱਖ ਕੇ ਸੋਚਣ ਲੱਗ ਪਿਆ।

"ਦੋ ਬੱਚੇ ਕੁੜੀ ਤੇ ਮੁੰਡਾ। ਰੱਬ ਵੱਲੋਂ ਦਿੱਤੇ ਦੋਵੇਂ ਮੇਵੇ। ਛੋਟਾ ਪਰਿਵਾਰ। ਇੱਜ਼ਤ,ਮਾਣ। ਮੁੰਡਾ ਪੜ੍ਹ ਲਿਖ ਕੇ ਅਮਰੀਕਾ ਵਸ ਗਿਆ। ਕੁੜੀ ਸੋਸ਼ਲ ਸਾਇਸ ਵਿਭਾਗ 'ਚ ਪ੍ਰੋਫ਼ੈਸਰ ਬੱਚਿਆ ਦਾ ਭਵਿਸ਼ ਸੰਵਾਰਨ ਵਾਲੀ, ਰਾਹ ਦਸੇਰੀ, ਇਹੋ ਰਾਹ ਦਸੇਰੀ ਬੱਚਿਆ ਨੂੰ ਜਿਸ ਤੇ ਆਪ ਤੁਰੀ ਪਈ ਹੈ?" ਉਹਨੂੰ ਘਿਰਣਾ ਹੋ ਰਹੀ ਸੀ। ਆਪਣੇ ਆਪ ਨਾਲ। ਆਪਣੇ ਨਾਲ ਬਿਸਤਰੇ ਤੇ ਪਈ ਅਪਾਹਜ ਪਤਨੀ ਨਾਲ ਜਿਸ ਨੇ ਅਜਿਹੀ ਔਲਾਦ ਨੂੰ ਜਨਮ ਦਿੱਤਾ।

"ਇਸ ਔਲਾਦ ਨਾਲੋਂ ਚੰਗਾ ਸੀ। ਔਂਤਰਾ ਹੋਣਾ। ਕੋਈ ਤੇ ਆ ਕੇ ਸਾਡੇ ਤੇ ਤਰਸ ਖਾਂਦਾ। ਕੋਈ ਭਤੀਜਾ ਭਾਣਜਾ ਹੀ ਗੋਦ ਲੈ ਲੈਂਦੇ। ਸ਼ਰਮ, ਧਰਮ, ਇੱਜ਼ਤ ਮਾਣ ਆਦਿ ਜਿਹੇ ਲਫ਼ਜ਼ਾਂ ਨੂੰ ਉਹ ਕਬੂਲਦੇ...।" ਪਤਨੀ ਨੇ ਸਿਰ ਹਿਲਾਇਆ ਪਰ ਉਹ ਆਪਣੀ ਹੀ ਅੱਗ ਅੰਦਰ ਝੁਲਸ ਰਿਹਾ ਸੀ। ਮਾਣ ਮਰਯਾਦਾ। ਵੱਡੇ ਅਹੁਦੇ ਤੋਂ ਉਹ ਸੇਵਾ ਮੁਕਤ ਹੋਇਆ ਸੀ। ਪਤਨੀ ਨੇ ਮੁੜ ਉਹਨੂੰ ਕੁਝ ਕਹਿਣਾ ਚਾਹਿਆ। ਉਹ ਉੱਠਿਆ ਤੇ ਪਤਨੀ ਦੇ ਨੇੜੇ ਜਾ ਕੇ ਉਹਦੀਆਂ ਅੱਖਾਂ 'ਚ ਝਾਕਿਆ। ਉਹਦੇ ਇਸ਼ਾਰਿਆ ਨੂੰ ਸਮਝਣ ਦੀ ਕੋਸ਼ਿਸ਼ ਕਰਨ ਲੱਗਿਆ।

"ਹਾਂ ਆ ਗਈ ਹੈ। ਰਾਤ ਵੀ ਮੁਕਣ ਵਾਲੀ ਹੈ। ਆਪਣੇ ਕਮਰੇ 'ਚ ਬੇਸੁਧ ਪਈ ਹੈ। ਅੱਜ ਚੰਗੀ ਡੀਕ ਕੇ ਆਈ ਹੈ। ਹੋਰ ਵੀ ਕੁਝ ਪੁੱਛਣਾ ਚਾਹੁੰਦੀ ਏਂ... ਪੁੱਛ ਲੈ। ਇਸ ਉਮਰ 'ਚ ਇਹ ਸਜ਼ਾ ਹੈ ਮੈਨੂੰ... ਖੌਰੇ ਕਿਹੜੇ ਕਰਮਾ ਦਾ ਫ਼ਲ...।" ਉਹਦੀਆਂ ਅੱਖਾਂ ਆਪ ਮੁਹਾਰੇ ਡੁੱਲ੍ਹ ਪਈਆਂ ਸਨ। ਪਤਨੀ ਉਹਨੂੰ ਹੋਸਲਾ ਰੱਖਣ ਨੂੰ ਕਹਿ ਰਹੀ ਸੀ।

"ਬਸ ਹੁਣ ਬਰਦਾਸ਼ਤ ਨਹੀਂ ਹੁੰਦਾ। ਅੱਤ ਹੋ ਚੁੱਕੀ ਹੈ। ਇਸ ਤੋਂ ਬਾਅਦ ਕੀ ਹੋਵੇਗਾ। ਮੈਨੂੰ ਨਹੀਂ ਲਗਦਾ ਇਹ ਤੂਫ਼ਾਨ ਕਿਧਰੇ ਰੁਕੇ ਗਾ ਵੀ। ਅਸੀਂ ਇਕ ਦੂਜੇ ਨੂੰ ਸਹਾਰਾ ਦੇ ਸਕਦੇ ਹਾਂ। ਮੇਰਾ ਸਾਥ ਦੇਣ ਲਈ ਭਾਵੇਂ ਤੂੰ ਬਿਸਤਰੇ ਤੇ ਹੀ ਲੇਟੀ ਰਹਿ। ਤੈਨੂੰ ਛੱਡ ਕੇ ਮੈਂ ਕਿਧਰੇ ਨਹੀਂ ਜਾਂਦਾ। ਮੈਨੂੰ ਕਿਸੇ ਤੇ ਭਰੋਸਾ ਵੀ ਨਹੀਂ। ਤੇਰੇ ਸੱਦੇ ਸਾਰੇ ਰਿਸ਼ਤੇਦਾਰ ਆ ਜਾਂਦੇ ਨੇ... ਇਸ ਲਈ ਹਿੰਮਤ ਕਰ ਆਪਣੇ ਅੰਦਰ ਦੀ ਤਾਕਤ ਨੂੰ ਇਕੱਠਾ ਕਰ। ਇਹ ਮਨ ਦੀ ਤਾਕਤ ਹੈ ਜਿਹੜੀ ਇਨਸਾਨ ਨੂੰ ਹਿੰਮਤ ਦੇਂਦੀ ਹੈ।" ਉਹਨੇ ਪਤਨੀ ਨੂੰ ਥੋੜ੍ਹਾ ਦੁੱਧ ਤੇ ਦਵਾਈ ਪਿਲਾਈ। ਮੁੜ ਸੋਣ ਲਈ ਜਤਨ ਕਰਨ ਲੱਗਾ। ਪਰ ਨੀਂਦ ਤੇ ਸੱਚ ਮੁੱਚ ਹੀ ਉਹਦੀਆਂ ਅੱਖਾਂ 'ਚੋਂ ਕਿਧਰੇ ਗੁਆਚ ਗਈ ਸੀ। ਰਹਿ ਰਹਿ ਕੇ ਸੋਚਦਾ ਕੇਹੀ ਔਲਾਦ ਨਾਲ ਪਾਲਾ ਪਿਆ ਹੈ। ਉਹਨੂੰ ਯਾਦ ਆਈ ਆਪਣੀ ਨੌਕਰੀ ਦੌਰਾਨ ਉਹਦਾ ਵਾਸਤਾ ਵੀ ਇਕ ਵਿਗੜੀ ਹੋਈ ਔਰਤ ਨਾਲ ਪਿਆ ਸੀ। ਖੜੰਗ ਜਿਹੀ, ਬੇਬਾਕ, ਹਾਜ਼ਰ ਜਵਾਬੀ ਦੀ ਮਿਸਾਲ। ਹਰ ਕੋਈ ਉਸ ਨੇੜੇ ਜਾਣ ਤੋਂ ਕਤਰਾਂਦਾ ਸੀ। ਪਰ ਉਹਦੀ ਮਨਿਸਟਰ ਨਾਲ ਚੰਗੀ ਬਣਦੀ ਸੀ। ਕਮਿਸ਼ਨਰ, ਹਰ ਆਫ਼ੀਸਰ ਤੋਂ ਕੰਮ ਲੈਣਾ ਜਾਣਦੀ ਸੀ। ਉਹਨੂੰ ਵੀ ਮਰਦਾਂ ਨਾਲ ਨਫ਼ਰਤ ਸੀ। ਇਸ ਗੱਲ ਦੀ ਭਿਣਕ ਉਹਨੂੰ ਆਪਣੇ ਵਿਭਾਗ ਦੇ ਅਫ਼ਸਰਾਂ ਤੋਂ ਉਪਰੰਤ ਹੋਰ ਵੀ ਬਹੁਤਿਆਂ ਨੇ ਦਿੱਤੀ ਸੀ। ਉਹ ਛੜੀ ਛੜਾਂਗ ਵੱਖਰੀ ਆਪਣੀ ਨੌਕਰਾਣੀ ਨਾਲ ਰਹਿੰਦੀ ਸੀ। ਆਪਣੇ ਭਰਾ ਤੋਂ ਵੀ ਵੱਖਰੀ। ਮਾਂ ਬਾਪ ਦੇ ਬਹੁਤਾ ਕਹਿਣ ਤੇ ਵੀ ਵਿਆਹ ਨਹੀਂ ਸੀ ਕੀਤਾ। ਸ਼ਹਿਰ ਦੇ ਵੱਡੇ ਤੋਂ ਵੱਡੇ ਘਰਾਂ ਦੇ ਰਿਸ਼ਤੇ ਠੁਕਰਾ ਦਿੱਤੇ ਸਨ। ਹਾਂ ਬਿਰਾਦਰੀ ਭਾਈ ਚਾਰੇ 'ਚ ਬਿਲਕੁਲ ਇਕ ਮਰਦ ਵਾਂਗ ਨਿਤਰਦੀ ਸੀ। ਆਪਣੀ ਨਿੱਜੀ ਜ਼ਿੰਦਗੀ ਤੇ ਨਿੱਜ 'ਚ ਕਿਸੇ ਦਾ ਦਖ਼ਲ ਉਸ ਤੋਂ ਬਰਦਾਸ਼ਤ ਨਹੀਂ ਸੀ ਹੁੰਦਾ। ਖੜੰਗ ਦੋ ਟੂਕ ਜਵਾਬ ਦੇਣ ਦੇ ਨਾਲ ਨਾਲ ਅਗਲੇ ਦੀ ਬੋਲਤੀ ਬੰਦ ਕਰ ਦੇਂਦੀ। ਮੇਲ ਮਿਲਾਪ ਘਟ ਹੀ ਰੱਖਦੀ। ਇਥੋਂ ਤੱਕ ਕਿ ਆਪਣੇ ਸਹਿਪਾਠੀ ਦੋਸਤਾਂ ਨੂੰ ਵੀ ਘਾਹ ਨਹੀਂ ਸੀ ਪਾਉਂਦੀ। ਤਿਓਹਾਰ ਭਾਵੇਂ ਆਪਣੇ ਭਰਾ ਤੇ ਉਨ੍ਹਾਂ ਦੇ ਬੱਚਿਆਂ ਨਾਲ ਰਲ ਕੇ ਮਨਾਉਂਦੀ ਸੀ।

ਜਦੋਂ ਉਹਦੇ ਕਹਿਣ ਤੇ ਉਹ ਕਮਿਸ਼ਨਰ ਦੇ ਘਰ ਪਹੁੰਚਿਆ ਤਾਂ ਉਹ ਪੂਜਾ ਕਰ ਰਹੀ ਸੀ। ਉਹਨੇ ਨੋਕਰਾਣੀ ਹੱਥ ਸੁਨੇਹਾ ਘੱਲ ਦਿੱਤਾ ਸੀ। ਕੋਠੀ ਦੇ ਲਾਨ 'ਚ ਉਹ ਚੱਕਰ ਲਾਉਣ ਲੱਗ ਪਿਆ। ਮੈਡਮ ਆਪ ਲਾਨ 'ਚ ਆ ਕੇ ਉਹਨੂੰ ਇੱਜ਼ਤ ਨਾਲ ਆਪਣੇ ਬੈੱਡ ਰੂਮ 'ਚ ਲੈ ਗਈ। ਉਹ ਥੋੜਾ ਜਿਹਾ ਹੈਰਾਨ ਵੀ

ਹੋਇਆ ਉਹ ਤੇ ਮੈਡਮ ਨੂੰ ਕੇਵਲ ਆਪਣੇ ਵਿਭਾਗ ਦੇ ਅਫ਼ਸਰਾਂ ਰਾਹੀਂ ਜਾਣਦਾ ਸੀ। ਸੁਣੀਆਂ ਸੁਣਾਈਆਂ ਗੱਲਾਂ। ਉਂਝ ਉਹਦੀ ਮੈਡਮ ਦੇ ਭਰਾ ਨਾਲ ਵੀ ਗੂੜ੍ਹੀ ਮਿੱਤਰਤਾ ਸੀ। ਪਰ ਮੈਡਮ ਦਾ ਭਰਾ ਵੀ ਭੈਣ ਤੋਂ ਦੁੱਖੀ ਹੀ ਲਗਿਆ ਸੀ। ਉਹਨੇ ਮੈਡਮ ਪ੍ਰਤੀ ਕਦੀ ਵੀ ਉਹਦੇ ਭਰਾ ਤੋਂ ਕੁਝ ਜਾਨਣ ਦੀ ਕੋਸ਼ਿਸ਼ ਨਾ ਕੀਤੀ। ਉਹ ਸੋਫ਼ੇ ਦੇ ਬੈਠ ਗਿਆ। ਮੈਡਮ ਐਨ ਉਹਦੇ ਸਾਹਮਣੇ ਕੁਰਸੀ ਤੇ ਆ ਬੈਠੀ। ਮੈਡਮ ਸੁੱਕੀ ਸੜੀ ਜੀ ਲੰਮ ਤੜੰਗ ਖ਼ਾਖ਼ਾਂ ਅੰਦਲ ਨੂੰ ਧਸੀਆਂ ਹੋਈਆਂ, ਖਿਲਰੇ ਵਾਲ਼, ਅੱਖਾਂ ਦੁਆਲੇ ਕਾਲੇ-ਕਾਲੇ ਧੱਬੇ। ਚਿਹਰਾ ਛਾਈਆਂ ਨਾਲ ਭਰਿਆ ਹੋਇਆ। ਢਿੱਲੀ ਜਿਹੀ ਨਾਈਟੀ 'ਚ ਮੈਡਮ ਜਿਵੇਂ ਅਜਾਇਬ ਘਰ 'ਚ ਬੋਲ ਰਹੀ ਕੋਈ ਮੂਰਤੀ ਹੋਵੇ। ਚਲਦੀ ਫਿਰਦੀ ਮੂਰਤੀ। ਉਹਨੂੰ ਮੈਡਮ 'ਚ ਕੋਈ ਵੀ ਔਰਤ ਵਰਗੀ ਕਸ਼ਿਸ਼ ਜਾਂ ਔਰਤਪਨ ਨਹੀਂ ਸੀ ਦਿਸ ਰਿਹਾ। ਜੇਕਰ ਮੈਡਮ ਨਾ ਬੋਲਦੀ ਤਾਂ ਉਹ ਆਪਣੇ ਆਪ ਨੂੰ ਕਿਸੇ ਅਜਾਇਬ ਘਰ 'ਚ ਮਹਿਸੂਸ ਕਰ ਰਿਹਾ ਸੀ। ਉਹਨੇ ਮੈਡਮ ਸਬੰਧੀ, ਮੈਡਮ ਦਾ ਗੁੱਸਾ, ਰੁੱਖਾ ਪਨ, ਖੜੰਗ ਸੁਭਾਅ ਤੇ ਗੁੱਸਾ ਹਮੇਸ਼ਾ ਨੱਕ ਦੀ ਨੋਕ ਤੇ ਸੁਣ ਰੱਖਿਆ ਸੀ।

ਘਰ ਦੇ ਵਰਾਂਡੇ ਤੋਂ ਅੰਦਰ ਕਿਸੇ ਨੂੰ ਆਉਣ ਨਾ ਦੇਣਾ। ਦਫ਼ਤਰ ਵਿਚ ਉਹ ਹਰ ਕਿਸੇ ਨੂੰ ਸੁਣਦੀ ਅਤੇ ਹਰ ਕੰਮ ਨੂੰ ਛੇਤੀ ਤੋਂ ਛੇਤੀ ਨਿਭਾਣ ਦੀ ਕੋਸ਼ਿਸ਼ ਕਰਦੀ। ਅਗਲੇ ਦੇ ਮੂੰਹ 'ਚੋਂ ਗੱਲ ਖੋਹ ਲੈਂਦੀ ਅਤੇ ਉਹਦੇ ਹਲ ਸੰਬੰਧੀ ਪੂਰੀ ਜਾਣਕਾਰੀ ਦੇ ਦੇਂਦੀ। ਉਹਨੂੰ ਕਦੀ ਵੀ ਕਿਸੇ ਸਹਾਇਕ ਤੋਂ ਪੁਛਣ ਦੀ ਲੋੜ ਨਹੀਂ ਸੀ ਪੈਂਦੀ। ਉਹ ਮਨ ਹੀ ਮਨ ਅੰਦਰ ਲੋਕਾਂ ਦੀਆਂ ਕਹੀਆਂ ਹੋਈਆਂ ਤੇ ਉਸ ਨਾਲ ਚੰਗੇ ਵਰਤਾਓ ਦੀ ਤੁਲਨਾ ਕਰ ਰਿਹਾ ਸੀ। ਇਹੋ ਕਾਰਣ ਸੀ ਕਿ ਉਹ ਮੈਡਮ ਦੇ ਲਾਨ 'ਚ ਹੀ ਟਹਿਲਦਾ ਰਿਹਾ ਸੀ। ਮੈਡਮ ਨੇ ਸਲਿਪ ਬੁਕ ਤੇ ਪੈਨ ਟੇਬਲ ਤੇ ਧਰ ਦਿੱਤਾ। ਨੌਕਰਾਣੀ ਦੋ ਗਲਾਸ ਜੂਸ ਦੇ ਵੀ ਟੇਬਲ ਤੇ ਰੱਖ ਗਈ। ਜੂਸ ਦੀਆਂ ਚੁਸਕੀਆਂ ਨਾਲ ਮੈਡਮ ਨੇ ਸਾਰੇ ਪ੍ਰਾਜੈਕਟ ਦਾ ਇਕ ਇਕ ਹਰਫ਼ ਚਰਾਇਆ। ਇਸ ਵਿਚਲੀਆਂ ਕਈ ਖ਼ਾਮੀਆਂ ਨੂੰ ਵੀ ਗਿਣ ਲਿਆ। ਨਾਲ ਨਾਲ ਮੈਡਮ ਸਲਿਪ ਬੁੱਕ ਤੇ ਸਕੈਚ ਵੀ ਬਣਾਉਂਦੀ ਰਹੀ। ਉਹ ਕਦੀ ਮੈਡਮ ਨੂੰ ਕਦੀ ਸਲਿਪ ਬੁੱਕ ਤੇ ਬਣੇ ਇਨ ਬਿਨ ਸਕੈਚ ਨੂੰ ਵੇਖੀ ਜਾ ਰਿਹਾ ਸੀ। ਮਨ ਹੀ ਮਨ ਮੈਡਮ ਦੀ ਪ੍ਰਸ਼ੰਸ਼ਾ ਕਰ ਰਿਹਾ ਸੀ।

"ਕੁਛ ਤੋ ਬਾਤ ਹੈ?" ਉਹਦੇ ਮੂੰਹੋਂ ਬੇ ਸਾਖਤਾ ਨਿਕਲ ਗਿਆ। ਜਿਸ ਪ੍ਰਾਜੈਕਟ ਨੂੰ ਉਹਦੇ ਸਾਥੀਆਂ ਵੱਲੋਂ ਤਿਆਰ ਕਰਨ ਲਈ ਕਈ ਮਹੀਨੇ ਲੱਗੇ ਸਨ। ਉਸ ਨੂੰ ਮੈਡਮ ਨੇ ਦੋ ਟੁਕ ਲਕੀਰਾਂ ਅੰਦਰ ਸਲਿਪ ਬੁੱਕ ਤੇ ਤਿਆਰ ਕਰ ਦਿੱਤਾ।

ਇਹ ਪ੍ਰਾਜੈਕਟ ਠੀਕ ਹੈ। ਬਿਲਕੁਲ ਠੀਕ ਜਿਹੜਾ ਤੁਸੀਂ ਮੇਰੇ ਦਫ਼ਤਰ ਘੱਲਿਆ ਸੀ। ਮੈਂ ਤੁਹਾਡੀ ਕਲਮ ਦੀ ਵੀ ਸ਼ੈਦਾਈ ਹਾਂ। ਤੁਸੀਂ ਸਾਡੇ ਮਨੇ ਪ੍ਰਮੰਨੇ ਵਿਚੋਂ ਗਿਣੇ ਜਾਂਦੇ ਹੋ। ਕਦੀ ਕਦੀ ਆਦਮੀ ਅਵੇਸਲੇਪਨ 'ਚ ਚੰਗੇ ਮਾੜੇ ਦਾ ਧਿਆਨ ਨਹੀਂ ਰੱਖਦਾ। ਇਹੋ ਜਿਹੀ ਕੋਤਾਹੀ ਅਸੀਂ ਵੀ ਕਰ ਜਾਂਦੇ ਹਾਂ। ਪਰ ਇਹ ਪ੍ਰਾਜੈਕਟ ਖਾਸ ਮਿੱਥਿਆ ਗਿਆ ਹੈ। ਇਸ ਸਬੰਧੀ ਤੁਹਾਡੇ ਨਾਲ ਗੱਲ ਕਰਨ ਦਾ ਮੇਰਾ ਕੁਝ ਮਕਸਦ ਹੈ। ਇਸ ਗੱਲ ਤੇ ਅਸੀਂ ਦਫ਼ਤਰਾਂ 'ਚ ਬੈਠ ਕੇ ਵਿਚਾਰ ਵਟਾਂਦਰਾ ਨਹੀਂ ਸੀ ਕਰ ਸਕਦੇ। ਇਸ ਲਈ ਤੁਹਾਨੂੰ ਤਕਲੀਫ਼ ਦਿੱਤੀ ਹੈ।" ਕੁਝ ਦੇਰ ਤੱਕ ਉਹ ਚੁਪ ਰਹੀ। ਆਪਣੇ ਬਣਾਏ ਸਕੈਚ ਨੂੰ ਵਾਚਦੀ ਰਹੀ ਮੁੜ ਬੋਲ ਪਈ।

"ਅਸਲ 'ਚ ਕਾਕਾ ਸਾਹਿਬ ਪ੍ਰਾਜੈਕਟ ਬਣਦੇ ਨੇ ਕਾਗਜ਼ਾ 'ਚ ਤੇ ਇਨ੍ਹਾਂ ਦਾ ਲਾਭ ਕੁਝ ਕੁ ਲੋਕ ਚੁਕਦੇ ਨੇ। ਮੈਂ ਚਾਹੁੰਦੀ ਹਾਂ ਇਸ ਦਾ ਸੰਪੂਰਨ ਲਾਭ ਸਾਡੀ ਰਿਆਸਤ ਦੇ ਲੋਕ ਚੁਕਣ। ਇਹ ਦੀ ਪਰਵਾਨਗੀ ਲਈ ਮੈਂ ਆਪਣਾ ਅਸਰ ਰਸੂਖ ਵਰਤ ਲਵਾਂ ਗੀ। ਇਹ ਮੇਰਾ ਜ਼ਾਤੀ ਵਿਸ਼ਵਾਸ ਹੈ। ਤੁਸੀਂ ਜਿੱਥੇ ਇਕ ਜ਼ਿੰਮੇਦਾਰੀ ਦੀ ਕੁਰਸੀ ਤੇ ਬੈਠੇ ਹੋ ਉਥੇ ਤੁਸੀਂ ਮੇਰੇ ਛੋਟੇ ਭਰਾ ਵੀ ਹੋ। ਮੇਰੇ ਭਰਾ ਦੇਵ ਦੇ ਦੋਸਤ। ਤੁਹਾਡੀ ਦੋਸਤੀ ਦੇ ਕਿੱਸੇ ਮੈਂ ਜਾਣਦੀ ਹਾਂ। ਤੁਹਾਡੇ ਵਿਭਾਗਾਂ ਦੇ ਦੂਰ ਦਰਾਜ਼ ਦੇ ਰੈਸਟ ਹਾਉਸਾਂ ਅੰਦਰ ਤੁਸੀਂ ਕਿਹੜੇ ਕਿਹੜੇ ਗੁੱਲ ਖਿਡਾਉਂਦੇ ਰਹੇ ਹੋ। ਉਹ ਤੁਹਾਡਾ ਜ਼ਾਤੀ ਮਸਲਾ ਸੀ। ਪ੍ਰੰਤੂ ਇਹ ਮਸਲਾ ਬੜਾ ਹੀ ਦੇਣਦਾਰੀ ਦਾ ਹੈ। ਮੈਂ ਚਾਹੁੰਦੀ ਹਾਂ ਤੁਸੀਂ ਇਸ ਦੀ ਨਿਰਮਾਣਕਾਰੀ 'ਚ ਉਨੀਂ ਹੀ ਦਿਲਚਸਪੀ ਲਵੋਂ ਗੇ ਜਿਵੇਂ ਬੱਚਿਆਂ ਦੇ ਪਾਲਣ ਪੋਸਣ 'ਚ। ਇਹ ਮੇਰਾ ਮਕਸਦ ਹੈ। ਇਕ ਵਿਭਾਗੀ ਕਰਮਚਾਰੀ ਦਾ ਨਹੀਂ ਸਗੋਂ ਇਹ ਔਰਤ ਦਾ।



ਇਸ ਲਈ ਮੈਂ ਤੁਹਾਨੂੰ ਇੱਥੇ ਬੁਲਾਇਆ ਹੈ। ਮੈਂ ਚਾਹੁੰਦੀ ਹਾਂ ਇਹ ਦਾ ਲਾਭ ਸਾਡੇ ਲੋਕ ਚੁੱਕਣ। ਇਹ ਪ੍ਰਾਜੈਕਟ ਲੋਕ ਹਿੱਤੀ ਬਣੇ। ਮੈਂ ਤੁਹਾਡੇ ਹਰ ਰਿਸ਼ਤੇ ਤੋਂ ਬਾਹਰ ਹਾਂ। ਮੇਰਾ ਤੇ ਤੁਹਾਡਾ ਰਿਸ਼ਤਾ ਕੇਵਲ ਦਫ਼ਤਰੀ ਅਤੇ ਨਿਰਾ ਦਫ਼ਤਰ ਦੀ ਚਾਰ ਦੀਵਾਰੀ ਅੰਦਰ ਪਈਆਂ ਫ਼ਾਇਲਾ ਨਾਲ ਹੈ। ਮੈਨੂੰ ਆਸ ਹੈ ਜਿੱਥੇ ਤੁਸੀਂ ਬਾਹਰ ਰਹਿ ਕੇ ਸਾਥ ਨਿਭਾਓ ਗੇ ਮੈਂ ਉਥੇ ਅੰਦਰ ਬੈਠ ਕੇ ਇਸ ਮਕਸਦ ਲਈ ਦ੍ਰਿੜ ਰਹਾਂਗੀ।

ਉਹ ਮੈਡਮ ਦੀ ਹਰ ਗੱਲ ਨੂੰ ਬੜੀ ਹੀ ਨਿੱਘ ਨਾਲ ਸੁਣ ਰਿਹਾ ਸੀ। ਮੈਡਮ ਅੰਦਰ ਲੁੱਕੀ ਛੁੱਪੀ ਬੈਠੀ ਔਰਤ ਸੱਚ ਮੁੱਚ ਕਿਸੇ ਨਿੱਘ ਨੂੰ, ਲੋਕ ਹਿੱਤੀ ਨਿੱਘ ਨੂੰ ਲੁਕਾਈ ਬੈਠੀ ਹੈ। ਉਹ ਮੈਡਮ ਦੀ ਗੱਲ ਦਾ ਕਾਇਲ ਹੋ ਗਿਆ ਸੀ। ਉਹਦੇ ਵਿਭਾਗ ਦੇ ਕ੍ਰਮਚਾਰੀ ਇਹ ਨਹੀਂ ਸੀ ਜਾਣਦੇ ਕਿ ਮੈਡਮ ਦੇ ਭਰਾ ਨਾਲ ਉਹਦੀ ਕਿਹੋ ਜਿਹੀ ਦੋਸਤੀ ਰਹੀ ਹੈ। ਮੈਡਮ ਨੂੰ ਆਪਣਾ ਭਰਾ ਵੀ ਨਹੀਂ ਸੀ ਸਮਝ ਸਕਿਆ। ਉਹਨੇ ਭੈਣ ਪ੍ਰਤੀ ਇਕ ਵੱਖਰੀ ਕਿਸਮ ਦੀ ਸੋਚ ਜਿੱਦੀ ਜਿਹੀ , ਹੱਠੀ ਜਿਹੀ ਬਣਾ ਰੱਖੀ ਸੀ। ਉਂਝ ਉਹ ਦੋਵੇਂ ਦੋਸਤ ਹਮਨਿਵਾਲਾ ਹਮਪਿਆਲਾ ਹੋਣ ਦੇ ਬਾਵਜੂਦ ਕਈ ਮੈਡਮ ਤੋਂ ਕਿਸੇ ਵੀ ਕਿਸਮ ਦਾ ਲਾਭ ਚੁੱਕਣ ਨੂੰ ਤਿਆਰ ਨਹੀਂ ਸਨ ਹੋਏ। ਇਹ ਫ਼ਾਇਲ ਬੰਦ ਹੀ ਰੱਖੀ ਬੈਠੇ ਸਨ। ਵਿਭਾਗ ਦੇ ਰੈਸਟ ਹਾਊਸ ਅੰਦਰ ਰਾਤ ਨੂੰ ਦੋਵੇਂ ਦੋਸਤ ਨਸ਼ੇ ਨੂੰ ਦੁੱਗਣਾ ਕਰਨ ਲਈ ਕਿਰਨ ਨੂੰ ਨਾਲ ਲੈ ਜਾਂਦੇ। ਕਿਰਨ ਦੇ ਨਾਲ ਨਾਲ ਕੁਝ ਹੋਰਨਾਂ ਨੂੰ ਵੀ ਨਾਲ ਲੈ ਜਾਂਦੇ। ਨੰਗੇ ਜਿਸਮਾਂ ਤੇ ਦਾਰੂ ਛਲਕਾਂਦੇ। ਕਿਰਨ ਕਿਸੇ ਵੇਲੇ ਮੈਡਮ ਦੀ ਜਮਾਤਣ ਹੁੰਦੀ ਸੀ। ਮੈਡਮ ਕਿਰਨ ਨਾਲ ਬਹੁਤ ਨਫ਼ਰਤ ਕਰਦੀ ਸੀ।

"ਸੱਚ ਮੁੱਚ ਹੀ ਉਹ ਸਮਾਂ ਬਲਵਾਨ ਸੀ। ਕਈ ਦੁੱਖਾਂ ਦਾ ਜਨਮ ਦਾਤਾ। ਜਿਹੜਾ ਕਈ ਪ੍ਰਸ਼ਨਾਂ ਨੂੰ ਲੈ ਕੇ ਉਹਦੇ ਮੂਹਰੇ ਆ ਖਲੋਤਾ ਹੈ। ਇਕ ਪ੍ਰਸ਼ਨ ਚਿੰਨ ਬਣ ਕੇ?"

ਉਹਨੂੰ ਯਾਦ ਆਇਆ ਮੈਡਮ ਦੇ ਚਿਹਰੇ ਤੇ ਕੋਈ ਵੀ ਅਜਿਹੀ ਸ਼ਿਕਨ ਨਹੀਂ ਸੀ ਕੋਈ ਸ਼ਿਕਾਇਤ ਵੀ ਨਹੀਂ। ਉਂਝ ਉਹ ਆਪਣੇ ਆਪ ਨੂੰ ਅਪਰਾਧ ਬੋਧ ਅੰਦਰ ਗ੍ਰਸਿਆ ਹੋਇਆ ਮਹਿਸੂਸ ਕਰ ਰਿਹਾ ਸੀ। ਕਿਰਨ ਦੀ ਸ਼ਾਦੀ ਤਾਂ ਸ਼ਹਿਰ ਦੇ ਵੱਡੇ ਪਤਵੰਤੇ ਦੇ ਘਰ ਹੋ ਗਈ ਸੀ। ਸ਼ਾਦੀ ਤੋਂ ਬਾਅਦ ਵੀ ਉਹ ਕਦੀ ਕਦੀ ਕਿਰਨ ਨਾਲ ਮਿਲਦਾ ਸੀ।

"ਹਾਂ ਕੀ ਸੋਚ ਰਹੇ ਹੋ? ਲਗਦਾ ਹੈ ਕਿਧਰੇ ਗੁਆਚ ਗਏ ਹੋ। ਅਤੀਤ ਅੰਦਰ ਗੁਆਚਣਾ ਕੋਈ ਮਾੜੀ ਗੱਲ ਨਹੀਂ ਹੈ। ਅਤੀਤ ਅੰਦਰ ਵੀ ਭਵਿੱਖ ਦਾ ਰਾਹ ਪੱਧਰਾ ਹੋ ਜਾਂਦਾ ਹੈ। ਉਹ ਵੀ ਵਿਅਕਤੀ ਦੇ ਆਪਣੇ ਹੱਥ ਹੈ। ਤੁਸੀਂ ਮੇਰੀ ਗੱਲ ਦਾ ਉੱਤਰ ਨਹੀਂ ਦਿੱਤਾ।" ਮੈਡਮ ਨੇ ਕਿਹਾ।

"ਠੀਕ ਹੈ, ਦੀਦੀ। ਪੂਰੀ ਸ਼ਿਕਦਰੀ ਕਰਾਂਗਾ। ਰਾਖਾ ਬਣ ਕੇ। ਖ਼ੋਰੇ ਮੇਰੇ ਮਨ ਦੀ ਕਿਸੇ ਨੁਕਰੇ ਇਹ ਲਫ਼ਜ਼ ਕਿਵੇਂ ਨਿਕਲ ਆਏ ਸੀ। ਅਫ਼ਸਰੀ ਜਿਵੇਂ ਕਿਧਰੇ ਦੂਰ ਗੁਆਚ ਗਈ ਸੀ। ਮੇਰੇ ਜ਼ਿਹਨ ਅੰਦਰ ਇਕ ਨਵਾਂ ਬੀਜ ਬੋਇਆ ਗਿਆ ਸੀ। ਆਪਣੀ ਬੁੱਧੀ ਨੂੰ ਕਿਸੇ ਨਿਰਮਾਣਕਾਰੀ 'ਚ ਲਾਉਣ ਦਾ। ਇਕ ਕਾਰਜਸ਼ੀਲ ਵਿਅਕਤੀ ਵਾਂਗ, ਕਾਮਾ ਤੇ ਨਿਰਮਾਣਕਾਰ। ਮੈਡਮ ਨੇ ਜਿਵੇਂ ਮੇਰੇ ਧੁਰ ਅੰਦਰੋਂ ਲੁਕੇ ਪਏ ਦੇ ਨਿਰਮਾਣਕਾਰੀ ਵਿਅਕਤੀ ਨੂੰ ਮੇਰੇ ਸਾਹਵੇਂ ਆਣ ਖਲਾਰਿਆ ਸੀ। ਮੈਂ ਅਜੇ ਵੀ ਚੇਤਨਾ 'ਚ ਅਵਚੇਤਨੀ ਅਵਸਥਾ 'ਚ ਗੁਆਚਿਆ-ਗੁਆਚਿਆ ਖੌਰੇ ਕੀ ਦਾ ਕੀ ਸੋਚੀ ਜਾ ਰਿਹਾ ਸੀ। ਉਂਝ ਮੇਰੀਆਂ ਅੱਖਾਂ ਮੈਡਮ ਦੀਆਂ ਅੱਖਾਂ ਅੰਦਰ ਲੁਕੇ ਪਏ ਇਕ ਕਾਰਜਸ਼ੀਲ ਅਤੇ ਸੁਚੇਤ ਨਿਰਮਾਣਕਾਰੀ ਵਿਅਕਤੀ ਨੂੰ ਵੇਖ ਰਹੀਆਂ ਸਨ। ਮੈਂ ਕੀ ਸੋਚ ਕੇ ਆਇਆ ਸੀ ਅਤੇ ਕੀ ਕੁਝ ਲੈ ਕੇ ਜਾ ਰਿਹਾ ਸੀ। ਇਸ ਮਿਸ਼ਰਤ ਜਿਹੀਆਂ ਸੋਚਾਂ ਅੰਦਰ ਮੈਨੂੰ ਤੇ ਮੈਡਮ ਬਾਹਰੋਂ ਅਖਰੋਟ ਵਾਂਗ ਸਖ਼ਤ ਨਜ਼ਰ ਆਈ ਪਰ ਅੰਦਰੋਂ ਅਖਰੋਟ ਦੀ ਮਿੱਠੀ ਗਿਰੀ ਜਿੰਨੀ ਹੀ ਸੁਆਦਲੀ ਜਾਪ ਰਹੀ ਸੀ।

ਮੈਡਮ ਦੇ ਇਸ ਨਿੱਜੀ ਕਮਰੇ ਅੰਦਰ ਬਹੁਤ ਸਾਰੀਆਂ ਕਿਤਾਬਾਂ ਵੱਲ ਵੀ ਉਹਨੇ ਚੋਰ ਨਜ਼ਰੀ ਝਾਕਿਆ। ਬਹੁਤ ਵੱਡੀ ਅਲਮਾਰੀ ਜਿਸ ਨੇ ਇਕ ਪੂਰੀ ਕੰਧ ਨੂੰ ਆਪਣੀ ਲਪੇਟ 'ਚ ਲਿਆ ਸੀ। ਸਾਹਿਤ, ਇਤਿਹਾਸ, ਰਾਜਨੀਤੀ ਤੇ ਆਰਥਿਕ ਤੋਂ ਇਲਾਵਾ ਨਿਰਮਾਣਕਾਰੀ ਦੇ ਕਾਰਜਾਂ ਸੰਬੰਧੀ ਪੁਸਤਕਾਂ ਤੋਂ ਇਲਾਵਾ ਅਖ਼ਬਾਰਾਂ ਤੇ ਮੈਗਜ਼ੀਨਾਂ ਦੇ ਢੇਰ ਵੀ ਵੇਖੇ। ਇਹ ਸਭ ਕੁਝ ਵੇਖ ਕੇ ਉਹਨੂੰ ਆਪਣਾ ਕਦ ਬੌਣਾਂ ਲੱਗਿਆ ਸੀ।

ਮੈਡਮ ਦੇ ਬੈੱਡ ਨਾਲ ਲੱਗੀ ਸ਼ੀਸ਼ੇ ਦੀ ਅਲਮਾਰੀ 'ਚ ਲੱਗੇ ਸ਼ੀਸ਼ੇ ਦੇ ਵੰਨ-ਸੁਵੰਨੇ ਗਲਾਸਾਂ ਵਿਚ ਵਾਈਨ ਤੇ ਕੀਮਤੀ ਸ਼ਰਾਬ ਦੀਆਂ ਬੋਤਲਾਂ ਤੇ ਵੀ ਮੇਰੀ ਨਜ਼ਰ ਗਈ ਸੀ। ਮੈਡਮ ਦੇ ਸਰਾਹਣੇ ਪਏ ਇਕ ਸੱਤ ਅੱਠ ਇੰਚ ਦੀ ਪਲਾਸਟਿਕ ਦੀ ਰਾਡ ਜਿਸ ਦਾ ਇਕ ਸਿਰਾ ਤਾਰ ਨਾਲ ਜੁੜਿਆ ਹੋਇਆ ਵੇਖਿਆ। ਇਸ ਔਜ਼ਾਰ ਨੂੰ ਉਹਨੇ ਅਮਰੀਕਾ 'ਚ ਗਏ ਆਪਣੇ ਦੌਰੇ ਤੇ ਵੀ ਵੇਖ ਲਿਆ ਸੀ। ਇਸ ਲਈ ਇਹਨੂੰ ਸਮਝਣ ਲਈ ਉਹਨੂੰ ਕੋਈ ਦੇਰ ਨਹੀਂ ਸੀ ਲੱਗੀ। ਪਰ ਉਹ ਮੈਡਮ ਦੀਆਂ ਜ਼ਾਤੀ ਵਸਤਾਂ ਤੋਂ ਹੱਟ ਕੇ ਪ੍ਰਾਜੈਕਟ ਨੂੰ ਸਿਰੇ ਚਾੜ੍ਹਨ ਲਈ ਸੋਚ ਰਿਹਾ ਸੀ।

ਮੈਡਮ ਨਾਲ ਬਰੇਕਫਾਸਟ ਕਰਨ ਤੋਂ ਬਾਅਦ ਉਹ ਜਦੋਂ ਕਾਰ ਵਿਚ ਬੈਠਣ ਲੱਗਾ ਤਾਂ ਮੈਡਮ ਨੇ ਗੁੱਡ ਲੱਕ ਕਹਿੰਦਿਆ ਹੋਇਆ ਹੱਥ ਅੱਗੇ ਵਧਾਇਆ। ਉਹ ਸਿੱਧਾ ਆਪਣੇ ਦਫ਼ਤਰ ਚਲਾ ਗਿਆ ਤੇ ਉਹਨੇ ਆਪਣੇ ਸੰਬੰਧਿਤ ਸਾਥੀ ਸਦ ਲਏ ਸੀ। ਕੁਝ ਘੰਟਿਆ ਅੰਦਰ ਹੀ ਉਹ ਸਾਰੇ ਪ੍ਰਾਜੈਕਟ ਤੇ ਵਿਚਾਰ ਵਟਾਂਦਰ ਕਰਦੇ ਰਹੇ। ਇਸ ਪ੍ਰਾਜੈਕਟ ਦੇ ਹਰ ਪਹਿਲੂ ਨੂੰ ਘੋਖ ਕੇ ਨਵੇਂ ਸਿਰੇ ਤੋਂ ਤਿਆਰ ਕਰਕੇ ਮੈਡਮ ਦੇ ਕਮਰੇ ਵਿਚ ਦੇ ਆਏ। ਉਸ ਦਿਨ ਦਾ ਉਹਦੇ ਜ਼ਿਹਨ ਤੇ ਕੁਝ ਅਜਿਹਾ ਅਸਰ ਪਿਆ ਕਿ ਹਰ ਕੰਮ ਨੂੰ ਭਾਵੁਕ ਹੋ ਕੇ ਅਤੇ ਗੈਰਜ਼ਿੰਮੇਦਾਰੀ ਨੂੰ ਤਿਆਗ ਕੇ ਨੇਪਰੇ ਚਾੜਦਾ। ਆਪਣੇ ਕੰਮ ਨੂੰ ਸੰਪੂਰਨ ਹੁੰਦਾ ਵੇਖਦਾ ਤਾਂ ਉਹਦੇ ਮਨ ਅੰਦਰ ਤਸੱਲੀ ਹੁੰਦੀ।

ਉਹਨੇ ਪਹਿਲੀ ਵੇਰਾ ਵੇਖਿਆ ਤੇ ਸਮਝਿਆ ਕਿ ਹਰ ਇਕ ਵਿਅਕਤੀ ਦੀ ਫ਼ਿਤਰਤ ਹੈ ਦੂਜਿਆ ਦੀ ਜ਼ਿੰਦਗੀ ਅੰਦਰ ਝਾਕਣ ਦੀ। ਆਪਣੇ ਆਪ ਦੂਜਿਆ ਦੀਆਂ ਲਕੀਰਾਂ ਖਿੱਚ-ਖਿੱਚ ਕੇ ਕਾਰਟੂਨ ਬਣਾ ਲੈਂਦਾ ਹੈ।

ਨਵੇਂ ਤੋਂ ਨਵੇਂ ਕਿੱਸੇ ਘੜ੍ਹਦਾ ਹੈ। ਸਵਾਦ ਲਾ ਲਾ ਕੇ ਸੁਣਾਉਂਦਾ ਰਹਿੰਦਾ ਹੈ। ਸੱਚਾਈ ਤੋਂ ਹਮੇਸ਼ਾਂ ਮੂੰਹ ਮੋੜਦਾ ਹੋਇਆ। ਸਵਾਰਥੀ ਆਪਣੇ ਆਪ ਨੂੰ ਉੱਚਾ ਹੋਰ ਉੱਚਾ ਦਰਸਾਂਦਾ ਹੋਇਆ।

ਪਤਨੀ ਉਹਨੂੰ ਲਗਾਤਾਰ ਵੇਖੀ ਜਾ ਰਹੀ ਸੀ। ਬਿਨਾਂ ਅੱਖਾਂ ਝਮਕਾਏ। ਜਦੋਂ ਉਹਨੇ ਪਤਨੀ ਵੱਲ ਪਾਸਾ ਪਰਤਿਆ ਤਾਂ ਉਹ ਵੇਖਦਾ ਹੀ ਰਹਿ ਗਿਆ। ਜਿਵੇਂ ਉਹਦੀ ਜਾਨ ਨਿਕਲ ਗਈ ਹੋਵੇ। ਝੱਟ ਉਠ ਖੜੋਤਾ। ਪਤਨੀ ਦਾ ਪਾਸਾ ਪਰਤਿਆ। ਉਹਨੂੰ ਜ਼ਿੰਦਾ ਵੇਖ ਕੇ ਉਹਦੀ ਜਾਨ 'ਚ ਜਾਨ ਆਈ।

"ਝੱਲੀਏ ਮੇਰੀ ਜਾਨ ਕੱਢ ਲਈ ਸੀ ਤੂੰ। ਇਹ ਵੇਖ ਮੇਰਾ ਦਿਲ ਕਿਵੇਂ ਥਰ ਥਰ ਕੰਬ ਰਿਹਾ ਹੈ। ਕਿੰਨੀ ਤੇਜ਼ ਧੜਕਣ ਹੋ ਰਹੀ ਹੈ। ਤੇਰੇ ਬਿਨਾ... ਤੇਰੇ... ਬਿਨਾ... ਮੈਂ ਕਿਨਾ ਇਕੱਲਾ ਹੋ ਜਾਵਾਂਗਾ। ਕਦੀ ਸੋਚਿਆ ਹੈ ਤੂੰ। ਮੇਰੇ ਲਈ ਤੇ ਤੇਰਾ ਬਿਸਤਰੇ ਤੇ ਪਏ ਰਹਿਣਾ ਹੀ ਬਹੁਤ ਹੈ। ਇਹ ਮੇਰੇ ਲਈ ਇਕ ਵੱਡਾ ਵਰਦਾਨ ਏ। ਦੌਲਤ ਤੋਂ ਵੀ ਵੱਡਾ ਵਰਦਾਨ। ਮੇਰੇ ਕਿਸੇ ਜਨਮ ਦੇ ਚੰਗੇ ਕਰਮਾਂ ਦਾ ਨਤੀਜਾ।" ਕਹਿੰਦਿਆਂ ਕਹਿੰਦਿਆਂ ਉਹਦੀਆਂ ਅੱਖਾਂ ਭਰ ਆਈਆ ਸਨ। ਉਹਨੇ ਪਤਨੀ ਨੂੰ ਪਹਿਲਾਂ ਗਿੱਲੇ ਕਪੜੇ ਨਾਲ ਸਾਫ਼ ਕੀਤਾ। ਵਸਤਰ ਬਦਲੇ ਬੈੱਡ ਦੀ ਚਾਦਰ ਬਦਲੀ ਅਤੇ ਰੂਮ ਪਰਫਿਊਮ ਛਿੜਕਿਆ ਲਾਨ 'ਚੋਂ ਗੁਲਾਬ ਦੇ ਫ਼ੁੱਲਾਂ ਦਾ ਗੁਲਦਸਤਾ ਬਣਾ ਕੇ ਸਾਹਮਣੇ ਟੇਬਲ ਤੇ ਰੱਖਿਆ। ਕਿਸੇ ਰਿਸ਼ੀ ਦੇ ਪ੍ਰਵਚਨਾ ਦੀ ਡੀ ਵੀ ਡੀ ਲਾਈ। ਸਾਰਾ ਕੰਮ ਕਰਕੇ ਬਾਥ ਰੂਮ 'ਚ ਨਹਾ ਧੋ ਕੇ ਤਿਆਰ ਹੋਇਆ। ਧੀ ਵੀ ਆਪਣੇ ਕਮਰੇ 'ਚੋਂ ਉੱਠ ਕੇ ਮਾਂ ਪਾਸ ਆ ਗਈ ਸੀ। ਮਾਂ ਨੂੰ ਚੁੰਮਦੀ ਹੋਈ ਕਹਿਣ ਲੱਗੀ।

"ਕੀ ਮਿਲਿਆ ਏ ਤੈਨੂੰ... ਸਾਰੀ ਉਮਰ... ਇਹੋ ਇਨਾਮ... ਬਿਸਤਰਾ... ਅਪਾਹਜ ਜ਼ਿੰਦਗੀ। ਕਿੱਥੇ ਗਈਆਂ ਤੇਰੀਆਂ ਉਡੀਕਾਂ... ਉਹ ਉਡੀਕਾਂ ਜਿਨ੍ਹਾਂ ਲਈ ਤੂੰ ਰਾਤਾਂ ਜਾਗਦਿਆਂ ਕੱਟੀਆਂ ਨੇ। ਸਾਹਿਬ ਦੇ ਇੰਤਜ਼ਾਰ 'ਚ ਤੇ ਸਾਹਿਬ ਹੋਰੀਂ ਕਿਸੇ ਰੈਸਟ ਹਾਊਸ 'ਚ ਮੌਜ ਮਸਤੀ ਅੰਦਰ ਚੁਪ ਚਾਪ ਪਈ ਰਹਿ...।" ਮਾਂ ਧੀ ਨੂੰ ਕੁਝ ਸਮਝਾਣ ਦਾ ਜਤਨ ਕਰ ਰਹੀ ਸੀ। ਪਰ ਉਹ ਬੋਲਦੀ ਰਹੀ।

"ਚੁੱਪ ਕਰ, ਰਹਿਣ ਦੇ ਸਫ਼ਾਈਆਂ ਦੇਣੀਆਂ। ਮੈਂ ਜਾਣਦੀ ਹਾਂ ਤੇਰੇ ਦੇਵਤੇ ਦੇ ਕਾਰੇ। ਸਾਰੇ ਚਿੱਠੇ ਮੇਰੇ ਪਾਸ ਨੇ। ਕਿਆ ਸਿਆਹ ਕਿਆ ਸਫ਼ੈਦ। ਪੁੱਤਰ ਦਾ ਪੁੱਛਣਾ ਚਾਹੁੰਦੀ ਏਂ। ਉਹ ਸਾਲਾ ਤੇ ਦੋ ਰਤੀਆਂ ਬਾਪ ਤੋਂ ਉਪਰ ਗਿਆ ਏ। ਉੱਥੇ ਤੇ ਕੋਈ ਬੰਦਸ਼ ਨਹੀਂ ਹੈ। ਗਰਲ ਫ੍ਰੈਂਡ ਵਰਗੇ ਰਿਸ਼ਤੇ ਆਮ ਨੇ। ਕੋਈ ਰੋਕ-ਟੋਕ ਨਹੀਂ। ਇਹ ਯਾਦ ਰੱਖ, ਮੈਂ ਕਿਸੇ ਦੀ ਦਹਿਲੀਜ਼ ਤੇ ਜਾਨ ਦੇਣ ਵਾਲੀ ਨਹੀਂ ਹਾਂ।"



ਉਹਨੇ ਧੀ ਦੀ ਸਾਰੀ ਗੱਲ ਸੁਣ ਲਈ ਸੀ। ਅੰਦਰ ਹੀ ਅੰਦਰ ਸੋਚ ਰਿਹਾ ਸੀ ਕੁੜੀ 'ਚ ਮਰਦ ਮਰਦ ਵਰਗੇ ਕਿਸੇ ਰਿਸ਼ਤੇ ਨੂੰ ਸਮਝਣ ਦੀ ਸਮਰਥਾ ਕਿਉਂ ਨਹੀਂ ਹੈ। ਧੀ ਦੇ ਸਬਜੈਕਟ ਨੂੰ ਉਹ ਭਲੀ-ਭਾਂਤੀ ਇਕ ਪੜ੍ਹੇ ਲਿਖੇ ਵਿਅਕਤੀ ਵਾਂਗ ਜਾਣਦਾ ਸੀ। ਉਹਨੂੰ ਕਿਧਰੇ ਵੀ ਇਸ ਗੱਲ ਦੀ ਪੁਸ਼ਟੀ ਨਹੀਂ ਮਿਲੀ ਕਿ ਸੋਸਾਇਟੀ ਅੰਦਰ ਔਰਤ ਮਰਦ ਦਾ ਰਿਸ਼ਤਾ ਕੇਵਲ ਸੈਕਸ ਤੇ ਹੀ ਟਿਕਿਆ ਹੈ। ਇਹ ਕਿਸੇ ਹੋਰ ਰਿਸ਼ਤੇ ਪ੍ਰਤੀ ਕਿਉਂ ਨਹੀਂ ਸੋਚਦੀ। ਦੁੱਖ, ਤਕਲੀਫ਼ ਹਮਖਿਆਲੀ, ਇਕੱਠੀ ਪੰਛੀਆਂ ਵਾਂਗ ਭਰੀਆ ਹੋਈਆਂ, ਉੱਚੀਆਂ ਉਡਾਉਣਾ ਵੀ ਤੇ ਹਨ। ਕੇਵਲ ਭੋਗਣਾ। ਦੁੱਖ-ਸੁੱਖ, ਗਰੀਬੀ-ਅਮੀਰੀ ਵੀ ਤੇ ਭੋਗਣਾ ਹੀ ਹੈ। ਧਾਰਮਿਕ ਮਰਿਯਾਦਾਵਾਂ ਤਿਓਹਾਰਾਂ ਦੀ ਸਾਂਝ, ਪੂਜਾ ਪਾਠ ਇਕ ਪਰਿਵਾਰ ਵਿਚ ਬੱਝਣਾ ਵੀ ਤੇ ਜ਼ਿੰਦਗੀ ਹੈ। ਸਵਾਦਲੀਆਂ-ਸਵਾਦਲੀਆਂ ਮਿੱਠੀਆਂ-ਮਿੱਠੀਆਂ ਚੌਭਾਂ। ਉਹ ਬੱਚਿਆਂ ਨੂੰ ਹਮੇਸ਼ਾਂ ਚੰਗੇ ਸੰਸਕਾਰ ਦੇਂਦਾ ਆ ਰਿਹਾ ਸੀ। ਰਿਸ਼ਤੇਦਾਰੀਆਂ 'ਚ ਵਿਚਰਦਾ ਹੋਇਆ ਲੈਣ ਦੇਣ ਤੋਂ ਉਪਰੰਤ ਇਕ ਜੁਟ ਇਕ ਥਾਂ ਤੇ ਤਿਓਹਾਰਾਂ ਨੂੰ ਇਕੱਠੇ ਮਨਾਉਂਦਾ ਹੋਇਆ।

ਕੁੜੀ 'ਤੇ ਚੜ੍ਹੀ ਹੋਈ ਵੱਖਰੇ ਰੰਗ ਦੀ ਖ਼ੁਮਾਰੀ ਨੂੰ ਉਹ ਖੋਜਣ ਲਗਦਾ। ਉਹ ਅਕਸਰ ਸਭਿਆਚਾਰਕ ਪਹਿਲੂਆਂ ਤੇ ਬੱਚਿਆ ਨਾਲ ਘੰਟਿਆ ਬੱਧੀ ਗਲ, ਬਾਤ ਕਰਦਾ। ਬੱਚਿਆਂ ਨੂੰ ਬੜੀਆਂ ਖੁੱਲ੍ਹਾਂ ਦਿੱਤੀਆਂ ਸਨ।

ਉਹਨੂੰ ਕੁੜੀ ਘੂਰੀ ਜਾ ਰਹੀ ਸੀ। ਕੁੜੀ ਮਾਂ ਨੂੰ ਚੁੰਮ ਰਹੀ ਸੀ। ਕੁੜੀ ਦੀਆਂ ਸਿਸਕੀਆਂ ਉਹ ਸਾਫ਼ ਸਾਫ਼ ਸੁਣ ਰਿਹਾ ਸੀ। ਪਰ ਕੁੜੀ ਨੂੰ ਘੁੱਟ ਕੇ ਆਪਣੀ ਛਾਤੀ ਨਾਲ ਲਾ ਕੇ ਦਿਲਾਸਾ ਦੇਣ ਦੀ ਹਿੰਮਤ ਉਸ ਵਿਚ ਨਹੀਂ ਸੀ। ਉਹਦੀਆਂ ਅੱਖਾਂ ਵੀ ਛਲਕ ਆਈਆਂ ਸਨ। ਉਹ ਆਪਣੇ ਆਪ ਨੂੰ ਦੋਸ਼ੀ ਮਨ ਰਿਹਾ ਸੀ। ਬੱਚਿਆ ਦੀ ਪੜ੍ਹਾਈ ਵੱਡੇ ਸ਼ਹਿਰਾਂ 'ਚ ਕਰਾ ਕੇ। ਉਂਝ ਭਾਵੇਂ ਬੱਚੇ ਚੰਡੀਗੜ੍ਹ ਵਰਗੇ ਸ਼ਹਿਰ 'ਚ ਆਪਣੇ ਫ਼ਲੈਟ 'ਚ ਮਾਂ ਨਾਲ ਰਹਿੰਦੇ ਸਨ ਤੇ ਉਹ ਇਕੱਲਾ ਆਪਣੀ ਨੌਕਰੀ ਆਪਣੇ ਸ਼ਹਿਰ 'ਚ।

ਉਹਨੂੰ ਯਾਦ ਆਈ ਇਕ ਦਿਨ ਬੀਵੀ ਨੇ ਬੜੇ ਹੀ ਮੋਹ ਨਾਲ ਕਿਹਾ ਸੀ।

"ਅੱਜ ਕੱਲ੍ਹ ਊਸ਼ਾ ਨਾਲ ਬੜਾ ਮੋਹ ਵਧਾਇਆ ਜਾ ਰਿਹਾ ਹੈ।" ਊਸ਼ਾ ਉਹਦੀ ਦੂਰ ਦੀ ਰਿਸ਼ਤੇਦਾਰ ਸੀ ਜਿਹੜੀ ਇਕੱਲੀ ਆਪਣੀ ਵਿਧਵਾ ਮਾਂ ਨਾਲ ਰਹਿ ਰਹੀ ਸੀ। ਕਿਸੇ ਕਾਲਜ 'ਚ ਪੜ੍ਹ ਰਹੀ ਸੀ।

"ਊਸ਼ਾ ਦੀ ਬਦਲੀ ਕਿਧਰੇ ਦੂਰ ਦਰਾਜ ਕਰ ਦਿੱਤੀ ਗਈ ਸੀ। ਉਹਦੀ ਮਾਂ ਬੀਮਾਰ ਰਹਿੰਦੀ ਹੈ। ਇਸ ਲਈ ਉਹਦੀ ਬਦਲੀ ਮੈਂ ਰੁਕਾ ਦਿੱਤੀ ਸੀ।" ਮੈਂ ਆਪਣਾ ਸਪਸ਼ਟੀਕਰਨ ਪੇਸ਼ ਕੀਤਾ ਸੀ।

"ਕੋਈ ਨਹੀਂ ਜੇਕਰ ਕੁਝ ਹੋਰ ਨੰਬਰ ਵਧ ਜਾਣ ਫਿਰ ਵੀ ਕੀ ਫ਼ਰਕ ਪੈਂਦਾ ਹੈ। ਥੋੜ੍ਹੀ ਬਹੁਤੀ ਤਬਦੀਲੀ ਵੀ ਲਾਜ਼ਮੀ ਹੁੰਦੀ ਹੈ, ਆਦਮੀ ਲਈ। ਕਿਸੇ ਦੇ ਕੰਮ ਆਉਣਾ ਕੋਈ ਮਾੜੀ ਗੱਲ ਨਹੀਂ ਹੈ।" ਇਸ ਗੱਲ ਤੇ ਉਹਨੇ ਖੁੱਲ੍ਹ ਕੇ ਗੜਾਕਾ ਵੀ ਮਾਰਿਆ ਸੀ। ਪਤਨੀ ਵੀ ਖੁੱਲ੍ਹ ਕੇ ਹੱਸੀ ਸੀ। ਪਰ ਅੰਦਰ ਖਾਤੇ ਇਹ ਗੱਲ ਉਹਦੇ ਖਾਨਿਓਂ ਨਿਕਲੀ ਸੀ। ਕੁਝ ਤੇ ਸੀ ਜਿਸ ਕਾਰਨ ਉਹ ਪਕੜ 'ਚ ਆ ਗਿਆ ਸੀ। ਛੋਟੀ ਹੁੰਦਿਆਂ ਤੋਂ ਹੀ ਕੁੜੀ ਉਹਨੂੰ ਕਹਿੰਦੀ ਸੀ।

"ਪਾਪਾ ਤੁਸੀਂ ਕਿੰਨਾ ਵੀ ਲੁਕਾਓ। ਪਰ ਤੁਸੀਂ ਕੋਈ ਵੀ ਗਲ ਲੁਕਾ ਨਹੀਂ ਸਕਦੇ। ਪਕੜੇ ਜਾਂਦੇ ਹੋ। ਅਜਿਹਾ ਕਿਉਂ ਕਰਦੇ ਹੋ? ਕਦੀ ਤੁਸੀਂ ਵਚਨਾ-ਪ੍ਰਵਚਨਾ ਦਾ ਸਹਾਰਾ ਲੈਂਦੇ ਹੋ। ਮੈਂ ਪੜ੍ਹ ਚੁੱਕੀ ਹਾਂ ਇਹ ਸਭ ਕੁਝ। ਇਹੋ ਨਹੀਂ, ਮੈਂ ਸਾਡੇ ਸਮਾਜ ਅੰਦਰ, ਸਮਾਜ ਵਿਚਲੀਆਂ ਸ਼੍ਰੈਣੀਆਂ ਅਤੇ ਇਨ੍ਹਾਂ ਸ਼੍ਰੈਣੀਆਂ ਅੰਦਰ ਰਹਿ ਰਹੇ ਪ੍ਰਾਣੀਆਂ ਨੂੰ ਘੋਖ ਲਿਆ ਹੈ। ਮੈਂ ਇਨ੍ਹਾਂ ਦ੍ਰਿਸ਼ਾਂ ਅੰਦਰੋਂ ਨਿਕਲ ਚੁੱਕੀ ਹਾਂ। ਤੁਸੀਂ ਢੱਕੇ ਰਹੋ। ਕੱਜੇ ਰਹੋ।"

ਕੁੜੀ ਨੂੰ ਆਪਣੇ ਕਮਰੇ ਅੰਦਰ ਜਾਂਦੀ ਨੂੰ ਉਹ ਵੇਖ ਰਿਹਾ ਸੀ। ਉਹ ਅਜੇ ਤੱਕ ਇਹ ਫ਼ੈਸਲਾ ਨਹੀਂ ਕਰ ਪਾ ਸਕਿਆ ਸੀ ਕਿ ਉਹ ਕਿਸ ਕਿਸ ਦਾ ਅਪਰਾਧੀ ਹੈ। ਆਖਿਰ ਕਿਹੜੇ ਕਰਮਾਂ ਦਾ ਫ਼ਲ ਭੋਗ ਰਿਹਾ ਹੈ। ਅਧਰੰਗ ਦੀ ਬੀਮਾਰ ਪਤਨੀ। ਬਾਹਰਲੇ ਮੁਲਕ 'ਚ ਵੱਸਿਆ ਮੁੰਡਾ। ਆਪਣੀ ਅੱਗ 'ਚ ਝੁਲਸ ਰਹੀ ਤੇ ਢੱਲ ਰਹੀ ਜਵਾਨ ਕੁੜੀ। ਜਾਂ ਬੁਢਾਪੇ ਵੱਲ ਵਧ ਰਿਹਾ ਉਹਦਾ ਆਪਣਾ ਆਪ।

## ਕਹਾਣੀ / ਇੱਕ ਦਾਅ ਹੋਰ / ਨਿਰੰਜਣ ਬੋਹਾ

ਸਵੇਰੇ ਹੀ ਸੁਸ਼ੀਲ ਨਾਲ ਫਿਰ ਤਕਰਾਰ ਹੋ ਗਿਆ। ਕਾਰਣ ਕੋਈ ਵੱਡਾ ਨਹੀਂ ਸੀ। ਐਵੇਂ ਗੱਲ ਗੱਲ ਤੇ ਉਲਝ ਪੈਣਾ ਸਾਡੇ ਦੋਹਾਂ ਦਾ ਸੁਭਾਅ ਹੀ ਬਣ ਗਿਆ ਹੈ। ਸ਼ਾਇਦ ਸਾਡੇ ਆਪਣੇ ਆਪਣੇ ਕੰਪਲੈਕਸ ਹੀ ਸਾਨੂੰ ਆਪਸ ਵਿੱਚ ਉਲਝਣ ਲਈ ਮਜਬੂਰ ਕਰਦੇ ਨੇ। ਸਵੇਰੇ ਮੇਰਾ ਸਿਰ ਦਰਦ ਕਰ ਰਿਹਾ ਸੀ ਪਰ ਸੁਸ਼ੀਲ ਪੰਜ ਵਜੇ ਉਠ ਕੇ ਹੀ ਕੋਈ ਕਹਾਣੀ ਲਿਖਣ ਬੈਠ ਗਿਆ। ਮੈਂ ਚਾਹੁੰਦੀ ਸਾਂ ਕੇ ਉਹ ਬੱਤੀ ਬੰਦ ਕਰ ਦੇਵੇ। ਜਦੋਂ ਮੇਰਾ ਸਿਰ ਦਰਦ ਕਰਦਾ ਹੋਵੇ ਤਾਂ ਹਨੇਰੇ ਵਿੱਚ ਚੁਪ ਚਾਪ ਲੇਟੇ ਰਹਿਣਾ ਮੈਨੂੰ ਰਾਹਤ ਪ੍ਦਾਨ ਕਰਦਾ ਹੈ। ਜਦੋਂ ਸੁਸ਼ੀਲ ਕੁਝ ਲਿਖਦਾ ਹੋਵੇ ਤਾਂ ਉਹ ਕਿਸੇ ਕਿਸਮ ਦੀ ਦਖ਼ਲ ਅੰਦਾਜ਼ੀ ਪਸੰਦ ਨਹੀਂ ਕਰਦਾ। ਉਸਦੀ ਨਰਾਜ਼ਗੀ ਦੇ ਡਰੋਂ ਕੁਝ ਚਿਰ ਤਾਂ ਮੈਂ ਦੜ ਵੱਟ ਕੇ ਪਈ ਰਹੀ ਪਰ ਜਦੋਂ ਅੱਧੇ ਸਿਰ ਵਿਚੋਂ ਉਠਦੀਆਂ ਚੀਸਾ ਨੇ ਮੈਨੂੰ ਬੇ ਹਾਲ ਕਰ ਦਿੱਤਾ ਤਾਂ ਮੈਂ ਆਪਣੇ ਦਰਦ ਦਾ ਹਵਾਲਾ ਦੇ ਕੇ ਉਸਨੂੰ ਬੱਤੀ ਬੰਦ ਕਰਕੇ ਸੌਂ ਜਾਣ ਲਈ ਕਹਿ ਦਿੱਤਾ।

"ਮਸਾਂ ਲਿਖਣ ਦਾ ਮੂਡ ਬਣਿਆ ਸੀ। ਪਤਾ ਨਹੀਂ ਨਿੱਤ ਦਿਹਾੜੀ ਤੇਰੇ ਸਿਰ ਨੂੰ ਕੀ ਹੋਇਆ ਰਹਿੰਦੈ...।" ਆਪਣੀ ਇਕਾਗਰਤਾ ਭੰਗ ਹੋਣ 'ਤੇ ਉਸ ਇਕ ਤਰ੍ਹਾਂ ਮੈਨੂੰ ਝਿੜਕ ਹੀ ਦਿੱਤਾ। ਚਾਹੀਦਾ ਤਾਂ ਇਹ ਸੀ ਕਿ ਉਹ ਮੇਰੇ ਨਾਲ ਹਮਦਰਦੀ ਨਾਲ ਪੇਸ਼ ਆਉਂਦਾ। ਮੈਨੂੰ ਆਪਣੇ ਹੱਥੀਂ ਬਣਾਈ ਚਾਹ ਦੀ ਪਿਆਲੀ ਪੇਸ਼ ਕਰਕੇ ਸਿਰ ਦਰਦ ਦੀ ਗੋਲੀ ਲੈਣ ਲਈ ਕਹਿੰਦਾ ਤੇ ਮੇਰੇ ਮੱਥੇ 'ਤੇ ਬਾਮ ਵੀ ਮਲਦਾ ਪਰ ਉਸਦੇ ਬੋਲਾਂ ਵਿਚ ਤਾਂ ਮੇਰੇ ਲਈ ਹਮਦਰਦੀ ਦੀ ਬਜਾਇ ਨਿਰਾ ਨਿਰਦਾਈ ਪੁਣਾ ਝਲਕਦਾ ਸੀ। ਉਸਦੇ ਕੁਰੱਖਤ ਬੋਲ ਸੁਣ ਕੇ ਮੇਰਾ ਰੋਣ ਨਿਕਲ ਗਿਆ। ਉਹ ਮੈਨੂੰ ਚੁੱਪ ਕਰਾਉਣ ਦੀ ਬਜਾਇ ਕੌੜ ਜਿਹੀਆਂ ਨਜ਼ਰਾਂ ਨਾਲ ਮੇਰੇ ਵੱਲ ਝਾਕਿਆ ਤਾਂ ਮੇਰੇ ਸਬਰ ਦਾ ਪਿਆਲਾ ਹੋਰ ਵੀ ਭਰ ਗਿਆ। ਮੈਂ ਗੁੱਸੇ ਨਾਲ ਫੱਟ ਪਈ ਸਾਂ, "ਤੁਸੀਂ ਤਾਂ ਸਾਰਾ ਦਿਨ ਘਰੋਂ ਵਿਹਲੇ ਰਹਿ ਕੇ ਕਲਮ ਹੀ ਚਲਾਉਣੀ ਹੈ ਪਰ ਮੇਰੀ ਜਾਨ ਨੂੰ ਸੌ ਸਿਆਪੇ ਨੇ, ਮੈਂ ਨਾਸ਼ਤਾ ਤਿਆਰ ਕਰਕੇ ਅੱਠ ਵਜੇ ਤੋਂ ਪਹਿਲਾਂ ਸਕੂਲ ਵੀ ਪਹੁੰਚਣੈ।"

"ਸਰਕਾਰੀ ਨੌਕਰੀ ਕਰਨ ਵਾਲੀ ਤੂੰ ਇਕੱਲੀ ਔਰਤ ਨਹੀਂ, ਹੋਰ ਲੱਖਾਂ ਔਰਤਾਂ ਵੀ ਘਰ ਦਾ ਕੰਮ ਕਰਕੇ ਦਫ਼ਤਰ ਤੇ ਸਕੂਲ ਜਾਂਦੀਆਂ ਨੇ।" ਉਸਦੇ ਜ਼ਹਿਰ ਵਰਗੇ ਬੋਲਾਂ ਨੇ ਬਲਦੀ ਤੇ ਹੋਰ ਤੇਲ ਪਾ ਦਿੱਤਾ ਤੇ ਫਿਰ ਪਤਾ ਨਹੀਂ ਅਸੀਂ ਇਕ ਦੂਜੇ ਨੂੰ ਕੀ ਕੁਝ ਕੌੜਾ ਮਿੱਠਾ ਬੋਲਦੇ ਰਹੇ ਸਾਂ। ਸਵੇਰੇ ਹੀ ਸ਼ੁਰੂ ਹੋਈ ਸ਼ਬਦੀ ਜੰਗ ਨੇ ਮੈਨੂੰ ਨਾਸ਼ਤਾ ਤਿਆਰ ਕਰਨ ਦਾ ਮੌਕਾ ਵੀ ਨਾ ਦਿੱਤਾ। ਗੁੱਸੇ ਵਿਚ ਉਹ ਬਿਨਾਂ ਨਾਸਤਾ ਕੀਤੇ ਹੀ ਘਰੋਂ ਬਾਹਰ ਨਿਕਲ ਗਿਆ ਸੀ। ਭਾਵੇਂ ਮੇਰੇ ਸਿਰ ਦੀਆਂ ਚੀਸ਼ਾ ਹੋਰ ਤੇਜ ਹੋ ਗਈਆਂ ਸਨ ਪਰ ਡਿੱਗਦੀ ਢਹਿੰਦੀ ਮੈਂ ਵੀ ਸਕੂਲ ਪਹੁੰਚ ਗਈ ਸਾਂ।

ਕਲਾਸ ਨੂੰ ਪੜ੍ਹਾਉਣ ਲਈ ਮੇਰਾ ਦਿਲ ਨਾ ਕੀਤਾ ਤਾਂ ਮੈਂ ਪ੍ਰਿੰਸੀਪਲ ਨੂੰ ਆਪਣਾ ਚਿੱਤ ਠੀਕ ਨਾ ਹੋਣ ਬਾਰੇ ਦੱਸ ਕੇ ਸਟਾਫ਼ ਰੂਮ ਵਿਚ ਆ ਬੈਠੀ। ਮੈਨੂੰ ਰਹਿ ਰਹਿ ਕੇ ਸੁਸ਼ੀਲ 'ਤੇ ਗੁੱਸਾ ਆ ਰਿਹਾ ਸੀ। ਕਿਹੋ ਜਿਹਾ ਲੇਖਕ ਹੈ ਇਹ! ਇਸ ਨੂੰ ਜਿਉਂਦੇ ਜਾਗਦੇ ਪਾਤਰਾਂ ਦੀ ਤਾਂ ਕਦਰ ਨਹੀਂ, ਫਿਰ ਕਹਾਣੀਆਂ ਦੇ ਕਲਪਿਤ ਪਾਤਰਾਂ ਦੀਆਂ ਭਾਵਨਾਵਾਂ ਨਾਲ ਇਹ ਕੀ ਇਨਸਾਫ਼ ਕਰਦਾ ਹੋਵੇਗਾ। ਮਹੀਨੇ ਵਿਚ ਪੰਜ ਸੱਤ ਵਾਰ ਅਸੀਂ ਬਿਨਾਂ ਕਿਸੇ ਖਾਸ ਵਜਾਹ ਤੋਂ ਆਪਸ ਵਿਚ ਉਲਝ ਕੇ ਇੰਜ ਹੀ ਮਾਨਸਿਕ ਸੰਤਾਪ ਭੋਗਦੇ ਹਾਂ। ਪਤਾ ਨਹੀਂ ਸਾਡੇ ਦੋਹਾਂ ਵਿਚ ਸਹਿਣਸ਼ੀਲਤਾ ਏਨੀ ਕਿਉਂ ਘਟਦੀ ਜਾ ਰਹੀ ਹੈ ਕਿ ਬਿਨਾਂ ਗੁੱਸੇ ਵਾਲੀ ਗੱਲ ਤੋਂ ਹੀ ਸਾਨੂੰ ਗੁੱਸਾ ਆ ਜਾਂਦਾ ਹੈ। ਆਪਸ ਵਿਚ ਛਿੜਦੀ ਸ਼ਬਦੀ ਜੰਗ ਦੇ ਹਰੇਕ ਮਸਲੇ 'ਤੇ ਅਸੀਂ ਆਪਣੇ ਆਪ ਨੂੰ ਠੀਕ ਤੇ ਦੂਜੇ ਨੂੰ ਗਲਤ ਸਿੱਧ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਦੇ ਹਾਂ। ਆਪਣੀ ਗਲਤੀ ਸਵੀਕਾਰ ਕਰਨ ਦਾ ਮਾਦਾ ਤਾਂ ਹੁਣ ਸਾਡੇ ਵਿਚ ਬਿਲਕੁਲ ਹੀ ਨਹੀਂ ਰਿਹਾ। ਮੇਰੀ ਕੁਲੀਗ ਤੇ ਹਮਰਾਜ ਪੁਸ਼ਪਾ ਸ਼ਰਮਾ ਦਾ ਕਹਿਣਾ ਹੈ ਕਿ ਅਸੀਂ ਦੋਂਹੇ ਹੀ ਆਪੋ ਆਪਣੇ ਪੱਧਰ 'ਤੇ ਇੰਨਫੀਅਰਟੀ ਕੰਪਲੈਕਸ ਦੇ ਸ਼ਿਕਾਰ ਹਾਂ। ਭਲਾ, ਮੇਰੇ ਵਿਚ ਕਿਸ ਗੱਲ ਦੀ ਕਮੀ ਹੈ। ਮੈਂ ਕਿਉਂ ਕਿਸੇ ਘਟੀਆ ਕੰਪਲੈਕਸ ਦਾ ਸ਼ਿਕਾਰ



ਹੋਣ ਲੱਗੀ।

ਅਜੀਬ ਵਿਰੋਧਾ ਭਾਸ ਹੈ ਇਹ! ਸੁਸ਼ੀਲ ਦੀ ਜਿਹੜੀ ਕਲਮ ਮੈਨੂੰ ਉਸਦੇ ਨੇੜੇ ਲੈ ਕੇ ਆਈ ਸੀ ਹੁਣ ਉਹੀ ਕਲਮ ਸਾਡੇ ਵਿਚਕਾਰ ਦੂਰੀਆਂ ਪੈਦਾ ਕਰ ਰਹੀ ਹੈ। ਸੁਸ਼ੀਲ ਨੂੰ ਮੇਰੇ ਨਾਲ ਇਕ ਖਿਝ ਇਹ ਵੀ ਹੈ ਕਿ ਮੈਂ ਪਹਿਲਾਂ ਵਾਂਗ ਉਸਦੀਆਂ ਕਹਾਣੀਆਂ ਵਿੱਚ ਦਿਲਚਸਪੀ ਕਿਉਂ ਨਹੀਂ ਲੈਂਦੀ? ਪਹਿਲਾਂ ਤਾਂ ਮੈਂ ਉਸਦੀਆਂ ਅਣਛਪੀਆਂ ਕਹਾਣੀਆਂ ਸੁਣ ਕੇ ਆਪਣੀ ਚੰਗੀ ਜਾਂ ਮਾੜੀ ਰਾਇ ਵੀ ਦੇਂਦੀ ਰਹੀ ਸਾਂ ਤੇ ਇਹ ਮੇਰੇ ਵੱਲੋਂ ਦਿੱਤੇ ਸੁਝਾਵਾਂ ਅਨੁਸਾਰ ਕਹਾਣੀਆਂ ਵਿਚ ਥੋੜੀ ਬਹੁਤ ਸੋਧ ਵੀ ਕਰ ਲੈਂਦਾ ਸੀ। ਪਰ ਇਹ ਗੱਲਾਂ ਤਾਂ ਹੁਣ ਬੀਤੇ ਵਕਤ ਦੀਆਂ ਨੇ। ਹੁਣ ਇਹ ਹੀ ਨਹੀਂ ਸਗੋਂ ਇਸਦੀਆਂ ਕਹਾਣੀਆਂ ਵੀ ਮੈਨੂੰ ਪਖੰਡੀ ਜਿਹੀਆਂ ਜਾਪਦੀਆਂ ਨੇ। ਜਦੋਂ ਉਸਦੀ ਕੋਈ ਕਹਾਣੀ ਕਿਸੇ ਮੈਗਜ਼ੀਨ ਜਾਂ ਅਖ਼ਬਾਰ ਵਿਚ ਛਪਦੀ ਹੈ ਤਾਂ ਇਹ ਹੁਣ ਆਪਣੇ ਅਹੰਮ ਕਾਰਣ ਮੈਨੂੰ ਪੜ੍ਹਣ ਲਈ ਨਹੀਂ ਆਖਦਾ ਪਰ ਆਨੇ ਬਹਾਨੇ ਕਹਾਣੀ ਵਾਲਾ ਮੈਗਜ਼ੀਨ ਮੇਰੇ ਨੇੜੇ ਤੇੜੇ ਰੱਖ ਦੇਂਦਾ ਹੈ। ਮੈਂ ਕਈ ਵਾਰ ਜਾਣ ਬੁੱਝ ਕੇ ਵੀ ਉਸ ਮੈਗਜ਼ੀਨ ਨੂੰ ਅਣਦੇਖਿਆ ਕਰਦੀ ਹਾਂ ਤਾਂ ਉਸਦੀ ਖਿਝ ਹੋਰ ਵੱਧ ਜਾਂਦੀ ਹੈ ਤੇ ਉਹ ਆਨੇ ਬਹਾਨੇ ਮੇਰੇ ਨਾਲ ਲੜਣ ਦੇ ਮੌਕੇ ਭਾਲਣ ਲੱਗਦਾ ਹੈ! ਮੈਂ ਕੀ ਕਰਾਂ? ਜਦੋਂ ਮੇਰੀ ਦਿਲਚਸਪੀ ਉਸ ਵਿੱਚ ਹੀ ਨਹੀਂ ਰਹੀ ਤਾਂ ਉਸਦੀਆਂ ਕਹਾਣੀਆਂ ਵੀ ਮੈਨੂੰ ਕਿਸ ਤਰ੍ਹਾਂ ਚੰਗੀਆਂ ਲੱਗ ਸਕਦੀਆਂ ਹਨ।

ਸੁਸ਼ੀਲ ਨਾਲ ਝਗੜਾ ਹੋਣ ਤੋਂ ਬਾਅਦ ਹਰ ਵਾਰ ਮੈਨੂੰ ਪਛਤਾਵਾ ਹੁੰਦਾ ਹੈ ਕਿ ਮੈਂ ਉਸਨੂੰ ਜੀਵਨ ਸਾਥੀ ਬਣਾਉਣ ਸਬੰਧੀ ਏਨਾ ਗਲਤ ਫੈਸਲਾਂ ਕਿਉਂ ਲਿਆ। ਮੇਰਾ ਸਵਰਗਵਾਸੀ ਪਤੀ ਅਜੀਤ ਮੇਰੇ ਵੱਡੇ ਭਰਾ ਦੀ ਪਸੰਦ ਸੀ ਪਰ ਸੁਸ਼ੀਲ ਦੀ ਚੋਣ ਤਾਂ ਮੈਂ ਆਪ ਕੀਤੀ ਸੀ। ਮੈਂ ਆਪਣੇ ਮਾਂ ਬਾਪ ਤਾਂ ਬਚਪਨ ਵਿਚ ਹੀ ਗੁਆ ਲਏ ਸਨ, ਇਸ ਲਈ ਮੇਰੇ ਲਈ ਵਰ ਤਲਾਸ਼ ਕਰਨ ਦੀ ਜਿੰਮੇਵਾਰ ਮੇਰੇ ਵੱਡੇ ਭਰਾ ਸਿਰ ਸੀ। ਭਾਵੇਂ ਅਜੀਤ ਦਾ ਰੰਗ ਰੂਪ ਸਧਾਰਣ ਸੀ ਪਰ ਉਹ ਚੰਗੇ ਖਾਂਦੇ ਪੀਂਦੇ ਘਰ ਦਾ ਮੁੰਡਾ ਸੀ। ਮੈਂ ਆਪਣੇ ਭਰਾ ਦੀ ਪਸੰਦ ਨੂੰ ਖਿੜੇ ਮੱਥੇ ਸਵੀਕਾਰ ਕਰ ਲਿਆ। ਉਸਦੇ ਨਿੱਘੇ ਤੇ ਮਿੱਠੇ ਸੁਭਾਅ ਨੇ ਛੇਤੀ ਹੀ ਮੇਰਾ ਮਨ ਮੋਹ ਲਿਆ। ਮੇਰੀ ਤੇ ਅਜੀਤ ਦੀ ਚੰਗੀ ਰਚਕ ਬੈਠ ਗਈ ਤੇ ਮੈਂ ਪੂਰੀ ਤਰ੍ਹਾਂ ਖੁਸ਼ ਵੀ ਸਾਂ ਪਰ ਦੋ ਕੁ ਸਾਲ ਬਾਅਦ ਹੀ ਸਾਡੀਆਂ ਖੁਸ਼ੀਆਂ ਨੂੰ ਕਿਸੇ ਦੀ ਨਜ਼ਰ ਲੱਗ ਗਈ। ਘਰੋਂ ਦਫ਼ਤਰ ਗਿਆ ਅਜੀਤ ਵਾਪਸ ਘਰ ਨਾ ਪਰਤਿਆ। ਉਸਦਾ ਮੋਟਰ ਸਾਈਕਲ ਕਿਸੇ ਟੱਕਰ ਨਾਲ ਟਕਰਾਅ ਜਾਣ ਦੀ ਖ਼ਬਰ ਪਹੁੰਚੀ ਤਾਂ ਮੈਂ ਸੁੰਨ ਹੀ ਹੋ ਗਈ ਸਾਂ। ਰੋਂਦੀ ਵਿਲਕਦੀ ਹਸਪਤਾਲ ਪਹੁੰਚੀ ਪਰ ਮੇਰੇ ਉਥੇ ਪਹੁੰਚਣ ਤੋਂ ਪਹਿਲਾਂ ਹੀ ਉਹ ਦੂਜੀ ਦੂਨੀਆਂ ਵਿੱਚ ਪਹੁੰਚ ਚੁੱਕਾ ਸੀ।

ਅਜੀਤ ਦੀ ਮੌਤ ਤੋਂ ਬਾਅਦ ਦੇ ਪੰਜ ਸੱਤ ਮਹੀਨੇ ਮੈਂ ਕਿਵੇਂ ਬਤੀਤ ਕੀਤੇ ਨੇ, ਇਹ ਕੇਵਲ ਮੈਂ ਹੀ ਜਾਣਦੀ ਸਾਂ। ਸਾਰੀ ਸਾਰੀ ਰਾਤ ਨੀਂਦ ਨਾ ਪੈਂਦੀ, ਪਾਸੇ ਪਰਤਦਿਆਂ ਹੀ ਦਿਨ ਚੜ੍ਹ ਜਾਂਦਾ। ਪਰ ਮਰਿਆਂ ਨਾਲ ਮਰਿਆਂ ਵੀ ਤੇ ਨਹੀਂ ਜਾਂਦਾ। ਆਪਣੀ ਹਾਲਤ ਨੂੰ ਕੁਝ ਸੰਭਾਲਿਆ ਤਾਂ ਮੇਰੇ ਅੱਗੇ ਇਹ ਚਣੌਤੀ ਮੌਜੂਦ ਸੀ ਕਿ ਰਹਿੰਦਾ ਜੀਵਨ ਕਿਸ ਦੇ ਸਹਾਰੇ ਬਤੀਤ ਕਰਾਂ। ਮੇਰੀ ਸਮੱਸਿਆ ਦਾ ਹੱਲ ਸਹੁਰੇ ਪਰਿਵਾਰ ਨੇ ਇਹ ਤਲਾਸ਼ਿਆ ਕਿ ਮੈਂ ਅਜੀਤ ਦੇ ਸ਼ਰਾਬੀ ਤੇ ਵਿਗੜੇ ਭਰਾ ਨਰੇਸ਼ ਨੂੰ ਆਪਣਾ ਪਤੀ ਮੰਨ ਲਵਾਂ। ਇਕ ਤਾਂ ਨਰੇਸ਼ ਮੈਥੋਂ ਚਾਰ ਵਰ੍ਹੇ ਛੋਟਾ ਸੀ ਤੇ ਦੂਜਾ ਉਸਦੀਆਂ ਆਦਤਾਂ ਵੀ ਸੁਧਰਣ ਯੋਗ ਨਹੀਂ ਸੀ। ਜੇ ਉਹ ਚੰਗਾ ਭਲਾ ਹੁੰਦਾ ਤਾਂ ਉਸਨੂੰ ਹੋਰ ਰਿਸ਼ਤਿਆਂ ਦਾ ਘਾਟਾ ਸੀ। ਸਹੁਰੇ ਪਰਿਵਾਰ ਲਈ ਮੈਂ ਕਮਾਊ ਨੂੰਹ ਸਾਂ। ਇਸ ਲਈ ਉਹ ਮੈਨੂੰ ਸ਼ਰਾਬੀ ਨਰੇਸ਼ ਨਾਲ ਨਰੜ ਕੇ ਦੂਹਰਾ ਲਾਹਾ ਲੈਣਾ ਚਾਹੁੰਦੇ ਸਨ। ਮੇਰੀ ਸੱਸ ਅਜੀਤ ਦੇ ਜਿਉਂਦੇ ਜੀਅ ਮੈਨੂੰ ਕਈ ਵਾਰ ਬਾਂਝ ਹੋਣ ਦਾ ਤਾਨ੍ਹਾ ਮਾਰ ਚੁੱਕੀ ਸੀ ਪਰ ਹੁਣ ਉਹ ਵੀ ਮੋਮੋਠੱਗਣੀ ਜਿਹੀ ਬਣ ਕੇ ਮੈਨੂੰ ਇਸੇ ਘਰ ਵਿਚ ਰੱਖਣ ਦਾ ਤਰਲਾ ਪਾ ਰਹੀ ਸੀ। ਮੇਰਾ ਦਿਲ ਕਰਦਾ ਸੀ ਕਿ ਉਸ ਤੋਂ ਪੁੱਛਾ, "ਮਾਈ, ਸ਼ਰਾਬੀ ਨਰੇਸ਼ ਦੇ ਲੜ ਲੱਗ ਕੇ ਕੀ ਮੈਂ ਬਾਂਝ ਨਹੀਂ ਰਹਾਂਗੀ।" ਪਰ ਮੈਂ ਆਪਣੇ ਆਪ 'ਤੇ ਜਾਬਤਾ ਰੱਖਿਆ। ਜਦੋਂ ਨਰੇਸ਼ ਦੇ ਲੜ ਲਗਣ ਸੰਬੰਧੀ ਮੇਰੇ ਤੇ ਸਹੁਰੇ ਘਰ ਦਾ ਦਬਾਅ ਵਧੇਰੇ ਹੀ ਵੱਧ ਗਿਆ ਤਾਂ ਮੈਂ ਕਰੜਾ ਜਿਹਾ ਦਿਲ ਕਰਕੇ ਉਨ੍ਹਾਂ ਨੂੰ ਸਾਫ਼ ਹੀ ਜੁਆਬ ਦੇ ਦਿੱਤਾ।

ਆਪਣੇ ਭਵਿੱਖ ਨੂੰ ਲੈ ਕੇ ਮੈਂ ਭਾਰੀ ਦੁਬਿਧਾ ਵਿਚ ਸਾਂ। ਅਜਿਹੇ ਸਮੇਂ ਸੁਸ਼ੀਲ ਮੈਨੂੰ ਹਨੇਰੇ ਵਿਚ

ਜਗਮਗਾਉਂਦੀ ਰੌਸ਼ਨੀ ਦੀ ਕਿਰਨ ਵਾਂਗ ਲੱਗਿਆ। ਉਹ ਮੇਰੇ ਸਵਰਗਵਾਸੀ ਪਤੀ ਦਾ ਗੂੜ੍ਹਾ ਦੋਸਤ ਸੀ। ਉਸਦਾ ਸਾਡੇ ਘਰ ਆਮ ਆਉਣ ਜਾਣ ਸੀ। ਉਹ ਜਦੋਂ ਵੀ ਕੋਈ ਨਵੀਂ ਕਹਾਣੀ ਲਿਖਦਾ ਤਾਂ ਸਭ ਤੋਂ ਪਹਿਲਾਂ ਸਾਡੇ ਹੀ ਘਰ ਆਉਂਦਾ। ਅਜੀਤ ਸਾਹਿਤ ਵਿਚ ਚੰਗੀ ਦਿਲਚਸਪੀ ਰੱਖਦਾ ਸੀ। ਉਹ ਹਰ ਕਹਾਣੀ ਛਪਣ ਲਈ ਭੇਜਣ ਤੋਂ ਪਹਿਲਾਂ ਮੇਰੇ ਪਤੀ ਤੋਂ ਸੁਝਾਅ ਜ਼ਰੂਰ ਮੰਗਦਾ। ਅਜੀਤ ਦੇ ਨਾਲ-ਹੌਲੀ ਹੌਲੀ ਮੈਂ ਵੀ ਉਸਦੀਆਂ ਕਹਾਣੀਆਂ ਦੀ ਚੰਗੀ ਪ੍ਰਸ਼ੰਸਕ ਬਣ ਗਈ ਸਾਂ।

ਅਜੀਤ ਦੀ ਮੌਤ ਤੋਂ ਬਾਅਦ ਵੀ ਉਸ ਆਨੇ ਬਹਾਨੇ ਮੇਰੇ ਸਹੁਰੇ ਘਰ ਆਉਣਾ ਜਾਰੀ ਰੱਖਿਆ। ਅਜਿਹੇ ਵੇਲੇ ਉਹ ਮੇਰੇ ਨਾਲ ਵਧੇਰੇ ਹੀ ਹਮਦਰਦੀ ਜਤਾਉਣ ਲੱਗ ਪਿਆ ਸੀ। ਘਰ ਆਉਣ 'ਤੇ ਉਹ ਹਰ ਵਾਰ ਉਚੇਚਾ ਆਖਦਾ ਕਿ ਜੇ ਉਸ ਲਾਈਕ ਕੋਈ ਸੇਵਾ ਹੋਵੇ ਤਾਂ ਮੈਂ ਬੇਝਿਜਕ ਦੱਸਾਂ। ਅਜੀਤ ਦੇ ਤੁਰ ਜਾਣ ਤੋਂ ਛੇ ਕੁ ਮਹੀਨੇ ਬਾਅਦ ਹੀ ਉਸ ਸਾਡੇ ਕਿਸੇ ਸਾਂਝੇ ਜਾਣਕਾਰ ਦੇ ਹੱਥ ਮੇਰੇ ਤੀਕ ਸੁਨੇਹੇ ਪਹੁੰਚਾ ਦਿੱਤਾ ਕਿ ਜੇ ਮੇਰੀ ਹਾਂ ਹੋਵੇ ਤਾਂ ਉਹ ਸਾਰੀ ਉਮਰ ਲਈ ਮੈਨੂੰ ਅਪਨਾਉਣ ਲਈ ਤਿਆਰ ਹੈ। ਮੈਂ ਦੋ ਚਿਤੀ ਵਿਚ ਪੈ ਗਈ ਸਾਂ। ਸੁਸ਼ੀਲ ਮੇਰਾ ਹਾਣ-ਪ੍ਰਵਾਨ ਸੀ, ਸੋਹਣਾ ਸੀ, ਸੁਨੱਖਾ ਸੀ ਤੇ ਫਿਰ ਸਾਡੇ ਵਿਚਾਰ ਕੋਈ ਜ਼ਾਤ ਪਾਤ ਦੀ ਦੀਵਾਰ ਵੀ ਨਹੀਂ ਸੀ। ਉਸਦਾ ਨਾਂ ਪੰਜਾਬੀ ਭਾਸ਼ਾ ਦੇ ਚੰਗੇ ਕਹਾਣੀਕਾਰਾਂ ਵਿਚ ਬੋਲਦਾ ਸੀ ਤੇ ਉਸਦੀਆਂ ਕਹਾਣੀਆਂ ਰਾਹੀਂ ਵਿਅਕਤ ਹੁੰਦਾ ਮਾਨਵੀ ਦਰਦ ਮੈਨੂੰ ਪੂਰੀ ਤਰ੍ਹਾਂ ਟੁੰਬਦਾ ਸੀ। ਮੇਰੀ ਦੋ-ਚਿੱਤੀ ਦਾ ਕਾਰਣ ਇਹ ਸੀ ਕਿ ਕੇਵਲ ਕਹਾਣੀਕਾਰ ਸੀ, ਅਜੇ ਕਹਾਣੀਆਂ ਲਿਖਣ ਤੋਂ ਇਲਾਵਾ ਉਹ ਹੋਰ ਕੋਈ ਕਮਾਊ ਧੰਦਾ ਨਹੀਂ ਸੀ ਕਰਦਾ। ਭਾਵੇਂ ਉਹ ਸਰਕਾਰੀ ਨੌਕਰੀ ਲਈ ਵੀ ਅਰਜ਼ੀ ਪੱਤਰ ਭੇਜਦਾ ਰਹਿੰਦਾ ਸੀ ਪਰ ਅੱਜ ਦੇ ਸਮੇਂ ਵਿਚ ਨੌਕਰੀ ਕਿਹੜਾ ਸੌਖਿਆਂ ਹੀ ਮਿਲ ਜਾਂਦੀ ਹੈ।

ਸਹੁਰਾ ਘਰ ਛੱਡ ਕੇ ਪੇਕੇ ਘਰ ਆ ਗਈ ਸਾਂ। ਭਰਾ ਦੇ ਘਰ ਤੋਂ ਇਕ ਗਲੀ ਛੱਡ ਕੇ ਹੀ ਸੁਸ਼ੀਲ ਦਾ ਘਰ ਸੀ। ਰਾਹ ਗਲੀ ਜਾਂਦਿਆਂ ਉਸ ਨਾਲ ਮੁਲਾਕਾਤ ਹੋ ਹੀ ਜਾਂਦੀ। ਉਹਦੀਆਂ ਮੂਕ ਨਜ਼ਰਾਂ ਮੇਰੇ ਤੋਂ ਵਾਰ ਵਾਰ ਉਸ ਬਾਰੇ ਮੇਰੇ ਵੱਲੋਂ ਲਏ ਫੈਸਲੇ ਬਾਰੇ ਪੁੱਛਦੀਆਂ। ਉਸਦੀਆਂ ਨੀਲੀਆਂ ਅੱਖਾਂ ਵਿਚ ਅਜਿਹੀ ਕਸ਼ਿਸ਼ ਸੀ ਜਿਹੜੀ ਮੈਨੂੰ ਉਸਦੇ ਹੱਕ ਵਿਚ ਫੈਸਲਾ ਲੈਣ ਲਈ ਪ੍ਰੇਰਿਤ ਕਰਦੀ। ਮੈਂ ਸੋਚਣ ਲਈ ਮਜਬੂਰ ਹੋ ਜਾਂਦੀ ਕਿ ਸੁਸ਼ੀਲ ਨੂੰ ਨੌਕਰੀ ਨਾ ਵੀ ਮਿਲੇ ਤਾਂ ਪੜ੍ਹੇ ਲਿਖੇ ਬੰਦੇ ਨੂੰ ਕਰਨ ਲਈ ਹੋਰ ਕੰਮ ਬਥੇਰੇ ਨੇ। ਫਿਰ ਮੇਰੀ ਤਨਖਾਹ ਤਾਂ ਹੈ ਹੀ। ਜੇ ਉਹ ਵਿਆਹ ਤੋਂ ਬਾਅਦ ਕੁਝ ਸਮਾਂ ਕੰਮ ਨਾ ਵੀ ਕਰੇ ਤਾਂ ਗੁਜ਼ਾਰਾ ਚਲ ਸਕਦਾ ਹੈ। ਮੇਰਾ ਦਿਲ ਉਸਦੇ ਹੱਕ ਵਿਚ ਭੁਗਤਦਾ ਪਰ ਦਿਮਾਗ਼ ਇਸਦੇ ਵਿਰੋਧੀ ਦਲੀਲਾਂ ਦੇਂਦਾ। ਆਖਿਰ ਦਿਲ ਦੀ ਆਵਾਜ਼ ਨੇ ਦਿਮਾਗ਼ ਦੀ ਅਵਾਜ਼ ਤੇ ਕਾਬੂ ਪਾ ਲਿਆ ਤੇ ਮੈਂ ਸੁਸ਼ੀਲ ਨਾਲ ਕੋਰਟ ਮੈਰਿਜ਼ ਕਰਾਉਣ ਲਈ ਹਾਂ ਭਰ ਦਿੱਤੀ। ਇਸ ਮੌਕੇ ਤੇ ਮੈਂ ਇਹ ਸ਼ਰਤ ਜ਼ਰੂਰ ਪ੍ਰਵਾਨ ਕਰਵਾ ਲਈ ਕਿ ਮੈਂ ਉਸਦੇ ਮਾਪਿਆਂ ਦੇ ਘਰ ਰਹਿਣ ਦੀ ਬਜਾਇ ਵੱਖਰੇ ਕਿਰਾਏ ਦੇ ਘਰ ਵਿਚ ਰਹਾਂਗੀ। ਮੈਨੂੰ ਆਪਣੀ ਜ਼ਿੰਦਗੀ ਵਿਚ ਦੂਜਿਆਂ ਦੀ ਦਖ਼ਲ ਅੰਦਾਜ਼ੀ ਪਸੰਦ ਵੀ ਨਹੀਂ ਹੈ।

ਸੁਸ਼ੀਲ ਨੂੰ ਜੀਵਨ ਸਾਥੀ ਵਜੋਂ ਅਪਨਾਉਣ ਦਾ ਮੇਰਾ ਜਜ਼ਬਾਤੀ ਜਿਹਾ ਫ਼ੈਸਲਾਂ ਮੈਨੂੰ ਕਾਫੀ ਮਹਿੰਗਾ ਪਿਆ। ਮੇਰੇ ਸਹੁਰੇ ਪਰਿਵਾਰ ਵੱਲੋਂ ਮੇਰੇ ਇਸ ਫ਼ੈਸਲੇ ਦਾ ਵਿਰੋਧ ਤਾਂ ਸਮਝ ਆਉਂਦਾ ਸੀ ਪਰ ਮੇਰਾ ਮਾਂ ਜਾਇਆ ਭਰਾ ਵੀ ਮੇਰੇ ਵਿਰੁੱਧ ਡੱਟ ਕੇ ਖਲੋ ਗਿਆ। ਉਸਦਾ ਅਜੀਬ ਜਿਹਾ ਤਰਕ ਸੀ, "ਮੈਂ ਸੁਸ਼ੀਲ ਦੇ ਸਾਰੇ ਖ਼ਾਨਦਾਨ ਨੂੰ ਜਾਣਦਾ ਹਾਂ... ਇਹ ਲੇਖਕ ਕਿਸਮ ਦੇ ਬੰਦੇ ਆਪਣੀ ਹੀ ਦੁਨੀਆਂ ਵਿਚ ਰਹਿੰਦੇ ਨੇ... ਤੂੰ ਇਸ ਨਾਲ ਬਹੁਤ ਸਮਾਂ ਖੁਸ਼ ਨਹੀਂ ਰਹਿ ਸਕੇਂਗੀ। ਨਾਲੇ ਇਸ ਦੀ ਨਜ਼ਰ ਤੇਰੇ 'ਤੇ ਨਹੀਂ ਸਗੋਂ ਤੇਰੀ ਤਨਖਾਹ 'ਤੇ ਹੈ। ਇਹ ਆਪ ਤਾਂ ਕੁਝ ਕਮਾਉਂਦਾ ਧਰਦਾ ਨਹੀਂ।" ਭਰਾ ਨੇ ਇਕ ਲੰਮਾ ਲੈਕਚਰ ਮੇਰੇ 'ਤੇ ਝਾੜ ਦਿੱਤਾ ਸੀ।

ਉਸ ਵੇਲੇ ਮੈਂ ਭਾਵੁਕ ਸਾਂ। ਮੈਨੂੰ ਲੱਗਿਆ ਸੀ ਮੇਰੀ ਤਨਖਾਹ 'ਤੇ ਨਜ਼ਰ ਸੁਸ਼ੀਲ ਦੀ ਨਹੀਂ ਸਗੋਂ ਖੁਦ ਮੇਰੇ ਭਰਾ ਦੀ ਹੈ। ਮੈਨੂੰ ਲੱਗ ਰਿਹਾ ਸੀ ਕਿ ਮੇਰਾ ਭਰਾ ਸੁਸ਼ੀਲ ਨਾਲ ਮੇਰੇ ਵਿਆਹ ਦਾ ਵਿਰੋਧ ਇਸ ਲਈ ਕਰ ਰਿਹੈ ਕਿ ਮੈਂ ਉਸਦਾ ਘਰ ਆਪਣੀ ਤਨਖਾਹ ਨਾਲ ਭਰਦੀ ਰਹਾਂ। ਕੀ ਹੋਇਆ ਜੇ ਸੁਸ਼ੀਲ ਗਰੀਬ ਪਰਿਵਾਰ ਨਾਲ ਸਬੰਧਤ ਹੈ। ਗਰੀਬ ਹੋਣਾ ਕੋਈ ਗੁਨਾਹ ਤੇ ਨਹੀਂ। ਉਹ ਦੂਜੇ ਦਾ ਦੁੱਖ ਦਰਦ ਮਹਿਸੂਸ ਕਰਨ



ਵਾਲਾ ਸੰਵੇਦਨਸ਼ੀਲ ਲੇਖਕ ਹੈ। ਮੈਨੂੰ ਇਸ ਵੇਲੇ ਕੇਵਲ ਇਹੀ ਮਹਿਸੂਸ ਹੋ ਰਿਹਾ ਸੀ ਕਿ ਸੁਸ਼ੀਲ ਤੋਂ ਬਿਨਾਂ ਮੇਰੀ ਰਹਿੰਦੀ ਜ਼ਿੰਦਗੀ ਦੇ ਕੋਈ ਅਰਥ ਨਹੀਂ।

ਪਰ ਹੁਣ ਮੈਨੂੰ ਆਪਣੇ ਭਰਾ ਦੀਆਂ ਗੱਲਾਂ ਸੱਚੀਆਂ ਲੱਗਦੀਆਂ ਨੇ। ਜਿਸ ਸੁਸ਼ੀਲ ਲਈ ਮੈਂ ਪੇਕੇ ਤੇ ਸਹੁਰੇ ਦੋਂਹੇ ਘਰ ਤਿਆਗ ਦਿੱਤੇ ਉਹ ਮੇਰਾ ਨਾ ਬਣਿਆ। ਦੋ ਕੁ ਸਾਲ ਤੀਕ ਤਾਂ ਸਾਡੀ ਗ੍ਰਹਿਸਥੀ ਦੀ ਗੱਡੀ ਠੀਕ ਲੀਹ 'ਤੇ ਪਈ ਰਹੀ ਪਰ ਸੁਸ਼ੀਲ ਨੇ ਬਾਅਦ ਵਿਚ ਆਪਣੇ ਅਸਲੀ ਰੰਗ ਵਖਾਉਣੇ ਸ਼ੁਰੂ ਕਰ ਦਿੱਤੇ। ਉਹ ਮੇਰਾ ਨਾ ਬਣਿਆ। ਵਿਆਹ ਤੋਂ ਬਾਅਦ ਤਾਂ ਉਸਨੂੰ ਜਿਵੇਂ ਉਸਨੂੰ ਕਹਾਣੀਆਂ ਲਿਖਣ ਤੋਂ ਇਲਾਵਾ ਕਿਸੇ ਕੰਮ ਦੀ ਲੋੜ ਹੀ ਨਾ ਰਹੀ ਹੋਵੇ। ਬਿਨਾਂ ਕੋਈ ਕੰਮ ਕੀਤੇ ਉਹ ਮੇਰੇ 'ਤੇ ਰੋਹਬ ਛਾਂਟਣ ਲੱਗ ਪਿਆ ਤਾਂ ਇਹ ਮੈਨੂੰ ਚੰਗਾ ਨਾ ਲੱਗਾ। ਭਾਵੇਂ ਮੇਰੀ ਤਨਖਾਹ ਘਰ ਚਲਾਉਣ ਲਈ ਕਾਫੀ ਸੀ ਪਰ ਇਹ ਕਿੱਥੋਂ ਦਾ ਦਸਤੂਰ ਹੈ ਕਿ ਪਤੀ ਬਿਲਕੁਲ ਵਿਹਲਾ ਰਹੇ ਤੇ ਪਤਨੀ ਘਰ ਤੇ ਸਕੂਲ ਦੋਹੇਂ ਥਾਂਈ ਸੂਲੀ 'ਤੇ ਟੰਗੀ ਰਹੇ। ਜੇ ਮੈਂ ਕਦੇ ਉਸਨੂੰ ਕੋਈ ਕੰਮ ਧੰਦਾ ਸ਼ੁਰੂ ਕਰਨ ਲਈ ਆਖਦੀ ਤਾਂ ਉਹ ਸਾਫ਼ ਤੌਰ ਤੇ ਕਹਿ ਦਿੰਦਾ ਕਿ ਇਹ ਕੰਮ ਕਰਨਾ ਉਸਦੇ ਵਸ ਦਾ ਰੋਗ ਨਹੀਂ ਹੈ। ਉਸਦਾ ਇੱਕੋ ਹੀ ਬਹਾਨਾ ਹੁੰਦਾ ਕਿ ਮੇਰੇ ਵੱਲੋਂ ਸੁਝਾਏ ਕੰਮ ਬਾਰੇ ਉਸਦਾ ਕੋਈ ਤਜਰਬਾ ਨਹੀਂ ਹੈ। ਭਲਾ ਤਜਰਬਾ ਘਰ ਬੈਠੇ ਹੋ ਜਾਂਦਾ ਹੈ। ਜੇ ਉਹ ਕੋਈ ਕੰਮ ਧੰਦਾ ਸ਼ੁਰੂ ਕਰੇਗਾ ਤਾਂ ਤਜ਼ਰਬਾ ਤਾਂ ਆਪਣੇ ਆਪ ਹੀ ਆ ਜਾਵੇਗਾ।

ਘਰ ਵਿਚ ਤੀਸਰੇ ਜੀਅ ਨੀਤੀ ਦੇ ਪ੍ਰਵੇਸ਼ ਪਾਉਣ ਨਾਲ ਸਾਡੀਆਂ ਜ਼ਿੰਮੇਵਾਰੀਆਂ ਵੀ ਵੱਧ ਗਈਆਂ ਸਨ। ਮੈਂ ਚਾਹੁੰਦੀ ਸਾਂ ਕਿ ਉਹ ਇਸ ਗੱਲ ਨੂੰ ਮਹਿਸੂਸ ਕਰੇ ਕਿ ਉਹ ਇਕੱਲਾ ਕਹਾਣੀਕਾਰ ਨਹੀਂ ਸਗੋਂ ਇੱਕ ਧੀ ਦਾ ਬਾਪ ਵੀ ਹੈ। ਧੀ ਦੇ ਭਵਿੱਖ ਬਾਰੇ ਸੋਚਣਾ ਮੇਰੀ ਹੀ ਨਹੀਂ ਉਸਦੀ ਵੀ ਬਰਾਬਰ ਦੀ ਜ਼ਿੰਮੇਵਾਰੀ ਹੈ ਪਰ ਉਸ ਨੂੰ ਇਸ ਸਭ ਕਾਸੇ ਨਾਲ ਕੀ! ਉਹਨੂੰ ਤਾਂ ਸਾਹਿਤ ਤੇ ਸਾਹਿਤਕਾਰਾਂ ਤੋਂ ਇਲਾਵਾ ਕੁਝ ਸੁਝਦਾ ਹੀ ਨਹੀਂ ਸੀ।

ਮੈਨੂੰ ਪੈਸਿਆ ਨਾਲ ਵਧੇਰੇ ਮੋਹ ਨਹੀਂ ਹੈ, ਪਰ ਮੈਂ ਚਾਹੁੰਦੀ ਹਾਂ ਕਿ ਹਰ ਕੋਈ ਮੈਨੂੰ ਕੇਵਲ ਪੈਸੇ ਕਮਾਉਣ ਵਾਲੀ ਮਸ਼ੀਨ ਨਾ ਸਮਝੇ! ਮੇਰੀਆਂ ਭਾਵਨਾਵਾਂ ਦੀ ਵੀ ਕਦਰ ਹੋਵੇ। ਜਦੋਂ ਕਦੇ ਮੇਰੀਆਂ ਸਹੇਲੀਆਂ ਸੁਸ਼ੀਲ ਦੇ ਕਾਰੋਬਾਰ ਬਾਰੇ ਪੁੱਛਦੀਆਂ ਤਾਂ ਮੇਰਾ ਸਿਰ ਸ਼ਰਮ ਨਾਲ ਝੁਕ ਜਾਂਦਾ। ਉਨ੍ਹਾਂ ਨੂੰ ਕੀ ਦੱਸਦੀ ਕਿ ਅਖ਼ਬਾਰਾਂ ਜਾਂ ਮੈਗਜ਼ੀਨਾਂ ਨੂੰ ਕਹਾਣੀਆਂ ਭੇਜ ਕੇ ਇਹ ਮਹੀਨੇ ਵਿਚ ਦੋ ਤਿੰਨ ਹਜ਼ਾਰ ਰੁਪੈ ਕਮਾ ਲੈਂਦਾ ਹੈ। ਫਿਰ ਉਸਦੀ ਇਸ ਨਿਗੂਣੀ ਜਿਹੀ ਕਮਾਈ ਤੇ ਵੀ ਮੇਰਾ ਕੋਈ ਹੱਕ ਨਹੀਂ ਸੀ। ਮੇਰਾ ਵੀ ਦਿਲ ਕਰਦਾ ਹੈ ਕਿ ਹੋਰਨਾਂ ਵਾਂਗ ਮੇਰਾ ਪਤੀ ਵੀ ਆਪਣੀ ਕਮਾਈ ਵਿਚੋਂ ਮੇਰੀਆਂ ਜ਼ਰੂਰਤਾਂ ਪੂਰੀਆਂ ਕਰੇ। ਹੋਰ ਨਹੀਂ ਤਾਂ ਮੇਰਾ ਜਨਮ ਦਿਨ ਜਾਂ ਸਾਡੇ ਵਿਆਹ ਦੀ ਵਰ੍ਹੇ ਗੰਢ ਸੈਲੀਬਰੇਟ ਕਰਨ ਦੇ ਬਹਾਨੇ ਹੀ ਮੈਨੂੰ ਇੱਕ ਅੱਧ ਸੂਟ ਲੈ ਦੇਵੇ। ਪਰ ਇਸ ਨੇ ਤਾਂ ਕਦੇ ਫੋਕੀ ਸੁਲਾਹ ਵੀ ਨਹੀਂ ਮਾਰੀ। ਇਕ ਦਿਨ ਡਾਕੀਆ ਕਿਸੇ ਅਖ਼ਬਾਰ ਵੱਲੋਂ ਆਏ ਹਜ਼ਾਰ ਰੁਪੈ ਦਾ ਮਨੀਆਰਡਰ ਘਰ ਦੇ ਗਿਆ ਤਾਂ ਮੈਂ ਐਵੇਂ ਹੱਸਦਿਆਂ ਕਹਿ ਦਿੱਤਾ, "ਐਤਕਾਂ ਤਾਂ ਮੈਂ ਆਪਣੇ ਪਤੀ ਦੇਵ ਦੀ ਕਮਾਈ ਵਿਚੋਂ ਨਵਾਂ ਸੂਟ ਸਿਵਾਉਣਾ ਹੈ।" ਮੇਰੇ ਵਲੋਂ ਮੰਗ ਕੀਤੇ ਜਾਣ 'ਤੇ ਵੀ ਉਸ ਮੇਰਾ ਮਾਣ ਨਾ ਰੱਖਿਆ ਸਗੋਂ ਤੇਜੀ ਨਾਲ ਪੈਸੇ ਬਟੂਏ ਵਿਚ ਪਾਉਂਦਿਆਂ ਬਟੂਆ ਕੋਟ ਦੀ ਅੰਦਰਲੀ ਜੇਬ ਵਿੱਚ ਲੁਕਾ ਲਿਆ, ਜਿਵੇਂ ਮੈਂ ਪੈਸੇ ਖੋਹ ਕੇ ਭੱਜਣ ਦਾ ਇਰਾਦਾ ਰੱਖਦੀ ਹੋਵਾਂ।

"ਨਹੀਂ, ਇਹ ਪੈਸੇ ਮੈਂ ਤੈਨੂੰ ਨਹੀਂ ਦੇ ਸਕਦਾ ਐਤਕਾਂ ਤਾਂ ਮੈਂ ਆਪਣੇ ਛੋਟੇ ਭਰਾ ਦਾ ਦਾਖਲਾ ਭਰਨੈ।" ਉਸ ਸਪਸ਼ਟ ਸ਼ਬਦਾਂ ਵਿਚ ਨਾਂਹ ਕਰ ਦਿੱਤੀ ਤਾਂ ਮੇਰਾ ਪਾਰਾ ਵੀ ਇੱਕ ਦਮ ਚੜ੍ਹ ਗਿਆ। ਜਦੋਂ ਉਸਦੇ ਕਮਾਏ ਇੱਕ ਧੇਲੇ ਤੇ ਵੀ ਮੇਰਾ ਅਧਿਕਾਰ ਨਹੀਂ ਤਾਂ ਇਹ ਕਿਉਂ ਮੇਰੀ ਤਨਖਾਹ ਦੇ ਸਿਰ ਤੇ ਗੁਲਛਰੇ ਉਡਾ ਰਿਹੈ। ਅੱਕੀ ਹੋਈ ਨੇ ਮੈਂ ਕੁਝ ਵਧੇਰੇ ਹੀ ਤਿੱਖੇ ਸ਼ਬਦਾਂ ਵਿਚ ਕਹਿ ਦਿੱਤਾ, "ਜੇ ਤੁਹਾਡੀ ਕਮਾਈ 'ਤੇ ਮੇਰਾ ਏਨਾ ਵੀ ਹੱਕ ਨਹੀਂ ਤਾਂ ਤੁਹਾਡਾ ਵੀ ਕੀ ਹੱਕ ਹੈ ਕਿ ਮੇਰੀ ਕਮਾਈ ਦੇ ਸਿਰ 'ਤੇ ਮੌਜ ਮਸਤੀ ਕਰੋ... ਮੈਂ ਤਾਂ ਕਦੇ ਤੁਹਾਨੂੰ ਦਿੱਤੇ ਪੈਸਿਆਂ ਦਾ ਹਿਸਾਬ ਵੀ ਨਹੀਂ ਮੰਗਿਆ।"

ਮੇਰੇ ਤਿੱਖੇ ਸ਼ਬਦਾਂ ਨਾਲ ਉਸਦੇ ਮਰਦ 'ਅੰਹ' ਨੂੰ ਸੱਟ ਜ਼ਰੂਰ ਲੱਗੀ। ਮੇਰੀ ਗੱਲ ਦਾ ਢੁੱਕਵਾਂ ਜੁਆਬ ਉਸ ਕੋਲ ਨਹੀਂ ਸੀ। ਇਸ ਲਈ ਉਹ ਬੁੜਬੁੜ ਕਰਦਾ ਘਰੋਂ ਬਾਹਰ ਨਿਕਲ ਗਿਆ ਪਰ ਉਸ ਦਿਨ ਤੋਂ

ਬਾਅਦ ਉਹ ਕੁਝ ਵਧੇਰੇ ਹੀ ਗੁੰਮ ਸੁੰਮ ਜਿਹਾ ਰਹਿਣ ਲੱਗ ਪਿਆ। ਕੁਝ ਦਿਨਾਂ ਲਈ ਤਾਂ ਸਾਡੀ ਬੋਲਚਾਲ ਵੀ ਬੰਦ ਰਹੀ। ਜੇ ਇਕ ਦੂਜੇ ਤੋਂ ਕੋਈ ਅਤਿ ਜ਼ਰੂਰੀ ਗੱਲ ਪੁੱਛਣੀ ਹੁੰਦੀ ਤਾਂ ਘਰ ਛੋਟੇ ਮੋਟੇ ਕੰਮ ਕਾਰਾਂ ਲਈ ਰੱਖਿਆ ਮੁੰਡੂ ਹੀ ਸਾਡੀ ਗੱਲਬਾਤ ਦਾ ਮਾਧਿਆਮ ਬਣਦਾ। ਉਸ ਦਿਨ ਤੋਂ ਬਾਅਦ ਉਸ ਆਪਣੀ ਕਿਸੇ ਨਿੱਜੀ ਜ਼ਰੂਰਤ ਲਈ ਮੈਥੋਂ ਪੈਸੇ ਮੰਗਣੇ ਵੀ ਬੰਦ ਕਰ ਦਿੱਤੇ ਸਨ। ਘਰ ਦਾ ਰਾਸ਼ਨ ਮੈਂ ਮੁੰਡੂ ਰਾਹੀਂ ਪੈਸੇ ਦੇ ਕੇ ਉਸਤੋਂ ਮੰਗਵਾ ਲੈਂਦੀ।

ਕਈ ਵਾਰ ਸੁਸ਼ੀਲ ਤੇ ਮੈਨੂੰ ਤਰਸ ਜਿਹਾ ਵੀ ਆਉਂਦਾ ਹੈ ਮੈਂ ਆਪਣੇ ਲਈ ਨਹੀਂ ਸਗੋਂ ਇਸਦੇ ਸਮਾਜਿਕ ਸਟੇਟਸ ਲਈ ਵੀ ਉਸ ਨੂੰ ਕਿਸੇ ਕੰਮ ’ਤੇ ਲੱਗਿਆ ਵੇਖਣਾ ਚਾਹੁੰਦੀ ਹਾਂ। ਆਪਣੇ ਵਿਹਲੜਪੁਣੇ ਕਾਰਣ ਨਾਂ ਤਾਂ ਇਹ ਚੰਗਾ ਪਤੀ ਬਣ ਸਕਿਆ ਹੈ, ਨਾ ਚੰਗਾ ਪਿਤਾ ਹੈ ਨਾ ਹੀ ਆਪਣੇ ਮਾਂ ਬਾਪ ਲਈ ਚੰਗਾ ਪੁੱਤਰ। ਮੈਨੂੰ ਇਸ ਤੇ ਇਹ ਚਿੜ੍ਹ ਹੈ ਕਿ ਇਹ ਕਿਸੇ ਕੰਮਕਾਰ ਲੱਗ ਕੇ ਆਪਣਾ ਸਮਾਜਿਕ ਅਕਸ਼ ਕਿਉਂ ਨਹੀਂ ਸੁਧਾਰਦਾ। ਹੋਰ ਵੀ ਬਥੇਰੇ ਲੇਖਕ ਨੇ ਜੋ ਲੱਖਾਂ ਕਮਾਉਂਦੇ ਨੇ ਹੋਰ ਨਹੀਂ ਤਾਂ ਦੂਜੇ ਲੇਖਕਾਂ ਦੀਆਂ ਕਿਤਾਬਾਂ ਛਾਪਣ ਦਾ ਕੰਮ ਹੀ ਸ਼ੁਰੂ ਕਰ ਦੇਵੇ। ਇਹ ਕੰਮ ਤਾਂ ਉਸਦੀ ਰੁਚੀ ਦਾ ਹੈ। ਭਲਾ ਇਹ ਵੀ ਕੋਈ ਦਲੀਲ ਹੋਈ ਕਿ ਮੈਂ ਤਾਂ ਕਲਮ ਦਾ ਕਾਮਾ ਹਾਂ ਤੇ ਮੇਰਾ ਜਨਮ ਕੇਵਲ ਸਾਹਿਤ ਰਚਨਾ ਲਈ ਹੀ ਹੋਇਆ ਹੈ। ਉਸਦੀਆਂ ਇਸ ਤਰ੍ਹਾਂ ਦੀਆਂ ਬੇਸਿਰ ਪੈਰ ਦੀਆਂ ਦਲੀਲਾਂ ਨਾਲ ਹੀ ਮੇਰੇ ਅੰਦਰਲੀ ਉਸ ਲਈ ਤਰਸ ਦੀ ਭਾਵਨਾ ਖਿਝ ਵਿਚ ਤਬਦੀਲ ਹੋ ਜਾਂਦੀ ਹੈ। ਉਹ ਮੈਨੂੰ ਕਲਮ ਦਾ ਕਾਮਾ ਘੱਟ ਤੇ ਮੇਰੀ ਕਮਾਈ ਤੇ ਪਲਣ ਵਾਲਾ ਹੱਡ ਹਰਾਮੀ ਵਧੇਰੇ ਜਾਪਦਾ ਹੈ।

ਮੈਨੂੰ ਇਹ ਵੀ ਪਤਾ ਹੈ ਕਿ ਇਹ ਮੇਰੀ ਤਨਖਾਹ ਵਿਚੋਂ ਵੀ ਆਪਣੇ ਮਾਂ ਬਾਪ ਤੇ ਭੈਣ ਭਰਾਵਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਦਾ ਰਿਹਾ ਹੈ। ਜੇ ਇਹ ਆਪਣੀ ਕਮਾਈ ਵਿਚੋਂ ਮਾਂ ਬਾਪ ਦੀ ਸਹਾਇਤਾ ਕਰੇ ਤਾਂ ਮੈਨੂੰ ਕੀ ਇਤਰਾਜ਼ ਹੋਣਾ ਸੀ। ਪਰ ਹੁਣ ਇਹ ਗੱਲ ਮੈਨੂੰ ਬਿਲਕੁਲ ਬਰਦਾਸ਼ਤ ਨਹੀਂ ਕਿ ਇਹ ਮੇਰੀ ਕਮਾਈ ਆਪਣੇ ਮਾਂ ਬਾਪ ਤੇ ਲੁਟਾਵੇ। ਉਸ ਨਾਲ ਕੋਰਟ ਮੈਰਿਜ਼ ਕਰਾਉਣ ਤੋਂ ਦੋ ਸਾਲ ਬਾਅਦ ਤੀਕ ਤਾਂ ਮੈਂ ਵੀ ਉਸਦੇ ਮਾਂ ਬਾਪ ਦੀ ਸਹਾਇਤਾ ਕਰਦੀ ਰਹੀ ਸਾਂ ਪਰ ਜਦੋਂ ਸੁਸ਼ੀਲ ਆਪ ਕਮਾਉਣ ਦੀ ਬਜਾਇ ਕੇਵਲ ਮੇਰੀ ਕਮਾਈ ਤੇ ਹੀ ਨਿਰਭਰ ਹੋ ਗਿਆ ਤਾਂ ਮੈਂ ਇਸ ਪਾਸਿਓਂ ਆਪਣਾ ਹੱਥ ਖਿੱਚਲਿਆ ਸੀ।

ਆਪਣੀ ਹੁਣ ਤੀਕ ਦੀ ਤਨਖਾਹ ਦੀ ਬਚਤ ਵਿਚੋਂ ਮੈਂ ਮਸਾਂ ਹੀ ਦੋ ਕਮਰਿਆਂ ਵਾਲਾ ਇਹ ਛੋਟਾ ਜਿਹਾ ਫਲੈਟ ਖਰੀਦਿਆ ਹੈ। ਇਸਦੀ ਹੈਸੀਅਤ ਤਾਂ ਮਕਾਨ ਦਾ ਕਿਰਾਇਆ ਦੇਣ ਦੀ ਵੀ ਨਹੀਂ। ਭਾਵੇਂ ਹੁਣ ਵੀ ਅਸੀਂ ਇਕੋ ਛੱਤ ਹੇਠ ਰਹਿ ਰਹੇ ਹਾਂ ਪਰ ਸਾਡੇ ਵਿਚਕਾਰਲੀਆਂ ਦੂਰੀਆਂ ਬਹੁਤ ਵੱਧ ਗਈਆਂ ਨੇ। ਸੁਸ਼ੀਲ ਦੀਆਂ ਆਰਥਿਕ ਲੋੜਾਂ ਉਸਨੂੰ ਘਰ ਤੋਂ ਬਾਹਰ ਨਹੀਂ ਜਾਣ ਦੇਂਦੀਆਂ। ਉਹ ਮੇਰੇ ਨਾਲ ਨਰਾਜ਼ ਹੋ ਕੇ ਪੰਜ ਕੁ ਦਿਨ ਆਪਣੇ ਮਾਂ ਬਾਪ ਦੇ ਘਰ ਵੀ ਚਲਿਆ ਗਿਆ ਸੀ, ਫਿਰ ਆਪ ਹੀ ਵਾਪਸ ਆ ਗਿਆ। ਮੇਰੀਆਂ ਸਮਾਜਿਕ ਲੋੜਾਂ ਮੈਨੂੰ ਪ੍ਰੇਰਿਤ ਕਰਦੀਆਂ ਨੇ ਕਿ ਮੈਂ ਉਸ ਨਾਲ ਪੂਰੀ ਤਰ੍ਹਾਂ ਤੋੜ ਵਿਛੋੜਾ ਨਾ ਕਰਾਂ। ਆਖਿਰ ਔਰਤ ਹਾਂ। ਭਾਵੇਂ ਅਸੀਂ ਇੱਕ ਦੂਜੇ ਨਾਲ ਜ਼ੁਬਾਨ ਵੀ ਸਾਂਝੀ ਨਾ ਕਰੀਏ ਪਰ ਉਸਦੀ ਘਰ ਵਿਚ ਮੌਜੂਦਗੀ ਵਿਚ ਹੀ ਮੈਂ ਆਪਣੇ ਆਪ ਨੂੰ ਵਧੇਰੇ ਸੁਰੱਖਿਅਤ ਮਹਿਸੂਸ ਕਰਦੀ ਹਾਂ।

ਮੇਰੇ ਵੱਡੇ ਭਰਾ ਤੀਕ ਵੀ ਸਾਡੇ ਵੱਧ ਰਹੇ ਮਨ ਮੁਟਾਵ ਦੀ ਖ਼ਬਰ ਪਹੁੰਚ ਗਈ ਸੀ। ਸੁਸ਼ੀਲ ਨਾਲ ਕੋਰਟ ਮੈਰਿਜ਼ ਕਰਾਉਣ ਤੋਂ ਬਾਅਦ ਮੈਂ ਪੇਕੇ ਪਰਿਵਾਰ ਨਾਲੋਂ ਬਿਲਕੁਲ ਟੁੱਟ ਗਈ ਸਾਂ, ਪਰ ਜਿਉਂ ਹੀ ਉਸ ਕੋਲ ਸਾਡੇ ਵਿਚਕਾਰ ਵੱਧ ਰਹੀਆਂ ਦੂਰੀਆਂ ਦੀ ਖ਼ਬਰ ਪਹੁੰਚੀ ਤਾਂ ਉਹ ਭਰਜਾਈ ਸਮੇਤ ਮੇਰੇ ਜ਼ਖ਼ਮਾਂ ’ਤੇ ਲੂਣ ਛਿੜਕਣ ਆ ਪਹੁੰਚਿਆ। ਇਹ ਉਹੀ ਭਰਾ ਸੀ ਜਿਸ ਸਾਡਾ ਕੋਰਟ ਮੈਰਿਜ਼ ਤੋਂ ਪਹਿਲਾਂ ਫਤਵਾ ਦਿੱਤਾ ਸੀ ਕਿ ਮੈਂ ਹੁਣ ਉਨ੍ਹਾਂ ਲਈ ਮਰ ਚੁੱਕੀ ਹਾਂ।” ਮੈਂ ਤੈਨੂੰ ਕਿਹਾ ਨਹੀਂ ਸੀ ਕਿ ਇਹ ਮਲੰਗ ਬੰਦਾ ਤੈਨੂੰ ਖੁਸ਼ ਨਹੀਂ ਰੱਖ ਸਕੇਗਾ ਪਰ ਤੂੰ ਮੇਰੀ ਇੱਕ ਨਾ ਸੁਣੀ।” ਭਰਾ ਮੈਨੂੰ ਬੇਸਮਝ ਤੇ ਨਦਾਨ ਸਿੱਧ ਕਰਕੇ ਆਪਣੇ ਹੀ ਤਰ੍ਹਾਂ ਦੀ ਮਾਨਸਿਕ ਰਾਹਤ ਮਹਿਸੂਸ ਕਰ ਰਿਹਾ ਸੀ। ਉਹ ਤੇ ਭਰਜਾਈ ਕਿੰਨਾ ਹੀ ਚਿਰ ਮੇਰੇ ਨਾਲ ਮਿੱਠੀਆਂ ਮਿੱਠੀਆਂ ਮਾਰਦੇ ਰਹੇ। ਉਨ੍ਹਾਂ ਮੈਨੂੰ ਪਿੱਛਲੇ ਸਾਰੇ ਗਿਲੇ ਸ਼ਿਕਵੇਂ ਭੁੱਲ ਕੇ ਘਰ ਆਉਣ ਦਾ ਸੱਦਾ ਵੀ ਦੇ ਦਿੱਤਾ ਸੀ। ਭਰਾ ਭਰਜਾਈ ਦੀ ਚਾਪਲੂਸ ਭਾਸ਼ਾ ਪਿੱਛੇ ਛੁਪੇ ਸੁਆਰਥੀ ਮੰਤਵ ਨੂੰ ਮੈਂ ਚੰਗੀ ਤਰ੍ਹਾਂ ਪਹਿਚਾਣਦੀ



ਸਾਂ। ਮੈਂ ਉਨ੍ਹਾਂ ਨਾਲ ਕਿਸੇ ਬਹਿਸ ਵਿਚ ਪੈਣ ਦੀ ਬਜਾਇ ਨਿਮਰਤਾ ਨਾਲ ਕਹਿ ਦਿੱਤਾ ਸੀ ਕਿ ਆਪਣੇ ਨਾਲ ਬਣੀਆਂ ਮੈਂ ਆਪੇ ਨਿਬੇੜਾਂਗੀ। ਮੈਨੂੰ ਮੇਰੇ ਹਾਲ ’ਤੇ ਛੱਡ ਦਿੱਤਾ ਜਾਵੇ।

ਘਰ ਪਰਿਵਾਰ ਬਾਰੇ ਸੁਸ਼ੀਲ ਦੀ ਲਾਪ੍ਰਵਾਹੀ ਹੋਰ ਵੀ ਵੱਧ ਗਈ ਸੀ। ਉਹ ਨੇੜਲੇ ਸ਼ਹਿਰ ਕਿਸੇ ਸਾਹਿਤਕ ਸਮਾਗਮ ਤੇ ਗਿਆ ਦੋ ਦੋ ਦਿਨ ਘਰ ਨਾ ਪਰਤਦਾ। ਉਸਦੀ ਗੈਰ ਹਾਜ਼ਰੀ ਕਰਣ ਮੈਂ ਆਪਣੇ ਆਪ ਨੂੰ ਅਸੁੱਰਖਿਅਤ ਤਾਂ ਮਹਿਸੂਸ ਕਰਦੀ ਸਾਂ ਪਰ ਹੁਣ ਪਹਿਲਾਂ ਵਾਲੇ ਅਧਿਕਾਰ ਨਾਲ ਇਸਨੂੰ ਛੇਤੀ ਘਰ ਪਰਤ ਆਉਣ ਲਈ ਨਹੀਂ ਸਾਂ ਕਹਿ ਸਕਦੀ। ਇਸ ’ਤੇ ਗੁੱਸਾ ਵੀ ਆਉਂਦਾ ਹੈ ਤੇ ਪਿਆਰ ਵੀ। ਅਜੀਬ ਜਿਹੀ ਕਸਮਕਸ਼ ਵਿਚ ਸਾਡੇ ਦੋਹਾਂ ਦੀ ਜ਼ਿੰਦਗੀ ਦੇ ਦਿਨ ਬਤੀਤ ਹੋ ਰਹੇ ਸਨ। ਭਾਵੇਂ ਸਾਡੇ ਵਿਚਕਾਰ ਹੁਣ ਬੋਲਚਾਲ ਤਾਂ ਹੈ ਪਰ ਲੱਗਦੀ ਵਾਹ ਅਸੀਂ ਇੱਕ ਦੂਜੇ ਨਾਲ ਕੇਵਲ ਮਤਲਬ ਦੀ ਗੱਲ ਹੀ ਕਰਦੇ ਸਾਂ। ਇਕ ਦੂਜੇ ਦੇ ਮੋਢੇ ਤੇ ਸਿਰ ਰੱਖ ਕੇ ਆਪਣੇ ਦਿਲ ਦਾ ਦਰਦ ਸਨਾਉਣ ਦਾ ਅਧਿਕਾਰ ਅਸੀਂ ਦੋਹੇਂ ਹੀ ਗੁਆ ਚੁੱਕੇ ਸਾਂ। ਮੈਂ ਰੋਟੀ ਪਕਾ ਕੇ ਚੁਪ ਚਾਪ ਉਸ ਅੱਗੇ ਪਰੋਸ ਦੇਂਦੀ ਤੇ ਚੁਪ ਚਾਪ ਹੀ ਖਾ ਕੇ ਅੰਦਰ ਮੰਜੇ ਤੇ ਲੇਟ ਜਾਂਦਾ। ਸਾਡੇ ਦੋਹਾਂ ਦੀ ਚੁੱਪ ਕਦੇ ਕਦੇ ਸਾਡੀ ਖਿਝ ਵਿਚ ਤਬਦੀਲ ਹੋ ਜਾਂਦੀ ਤੇ ਅਸੀਂ ਅੱਜ ਵਾਂਗ ਹੀ ਬਿਨਾਂ ਕਿਸੇ ਕਾਰਣ ਤੋਂ ਲੜ ਪੈਂਦੇ ਸਾਂ।

ਮੈਨੂੰ ਸਮਝ ਨਹੀਂ ਆਉਂਦੀ ਕਿ ਮੈਂ ਆਪਣੇ ਦਿਲ ਦਾ ਹਾਲ ਕਿਸਨੂੰ ਦੱਸਾਂ। ਜਦੋਂ ਮੇਰੇ ਅੰਦਰਲੀ ਭੜਾਸ ਵਧੇਰੇ ਹੀ ਵੱਧ ਜਾਂਦੀ ਤਾਂ ਜਾਂ ਤਾਂ ਮੈਂ ਇਸ ਨਾਲ ਹੀ ਲੜ ਪੈਂਦੀ ਸਾਂ ਤੇ ਜਾਂ ਆਪਣੀ ਮਾਸੂਮ ਧੀ ਨੀਤੀ ਨੂੰ ਛਾਤੀ ਨਾਲ ਲਾ ਕੇ ਰੋ ਪੈਂਦੀ ਸਾਂ। ਪਰ ਉਸ ਬਾਲੜੀ ਨੂੰ ਮੇਰੇ ਦਰਦ ਦੀ ਕੀ ਸਾਰ। ਹਾਂ, ਅੱਠਾਂ ਕੁ ਸਾਲ ਦਾ ਮੁੰਡੂ ਦੀਪੂ ਮੈਨੂੰ ਰੋਂਦਿਆ ਵੇਖ ਕੇ ਜ਼ਰੂਰ ਉਦਾਸ ਹੋ ਜਾਂਦਾ ਹੈ। ਅਜਿਹੇ ਵੇਲੇ ਉਹ ਆਪਣੇ ਨਿੱਕੇ ਨਿੱਕੇ ਹੱਥਾਂ ਨਾਲ ਮੇਰੇ ਹੰਝੂ ਪੂੰਝਦਾ ਆਖਦਾ ਹੈ, “ਮੈਮ ਤੁਸੀਂ ਹੋਵੋ ਨਾ... ਤੁਹਾਨੂੰ ਰੋਂਦਿਆ ਵੇਖ ਕੇ ਮੇਰਾ ਵੀ ਰੋਣ ਨਿਕਲ ਆਉਂਦਾ ਹੈ।” ਮੇਰੇ ਨਾਲ ਹਮਦਰਦੀ ਰੱਖਦਾ ਗੋਭਲੇ ਜਿਹੇ ਮੂੰਹ ਵਾਲਾ ਦੀਪੂ ਉਸ ਵੇਲੇ ਮੈਨੂੰ ਬਹੁਤ ਹੀ ਚੰਗਾ ਲੱਗਦਾ। ਚਲੋ, ਦੁਨੀਆਂ ਵਿਚ ਕੋਈ ਤਾਂ ਹੈ ਜੋ ਮੇਰੇ ਨਾਲ ਹਮਦਰਦੀ ਰੱਖਦਾ ਹੈ।

ਮਾਂ ਮਹੀਟਰ ਦੀਪੂ ਪਿਛਲੇ ਡੇਢ ਸਾਲ ਤੋਂ ਸਾਡੇ ਘਰ ਹੀ ਰਹਿ ਰਿਹਾ ਹੈ। ਉਸਦਾ ਸ਼ਰਾਬੀ ਕਬਾਬੀ ਬਾਪ ਰੋਟੀ ਕਪੜੇ ਤੇ ਚਾਰ ਹਜ਼ਾਰ ਰੁਪੈ ਸਲਾਨਾ ਬਦਲੇ ਉਸਦੀ ਬਾਂਹ ਮੈਨੂੰ ਪਕੜਾ ਗਿਆ ਸੀ। ਮੈਂ ਸੋਚਿਆ ਸੀ ਕਿ ਨਾਲੇ ਇਸ ਮਾਸੂਮ ਦੀ ਪਰਵਰਿਸ਼ ਹੋ ਜਾਵੇਗੀ ਤੇ ਨਾਲੇ ਇਹ ਨੀਤੀ ਨੂੰ ਖਿਡਾਉਣ ਵਿਚ ਮੇਰੀ ਮਦੱਦ ਕਰ ਦਿਆ ਕਰੇਗਾ। ਹੁਣ ਤਾਂ ਉਹ ਘਰ ਦੇ ਹੋਰ ਛੋਟੇ ਮੋਟੇ ਕੰਮ ਵੀ ਕਰਨ ਲੱਗ ਪਿਆ ਸੀ। ਉਸਦੀਆਂ ਆਲੀਆਂ ਭੋਲੀਆਂ ਗੱਲਾਂ ਮੈਨੂੰ ਬਹੁਤ ਚੰਗੀਆਂ ਲੱਗਦੀਆਂ ਸਨ। ਹੁਣ ਮੈਨੂੰ ਉਹ ਵੀ ਨੀਤੀ ਜਿਨਾਂ ਹੀ ਪਿਆਰਾ ਲੱਗਣ ਲੱਗ ਪਿਆ ਸੀ। ਖਾਣ ਪੀਣ ਦੇ ਮਾਮਲੇ ਵਿਚ ਵੀ ਮੈਂ ਕਦੇ ਉਸ ਨਾਲ ਫਰਕ ਨਹੀਂ ਸੀ ਕੀਤਾ। ਜੋ ਕੁਝ ਘਰੇ ਅਸੀਂ ਖਾਂਦੇ ਹਾਂ ਬਰਾਬਰ ਰੂਪ ਵਿੱਚ ਉਸਨੂੰ ਵੀ ਮਿਲਦਾ ਹੈ। ਭਾਵੇਂ ਉਸਦਾ ਬਾਪ ਕਦੇਂ ਕਦਾਈਂ ਦੋ ਚਾਰ ਘੰਟੇ ਲਈ ਉਸਨੂੰ ਆਪਣੇ ਘਰ ਵੀ ਲੈ ਜਾਂਦਾ ਪਰ ਉਹ ਤਾਂ ਹੁਣ ਸਾਡੇ ਘਰ ਨੂੰ ਹੀ ਆਪਣਾ ਅਸਲੀ ਘਰ ਸਮਝਣ ਲੱਗ ਪਿਆ ਸੀ। ਮੈਂ ਮਹਿਸੂਸ ਕਰਦੀ ਸਾਂ ਕਿ ਉਹ ਆਪਣੇ ਬਾਪ ਦੇ ਨਾਲ ਘਰ ਜਾਣ ਤੋਂ ਕਤਰਾਉਂਦਾ ਵੀ ਹੈ।

ਅੱਜ ਸਵੇਰੇ ਹੀ ਸੁਸ਼ੀਲ ਨਾਲ ਤਕਰਾਰ ਹੋਣ ਤੋਂ ਬਾਅਦ ਮਨ ਬਹੁਤ ਉਦਾਸ ਤੇ ਬੇਚੈਨ ਹੈ ਸਕੂਲ ਵਿਚ ਪੜ੍ਹਾਉਣ ਦਾ ਦਿਲ ਨਾ ਕੀਤਾ ਤਾਂ ਛੱਟੀ ਲੈ ਕੇ ਘਰ ਆ ਗਈ ਹਾਂ। ਸਿਰ ਦਾ ਦਰਦ ਰੁਕਣ ਦਾ ਨਾਂ ਨਹੀਂ ਲੈ ਰਿਹਾ। ਸਗੋਂ ਮਾਨਸਿਕ ਬੇਚੈਨੀ ਦੀ ਹਾਲਤ ਵਿਚ ਹੋਰ ਵੀ ਵੱਧ ਗਿਆ ਹੈ। ਸੁਸ਼ੀਲ ਇਸ ਸਭ ਕਾਸੇ ਤੋਂ ਬੇਪ੍ਰਵਾਹ ਆਪਣੀ ਅਧੂਰੀ ਕਹਾਣੀ ਪੂਰੀ ਕਰਨ ਵਿਚ ਰੁੱਝਾ ਹੈ। ਉਸਨੂੰ ਹੋਰ ਕਹਾਣੀਆਂ ਤਾਂ ਬਹੁਤ ਸੁਝਦੀਆਂ ਨੇ ਪਰ ਆਪਣੇ ਬਿਖਰ ਰਹੇ ਪਰਿਵਾਰ ਦੀ ਕਹਾਣੀ ਵਲ ਪਤਾ ਨਹੀਂ ਉਸਦਾ ਧਿਆਨ ਕਿਉਂ ਨਹੀਂ ਜਾਂਦਾ।

ਅਕਸਰ ਸੋਚਦੀ ਹਾਂ ਕਿ ਹੁਣ ਰਿਸ਼ਤੇ ਹੰਢਾਏ ਨਹੀਂ ਜਾਂਦੇ ਸਗੋਂ ਰਿਸ਼ਤਿਆਂ ਦੇ ਦਾਅ ਖੇਡੇ ਜਾਂਦੇ ਨੇ। ਮੈਂ ਵੀ ਕਈ ਦਾਅ ਖੇਡੇ ਨੇ ਪਰ ਕੋਈ ਦਾਅ ਜਿੱਤ ਨਹੀਂ ਸਾਂ ਸਕੀ। ਹਰ ਰਿਸ਼ਤੇ ਨੇ ਮੇਰੇ ਅੰਦਰਲੀ ਔਰਤ ਨਾਲੋਂ ਬਾਹਰੀ ਕਮਾਊ ਔਰਤ ਨੂੰ ਵਧੇਰੇ ਮਹੱਤਤਾ ਦਿੱਤੀ ਹੀ। ਅਜੇ ਮੇਰੇ ਅੱਗੇ ਜ਼ਿੰਦਗੀ ਦਾ ਲੰਮਾ ਪੰਧ

ਪਿਆ ਹੈ। ਜ਼ਿੰਦਗੀ ਜਿਉਣ ਲਈ ਕੋਈ ਸਹਾਰਾ ਤਾਂ ਤਲਾਸ਼ ਕਰਨਾ ਹੀ ਪਵੇਗਾ। ਹੁਣ ਮੈਂ ਇੱਕ ਧੀ ਦੀ ਮਾਂ ਹਾਂ ਤੇ ਮੇਰੀ ਉਮਰ ਵੀ ਤੇਤੀ ਦਾ ਅੰਕੜਾ ਪਾਰ ਕਰ ਗਈ ਹੈ। ਮੇਰੇ ਸਮਾਜਿਕ ਹਲਾਤ ਹੁਣ ਮੈਨੂੰ ਇਕ ਹੋਰ ਵਿਆਹ ਦੀ ਇਜ਼ਾਜਤ ਨਹੀਂ ਦੇ ਸਕਦੇ। ਇਹ ਵੀ ਸੋਚਦੀ ਹਾਂ ਕਿ ਜੇ ਪਹਿਲੇ ਦੋ ਵਿਆਹ ਮੈਨੂੰ ਗ੍ਰਹਿਸਥੀ ਦਾ ਸੁੱਖ ਨਹੀਂ ਦੇ ਸਕੇ ਤਾਂ ਤੀਜੇ ਦੀ ਵੀ ਕੀ ਗਰੰਟੀ ਹੈ।

ਮੈਨੂੰ ਆਪਣੇ ਹੱਥਾਂ ਦੀਆਂ ਉਂਗਲੀਆਂ ਨਾਲ ਆਪਣੀ ਪੁੜਪੁੜੀ ਦੀਆਂ ਨਾੜਾਂ ਦਬਾਉਂਦਾ ਵੇਖ ਕੇ ਦੀਪੂ ਸਮਝ ਗਿਆ ਹੈ ਕਿ ਅੱਜ ਫਿਰ ਮੇਰਾ ਸਿਰ ਦਰਦ ਕਰ ਰਿਹਾ ਹੈ।

"ਮੈਮ ਤੁਸੀਂ ਲੇਟ ਜਾਓ... ਮੈਂ ਤੁਹਾਡੇ ਮੱਥੇ ਤੇ ਬਾਮ ਮਲ਼ ਦੇਂਦਾ ਹਾਂ।" ਉਸ ਬੜੇ ਮੋਹ ਜਿਹੇ ਨਾਲ ਕਿਹਾ ਹੈ। ਉਸਦੇ ਅਵਾਜ਼ ਦੇ ਸੰਮੋਹਨ ਵਿਚ ਬੱਝੀ ਮੈਂ ਬਿਸਤਰੇ ਤੇ ਲੇਟ ਗਈ ਹਾਂ। ਉਹ ਮੇਰੇ ਮੱਥੇ ਤੇ ਬਾਮ ਦੀ ਮਾਲਸ਼ ਕਰਨ ਲੱਗ ਪਿਆ ਹੈ। ਉਸਦੇ ਨਰਮ ਤੇ ਕੂਲੇ ਹੱਥਾਂ ਦੀ ਛੋਹ ਨਾਲ ਮੈਨੂੰ ਅਜੀਬ ਤਰਾਂ ਦਾ ਸਕੂਨ ਮਿਲ ਰਿਹਾ ਹੈ। ਮੈਨੂੰ ਮਹਿਸੂਸ ਹੋ ਰਿਹਾ ਹੈ ਕਿ ਹੁਣ ਤੀਕ ਹੰਢਾਏ ਸੁਆਰਥੀ ਸੂਝ ਵਾਲੇ ਰਿਸ਼ਤਿਆਂ ਨਾਲੋਂ ਇਸ ਮਾਸੂਮ ਦਾ ਨਿਰਛੱਲ ਰਿਸ਼ਤਾ ਮੇਰੇ ਲਈ ਵਧੇਰੇ ਕੀਮਤੀ ਹੈ। ਭਾਵੁਕ ਜਿਹੇ ਰੌਂ ਵਿਚ ਮੈਂ ਬਿਸਤਰੇ ਤੋਂ ਉਠ ਬੈਠੀ ਹਾਂ। ਮੇਰੀਆਂ ਬਾਹਾਂ ਦਾ ਦਾਇਰਾ ਆਪਣੇ ਆਪ ਫੈਲ ਗਿਆ ਹੈ।


"ਅੱਜ ਤੋਂ ਬਾਅਦ ਮੈਨੂੰ ਮੈਮ ਨਹੀਂ ਮੰਮੀ ਕਿਹਾ ਕਰ ਮੇਰੇ ਬੇਟੇ!" ਮੈਂ ਦੀਪੂ ਨੂੰ ਆਪਣੀ ਛਾਤੀ ਨਾਲ ਲਾ ਲਿਆ ਹੈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਮੈਂ ਨੀਤੀ ਨੂੰ ਆਪਣੀ ਛਾਤੀ ਨਾਲ ਲਾਉਂਦੀ ਹਾਂ। ਸ਼ਾਇਦ ਹੁਣ ਮੇਰੇ ਅੰਦਰ ਰਿਸ਼ਤਿਆਂ ਦਾ ਇੱਕ ਹੋਰ ਦਾਅ ਖੇਡਣ ਦਾ ਹੌਸ਼ਲਾ ਪੈਦਾ ਹੋ ਰਿਹਾ ਹੈ।

ਪਤਾ ਪਿੰਡ ਤੇ ਡਾਕ. ਬੋਹਾ, ਮਾਨਸਾ, 94177-74933


## ਭਗਵੰਤ ਰਸੂਲਪੁਰੀ ਦਾ ਨਵਾਂ ਕਹਾਣੀ ਸੰਗ੍ਰਹਿ

ਭਗਵੰਤ ਰਸੂਲਪੁਰੀ ਆਪਣੇ ਤੀਜੇ ਕਹਾਣੀ ਸੰਗ੍ਰਹਿ 'ਮਰਨ ਰੁੱਤ' ਨਾਲ ਆਪਣੀ ਕਥਾ-ਵਸਤੂ, ਬਿਰਤਾਂਤ ਵਿਧੀ ਅਤੇ ਰਚਨਾ ਦ੍ਰਿਸ਼ਟੀ ਵਿਚ ਵਿਕਾਸ ਕਰਦਾ ਹੈ। ਉਸ ਦੀ ਕਥਾ-ਵਸਤੂ ਦਾ ਅਧਾਰ ਸਮਾਜਕ ਤੌਰ ਤੇ ਹਸ਼ੀਆ-ਗ੍ਰਸਤ ਲੋਕ ਹਨ। ਇਹ ਲੋਕ ਬਿਨਾਂ ਕਿਸੇ ਉਚੇਚ ਤੋਂ ਉਸ ਦੇ ਕਥਾ-ਸੰਸਾਰ ਵਿਚ ਪ੍ਰਵੇਸ਼ ਕਰਦੇ ਹਨ। ਅਜਿਹੇ ਪਾਤਰ ਵਿਰੋਧੀ ਪ੍ਰਸਥਿਤੀਆਂ ਨਾਲ ਟਕਰਾਉਂਦੇ ਹੋਏ ਸੰਵਾਦ ਦੀ ਸਥਿਤੀ ਪੈਦਾ ਕਰਦੇ ਹਨ। ਅਜਿਹਾ ਕਰਦੇ ਹੋਏ ਉਹ ਸਾਂਸਕ੍ਰਿਤਕ ਅਵਚੇਤਨ ਤੋਂ ਮੁਕਤ ਹੋਣ ਦੇ ਨਾਲ ਨਾਲ ਕਿਸੇ ਆਰੋਪਿਤ ਵਿਚਾਰ ਤੋਂ ਮੁਕਤ ਰਹਿੰਦੇ ਹਨ। ਭਗਵੰਤ ਕਹਾਣੀ ਨੂੰ ਦਲਿਤ ਜੀਵਨ ਦੀ ਪੇਸ਼ਕਾਰੀ ਦਾ ਮਾਧਿਅਮ ਬਣਾ ਕੇ ਕਰੁਣਾਂ ਭਾਵ ਪੈਦਾ ਨਹੀਂ ਕਰਦਾ ਸਗੋਂ ਸੰਵਾਦ ਪੈਦਾ ਕਰਦਾ ਹੈ। ਉਸ ਦੀਆਂ ਕਹਾਣੀਆਂ 'ਜੜ੍ਹਾਂ' ਤੇ 'ਆਦੀ ਡੰਕਾ' ਪੰਜਾਬੀ ਦਲਿਤ ਜੀਵਨ ਦੀ ਮੁਕਤੀ ਦੇ ਭਵਿੱਖੀ ਮਾਡਲ ਨੂੰ ਨਿਰਧਾਰਿਤ ਕਰਨ ਵਾਲੀਆਂ ਹਨ। ਇਹਨਾਂ ਕਹਾਣੀਆਂ ਨਾਲ ਦਲਿਤ ਚਿੰਤਨ ਵਿਚ ਇਕ ਬਹਿਸ ਅੱਗੇ ਤੁਰਦੀ ਹੈ। ਮੇਰੀ ਜਾਚੇ ਪਹਿਲੀ ਦਲਿਤ ਕਹਾਣੀ ਜਾਤੀ ਪ੍ਰਸੰਗਾ ਦੇ ਅਧਾਰਾਂ ਨੂੰ ਨਵੇਂ ਸਿਰੇ ਤੋਂ ਉਲੀਕਦੀ ਸੀ ਪਰੰਤੂ ਭਗਵੰਤ ਦੀ ਕਹਾਣੀ ਇਸ ਤੋਂ ਅੱਗੇ ਤੁਰਦੀ ਹੈ।

- ਰਜਨੀਸ਼ ਬਹਾਦਰ ਸਿੰਘ




*ਮੁੱਲ :150, ਪੰਨੇ :136*

ਪ੍ਰਕਾਸ਼ਕ

**ਚੇਤਨਾ ਪ੍ਰਕਾਸ਼ਨ, ਲੁਧਿਆਣਾ**




## ਕਹਾਣੀ / **ਦਾਰੋ ਘਤਿੱਤੀ** / ਪ੍ਰੀਤ ਨੀਤਪੁਰ

"ਕੁੜੇ ਭੈਣ ਜੀ! ਕਮਲੀ ਦੇ ਮੁੰਡੇ!"

"ਨ੍ਹੀ ਸੱਚੀ!" ਉਹ ਹੈਰਾਨ ਤੇ ਖੁਸ਼ੀ ਦੇ ਰਲਵੇਂ ਪ੍ਰਭਾਵ 'ਚ ਬੋਲੀ, "ਨੀ ਇਹ ਤਾਂ ਬਲਾਈ ਚੰਗਾ ਹੋਇਐ! ਵਿਚਾਰੇ ਦਾਰੋ ਘਤਿੱਤੀ ਦੀ 'ਜੜ੍ਹ' ਲੱਗ-ਗੀ। ਅਖੇ, ਰੱਬ ਦੇ ਘਰ ਦੇਰ ਆ। ਹਨੇਰ ਨ੍ਹੀਂ...।"

ਉਨ੍ਹਾਂ ਦੀ ਵਾਰਤਾਲਾਪ ਸੁਣਕੇ, ਮੇਰੇ ਜ਼ਿਹਨ 'ਚ ਦਾਰੋ ਘਤਿੱਤੀ ਕੇ 'ਲਾਣੇ' ਦੀ ਕਹਾਣੀ ਫਿਲਮ ਦੀ ਰੀਲ੍ਹ ਵਾਂਗੂੰ ਚੱਲ ਪਈ ਹੈ।

...ਦਾਰੋ ਘਤਿੱਤੀ ਆਪਣੇ ਸੱਤਾਂ ਭੈਣਾਂ-ਭਰਾਵਾਂ 'ਚੋਂ ਸਭ ਤੋਂ ਵੱਡਾ ਹੈ। ਇਹ ਪੰਜ ਭਰਾ ਤੇ ਦੋ ਭੈਣਾਂ। ਭੈਣਾਂ ਦੋਵੇਂ ਵਿਆਹੀਆਂ ਵਰ੍ਹੀਆਂ। ਜੁਵਾਕ-ਜੱਲੇ ਵਾਲੀਆਂ। ਆਪਣੇ ਘਰੀਂ ਵੱਸਦੀਆਂ-ਰਸਦੀਆਂ। ਖੁਸ਼ੀ ਗਮੀ ਜਾਂ ਦਿਨ ਤਿਉਹਾਰ 'ਤੇ ਉਹ ਪੇਕੀ ਗੇੜਾ ਮਾਰਦੀਆਂ। ਦਾਰੋ ਉਨ੍ਹਾਂ ਆਈਆਂ ਦਾ ਮਾਣ ਤਾਨ ਕਰਦੈ। ਜੋ ਸਰਦਾ ਦਿੰਦੈ। ਭਰਾਵਾਂ ਵਾਲਾ ਫ਼ਰਜ਼ ਨਭਾਉਂਦੈ। ਬਾਕੀ ਭਰਾ ਤਾਂ ਗਏ ਗੁਜ਼ਰੇ ਆ। ਦਾਰੋ ਵਿਚ 'ਕਬੀਲਦਾਰਾਂ' ਵਾਲੇ ਸਾਰੇ 'ਗੁਣ' ਹੈਗੇ ਆ।

"ਚੰਗਾ ਵਿਚਾਰਾ।" ਭੈਣਾਂ ਸਿਫ਼ਤ ਕਰਦੀਆਂ, "ਇਹਨੇ ਸਾਨੂੰ ਪਿਓ ਦੀ ਘਾਟ ਮਹਿਸੂਸ ਨਹੀਂ ਹੋਣ ਦਿੱਤੀ।"

ਦਾਰੋ ਦਾ ਪੂਰਾ ਨਾਂਅ ਤਾਂ ਦਿਲਾਵਰ ਸਿੰਘ ਹੈ। ਪਰ ਉਹ ਪਿੰਡ 'ਚ ਦਾਰੋ ਘਤਿੱਤੀ ਕਰਕੇ ਜਾਣਿਆ ਜਾਂਦਾ ਹੈ। ਦਾਰੋ ਘਤਿੱਤੀ ਕੱਦ-ਕਾਠ ਵੱਲੋਂ ਨਾ ਬਾਹਲਾ ਅੱਕਰਾ ਤੇ ਨਾ ਹੀ ਬਾਹਲਾ ਮਾੜਚੂ ਜਿਹਾ ਹੈ। ਸਗੋਂ ਉਹਦਾ ਕੱਦ-ਕਾਠ ਦਰਮਿਆਨਾ। ਆਮ ਬੰਦਿਆਂ ਨਾਲੋਂ ਵੇਖਣ ਨੂੰ ਉਹ ਥੋੜਾ ਜਿਹਾ ਵੱਖਰਾ ਲੱਗਦੈ। ਲੰਬੂਤਰਾ ਜਿਹਾ ਚਿਹਰਾ। ਚਿਹਰੇ 'ਤੇ ਟਾਵੇਂ-ਟਾਵੇਂ ਮਾਤਾ ਦੇ ਦਾਗ਼। ਨੱਕ ਤਿੱਖਾ। ਹੇਠਲਾ ਬੁੱਲ੍ਹ ਮੋਟਾ ਤੇ ਥੋੜਾ ਜਿਹਾ ਥੱਲੇ ਨੂੰ ਢਿਲਕਵਾਂ ਹੈ। ਵਿਰਲੇ ਤੇ ਉੱਚੇ ਕਰੇੜੇ ਦੰਦ। ਕਣਕ ਵੰਨਾਂ ਰੰਗ। ਨਿੱਕੀਆਂ ਤੇ ਡੂੰਘੀਆਂ ਅੱਖਾਂ। ਕੈਂਚੀ ਨਾਲ ਲਾਪਰੀ ਕਰੜ-ਬਰੜੀ ਦਾੜ੍ਹੀ। ਖਰਖਰੇ ਵਰਗੇ ਹੱਥ। ਵਿਆਈਆਂ ਪਾਟੇ ਡੱਫਲ ਜਿਹੇ ਪੈਰ। ਉਹ ਅਕਸਰ ਪੈਰੋਂ ਨੰਗਾ ਰਹਿੰਦੈ। ਪੈਰ ਬੇਢੰਗੇ ਜਿਹੇ ਹੋਣ ਕਰਕੇ, ਜੁੱਤੀ ਉਹਦੇ ਚੰਗੀ ਤਰ੍ਹਾਂ ਫਿੱਟ ਨਹੀਂ ਆਉਂਦੀ। ਉਹ ਹਮੇਸ਼ਾ ਖੱਦਰ ਦਾ ਲੰਮਾ ਜਿਹਾ ਝੱਗਾ ਤੇ ਡੋਕਲ ਜਿਹੀ ਨਿੱਕਰ ਪਾ ਕੇ ਰੱਖਦੈ। ਨੰਗੀਂ ਲੱਤੀ ਤੇ ਨੰਗੇ ਪੈਰੀਂ ਰਹਿਣਾ ਉਹਦੀ ਆਦਤ ਹੈ। ਊਂ ਕਿਤੇ 'ਲੌਂਣੇ' ਜਾਣ ਵੇਲੇ ਉਹ ਬਿਸਕੁਟੀ ਲਾਂਗੜ ਕੱਢਵੀਂ ਚਾਦਰ ਤੇ ਪੈਰੀ ਧੌੜੀ ਦੀ ਜੁੱਤੀ, ਜਿਹੜੀ ਮੋਚੀ ਤੋਂ 'ਮੇਚਾ' ਦੇ ਕੇ ਬਣਾਈ ਹੁੰਦੀ ਹੈ, ਪਹਿਨਦੈ। ਡੱਬੀਆਂ ਵਾਲਾ ਸਾਫ਼ਾ ਉਹ ਸਿਰ 'ਤੇ ਇਉਂ ਬੰਨ੍ਹਦੈ। ਜਿਵੇਂ ਤੂੜੀ ਦੀ ਪੰਡ ਚੁੱਕਣੀ ਹੁੰਦੀ ਹੈ। ਬੀੜੀਆਂ ਉਹਦੀ ਕਮਜ਼ੋਰੀ ਹੈ। ਤੇ ਉਹ ਕਦੇ-ਕਦੇ ਨਸਵਾਰ ਵੀ ਸੁੰਘਦੈ। ਅਖੇ, ਨਸਵਾਰ ਡਮਾਕ ਖੋਲ੍ਹ ਦਿੰਦੀ ਹੈ। ਨਸਵਾਰ ਸੁੰਘ ਕੇ ਉਹ ਉੱਤੋ ਅੜੁੱਤੀ ਤਿੰਨ-ਚਾਰ ਛਿੱਕਾਂ ਮਾਰਦੈ। ਹਰ ਛਿੱਕ ਪਿੱਛੋਂ 'ਵਾਖਰੂ' ਕਹਿੰਦੈ। ਲਗਦੈ, ਉਹ ਛਿੱਕਾਂ ਮਾਰਨ ਲਈ ਹੀ ਨਸਵਾਰ ਸੁੰਘਦਾ ਹੈ। ਉਹ ਧੀਮੀ ਸੁਰ 'ਚ ਧੀਰਜ ਤੇ ਠਰੰਮੇ ਨਾਲ ਬੋਲਦਾ ਹੈ। ਜਦੋਂ ਬੋਲਦੈ, ਉਹਦੀਆਂ ਨਿੱਕੀਆਂ ਅੱਖਾਂ ਹੋਰ ਪਿਚਕ ਜਾਂਦੀਆਂ। ਤੇ ਹੇਠਲੇ ਬੁੱਲ੍ਹ 'ਚ ਥੁੱਕ ਦੀ ਝੱਗ ਜਿਹੀ ਭਰ ਜਾਂਦੀ ਹੈ।

ਆਪਣੀ ਬਾਲ ਕੇ ਸੇਕਣ ਵਾਲਾ ਦਾਰੋ ਘਤਿੱਤੀ ਸਿਰੇ ਦਾ ਸਿਰੜੀ ਮਿਹਨਤੀ ਤੇ ਸੰਜਵੀ ਹੈ।

ਦਾਰੋ ਤੋਂ ਛੋਟਾ ਪੈਨਸਨੀਆਂ ਫ਼ੌਜੀ ਹੈ, ਬਾਗੋ। ਬਾਗੋ ਫ਼ੌਜੀ ਸਿਰੇ ਦਾ ਸ਼ਰਾਬੀ ਕਬਾਬੀ ਹੈ। ਲੜਾਕਾ। ਪੰਗੇਬਾਜ਼। ਫੋਕੀਆਂ ਫੜਾਂ ਮਾਰਨ ਵਾਲਾ। ਉਹ ਦੂਜੇ-ਤੀਜੇ ਤੀਮੀ ਨੂੰ ਕੁੱਟਦੈ। ਉਹਦੇ ਚਾਲ-ਚੱਲਣ ਤੇ ਸ਼ੱਕ ਕਰਦੈ। ਪੂਰੀ ਨੌਕਰੀ ਦੌਰਾਨ ਉਹਨੇ ਸਿਰਫ ਇਕ ਚਾਰ ਖਾਨੇ ਦਾ ਕਮਰਾ, ਰਸੋਈ ਤੇ ਵਿਹੜੇ 'ਚ ਨਲਕਾ ਹੀ ਲਵਾਇਐ। ਉਹ ਹੁਣ ਸੀਜ਼ਨ 'ਚ ਟੋਕਰੇ ਬਣਾਉਂਦੈ। ਦਿਹਾੜੀ ਦੱਪਾ ਵੀ ਕਰਦੈ। ਉਹਦੇ ਤਿੰਨ ਮੁੰਡੇ ਆ। ਤਿੰਨੇ ਈ ਅਲੱਥ। ਨਿਕੰਮੇ। ਅਵਾਰਾ। ਪਰ ਫ਼ੌਜੀ ਨੂੰ ਇਨ੍ਹਾਂ ਗੱਲਾਂ ਦੀ ਕੋਈ ਪ੍ਰਵਾਹ ਨਹੀਂ। ਕੋਈ ਫਿਕਰ ਨਹੀਂ। ਕਬੀਲਦਾਰਾਂ ਵਾਲਾ ਉਹਦੇ 'ਚ ਕੋਈ 'ਲੱਛਣ' ਨਹੀਂ। ਘੁੱਟ ਪੀ ਕੇ ਉਹ ਫੜਾਂ ਬਹੁਤ ਮਾਰਦੈ।

ਪੂਰਾ ਸ਼ੇਖਚਿੱਲੀ ਹੈ। ਗੱਲੀ ਬਾਤੀ ਉਹ ਕਿਸੇ ਮੁੰਡੇ ਨੂੰ ਡੁੱਬਈ ਭੇਜ ਦਿੰਦੈ। ਤੇ ਕਿਸੇ ਨੂੰ ਮਾਸਕਟ...। ਹਾਲਾਂ ਕਿ ਕਿਸੇ ਮੁੰਡੇ ਦਾ ਅਜੇ ਪਾਸਪੋਰਟ ਨਹੀਂ ਬਣਿਆ।

ਫ਼ੌਜੀ ਤੋਂ ਛੋਟਾ ਹੈ ਗੇਜੂ। ਗੇਜੂ ਪਿੰਡ ਦੇ ਬੱਸ ਅੱਡੇ 'ਤੇ ਥੋੜੇ ਜਿਹੇ ਸੰਦ ਰੱਖਕੇ ਸਾਈਕਲਾਂ ਨੂੰ ਪੈਂਚਰ ਲਾਉਂਦੈ। ਉਹ ਸਵੇਰੇ ਸੁਵੱਖਤੇ, ਸੰਦ-ਸੰਦੇੜੇ ਵਾਲਾ ਲੋਹੇ ਦਾ ਪੁਰਾਣਾ ਜਿਹਾ ਟਰੰਕ ਸਾਈਕਲ 'ਤੇ ਲੱਦਕੇ ਲੈ ਜਾਂਦੈ। ਤੇ ਹਨੇਰੇ ਹੋਏ ਮੁੜ ਆਉਂਦੈ। ਮੀਂਹ ਜਾਵੇ ਹਨੇਰੀ ਜਾਵੇ। ਉਹ ਆਥਣੇ 'ਪਊਆ' ਜ਼ਰੂਰ ਪੀਂਦੈ। ਹੁਣ ਕਹਿੰਦੇ 'ਭੁੱਕੀ' ਵੀ ਖਾਣ ਲੱਗ ਪਿਆ। ਘਰ ਵੱਲੋਂ ਜਮਾਂ ਲਾਪ੍ਰਵਾਹ। ਨਾ ਚੜ੍ਹੀ ਦੀ ਨਾ ਲੱਥੀ ਦੀ। ਤੀਮੀ ਦਿਹਾੜੀ ਦੱਪਾ ਕਰਕੇ ਜੁਵਾਕ ਪਾਲਦੀ ਆ। ਘਰ ਚਲਾਉਂਦੀ ਆ। ਇਨ੍ਹਾਂ ਦੇ ਘਰ ਵੀ ਦੂਜੇ ਤੀਜੇ ਕਲੇਸ਼ ਹੁੰਦੈ। ਕਦੇ ਤੀਮੀ ਉਹਨੂੰ ਕੁੱਟ ਦਿੰਦੀ ਆ। ਕਦੇ ਉਹ ਤੀਮੀ ਨੂੰ ਕੁੱਟ ਦਿੰਦੈ।

ਗੇਜੂ ਤੋਂ ਛੋਟਾ ਹੈ ਭਿੰਦਾ। ਭਿੰਦਾ ਕਿਸ਼ੋਰ ਅਵਸਥਾ 'ਚ ਹੀ ਜੱਟਾਂ ਦੀਆਂ ਮੱਝਾਂ ਚਾਰਨ ਲੱਗ ਪਿਆ ਸੀ। ਫਿਰ ਜਵਾਨੀ ਦੀ ਦਹਿਲੀਜ਼ 'ਤੇ ਪੈਰ ਰੱਖਦਿਆਂ ਹੀ ਉਹ 'ਸੀਰੀ' ਰਲਣ ਲੱਗ ਪਿਆ ਸੀ। ਭਿੰਦਾ ਹੱਡਾਂ ਪੈਰਾਂ ਦਾ ਮੋਕਲਾ, ਉੱਚਾ-ਲੰਮਾ ਤੇ ਭਰਵੇਂ ਜੁੱਸੇ ਵਾਲਾ ਗੱਭਰੂ ਹੈ। ਖੇਤੀਬਾੜੀ ਦੇ ਕੰਮ ਨੂੰ ਛੋਹਲਾ ਤੇ ਤਿੱਖਾ। ਨਾ ਥੱਕਦਾ ਸੀ। ਨਾ ਅੱਕਦਾ ਸੀ। ਕੰਮ 'ਤੇ ਚੜ੍ਹਕੇ ਰਹਿੰਦਾ ਹੁੰਦਾ ਸੀ। ਇਕ ਜ਼ਰਦੇ ਤੋਂ ਬਿਨਾਂ ਉਹਨੂੰ ਕੋਈ ਐਬ ਨਹੀਂ ਸੀ। ਸ਼ਰਾਬ ਉਹ ਦਿਨ-ਤਿਉਹਾਰ 'ਤੇ ਹੀ ਪੀਂਦਾ ਸੀ। ਜਾਂ ਕਦੇ ਮਾਲਕ ਉਹਦੇ ਕੰਮ ਤੋਂ ਖੁਸ਼ ਹੋ ਕੇ ਪਿਆ ਦਿੰਦਾ ਹੁੰਦਾ ਸੀ। ਉਹ ਇਕ ਚੰਗੇ ਤੇ ਇਮਾਨਦਾਰ ਕਾਮੇ ਵਜੋਂ ਜਾਣਿਆ ਜਾਂਦਾ ਸੀ।

ਪਰ ਵਿਚਾਰੇ ਦੀ ਬਦਕਿਸਮਤੀ ਪਿੱਛਲੇ ਤੋਂ ਪਿਛਲੇਰੇ ਸਾਲ, ਜਦੋਂ ਉਹ ਗਰੇਵਾਲ ਸਰਦਾਰਾਂ ਦੇ ਸੀਰੀ ਲੱਗਾ ਹੁੰਦਾ ਸੀ। ਕਣਕ ਕੁਤਰਨ ਵਾਲੀ ਮਸ਼ੀਨ 'ਚ ਆ ਕੇ ਉਹਦੀ ਸੱਜੀ ਬਾਂਹ ਕੂਹਣੀ ਤੱਕ ਕੱਟੀ ਗਈ ਸੀ।

ਉਦੋਂ ਸਾਰੇ ਵਿਹੜੇ 'ਚ ਸੋਗ ਦੀ ਲਹਿਰ ਦੌੜ ਗਈ ਸੀ। ਉਸ ਦਿਨ ਵਿਹੜੇ 'ਚ ਕਿਸੇ ਦੇ ਘਰ ਚੁੱਲ੍ਹਾ ਨਹੀਂ ਸੀ ਤਪਿਆ। ਨਾ ਕਿਸੇ ਪਕਾਇਆ। ਨਾ ਕਿਸੇ ਖਾਧੀਆਂ। ਸਾਰੇ ਵਿਹੜੇ 'ਚ ਉਦਾਸੀ ਦੇ ਬੱਦਲ ਛਾਏ ਹੋਏ ਸੀ। ਭਿੰਦੇ ਦੀ ਵਹੁਟੀ ਤੇਜੋ ਦਾ ਮੰਦਾ ਹਾਲ ਸੀ। ਉਹਨੂੰ ਬਿੰਦੇ-ਝੱਟ 'ਦੰਦਲ' ਪੈਂਦੀ ਸੀ। ਉਹ ਜਮਾਂ ਬੇਹੋਸ਼ ਹੋਈ ਪਈ ਸੀ।

"ਵੇਖੋ ਜਾਰੋ, ਲੋਹੜਾ।" ਬੁੜ੍ਹਾ ਬਾਜੂ ਸੱਜੇ-ਖੱਬੇ ਸਿਰ ਮਾਰਦਾ ਬੋਲਿਆ ਸੀ, "ਕੜੀ ਵਰਗਾ ਮੁੰਡਾ ਜਮਾਂ ਰੱਦੀ ਹੋ ਗਿਐ! ਅੱਛਾ ਮਾਲਕਾ! ਤੇਰਾ ਭਾਣਾ...!!"

ਉਹ ਇਕ ਲੰਮੇ ਹਾਉਂਕੇ ਨਾਲ ਰੱਬ ਦੀ ਰਜ਼ਾ 'ਚ ਝੁਕ ਗਿਆ ਸੀ।

ਗਰੇਵਾਲ ਭਿੰਦੇ ਨੂੰ ਗੱਡੀ'ਚ ਪਾ ਕੇ ਸ਼ਹਿਰ ਲੈ ਗਏ ਸੀ। ਸਰਕਾਰੀ ਹਸਪਤਾਲ 'ਚ ਦਾਖਲ ਕਰਵਾ ਦਿੱਤਾ ਸੀ। ਇਲਾਜ਼ ਦਾ ਸਾਰਾ ਖਰਚ ਗਰੇਵਾਲਾਂ ਨੇ ਆਪਣੇ ਸਿਰ ਆਉੜ ਲਿਆ ਸੀ। ਦੋ ਬੋਰੀਆਂ ਕਣਕ ਦੀਆਂ। ਇਕ ਤੋੜਾ ਆਟੇ ਦਾ ਤੇ ਦੋ ਤਿੰਨ ਭੇਲੀਆਂ ਗੁੜ ਦੀਆਂ ਗਰੇਵਾਲਾਂ ਦਾ ਦੂਜਾ ਸੀਰੀ ਭਿੰਦੇ ਕੇ ਘਰ ਸੁੱਟ ਗਿਆ ਸੀ।

ਗਰੇਵਾਲ, ਵਿਹੜੇ ਵਾਲਿਆ ਨਾਲ ਬੜੀ ਹਲੀਮੀ ਨਾਲ ਪੇਸ਼ ਆ ਰਹੇ ਸੀ। ਉਹ ਹਰ ਤਰ੍ਹਾਂ ਦੀ ਮਦਦ ਕਰਨ ਨੂੰ ਤਿਆਰ ਸੀ। ਦਰਅਸਲ, ਉਹ ਅੰਦਰੋਂ ਪੂਰੀ ਤਰ੍ਹਾਂ ਡਰੇ ਹੋਏ ਸੀ। ਕਿ ਵਿਹੜੇ ਵਾਲੇ ਕੋਈ ਪੰਗਾ ਈ ਨਾ ਪਾ ਦੇਣ। ਕਿਤੇ ਕੇਸ ਨਾ ਕਰ ਦੇਣ। ਅੰਦਰ-ਖਾਤੇ ਉਨ੍ਹਾਂ ਨੇ ਪੁਲੀਸ ਨਾਲ ਵੀ 'ਗੰਢ-ਤੁੱਪ' ਕਰ ਲਈ ਸੀ। ਉਹ ਹਰ ਪੱਖੋਂ ਆਪਣਾ ਬਚਾ ਕਰਨਾ ਚਾਹੁੰਦੇ ਸੀ।

ਪਰ ਦਾਰੋ ਘਤਿੱਤੀ ਬੜਾ ਘਤਿੱਤੀ ਸੀ। ਉਹਵ ਜੱਟਾਂ ਦੀਆਂ ਲੂੰਬੜ ਚਾਲਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਪਰ ਉਹ ਅਜੇ ਤੱਕ ਚੁੱਪ ਸੀ। ਉਹ ਸੋਚਦਾ ਸੀ, ਕਿ ਗਰੇਵਾਲ ਆਪੇ ਕੋਈ ਗੱਲ ਛੇੜਨਗੇ। ਪਰ ਅੱਜ ਹਫ਼ਤਾ ਬੀਤ ਗਿਆ ਸੀ। ਉਨ੍ਹਾਂ ਕੋਈ ਲੜ ਪੱਲਾ ਨਹੀਂ ਸੀ ਫੜਾਇਆ।

ਗਰੇਵਾਲਾਂ ਦੇ ਵਿਰੋਧੀ ਦਾਰੋ ਨੂੰ ਫੂਕ ਦਿੰਦੇ। ਚੁੱਕਕੇ।

"ਤੂੰ ਕੇਸ ਕਰ..."

"ਮੈਂ ਤਾਂ ਅਜੇ ਵੇਖਦੈ...। ਊਠ ਕਿਸ ਕਰਵਟ ਬਹਿੰਦੈ।" ਦਾਰੋ ਠਰ੍ਹੰਮੇ ਨਾਲ ਲਮਿਆਰ ਕੇ ਬੋਲਦੈ, "ਮੈਂ ਤਾਂ ਭੁਲਾਦੂੰ ਇਨ੍ਹਾਂ ਦੀ ਭੂਤਨੀ...।"



ਤੇ ਫਿਰ ਇਕ ਦਿਨ ਸਵੇਰੇ ਸਾਜਰੇ ਦਾਰੋ ਘਤਿੱਤੀ ਚੌਂਹ ਭਰਾਵਾਂ ਨੂੰ ਨਾਲ ਲੈ ਕੇ ਗਰੇਵਾਲਾਂ ਦੀ ਹਵੇਲੀ ਜਾ ਧਮਕਿਆ ਸੀ।

ਵੱਡਾ ਸਰਦਾਰ ਜ਼ੈਲਦਾਰ ਸਾਹਿਬ ਕੁਰਸੀ 'ਤੇ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ। ਵਿਹੜੇ ਵਾਲਿਆਂ ਨੂੰ ਵੇਖਕੇ ਉਹਦਾ ਮੱਥਾ ਠਣਕਿਆ ਸੀ। ਉਨ੍ਹਾਂ ਦੀ ਸਤਿ ਸ੍ਰੀ ਅਕਾਲ ਦਾ ਜਵਾਬ ਦੇ ਕੇ ਉਹ ਅਤਿ ਦੀ ਹਲੀਮੀ ਨਾਲ ਬੋਲਿਆ ਸੀ।

"ਆਓ ਭਾਈ ਗੁਰਮੁੱਖੋ, ਬੈਠੋ।" ਸਰਦਾਰ ਨੇ ਅਖ਼ਬਾਰ ਸੱਜੇ ਹੱਥ ਪਏ ਛੋਟੇ ਜਿਹੇ ਸਟੂਲ 'ਤੇ ਰੱਖ ਦਿੱਤੀ ਸੀ। ਤੇ ਐਨਕ ਲਾਹਕੇ ਹੱਥ 'ਚ ਫੜ ਲਈ ਸੀ।

ਇਸ ਤੋਂ ਪਹਿਲਾਂ ਕਿ 'ਵਿਹੜੇ ਵਾਲੇ' ਭੁੰਜੇ ਬਹਿੰਦੇ। ਸਰਦਾਰ ਦਾ ਪੋਤਾ ਲਖਬੀਰ, ਜਿਹੜਾ ਕਾਲਜ਼ 'ਚ ਪੜ੍ਹਦੈ, ਪਰ੍ਹੋਂ ਮੰਜਾ ਚੁੱਕ ਲਿਆਇਆ ਸੀ।

"ਨਹੀਂ ਚਾਚਾ, ਥੱਲੇ ਕਾਹਤੋਂ ਬਹਿਣੈ! ਆਹ ਮੰਜੇ 'ਤੇ ਬੈਠੋ...।" ਉਹਨੇ ਸੂਤ ਦੇ ਰੰਗ ਬਰੰਗੇ ਵਾਣ ਨਾਲ ਬੁਣਿਆ ਵੱਡਾ ਮੰਜਾ ਡਾਹ ਦਿੱਤਾ ਸੀ।

"ਨਹੀਂ ਜੀ, ਮੰਜੇ ਨੂੰ ਕੀ ਆ। ਅਸੀਂ ਇੱਥੇ ਭੁੰਜੇ ਈ ਬਹਿ ਜਾਣੈ! ਅਸੀਂ ਕਿਹੜਾ ਇੱਥੇ ਮਾਰ...।" ਉਨ੍ਹਾਂ 'ਚੋਂ ਇਕ ਜਣੇ ਨੇ ਕਿਹਾ ਸੀ। ਉਹ ਸਰਦਾਰ ਦੇ ਸਾਹਮਣੇ ਮੰਜੇ 'ਤੇ ਬਹਿਣੋ ਝਿੱਜਕਦੇ ਸੀ। ਇਦੂੰ ਪਹਿਲਾਂ ਉਨ੍ਹਾਂ ਨੇ ਵੱਡੇ ਸਰਦਾਰ ਦੇ ਸਾਹਮਣੇ ਕਦੇ ਸਿਰ ਵੀ ਨਹੀਂ ਸੀ ਚੁੱਕਿਆ। ਮੰਜੇ 'ਤੇ ਬਹਿਣਾ ਤਾਂ ਬਾਹਲੀ ਦੂਰ ਦੀ ਗੱਲ ਸੀ।

"ਨਹੀਂ ਬਈ, ਐਂ ਨ੍ਹੀਂ...। ਬੈਠੋ ਬੈਠੋ...।" ਸਰਦਾਰ ਨੇ ਜਿਵੇਂ ਮੰਜੇ 'ਤੇ ਬਹਿਣ ਦੀ ਸਹਿਮਤੀ ਦੇ ਦਿੱਤੀ ਹੋਵੇ।

ਸ਼ਾਇਦ ਅੱਜ ਪਹਿਲੀ ਵਾਰ 'ਵਿਹੜੇ ਵਾਲੇ' ਵੱਡੇ ਸਰਦਾਰ ਦੇ ਸਾਹਮਣੇ ਮੰਜੇ ਉੱਤੇ ਬੈਠੇ ਸੀ।

ਸਰਦਾਰ ਨੇ ਗੱਲ ਸ਼ੁਰੂ ਕੀਤੀ।

"ਦਾਰੋ ਭਾਈ, ਬਾਹਲੀ ਮਾੜੀ ਗੱਲ ਹੋਈ। ਮੁੰਡੇ ਦੀ ਬਾਂਹ ਕੱਟੀ ਗਈ। ਸਾਨੂੰ ਤਾਂ ਭਾਈ ਬਾਹਲਾ ਦੁੱਖ ਆ। ਕੰਮ ਦੀ ਰੁੱਤ 'ਚ ਜੇ 'ਕਾਮਾ' ਘਰੇ ਬਹਿਜੇ, ਜਿੰਮੀਦਾਰ ਤਾਂ ਮਰਨ ਹੋ ਜਾਂਦੈ।"

"ਹਾਂ ਜੀ, ਹਾਂ ਜੀ।" ਉਨ੍ਹਾਂ 'ਚੋਂ ਕੋਈ ਇਕ ਜਣਾ ਬੋਲਿਆ ਸੀ।

"ਭਾਈ ਮਸ਼ੀਨਰੀ ਦਾ ਕੰਮ ਆ। ਅਜਿਹੇ ਹਾਦਸੇ ਅਕਸਰ ਵਾਪਰ ਜਾਂਦੇ ਨੇ। ਕਿਸੇ ਦੇ ਵੱਸ ਦੀ ਗੱਲ ਨਹੀਂ ਹੁੰਦੀ।"

"ਹਾਂ ਜੀ, ਹਾਂ ਜੀ।"

"ਨਾਲੇ ਭਾਈ, ਇਹਦੇ 'ਚ ਸਾਡਾ ਤਾਂ ਕੋਈ ਕਸੂਰ ਨ੍ਹੀਂ। ਉਹਨੂੰ ਚੁਕੰਨੇ ਹੋ ਕੇ ਕੰਮ ਕਰਨਾ ਚਾਹੀਦਾ ਸੀ।"

"ਹਾਂ ਜੀ, ਹਾਂ ਜੀ।"

"ਤੂੰ ਕੀ ਓਏ, ਹਾਂ ਜੀ, ਹਾਂ ਜੀ ਕਰੀ ਜਾਨੈ।" ਦਾਰੋ ਘਤਿੱਤੀ ਉਹਨੂੰ ਕੁੱਦ ਕੇ ਪਿਆ ਸੀ, "ਤੈਥੋਂ ਚੁੱਪ ਕਰਕੇ ਨ੍ਹੀ ਬੈਠੀਦੈ। ਚੁਕਿਐ ਹਾਂ ਜੀ, ਹਾਂ ਜੀ ਦਾ...।" ਦਾਰੋ ਆਪਣੇ ਅਸਲੀ ਰੰਗ 'ਚ ਆ ਗਿਆ ਸੀ।

ਇਸੇ ਰੰਗ 'ਚ ਉਹ ਸਰਦਾਰ ਨੂੰ ਮੁਖ਼ਾਤਿਬ ਹੋਇਆ ਸੀ, "ਸਰਦਾਰ ਜੀ, ਬਾਹਲੀਆਂ ਘਾਣੀਆਂ ਪਾਉਣ ਦੀ ਲੋੜ ਨੀਂ। ਤੁਸੀਂ ਦੱਸੋ ਉਹਦੀ ਕੁਸ਼ ਮਦਦ ਕਰੋਗੇ ਕਿ ਨਹੀਂ...?" ਦਾਰੋ ਘਤਿੱਤੀ ਨੇ ਦੋ ਟੁੱਕ ਗੱਲ ਕਰ ਦਿੱਤੀ ਸੀ।

ਗਰੇਵਾਲ ਸਰਦਾਰਾਂ ਦੀ ਇਹ ਸਿਫ਼ਤ ਸੀ ਕਿ ਉਹ 'ਕੰਮੀ ਕਮੀਣ' ਦੇ ਬਹੁਤਾ ਸਿਰ ਨਹੀਂ ਸੀ ਆਉਂਦੇ। ਬਾਹਲਾ ਮੂੰਹ ਨਹੀਂ ਸੀ ਲਾਉਂਦੇ। ਪਿਆਰ, ਹਲੀਮੀ ਤੇ ਨਿਮਰਤਾ ਉਨ੍ਹਾਂ ਦਾ ਖਾਸ਼ ਗੁਣ ਸੀ। ਲੜਾਈ, ਝਗੜਾ, ਥਾਣੇ, ਕਚਹਿਰੀਆਂ ਤੋਂ ਉਹ ਤਹ੍ਹਿਦੇ ਸੀ। ਡਰਦੇ ਸੀ। ਜੱਟ ਹੋਣ ਦੇ ਬਾਵਜੂਦ, ਉਹ ਸੂੰਮ, ਸੰਜਮੀ ਤੇ ਮਹਾਜ਼ਨੀ ਸੁਭਾ ਨੂੰ ਪ੍ਰਨਾਏ ਹੋਏ ਸੀ। ਉਹ ਬਾਣੀਆਂ ਬੁੱਧੀ ਦੇ ਮਾਲਕ ਸੀ।

"ਦਾਰੋ ਭਾਈ, ਐਂ ਗੁੱਸੇ ਨਾ ਹੋ। ਉਹ ਕਿਤੇ ਸਾਨੂੰ ਦੁਪਿਆਰੈ।" ਸਰਦਾਰ ਨੇ ਦਾਰੋ ਨੂੰ ਪੁਚਕਾਰਿਆ, "ਵੇਖ, ਉਹਦੇ ਇਲਾਜ਼ ਦਾ ਸਾਰਾ ਖਰਚ ਤਾਂ ਅਸੀਂ ਕਰੀ ਜਾਨੇ ਆ। ਤੇ ਭਾਈ ਪੰਜ-ਸੱਤ ਹਜ਼ਾਰ ਉਹਨੂੰ ਨਗਦ ਵੀ ਦੇਵਾਂਗੇ। ਨਾਲੇ ਹਾੜ੍ਹੀ ਸਾਉਣੀ ਖਾਣ ਜੋਗੇ ਦਾਣੇ ਦੇਵਾਂਗੇ। ਕੁੜੀ, ਉਹਦੇ ਘਰੋਂ ਸਵੇਰ ਤੋਂ ਗੋਹਾ ਕੂੜਾ ਕਰੇ। ਦੋ ਵੇਲੇ ਰੋਟੀ ਖਾਵੇ। ਨਾਲੇ ਜੁਵਾਕਾਂ ਦੀ ਲੈਜਿਆ ਕਰੇ। ਹੋਰ ਦੱਸ ਤੂੰ ਕੀ ਚਾਹੁਨੈ...?"

ਇਸ ਤੋਂ ਪਹਿਲਾਂ ਕਿ ਦਾਰੋ ਕੁੱਝ ਬੋਲਦਾ, ਲਖਬੀਰ ਬੋਲਿਆ ਸੀ, "ਪਿਤਾ ਜੀ, ਪੰਜ ਸੱਤ ਹਜ਼ਾਰ ਤਾਂ ਥੋੜ੍ਹੇ...।" ਪੂਰੇ ਪਰਿਵਾਰ 'ਚੋਂ ਇਕ ਲਖਬੀਰ ਹੀ ਸੀ। ਜਿਹੜਾ ਵੱਡੇ ਸਰਦਾਰ ਦੀ ਕਹੀ ਹੋਈ ਗੱਲ 'ਤੇ ਕਿਤੂੰ ਪ੍ਰਤੂੰ ਕਰ ਸਕਦਾ ਸੀ। ਬਾਕੀ ਤਾਂ ਕੋਈ ਉੱਚੀ ਸਾਹ ਵੀ ਨਹੀਂ ਸੀ ਭਰਦਾ। ਲਖਬੀਰ ਥੋੜ੍ਹਾ ਥੋੜ੍ਹਾ ਕਾਮਰੇਡਾਂ ਦੀ ਪੈੜ 'ਚ ਪੈੜ ਰੱਖਦਾ ਸੀ। ਵੱਡੇ ਸਰਦਾਰ ਨੂੰ ਇਹਦੇ ਬਾਰੇ ਥੋੜ੍ਹੀ ਬਹੁਤੀ ਕੰਨਸੋਅ ਤਾਂ ਸੀ। ਪਰ ਉਹਨੇ ਕਦੇ ਪੁੱਛ-ਪੜਤਾਲ ਨਹੀਂ ਸੀ ਕੀਤੀ। ਉਹ ਲਖਬੀਰ ਦੇ ਤੱਤੇ ਸੁਭਾ ਤੋਂ ਜਾਣੂ ਸੀ। ਕੇਰਾਂ ਵੱਡੇ ਸਰਦਾਰ ਨੇ ਉਹਦੀ ਇਸ ਗੱਲੋਂ ਜਵਾਬ ਤਲਬੀ ਕੀਤੀ ਸੀ, ਕਿ ਉਹਨੇ ਕੈਂਚੀ ਨਾਲ ਦਾੜ੍ਹੀ ਕਿਉਂ ਸੰਵਾਰੀ ਸੀ।

"ਤੂੰ ਰੋਮਾਂ ਦੀ ਬੇਅਦਬੀ ਕਿਉਂ ਕੀਤੀ?" ਸਰਦਾਰ ਨੇ ਗੁੱਸੇ ਨਾਲ ਪੁੱਛਿਆ ਸੀ।

ਲਖਬੀਰ ਚੁੱਪ ਰਿਹਾ ਸੀ।

"ਤੈਨੂੰ ਪਤੈ, ਸਾਡੇ ਪੁਰਖਿਆ ਨੇ ਸਿੱਖ ਦਰਮ ਤੇ ਸਿੱਖ ਕੌਮ ਦੀ ਮਾਣ ਮਰਿਯਾਦਾ ਨੂੰ ਬਰਕਰਾਰ ਰੱਖਣ ਲਈ ਸੀਸ ਦਿੱਤੇ। ਬੰਦ ਬੰਦ ਕਟਵਾਏ। ਚਰਖੜੀਆਂ ਤੇ ਚੜ੍ਹੇ। ਆਰਿਆ ਨਾਲ...।" ਸਰਦਾਰ ਹੋਰਾਂ ਦਾ ਭਾਸ਼ਣ ਲੰਮਾ ਹੋ ਗਿਆ ਸੀ।

ਲਖਬੀਰ ਆਪਣੇ ਜ਼ਬਤ 'ਤੇ ਕਾਬੂ ਪਾ ਕੇ ਬੋਲਿਆ ਸੀ।

"ਪਿਤਾ ਜੀ, ਇਹ ਮੇਰਾ ਨਿੱਜੀ ਮਾਮਲਾ। ਤੁਸੀਂ ਧੱਕੇ ਨਾਲ ਮੈਥੋਂ ਕੁੱਝ ਨਹੀਂ ਕਰਾ ਸਕਦੇ।" ਐਨਾ ਕਹਿਕੇ ਲਖਬੀਰ ਬਾਹਰ ਵਗ ਗਿਆ ਸੀ।

ਸਰਦਾਰ ਉਦੋਂ ਦਾ ਹੀ ਲਖਬੀਰ ਤੋਂ ਥੋੜ੍ਹਾ ਅੰਦਰੋਂ ਤਹਿ੍ਦਾ ਸੀ।

ਅੱਜ ਫਿਰ ਲਖਬੀਰ ਨਾਲ ਵਾਹ ਪੈ ਗਿਆ ਸੀ।

ਸਰਦਾਰ ਨੇ ਲਖਬੀਰ ਵੱਲ ਭਾਵਪੂਰਤ ਤੇ ਹੈਰਾਨ ਕੁੰਨ ਨਜ਼ਰਾਂ ਨਾਲ ਵੇਖਿਆ ਸੀ। ਉਹਦੇ ਅੰਦਰ 'ਜ਼ੈਲਦਾਰੀ' ਨੇ ਸਿਰ ਚੁੱਕਿਆ ਸੀ। ਉਹ ਕਹਿਣਾ ਚਾਹੁੰਦਾ ਸੀ ਕਿ 'ਤੂੰ ਇਹਦਾ ਵਕੀਲ ਆ। ਤੂੰ ਵੱਡਾ ਕਿ ਮੈਂ?" ਪਰ ਉਹ ਅਜਿਹਾ ਕੁੱਝ ਨਹੀਂ ਸੀ ਕਹਿ ਸਕਿਆ। ਵੱਧ ਪੜ੍ਹਿਆ, ਲਿਖਿਆ ਤੇ ਸਿਆਣਾ ਹੋਣ ਕਰਕੇ, ਉਹ ਨਵੀਂ ਪੀੜ੍ਹੀ ਦੀਆਂ ਭਾਵਨਾਵਾਂ ਤੋਂ ਜਾਣੂ ਸੀ। ਉਹ ਕਿਸੇ ਤਰ੍ਹਾਂ ਦੇ ਟਕਰਾਓ / ਤਕਰਾਰ ਤੋਂ ਡਰਦਾ ਸੀ।

"ਲਖਬੀਰ ਬੇਟਾ, ਤੂੰ ਕੀ ਚਾਹੁੰਨੈ?" ਸਰਦਾਰ ਨੇ ਪੁੱਛਿਆ।

"ਪਿਤਾ ਜੀ, ਮੈਂ ਚਾਹੁਨੈ ਘੱਟ ਤੋਂ ਘੱਟ ਪੰਦਰਾਂ ਹਜ਼ਾਰ ਨਗਦ ਦਿੱਤਾ ਜਾਵੇ ਇਨ੍ਹਾਂ ਨੂੰ...। ਤੇ ਬਾਕੀ ਹਾੜ੍ਹੀ ਸਾਉਣੀ ਖਾਣ ਜੋਗਾ ਦਾਣਾ-ਫੱਕਾ ਤਾਂ ਦੇਣਾ ਈ ਬਣਦੈ।"

ਇਸ ਤੋਂ ਪਹਿਲਾਂ ਕਿ ਸਰਦਾਰ ਕੁੱਝ ਬੋਲਦਾ। ਦਾਰੋ ਨਾਲੇ ਬੰਦੇ ਜਾਣੀ ਦੀ ਇਕੱਠੇ ਈ ਬੋਲ ਪਏ ਸੀ।

"ਸ਼ਾਬਾਸ਼ ਕਾਕਾ ਜੀ! ਸ਼ਾਬਾਸ਼...। ਬਹੁਤ ਵਧੀਆ ਥੋਡਾ ਫੈਸਲਾ...।" ਉਹ ਹੱਥ ਜੋੜੀ ਸ਼ਕਰ ਗੁਜ਼ਾਰ ਹੋਏ ਖੜੇ ਸੀ।

ਪਰ ਦਾਰੋ ਘਤਿੱਤੀ ਅਜੇ ਤੱਕ ਕੁੱਝ ਨਹੀਂ ਸੀ ਬੋਲਿਆ। ਉਹ ਚੁੱਪ-ਗੜੁੱਪ ਬੈਠਾ ਸੀ। ਵੈਸੇ ਉਹ ਘਰੋਂ ਪੂਰਾ ਪੱਚੀ ਹਜ਼ਾਰ ਮਿੱਥ ਕੇ ਤੁਰਿਆ ਸੀ। ਇਸ ਤੋਂ ਘੱਟ ਉਹ ਕਿਸੇ ਵੀ ਕੀਮਤ 'ਤੇ ਮੰਨਣ ਵਾਲਾ ਨਹੀਂ ਸੀ। ਭਾਵੇਂ ਉਹਨੂੰ ਥਾਣੇ ਕਚਹਿਰੀਆਂ ਹੀ ਕਿਉਂ ਨਾ ਚੜ੍ਹਨਾ ਪੈਂਦਾ। ਪਰ ਲਖਬੀਰ ਦੀ ਦਿਆਨਤਦਾਰੀ ਨੇ ਉਹਨੂੰ ਵਾਹਵਾ ਪ੍ਰਭਾਵਿਤ ਕੀਤਾ ਸੀ। ਨਾਲੇ ਇਲਾਜ਼ ਦਾ ਸਾਰਾ ਖਰਚਾ, ਹਾੜ੍ਹੀ ਸਾਉਣੀ ਖਾਣ ਜੋਗੇ ਦਾਣੇ ਤੇ ਨਗਦ ਪੰਦਰਾਂ ਹਜ਼ਾਰ...! ਹਿਸਾਬ ਠੀਕ ਜਿਹਾ ਲੱਗਿਆ ਸੀ ਉਹਨੂੰ।

"ਕਿਉਂ ਬਈ ਦਾਰੋ।" ਸਰਦਾਰ ਨੇ ਪੁੱਛਿਆ ਸੀ। "ਜੋ ਲਖਬੀਰ ਨੇ ਕਿਹਾ, ਤੈਨੂੰ ਮਨਜ਼ੂਰ ਆ?"

"ਠੀਕ ਆ ਸਰਦਾਰ ਜੀ। ਮੈਨੂੰ ਮਨਜ਼ੂਰ ਆ।" ਉਹਦੀਆਂ ਡੂੰਘੀਆਂ ਅੱਖਾਂ 'ਚ ਬਿਜਲੀ ਚਮਕੀ ਸੀ।



ਹੇਠਲਾ ਬੁੱਲ੍ਹ ਕੰਬਿਆ ਸੀ। ਕਰੇੜੇ ਦੰਦ ਲਿਸ਼ਕੇ ਸੀ।

ਦਾਰੋ ਦੀ 'ਸਹਿਮਤੀ' ਨਾਲ ਰੇੜਕਾ ਮੁੱਕ ਗਿਆ ਸੀ। ਫੈਸਲਾ ਧੁਰ ਚੜ੍ਹ ਗਿਆ ਸੀ। ਦੋਵੇਂ ਧਿਰਾਂ ਖੁਸ਼ ਸੀ।

"ਪੈਸੇ ਭਲਾ ਕਦੋਂ ਦੇਵੋਗੇ?" ਦਾਰੋ ਹਰ ਗੱਲ ਨੂੰ ਚੌਂਹ ਭਾਈਆਂ 'ਚ ਪੱਕੇ ਪੈਰੀ ਤਸਦੀਕ ਕਰਨਾ ਚਾਹੁੰਦਾ ਸੀ। ਨਾਲੇ ਉਹ ਸੋਚਦਾ ਸੀ। ਕਿ 'ਜੱਟ' ਤੇ 'ਸੱਪ' ਦਾ ਕੀ ਇਤਬਾਰ?"

"ਸਾਡੇ 'ਤੇ ਇਤਬਾਰ ਨ੍ਹੀਂ?" ਲਖਬੀਰ ਹੱਸਿਆ ਸੀ, "ਪੈਸੇ ਕੱਲ੍ਹ ਮਿਲ ਜਾਣਗੇ ਥੋਨੂੰ...।"

"ਚੱਲੋ ਠੀਕ ਆ ਜੀ।" ਐਨਾ ਕਹਿ ਕੇ ਉਹ ਉਠ ਖੜ੍ਹੋਤੇ ਸੀ।

ਹਵੇਲੀਓ ਬਾਹਰ ਆ ਕੇ ਦਾਰੋ ਗੁੱਸੇ ਜਿਹੇ ਨਾਲ ਬੋਲਿਆ ਸੀ, "ਤੂੰ ਭੈਣ 'ਚੋਂ ਐਵੇਂ ਕਾਹਤੋਂ ਜੀ ਜੀ ਕਰੀ ਜਾਂਦਾ ਸੀ।"

"ਨਹੀਂ, ਮੈਂ ਤਾਂ ਉਈ ਗੱਲ ਕਰਦਾ ਸੀ।"

"ਮੈਂ ਨ੍ਹੀਂ ਇਨ੍ਹਾਂ ਸੜੇ ਸਰਦਾਰਾਂ ਤੋਂ ਡਰਦੈ! ਮੈਂ ਤੈਨੂੰ ਦੱਸਾਂ।" ਦਾਰੋ ਤਾਅ ਜਿਹਾ ਖਾ ਕੇ ਬੋਲਿਆ ਸੀ, "ਜੇ ਕਿਸੇ ਕੜੇ ਨਾ ਬਹਿੰਦੇ, ਮੈਂ ਤੁੰਨ ਕੇ ਰੱਖ ਦੇਣੇ ਸੀ। ਮੈਂ ਸਿੱਧਾ ਜਾ ਕੇ ਡੀ. ਸੀ. ਦੇ ਪੇਸ਼ ਹੋ ਜਾਣਾ ਸੀ। ਭੱਜ ਲੈਂਦੇ ਜਿੰਨਾ ਭੱਜਣਾ ਸੀ।" ਉਹਨੇ ਖੜ੍ਹੋਕੇ, ਹਵਾ ਤੋਂ ਉਹਲਾ ਕਰਕੇ, ਹੱਥਾਂ ਦਾ ਚੁੱਲ੍ਹਾ ਜਿਹਾ ਬਣਾ ਕੇ, ਬੀੜੀ ਲਾਈ ਸੀ। ਤੇ ਤੀਲ੍ਹੀ ਪਰ੍ਹਾਂ ਸੁਟਦਿਆਂ ਆਪ ਮੁਹਾਰੇ ਬੋਲਿਆ ਸੀ।

"ਮੈਂ ਤਾਂ ਫੂਕ ਕੇ ਰੱਖਦੂੰ।" ਉਹਦੇ ਮਾਤਾ ਦੇ ਦਾਗਾਂ ਵਾਲੇ ਚਿਹਰੇ 'ਤੇ ਸਵੈ ਵਿਸ਼ਵਾਸ਼ ਦਾ ਜਲੌਅ ਪ੍ਰਤੱਖ ਦਿਸਦਾ ਸੀ।

************

ਦਾਰੋ ਘਤਿੱਤੀ ਦਾ ਸਭ ਤੋਂ ਛੋਟਾ ਭਰਾ ਹੈ, ਜੀਤ ਸਿੰਘ ਜੁਲਫ਼ੀ। ਜੁਲਫ਼ੀ ਬਚਪਨ ਤੋਂ ਹੀ ਕੁੜੀਆਂ ਵਾਂਗੂੰ ਵਿਵਹਾਰ ਕਰਦਾ ਹੁੰਦਾ ਸੀ। ਕੁੜੀਆਂ ਵਾਂਗੂੰ ਬੋਲਦਾ ਸੀ। ਕੁੜੀਆਂ ਵਾਂਗੂੰ ਤੁਰਦਾ ਸੀ। ਲੰਮੇ ਲੰਮੇ ਵਾਲ਼ ਪਿੱਛੇ ਨੂੰ ਵਾਹ ਕੇ ਰੱਖਦਾ ਹੁੰਦਾ ਸੀ। ਮੱਥੇ 'ਤੇ ਵਾਲ਼ਾਂ ਦੇ ਕੁੰਡਲ ਜਿਹੇ ਬਣਾ ਕੇ ਰੱਖਦਾ ਹੁੰਦਾ ਸੀ। ਤਦੇ ਉਹਦਾ ਨਾਂਅ ਜੁਲਫ਼ੀ ਪੈ ਗਿਆ ਸੀ।

ਜੁਲਫ਼ੀ ਮੁੰਡਿਆ ਨੂੰ ਪਿੱਛੇ ਲਾਈ ਰੱਖਦਾ ਸੀ।

ਕਈ ਮੁੰਡੇ ਉਹਦੇ ਨਾਲ 'ਬਦਫੈਲੀ' ਕਰਦੇ ਹੁੰਦੇ ਸੀ। ਇਸੇ ਗੱਲੋਂ ਦਾਰੋ ਨੇ ਉਹਨੂੰ ਕਈ ਵਾਰ ਕੁੱਟਿਆ ਸੀ।

"ਭੈਣ 'ਚੋਂ... ਤੂੰ ਇਹ ਕੀ ਪੁੱਠੇ ਲੱਛਣ ਕਰਦੈ।" ਦਾਰੋ ਉਹਦੇ ਜੁੰਡੇ ਫੜਕੇ ਥੱਪੜ ਮਾਰਦਾ। ਗਾਲ੍ਹਾਂ ਕੱਢਦੈ। ਉਹ ਮਾੜੀ ਤੀਮੀ ਵਾਂਗੂੰ ਲੇਲੜੀਆਂ ਕੱਢਦੈ। ਰੋਂਦਾ। ਬੇਬੇ ਉਹਨੂੰ ਮਸਾਂ ਕਿਤੇ ਛੜਾਉਂਦੀ।

ਫਿਰ ਉਹ ਖੁਸਰਿਆਂ ਨਾਲ ਰਲ਼ ਗਿਆ ਸੀ। ਜੀਤ ਸਿੰਘ ਜੁਲਫ਼ੀ ਤੋਂ ਉਹ ਮਿਸ ਨੀਲਮ ਹੋ ਗਿਆ ਸੀ।

ਜੁਲਫ਼ੀ, ਉਰਫ ਮਿਸ ਨੀਲਮ ਕਦੇ ਕਦਾਈ ਪਿੰਡ ਆਉਂਦੀ ਹੁੰਦੀ ਸੀ। ਉਹ ਜ਼ਨਾਨਾਂ ਸੂਟ 'ਚ ਜਮਾਂ ਕੁੜੀ...। ਤੀਮੀ ਲੱਗਦੈ। ਭਰਜਾਈਆਂ ਨੂੰ ਜੱਫੀਆਂ ਪਾ ਪਾ ਮਿਲਦੈ। ਵਿਹੜੇ ਦੀਆਂ ਇਕੱਠੀਆਂ ਹੋਈਆਂ ਤੀਮੀਆਂ ਨੂੰ ਹੱਥ ਤੇ ਹੱਥ ਮਾਰਕੇ ਪੁੱਛਦੈ।

"ਨੀ, ਤੇਰੇ ਕਿੰਨੇ ਜਵਾਕ ਨੀਂ।"

"ਨੀ, ਤੂੰ ਅਜੇ ਫੰਡਰ' ਈ ਆ ਨੀ।"

"ਨੀ ਲੱਗਦੈ, ਤੂੰ ਤਾਂ ਅਗਲੇ ਮੀਨ੍ਹੇ ਗੁੜ ਵੰਡੇ ਗੀ ਨੀ।" ਉਹ ਕਿਸੇ ਗਰਭਵਤੀ ਔਰਤ ਵੱਲ ਇਸ਼ਾਰਾ ਕਰਦਾ।

ਤੀਮੀਆਂ ਖਿੜਖਿੜਾ ਕੇ ਹੱਸਦੀਆਂ। ਮੱਛਰਦੀਆਂ। ਸਵਾਦ ਲੈਂਦੀਆਂ। ਉਹ ਜੁਲਫ਼ੀ ਦੀ ਕਿਸੇ ਵੀ ਗੱਲ ਦਾ ਗੁੱਸਾ ਨਹੀਂ ਸੀ ਕਰਦੀਆਂ। ਜੁਲਫ਼ੀ ਤੇ ਹੁਣ 'ਖੁਸਰਾ' ਹੋਣ ਦਾ ਪੱਕਾ ਠੱਪਾ ਲੱਗ ਗਿਆ ਸੀ।

ਭਰਜਾਈਆਂ ਜੁਲਫ਼ੀ ਨੂੰ ਉਨ੍ਹਾਂ ਹੀ ਵੱਧ 'ਤੇਹ ਮੋਹ' ਕਰਦੀਆਂ ਸੀ। ਜਿੰਨੀ ਵੱਧ ਭਾਰੀ ਉਹਦੀ

ਲਿਆਂਦੀ 'ਲੀੜਿਆਂ ਦੀ ਪੰਡ' ਹੁੰਦੀ ਸੀ।

"ਮਾਤਾ ਸ੍ਰੀ...।" ਜੁਲਫ਼ੀ ਬੇਬੇ ਦੇ ਪੈਰੀ ਝੁੱਕਦੈ।

"ਚੰਦਰਿਆਂ! ਤੇਰੇ ਲੇਖ...!" ਬੇਬੇ ਦੀਆਂ ਅੰਦਰ ਨੂੰ ਧਸ ਗਈਆਂ ਅੱਖਾਂ ਦੇ ਹੰਝੂ ਉਹਦੇ ਚਿਹਰੇ ਦੀਆਂ ਝੁਰੜੀਆਂ ਦੇ ਸਿਆੜਾਂ 'ਚ ਵਹਿ ਤੁਰਦੇ, "ਤੂੰ ਤਾਂ ਮੇਰਾ ਪੇਟ ਘਰੋੜੀ ਦਾ ਸੀ। ਸਭ ਤੋਂ ਪਿਆਰਾ...। ਪਰ...।"

ਬੇਬੇ ਮੈਲ ਖੋਰੀ ਚੁੰਨੀ ਦੇ ਲੜ ਨਾਲ ਅੱਖਾਂ ਪੂੰਝਦੀ।

"ਮਾਤਾ ਸ਼੍ਰੀ ਰੋਣਾ ਨਹੀਂ।" ਜੁਲਫ਼ੀ ਆਪਣੇ ਜ਼ਬਤ 'ਤੇ ਕਾਬੂ ਪਾ ਕੇ ਕਹਿੰਦੈ, "ਆਹ ਵੇਖ, ਮੈਂ ਤੇਰੇ ਲਈ ਕਿੱਡੀ ਸੋਹਣੀ ਗਰਮ ਸ਼ਾਲ ਲਿਆਂਦੀ ਆ।" ਉਹ ਲੀੜਿਆਂ ਦੀ ਪੰਡ ਖੋਲ੍ਹਦਾ, "ਨਾਲੇ ਬਾਹਰਲੀ ਕੋਟੀ।"

ਬੇਬੇ ਉਹਤੋਂ ਲੀੜੇ ਫੜਦੀ ਭਰੇ ਮਨ ਨਾਲ ਬੋਲਦੀ, "ਜੇ ਤੇਰਾ ਬਾਪੂ ਜਿਉਂਦਾ ਹੁੰਦੈ। ਉਹ ਤੈਨੂੰ ਕਦੇ ਵੀ ਇਸ ਰਾਹ ਨਾ ਤੁਰਨ ਦਿੰਦੈ। ਭਰਾ ਭਰਜਾਈਆਂ ਤਾਂ ਤੈਨੂੰ ਘਰੋਂ ਕੱਢਕੇ ਰਾਜ਼ੀ ਸੀ...।"

"ਬੇਬੇ, ਆਹ ਤੂੰ ਐਵੇਂ ਵਾਧੂ ਨਿਹੋਰੇ ਮਾਰਦੀ ਆ।"

ਫ਼ੌਜਣ ਬੋਲੀ ਸੀ, "ਅਸੀਂ ਕਦੇ ਇਹਨੂੰ ਕੁਸ਼ ਕਿਹੈ...? ਮੇਰੇ ਤਾਂ ਜੁਵਾਕਾਂ ਅਰਗੈ...।"

"ਵੇਖ ਨੀ, ਬੁੜ੍ਹੀ ਕਿਵੇਂ ਖੇਖਣ ਕਰਦੀ ਆ।" ਗੇਜੂ ਆਲੀ ਨੇ ਬੁੱਲ੍ਹ ਟੇਰੇ ਸੀ, "ਨਖ਼ਸਮੀ ਆਪ ਲੈ ਲੈ ਰੱਖੀ ਜਾਂਦੀ ਆ। ਸਾਨੂੰ ਦਿੱਤਾ ਇਹਦੇ ਚੁੱਭਦੈ। ਹੇਖਾਂ, ਬਾਹਲੀ ਚਾਤੁਰ...।"

ਜੁਵਾਕਾਂ ਦੇ ਰੌਲੇ ਰੱਪੇ 'ਚ ਉਹਦੀ ਗੱਲ ਬੁੜ੍ਹੀ ਦੇ ਕੰਨਾਂ ਤੱਕ ਨਹੀਂ ਸੀ ਪਹੁੰਚੀ।

"ਨੀ ਚਲਾਕੋ, ਚੁੱਪ...।" ਫ਼ੌਜਣ ਨੇ ਅੱਖ ਨੱਪੀ। ਜੁਲਫ਼ੀ ਨੇ ਆਪਣੇ ਹਿਸਾਬ ਮੁਤਾਬਕ ਲਿਆਂਦੇ ਹੋਏ 'ਲੀੜੇ' ਵੰਡ ਦਿੱਤੇ ਸੀ। ਬੇਬੇ ਨੂੰ ਵੱਖਰੇ। ਭਰਜਾਈਆਂ ਨੂੰ ਵੱਖਰੇ। ਜੁਵਾਕਾਂ ਨੂੰ ਵੱਖਰੇ। ਤੇ ਦਾਰੋ ਘਤਿੱਤੀ ਨੂੰ ਇਕ ਡੱਬੀਆਂ ਵਾਲਾ ਖੇਸ ਤੇ ਝੱਗੇ ਪਜ਼ਾਮੇ ਦਾ ਲੀੜਾ ਫੜਾਉਂਦਿਆਂ ਜੁਲਫ਼ੀ ਨੇ ਕਿਹਾ ਸੀ।

"ਭਰਾਤਾ ਸ਼੍ਰੀ ਆਹ ਥੋਡੇ ਵਾਸਤੇ...।"

"ਉਏ ਤੂੰ ਕੱਪੜਿਆਂ ਨੂੰ ਮਾਰ ਗੋਲੀ।" ਦਾਰੋ ਘਤਿੱਤੀ ਆਦਤ ਵਜੋਂ ਲਮਿਆਰ ਕੇ ਠਰ੍ਹੰਮੇ ਨਾਲ ਬੋਲਿਆ ਸੀ, "ਮੈਂ ਤੈਨੂੰ ਕਿੰਨੀਂ ਆਰੀ ਕਿਹਾ, ਪਈ ਤੂੰ ਤਾਂ ਘਰ ਘਰ ਘੁੰਮਦੈ। ਤੀਮੀਆਂ ਤੇਰੇ ਕੋਲ ਢਿੱਡ ਫੋਲ ਲੈਂਦੀਆਂ। ਜੇ ਕੋਈ ਆਉਂਦੀ ਗੇੜ 'ਚ ਤਾਂ ਕਰੀ ਗੱਲ...। ਮੇਰਾ ਵੀ ਚੁੱਲ੍ਹਾ ਤਪਦਾ ਹੋਜੇ।"

"ਹਾਏ ਮੈਂ ਸਦਕੇ ਜਾਵਾਂ।" ਜੁਲਫ਼ੀ ਹੱਥ 'ਤੇ ਹੱਥ ਮਾਰਕੇ ਬੋਲਦੈ, "ਭਰਾਤਾ ਸ਼੍ਰੀ ਹੈਗੀ ਆ ਇਕ ਵਿਧਵਾ ਤੀਮੀ! ਮਾੜਾ ਜਿਹਾ ਲੰਞ ਮਾਰਦੀ ਆ। ਸੁੱਖ ਨਾ ਦੋ ਜੁਵਾਕ ਆ। ਸੋਹਣੇ ਸੋਹਣੇ! ਗੋਭਲੇ ਗੋਭਲੇ! ਦੱਸ ਕਰਾਂ ਗੱਲ...।"

"ਨਹੀਂ, ਜੁਵਾਕਾਂ ਆਲੀ ਨ੍ਹੀਂ ਜਾਰ..।" ਦਾਰੋ ਨੇ ਸਿਰ ਫੇਰਿਆ, "ਬਿਗਾਨਿਆਂ ਦਾ ਗੂੰਹ-ਮੂਤ ਚੁੱਕਣਾ ਔਖਾ ਭਾਈ...।"

"ਭਾਈਆ, ਸਾਡੇ ਜੁਵਾਕ ਥੋਡੇ ਈ ਆ।" ਫ਼ੌਜਣ ਨੇ ਚੱਪਾ ਕੁ ਘੁੰਡ ਵਿੱਚੋਂ ਜੀਭ ਕੱਢੀ ਸੀ।

"ਨਾ, ਥੋਡੇ ਮੇਰੇ ਕਿਵੇਂ ਹੋ ਗਏ।" ਦਾਰੋ ਬੋਲਿਆ, ਫ਼ੌਜਣੇ ਆਪਣੇ-ਆਪਣੇ ਈ ਹੁੰਦੇ ਆ। ਬਿਗਾਨੇ ਬਿਗਾਨੇ ਈ ਹੁੰਦੇ ਆ।" ਫ਼ੌਜਣ ਦੀ ਕਹੀ ਹੋਈ ਗੱਲ ਦਾਰੋ ਘਤਿੱਤੀ ਦੇ ਸੀਨੇ 'ਚ ਅੱਜ ਵੀ ਰੋੜ ਵਾਂਗੂੰ ਰੜਕਦੀ ਸੀ। ਉਹਦਾ ਕੋਈ ਪੁਰਾਣਾ ਜ਼ਖ਼ਮ ਉੱਚੜ ਗਿਆ ਸੀ।

ਪਿਛਲੀਆਂ ਗਰਮੀਆਂ ਦੀ ਗੱਲ ਆ। ਫ਼ੌਜਣ ਦੇ ਛੋਟੇ ਮੁੰਡੇ ਟੈਣੂ ਨੇ, ਜਿਹੜਾ ਬਾਹਲਾ ਇੱਲਤੀ ਆ, ਦਾਰੋ ਦਾ ਮੂੰਹ ਵੇਖਣ ਵਾਲਾ ਸ਼ੀਸ਼ਾ ਭੰਨਤਾ ਸੀ। ਇਸ ਤੋਂ ਇਕ ਦਿਨ ਪਹਿਲਾਂ ਕੱਚ ਦੀ ਗਲਾਸੀ ਭੰਨਤੀ ਸੀ। ਦਾਰੋ ਨੇ ਗੁੱਸੇ 'ਚ ਆਕੇ ਉਹਦੇ ਦੋ ਥੱਪੜ ਮਾਰ ਦਿੱਤੇ ਸੀ। ਮੁੰਡਾ ਰੋਂਦਾ ਰੋਂਦਾ ਘਰ ਜਾ ਵੜਿਆ ਸੀ।

ਫ਼ੌਜਣ ਬੂ-ਬੂ ਕਰਦੀ, ਗਾਲ੍ਹਾਂ ਕੱਢਦੀ ਆ ਧਮਕੀ ਸੀ।

"ਵੇ ਕੰਜਰਾ, ਤੂੰ ਕੌਣ ਹੁਨੈ, ਮੇਰੇ ਜੁਵਾਕ ਦੇ ਲੱਫ਼ੜ ਮਾਰਨ ਆਲਾ। ਲੈ ਦੱਸ ਕੁੜੇ, ਮੁੰਡੇ ਦੇ ਮੂੰਹ 'ਤੇ ਲੱਫ਼ੜ ਮਾਰਿਐ। ਮੁੰਡੇ ਦਾ ਮੂੰਹ ਜਮਾਂ ਲਾਲ ਹੋਇਆ ਪਿਐ। ਮੁੰਡਾ ਰੋਂਦਾ ਸਾਹ ਨ੍ਹੀਂ ਲੈਂਦਾ...। ਲੈ ਦੱਸ ਕੁੜੇ,



ਮੁੰਡੇ ਦੇ ਮੂੰਹ ਤੇ ਲੱਫੜ...।" ਫ਼ੌਜਣ ਲਗਾਤਾਰ ਭੌਂਕੀ ਜਾ ਰਹੀ ਸੀ। ਦਾਰੋ ਕਿੰਨੇ ਈ ਚਿਰ ਪਿੱਛੋਂ ਧੀਰਜ ਨਾਲ ਬੋਲਿਆ ਸੀ।

"ਲੈ ਦੱਸ ਕਮਲੀਏ, ਮੈਨੂੰ ਕਿਤੇ ਉਹ ਦੁਪਿਆਰਾ। ਮੇਰਾ ਵੀ ਤਾਂ ਉਹ ਕੁਸ਼ ਲਗਦੈ। ਮੈਂ ਤਾਂ ਆਪਣਾ ਸਮਝ ਕੇ ਮਾਰਿਐ।"

"ਹੇਖਾਂ, ਮੇਰਾ ਆਪਣਾ।" ਫ਼ੌਜਣ ਨੇ ਨਾਸਾਂ ਫੁਲਾ ਕੇ ਮੂੰਹ ਚੜ੍ਹਾਇਆ ਸੀ। "ਕੰਜ਼ਰਾ, ਜੇ ਤੇਰਾ ਆਪਣਾ ਹੁੰਦੈ। ਤੂੰ ਐਂ ਮਾਰਦੈ। ਨਾਲੇ ਮੇਰੇ ਜੁਵਾਕਾਂ ਦਾ ਤੂੰ ਕੀ ਲੱਗਦੈ, ਢੇਕਾ...?" ਫ਼ੌਜਣ ਸੂਈ ਕੁੱਤੀ ਵਾਂਗੂੰ ਕਿੰਨਾ ਈ ਚਿਰ ਭੌਂਕਦੀ ਰਹੀ ਸੀ।

ਦਾਰੋ ਅੱਗੋਂ ਕੁਸਕਿਆ ਤੱਕ ਨਹੀਂ ਸੀ। ਜਮਾਂ ਦੜ ਵੱਟ ਗਿਆ ਸੀ। ਉਹਦੇ ਅੰਦਰ ਗੁੱਸਾ ਤੇ ਬੇਵਸੀ ਹੱਥੋਪਾਈ ਹੁੰਦੇ ਰਹੇ ਸੀ।

ਸਾਲੇ ਜੁਵਾਕ ਹੋਣ ਤਾਂ ਆਪਣੇ ਹੋਣ। ਬਿਗਾਨਿਆ ਤੇ ਕਾਹਦੀ ਮੇਰ...। ਕਾਹਦਾ ਤੇਹ-ਮੋਹ...।" ਦਾਰੋ ਭਾਵਿਕ ਜਿਹਾ ਹੋ ਗਿਆ ਸੀ। ਉਹਦਾ ਭਰਿਆ ਮਨ ਅੱਖਾਂ ਥੀਂ ਛਲਕ ਪਿਆ ਸੀ। ਜੁਵਾਕਾਂ ਨਾਲ ਉਹਦਾ ਮੋਹ ਵੀ ਬਾਹਲਾ ਸੀ। ਜੁਵਾਕ ਵੀ ਉਹਨੂੰ ਤਾਇਆ ਤਾਇਆ ਕਹਿੰਦੇ ਨਹੀਂ ਸੀ ਥੱਕਦੇ। ਉਹ ਹਮੇਸ਼ਾ ਖ਼ੀਸ਼ੇ 'ਚ ਜੁਵਾਕਾਂ ਲਈ ਗੋਲੀਆਂ ਟੋਫੀਆਂ ਪਾ ਕੇ ਰੱਖਦਾ ਹੁੰਦਾ ਸੀ। ਜੁਵਾਕਾਂ ਨਾਲ ਨਿੱਕੀਆਂ ਨਿੱਕੀਆਂ ਗੱਲਾਂ ਕਰਕੇ ਉਹਨੂੰ ਅਥਾਹ ਖੁਸ਼ੀ ਪ੍ਰਾਪਤ ਹੁੰਦੀ ਸੀ। ਉਹ ਮੋਹਖੋਰਾ ਵੀ ਬਾਹਲੈ। ਪਰ ਫ਼ੌਜਣ ਦੇ 'ਬੋਲ' ਉਹਦੇ ਸੀਨੇ ਬਰਛੀ ਹੋ ਗਏ ਸੀ।

ਦਾਰੋ ਘਤਿੱਤੀ ਦੇ ਅੰਦਰ ਕੁੱਝ ਰਿੱਝਣ ਲੱਗ ਪਿਆ ਸੀ। ਕੁੱਝ ਟੁੱਟਣ ਲੱਗ ਪਿਆ ਸੀ। ਕਾਲਜੇ 'ਚ 'ਹੌਲ' ਜਿਹਾ ਪੈਂਦਾ ਸੀ। ਚੀਸ ਜਿਹੀ ਉੱਠਦੀ ਸੀ। ਜਿਵੇਂ ਕਾਲਜੇ 'ਚ ਛਿੱਲਤ ਖੁੱਭ ਗਈ ਹੋਵੇ।

ਬਸ, ਉਮੇ ਦਿਨ ਤੋਂ ਦਾਰੋ ਘਤਿੱਤੀ ਦੇ ਸਿਰ 'ਤੇ ਤੀਮੀ ਲਿਉਣ ਦਾ 'ਭੂਤ' ਸਵਾਰ ਹੋ ਗਿਆ ਸੀ।

ਦਾਰੋ ਨੂੰ ਆਪਣੇ ਪਣ ਦਾ ਹੇਜ ਜਤਲਾਉਂਦੀ ਫ਼ੌਜਣ ਵਿਹੁ ਵਰਗੀ ਲੱਗੀ ਸੀ, "ਸਾਲੀ ਦੋਗਲੀ।" ਉਹਨੇ ਚਿੱਤ 'ਚ ਕਿਹਾ ਸੀ।

"ਲੈ ਦੱਸ ਕੁੜੇ, ਬੁੱਢੇ ਬਾਰੇ ਰੰਨ ਭਾਲਦੈ।" ਗੇਜੂ ਆਲੀ ਨੇ ਮੂੰਹ 'ਚ ਬੁੜਬੁੜ ਕੀਤੀ ਸੀ। "ਕਿਵੇਂ ਮੁਸ਼ਕਿਆ ਠੇਠਰ।"

"ਜੁਵਾਕਾਂ ਆਲੀ ਨ੍ਹੀਂ ਜਾਰ।" ਘਤਿੱਤੀ ਨੇ ਫਿਰ ਆਪਣੀ ਗੱਲ ਦੁਹਰਾਈ ਸੀ, "ਹੋਵੇ ਜੁਵਾਕਾਂ ਤੋਂ ਬਿਨਾਂ, ਹੋਵੇ ਭਾਮੇਂ ਲੰਞੀ-ਲੂਲ੍ਹੀ...।"

ਜੁਲਫ਼ੀ ਜਦੋਂ ਵੀ ਕਦੇ ਆਉਂਦੈ। ਦਾਰੋ ਇਹੋ ਤੀਮੀ ਦੀ ਸ਼ਫਾਰਿਸ਼ ਕਰਦੈ। ਘਰ ਵਸਾਉਣ ਦਾ ਰੋਣਾ ਰੋਂਦੈ।

ਜੁਲਫ਼ੀ ਹਰ ਵਾਰ 'ਹਾਮੀ' ਭਰਕੇ ਤੁਰ ਜਾਂਦਾ ਹੁੰਦਾ ਸੀ।

*****************

ਭਿੰਦੇ ਦੀ ਬਾਂਹ ਕੀ ਕੱਟੀ ਗਈ ਸੀ। ਉਹਦੀ ਜ਼ਿੰਦਗੀ ਬਰਬਾਦ ਹੋ ਗਈ ਸੀ। ਉਹ ਘਰ-ਪਰਿਵਾਰ ਤੋਂ ਸਮਾਜ ਵੱਲੋਂ ਜਮਾਂ ਕੱਟਿਆ ਗਿਆ ਸੀ। ਉਹ ਘੋਰ ਨਿਰਾਸ਼ਾਵਾਦੀ ਹੋ ਗਿਆ ਸੀ। ਸ਼ਰਾਬ, ਨਸ਼ੇ ਵਾਲੇ ਟੀਕੇ, ਗੋਲੀਆਂ, ਕੈਪਸੂਲ ਉਹਦੇ ਅੰਦਰ 'ਘਰ' ਕਰ ਗਏ ਸੀ। ਉਹ ਲੜ ਭਿੜਕੇ ਕਦੇ ਤੇਜੋ ਤੋਂ ਪੈਸੇ ਖੋਂਹਦੈ। ਕਦੇ ਬੇਬੇ ਤੋਂ...। ਉਹ ਲੋਕਾਂ ਅੱਗੇ ਵੀ ਹੱਥ ਅੱਡਦਾ ਸੀ। ਮੰਗਦਾ ਸੀ। ਤੇ ਘਰੋਂ ਚੋਰੀ ਛੁੱਪੇ 'ਦਾਣਾ ਫੱਕਾ' ਵੀ ਵੇਚ ਲੈਂਦਾ ਹੁੰਦਾ ਸੀ। ਕਦੇ ਸਿਰੇ ਦਾ ਸਿਰੜੀ, ਮਿਹਤਨੀ ਤੇ ਸਾਊ ਕਾਮਾ ਕਰਕੇ ਜਾਣਿਆ ਜਾਣ ਵਾਲਾ ਭਿੰਦਾ, ਜਮਾਂ ਨਿਕਾਰਾ, ਨਿਕੰਮਾ ਤੇ ਵਿਚਾਰਾ ਬਣਕੇ ਰਹਿ ਗਿਆ ਸੀ।

ਉਹਦੀ ਕੱਟੀ ਹੋਈ ਬਾਂਹ ਦਾ ਟੁੰਡ ਕਦੇ ਮਾੜਾ ਮੋਟਾ ਠੀਕ ਹੋ ਜਾਂਦਾ ਸੀ। ਕਦੇ ਰਿੱਸਣ ਲੱਗ ਪੈਂਦਾ ਸੀ। ਡਾਕਟਰ ਦੇ ਕਹਿਣ ਮੁਤਾਬਕ ਉਹਨੂੰ ਸ਼ੂਗਰ ਹੋ ਗਈ ਸੀ। ਵੱਧ ਤੋਂ ਵੱਧ ਪ੍ਰਹੇਜ਼ ਦੀ ਲੋੜ ਸੀ। ਪਰ ਪ੍ਰਹੇਜ਼ ਕਿੱਥੇ ...? ਉਹ ਤਾਂ ਪ੍ਰਹੇਜ਼ ਦੀ ਪਰਿਭਾਸ਼ਾ ਤੱਕ ਨਹੀਂ ਸੀ ਜਾਣਦਾ। ਨਤੀਜਨ, ਉਹ ਦਿਨੋ ਦਿਨ ਹੱਡੀਆਂ ਦੀ ਮੁੱਠ ਬਣਦਾ ਜਾ ਰਿਹਾ ਸੀ। ਉਹਦੇ ਮੱਥੇ ਦਾ 'ਚੰਦ' ਉਹਦੇ ਧੂੰਆਂਖੇ ਚਿਹਰੇ ਦੀਆਂ ਉਦਾਸੀਆਂ ਦੇ

ਬੱਦਲਾਂ 'ਚ ਡੁੱਬ ਗਿਆ ਸੀ।

"ਬਾਈ, ਮੈਨੂੰ ਆਪਣੀ ਬਾਂਹ ਕੱਟੀ ਦਾ ਐਨਾ ਰੰਜ਼ ਨਹੀਂ।" ਉਹ ਅਕਸਰ ਨਸ਼ੇ ਦੀ ਲੋਰ 'ਚ ਕਹਿੰਦਾ ਹੁੰਦਾ ਸੀ, "ਜਿੰਨਾਂ ਤੇਜੋ ਦੇ ਦਗਾ ਦੇਣ ਦਾ ਦੁੱਖ ਆ।" ਭਿੰਦਾ ਧੁਰ ਅੰਦਰੋਂ ਧਾਂਹ ਮਾਰਦਾ ਹੁੰਦਾ ਸੀ।

ਇਹ ਵੀ ਇਕ ਸੱਚ ਸੀ ਕਿ ਚੁੱਪ ਗੜੁੱਪ ਰਹਿਣ ਵਾਲੀ, ਘੱਟ ਬੋਲਣ ਵਾਲੀ, ਨੀਵੀਂ ਪਾ ਕੇ ਤੁਰਨ ਵਾਲੀ, ਤਿੱਖੇ ਨੈਣ-ਨਕਸ਼ਾਂ ਵਾਲੀ, ਤਾਂਬੇ ਰੰਗੀ ਤੇਜੋ ਦੇ ਜਲੌਰੇ ਢੋਲੀ ਨਾਲ ਸੰਬੰਧ ਬਣ ਗਏ ਸੀ। ਉਹ ਸ਼ਰੇਆਮ ਉਹਦੇ ਘਰ ਆਉਂਦਾ ਜਾਂਦਾ ਸੀ। ਉਹਦੇ ਨਾਲ ਸੌਂਦਾ ਸੀ। ਇਸ ਸਭ ਕਾਸੇ ਤੋਂ ਜਾਣੂ ਹੋਣ ਦੇ ਬਾਵਜੂਦ ਭਿੰਦਾ ਚੁੱਪ ਸੀ। ਖ਼ਾਮੋਸ਼ ਸੀ। ਉਹਨੇ ਮਜ਼ਬੂਰੀ ਵੱਸ ਸਮਝੌਤਾ ਕਰ ਲਿਆ ਸੀ। ਸੀਨੇ ਪੱਥਰ ਧਰ ਲਿਆ ਸੀ।

"ਔਰਤ ਜਦੋਂ ਘਰ ਦੀ 'ਦਹਿਲੀਜ਼' ਟੱਪਦੀ ਹੈ। ਤਾਂ ਉਹ ਸਭ ਕਾਇਦੇ ਕਾਨੂੰਨ ਤੇ ਕਦਰਾਂ ਕੀਮਤਾਂ ਨੂੰ ਮਿੱਧਦੀ ਤੁਰੀ ਜਾਂਦੀ ਹੈ।" ਬੁੜਾ ਬਾਜੂ ਕਹਿੰਦਾ ਹੁੰਦਾ ਸੀ, "ਔਰਤ ਤਾਂ ਹੋਣੀ ਹੁੰਦੀ ਹੈ। ਔਰਤ ਆਪਣੀ ਆਈ ਤੇ ਆਈ ਸਭ ਕੁੱਝ 'ਫ਼ਨਾਹ' ਕਰਕੇ ਰੱਖ ਦਿੰਦੀ ਹੈ।"

ਸੱਚੀ, ਇਉਂ ਵੀ ਹੁੰਦੈ, ਬਾਹਲੀਵਾਰ।

ਜਲੌਰਾ ਢੋਲੀ ਸ਼ਰੀਕੇ 'ਚੋਂ ਤੇਜੋ ਦਾ ਦਿਉਰ ਲੱਗਦਾ ਸੀ। ਲੰਮਾ ਲੰਝਾ ਕੱਦ ਤੇ ਛਾਂਟਵੇਂ ਸਰੀਰ ਵਾਲੇ ਜਲੌਰਾ ਦਾ ਸਾਂਵਲਾ ਪੱਕਾ ਰੰਗ। ਕਰੇੜੇ ਦਾਖੀ ਦੰਦ। ਭੂਰੀਆਂ ਅੱਖਾਂ। ਮੱਥੇ ਉੱਕਰਿਆ ਚੰਦ। ਗਲ 'ਚ ਚਾਂਦੀ ਦੀਆਂ ਤਵੀਤੜੀਆਂ। ਕਲੀਆਂ ਵਾਲਾ ਕੁੜਤਾ। ਗਲੀਆਂ ਦੇ ਕੱਖ ਹੂੰਝਦਾ ਧੂਵਾਂ ਚਾਦਰਾ। ਕੰਨ ਕੋਲ ਲੰਮਾ ਲੜ ਛੱਡਕੇ ਬੰਨ੍ਹੀ ਪੱਗ। ਇਹੋ ਹੁਲੀਆ ਤੇ ਪਹਿਰਾਵਾਂ ਹੈ ਉਸਦਾ।

ਜਲੌਰਾ ਸਿਰੇ ਦਾ ਮੰਨਿਆ ਪ੍ਰਮੰਨਿਆ ਹੋਇਆ ਢੋਲਚੀ ਹੈ। ਪੂਰਾ ਨਿਪੁੰਨ। ਮਾਹਰ। ਇਹ ਕਲਾ ਉਹਨੇ ਕਦੋਂ ਤੇ ਕਿੱਥੋਂ ਸਿੱਖੀ, ਇਹਦੇ ਬਾਰੇ ਤਾਂ ਪਤਾ ਨਹੀਂ। ਪਰ ਉਹਦੇ ਵਰਗਾ 'ਢੋਲਚੀ' ਇਲਾਕੇ 'ਚ ਹੋਰ ਕੋਈ ਨਹੀਂ ਸੀ। ਉਹ ਪੰਜਾਬੀ ਤੇ ਹਿੰਦੀ ਗਾਣਿਆਂ ਦੀ ਤਰਜ਼ ਤੇ ਐਨਾ ਵਧੀਆ ਢੋਲ ਵਜਾਉਂਦਾ ਸੀ, ਕਿ ਸੁਣਨ ਵਾਲੇ ਅਸ਼ ਅਸ਼ ਕਰ ਉੱਠਦੇ ਸੀ। ਝੂੰਮਣ ਲੱਗ ਪੈਂਦੇ ਸੀ। ਨੱਚਣ ਲੱਗ ਪੈਂਦੇ ਸਨ।

ਜਲੌਰਾ ਵਿਆਹ-ਸ਼ਾਦੀਆਂ ਛਿੰਝਾਂ ਤੇ ਪੀਰਾਂ ਫ਼ਕੀਰਾਂ ਦੀਆਂ ਮਜ਼ਾਰਾਂ 'ਤੇ ਲੱਗਦੇ ਮੇਲੇ ਮੁਸਾਬਿਆਂ ਤੇ ਅਕਸਰ ਢੋਲ ਵਜਾਉਣ ਜਾਂਦਾ ਹੁੰਦਾ ਸੀ। ਪਰ ਉਹ ਪੱਕੇ ਤੌਰ ਤੇ ਮੱਖਣ ਚੇਲੇ ਦੇ 'ਡੇਰੇ' ਨਾਲ ਜੁੜਿਆ ਹੋਇਆ ਸੀ। ਇਸ ਡੇਰੇ 'ਚ ਹਰ ਵੀਰਵਾਰ ਨੂੰ 'ਚੌਂਕੀ' ਲੱਗਦੀ ਹੁੰਦੀ ਸੀ। ਦੂਰੋਂ ਪਾਰੋਂ ਸੰਗਤਾਂ ਆਉਂਦੀਆਂ। ਢੋਲ, ਚਿਮਟਾ ਤੇ ਖੜਤਾਲਾਂ ਖੜਕਦੀਆਂ। ਹਿੰਦੀ ਪੰਜਾਬੀ ਗਾਣਿਆ ਦੀ ਤਰਜ਼ 'ਤੇ ਭੇਟਾਂ ਭਜਨ ਗਾਏ ਜਾਂਦੇ ਸੀ।

ਸੰਗਤਾਂ 'ਚੋਂ ਕਈ ਤੀਮੀਆਂ, ਖਾਸ਼ ਕਰਕੇ ਜਵਾਨ ਕੁੜੀਆਂ ਵਾਲ ਖੋਲ੍ਹਕੇ ਸਿਰ ਘੁੰਮਾਉਂਦੀਆਂ। ਨੱਚਦੀਆਂ। ਚੀਕਾਂ ਮਾਰਦੀਆਂ। ਮੱਖਣ ਚੇਲਾ ਉਨ੍ਹਾਂ ਦੇ ਵਾਲ਼ ਫੜਕੇ ਕੁੱਟਦੈ। ਚਿੱਮਟੇ ਮਾਰਦੈ। ਉੱਚੀ ਸੁਰ 'ਚ ਬੋਲਦੈ। "ਜੈ ਕਿਸੇ ਗੁਰੂ ਪੀਰ ਦੀਆ ਤਾਂ, ਜਾਹ ਚਲੀ ਜਾਹ।" ਉਹ 'ਓਪਰੀ ਸ਼ੈਅ' ਨੂੰ ਲਲਕਾਰਦੈ, ਨਹੀਂ ਮੈਂ ਤੈਨੂੰ ਭਸਮ ਕਰਕੇ ਰੱਖਦੂੰ।" ਉਹ ਹੋਰ ਜ਼ੋਰ ਦੀ ਚਿੱਮਟੇ ਮਾਰਦਾ। ਹੋਰ ਉੱਚੀ ਸੁਰ 'ਚ ਬੋਲਦੈ। ਹੋਰ ਸਾਜ਼ਾਂ ਸਮੇਤ ਜਲੌਰੇ ਦੇ ਢੋਲ ਦੀ ਅਵਾਜ਼ ਹੋਰ ਉੱਚੀ ਹੋ ਜਾਂਦੀ। ਸ਼ਰਧਾਲੂ ਸੰਗਤਾਂ 'ਚ ਜੋਸ਼ ਭਰ ਜਾਂਦੈ। ਸੰਗਤਾਂ ਜੈਕਾਰਾ ਬੋਲਦੀਆਂ।

"ਬੋਲ... ! ਸੱਚੇ ਦਰਬਾਰ ਕੀ ਜੈ।"

ਡੇਰੇ 'ਚ ਹਰ ਵੀਰਵਾਰ ਇਹੋ ਕੁੱਝ ਹੁੰਦਾ ਸੀ। ਸਗੋਂ ਜੇਠੇ ਵੀਰਵਾਰ ਇਸ ਤੋਂ ਵੀ ਵੱਧ ਹੁੰਦਾ ਸੀ। ਆਏ ਦਿਨ ਅੰਧਵਿਸ਼ਵਾਸ਼ੀ ਲੋਕਾਂ ਦੀ 'ਭੀੜ' ਵੱਧਦੀ ਹੀ ਤੁਰੀ ਜਾਂਦੀ ਸੀ। ਮੱਖਣ ਚੇਲੇ ਦੀ ਦੂਰ ਦੂਰ ਤੱਕ ਮਾਨਤਾ ਹੋ ਗਈ ਸੀ। ਚਰਚਾ ਹੋ ਗਈ ਸੀ। ਉਹ ਪੁੱਛਾਂ ਦਿੰਦਾ ਹੁੰਦਾ ਸੀ। ਤਾਗੇ-ਤਵੀਤ ਕਰਦਾ ਹੁੰਦਾ ਸੀ। ਪੁੱਤ ਵੰਡਦਾ ਹੁੰਦਾ ਸੀ।

ਜਲੌਰਾ, ਮੱਖਣ ਚੇਲੇ ਦਾ ਸਿਰਫ ਵਿਸ਼ਵਾਸ਼ ਪਾਤਰ ਚੇਲਾ ਹੀ ਨਹੀਂ ਸੀ। ਸਗੋਂ ਉਹਨੇ ਜਲੌਰੇ ਨੂੰ ਆਪਣਾ ਧਰਮ ਦਾ ਪੁੱਤ ਬਣਾਇਆ ਹੋਇਆ ਸੀ। ਮੱਖਣ ਚੇਲੇ ਦੇ ਆਪਣੇ ਤਿੰਨ ਕੁੜੀਆਂ ਹੀ ਕੁੜੀਆਂ



ਸੀ। ਵੱਡੀਆਂ ਦੋਵੇਂ ਵਿਆਹੀਆਂ ਵਰ੍ਹੀਆਂ ਸੀ। ਛੋਟੀ ਕੁੜੀ ਮੰਦਬੁੱਧੀ ਤੇ ਅਪਾਹਜ ਸੀ।

"ਮੱਖਣ ਚੇਲੇ ਦੀਆਂ ਕਰਤੂਤਾਂ ਦਾ ਫ਼ਲ ਇਹ ਵਿਚਾਰੀ ਭੋਗਦੀ ਹੈ।" ਲੋਕ ਦੱਬਵੀ ਸੁਰ 'ਚ ਕਹਿੰਦੇ ਹੁੰਦੇ ਸੀ।

**********

ਮੱਖਣ ਚੇਲੇ ਨੇ ਗੱਜ ਵੱਜਕੇ ਜਲੌਰੇ ਦਾ ਵਿਆਹ ਕਰਨ ਦੀ ਸੋਚੀ ਸੀ। ਪਰ ਜਲੌਰਾ ਤਾਂ ਹੁਣ ਤੇਜੋ ਦੇ ਨਾਂਅ ਦੀ ਮਾਲਾ ਫੇਰਦਾ ਸੀ। ਤੇਜੋ ਨੂੰ ਪਿੱਠ ਵਿਖਾਉਣ ਨਾਲੋਂ ਉਹ ਮੌਤ ਨੂੰ ਚੁਣਨਾ ਬੇਹਤਰਾ ਸਮਝਦਾ ਸੀ।

ਇਕ ਦਿਨ ਮੱਖਣ ਚੇਲੇ ਨੇ ਉਹਨੂੰ ਪਿਆਰ ਤੇ ਗੁੱਸੇ ਨਾਲ ਝਿੜਕਿਆ, ਵਰਜਿਆ ਸੀ।

"ਜਲੌਰੇ ਪੁੱਤ ! ਤੂੰ ਇਹ ਕਿਹੜੇ ਕੰਮਾਂ 'ਚ ਪੈ ਗਿਐਂ?"

ਜਲੌਰੇ ਨੇ ਜਮਾਂ ਚੁੱਪ ਵੱਟੀ ਰੱਖੀ ਸੀ।

"ਕਮਲਿਆ, ਮੈਂ ਤੇਰਾ ਵਿਆਹ ਸ਼ਾਨੋ-ਸ਼ੌਂਕਤ ਨਾਲ ਕਰਨੈ। ਪੂਰੇ ਪਿੰਡ ਨੂੰ ਚੁੱਲ੍ਹੇ ਨਿਉਂਦਾ ਦੇਣਾ। ਮਲੇਰਕੋਟਲੇ ਵਾਲੇ ਕਵਾਲ ਸੱਦਣੇ ਆ ! ਬਰਾਤ ਨਾਲ 'ਮਾਣਕ' ਲੈ ਕੇ ਜਾਣੈ...। ਤੇ ਤੂੰ...।"

"ਬਾਬਾ...!" ਜਲੌਰਾ ਇੱਦੂ ਵੱਧ ਕੁੱਝ ਨਹੀਂ ਸੀ ਬੋਲ ਸਕਿਆ। ਉਹਦਾ ਮਨ ਭਰ ਆਇਆ ਸੀ। ਉਹਦੀਆਂ ਅੱਖਾਂ 'ਚੋਂ ਹੰਝੂ ਵਹਿ ਤੁਰੇ ਸੀ।

ਮੁੰਡੇ ਦੇ ਮੱਥੇ 'ਤੇ ਉਕਰਿਆ 'ਚੰਦ' ਉਦਾਸ ਹੋ ਗਿਆ ਸੀ।

ਬਾਬਾ ਕਿੰਨਾਂ ਈ ਚਿਰ ਉਹਦੇ ਉਦਾਸ ਤੇ ਉਤਰੇ ਹੋਏ ਚਿਹਰੇ ਵੱਲ ਇਕ ਟੱਕ ਵੇਖਦਾ ਰਿਹਾ ਸੀ। ਐਨ ਇਸੇ ਵੇਲੇ ਜਲੌਰੇ ਦੀ ਮਾਂ ਦੇ 'ਬੋਲ' ਬਾਬੇ ਦੇ ਕੰਨਾਂ ਵਿਚ ਖੌਰੂ ਪਾਉਣ ਲੱਗੇ ਸੀ।

"ਬਾਬਾ ਜੀ, ਮੁੰਡਾ ਤਾਂ ਕਹਿੰਦੈ, ਜੇ ਮੇਰੇ ਵਿਆਹ ਦਾ ਨਾਂਅ ਵੀ ਲਿਆ, ਤਾਂ ਮੈਂ ਕੁਸ਼ ਖਾ ਕੇ ਮਰ ਜਾਣੈ। ਉਸ ਚੰਦਰੀ ਨੇ ਮੇਰੇ ਮੁੰਡੇ ਦੇ ਸਿਰ ਕੁਸ਼ ਪਾਤੈ। ਤੁਸੀਂ ਕਰੋ ਕੋਈ ਉਪਾਅ...।" ਜਲੌਰੇ ਦੀ ਵਿਧਵਾ ਮਾਂ ਕਿੰਨਾਂ ਈ ਚਿਰ ਬਾਬੇ ਕੋਲ ਬੈਠੀ ਦੁੱਖ ਸੁੱਖ ਰੋਂਦੀ ਰਹੀ ਸੀ।

ਬਾਬਾ ਜਿੱਥੇ ਜਲੌਰੇ ਦੀਆਂ ਭਾਵਨਾਵਾਂ ਨੂੰ ਸਮਝਦਾ ਸੀ। ਉੱਥੇ ਉਹ ਉਹਦੇ ਤੱਤੇ, ਆਮੋੜ ਤੇ ਜਿੱਦੀ ਸੁਭਾ ਤੋਂ ਵੀ ਜਾਣੂ ਸੀ।

ਬਾਬਾ ਸ਼ਾਇਦ ਜਾਣਦਾ ਸੀ ਕਿ ਜਵਾਨੀ ਹੁਸ਼ਨ ਤੇ ਇਸ਼ਕ ਦੀ ਕਲੰਗੜੀ ਨੂੰ ਤੋੜਨਾ, ਕਿਸੇ ਬਾਬੇ ਜਾਂ ਸੜੇ ਸਮਾਜ ਦੇ ਵੱਸ ਦਾ ਰੋਗ ਨਹੀਂ ਹੁੰਦੈ।

ਬਾਬੇ ਨੇ ਹੱਥਿਆਰ ਸੁੱਟਕੇ, ਜਲੌਰੇ ਨੂੰ ਕਲਾਵੇ 'ਚ ਭਰ ਲਿਆ ਸੀ।

ਤੇ ਫਿਰ ਇਕ ਦਿਨ ਸਮਾਜ ਤੇ ਭਾਈਚਾਰੇ ਦੀ ਕੱਖ ਪ੍ਰਵਾਹ ਕੀਤੇ ਵਗੈਰ 'ਬਾਬੇ' ਨੇ ਜੋੜੀ ਨੂੰ ਅਸ਼ੀਰਵਾਦ ਦੇ ਦਿੱਤਾ ਸੀ। ਉਨ੍ਹਾਂ ਦੇ 'ਨਜਾਇਜ਼ ਰਿਸ਼ਤੇ' ਨੂੰ ਤਸਦੀਕੀ ਮੋਹਰ ਲਾ ਕੇ ਪ੍ਰਵਾਨਗੀ ਦੇ ਦਿੱਤੀ ਸੀ।

ਵਿਹੜੇ 'ਚੋਂ ਕਿਸੇ ਇਕ ਨੇ ਵੀ ਕਿਤੂੰ ਪ੍ਰਤੂੰ ਨਹੀਂ ਸੀ ਕੀਤਾ। ਲੋੜ ਹੀ ਨਹੀਂ ਸੀ ਸਮਝੀ। ਨਾਲੇ ਦੋ ਧਿਰਾਂ ਦੀ ਸਹਿਮਤੀ 'ਚ ਤੀਜਾ ਕੌਣ ਹੁੰਦੈ। ਲੱਤ ਅੜਾਉਣ ਵਾਲਾ।

ਪਰ ਦਾਰੋ ਘਤਿੱਤੀ ਤੇ ਫ਼ੌਜਣ ਪੂਛ ਤੜਾਉਂਦੇ ਸੀ। ਵਾਹਵਾ ਟੱਪਦੇ ਸੀ। ਲੜਦੇ ਸੀ। ਬੋਲਦੇ ਸੀ।

"ਚੋਰ, ਚੋਰੀਆਂ ਤਾਂ ਕਰਨ, ਪਰ ਐਂ ਸ਼ਰੇਆਮ।"

ਦਾਰੋ ਕੰਡਿਆਲਾ ਚੱਬਦਾ ਸੀ, "ਐਂ ਤਾਂ ਸਾਡੀ ਜਮਾਂ ਵੱਢੀ ਜਾਊ।"

"ਅੱਗ ਲੱਗੀ ਆ ਕੁੱਤੀ ਦੇ...।" ਫ਼ੌਜਣ ਗਾਲ੍ਹਾਂ ਕੱਢ ਦੀ, "ਰੰਡੀ, ਨਵੇਂ ਨਰੋਏ ਖ਼ਸਮ ਭਾਲਦੀ ਆ...।"

"ਨੀ ਤੂੰ ਢਕੀ ਰਹਿ ਨੀ, ਮੈਂ ਤੈਨੂੰ ਭੁੱਲੀ ਨ੍ਹੀਂ।... ਵੱਡੀ ਭਲੀਮਾਨਸ ਨੂੰ...।" ਅੱਗੋਂ ਤੇਜੋ ਕਿਹੜਾ ਘੱਟ ਸੀ, ਚਾਰੇ ਖੁਰ ਚੱਕ ਕੇ ਪੈਂਦੀ, 'ਨੀਂ ਧੂੜਕੋਟੀਏ ਡਲੈਵਰ ਨੇ ਤੈਨੂੰ ਕਿੰਨੀਂ ਆਰੀ 'ਢਿੱਡ' ਕੀਤੈ, ਲੁੱਚੀਏ ! ਛੱਜ ਤਾਂ ਬੋਲੇ, ਛਾਨਣੀ ਕੀ...।"

ਤੇਜੋ ਤੋਂ ਸਲਵਾਤਾਂ ਸੁਣਕੇ, ਫ਼ੌਜਣ ਕੰਨ ਲਪੇਟ ਕੇ ਅੰਦਰ ਵੜ ਜਾਂਦੀ ਹੁੰਦੀ ਸੀ।

ਤੇਜੋ ਹਿੱਕ ਥਾਪੜ ਕੇ ਕਹਿੰਦੀ ਹੁੰਦੀ ਸੀ।

"ਤੁਸੀਂ ਲਾ ਲੋ ਜਿਹੜਾ ਜੋਰ ਲਾਉਨੈ, ਮੈਂ ਤਾਂ ਉਸੇ ਦੇ ਵੱਸਨੈ। ਜੇ ਬਾਹਲੇ ਔਖੇ ਆ ਤਾਂ ਮੈਨੂੰ 'ਤਲਾਕ' ਦੇ ਦਿਓ...। ਸਾਂਭ੍ਹੋ ਆਪਣੇ ਜੁਵਾਕ...।"

ਤੇਜੋ ਐਵੇਂ ਨਹੀਂ ਸੀ ਤੀਂਗੜਦੀ ਹੁੰਦੀ। ਜਿੱਥੇ ਉਹਨੂੰ ਬਾਬੇ ਦਾ ਅਸ਼ੀਰਵਾਦ ਪ੍ਰਾਪਤ ਸੀ। ਉੱਥੇ ਉਸ ਦੇ ਪੇਕੇ ਖਾਸ ਕਰਕੇ ਮਾਂ ਉਹਦੇ ਨਾਲ ਰਜਾਮੰਦ ਸੀ। ਤੇ ਸੱਭ ਤੋਂ ਵੱਡੀ ਗੱਲ, ਤੇਜੋ ਨੂੰ ਆਪਣੇ ਸਿਰਜ਼ੇ, ਜਲੌਰੇ ਦੀ ਵਫਾਦਾਰੀ ਤੇ ਦਲੇਰੀ 'ਤੇ ਢਾਹਡਾ ਭਰੋਸਾ ਤੇ ਮਾਣ ਸੀ।

ਤੇਜੋ ਤੇ ਜਲੌਰਾ ਬਿਨਾਂ ਕਿਸੇ ਡਰ ਡੁੱਕਰ ਦੇ ਇਕੱਠੇ ਵਿਚਰਦੇ ਸੀ। ਇਕੱਠੇ ਸਾਕ ਸਕੀਰੀਆਂ 'ਚ ਮਿਲਣ-ਗਿਲਣ ਜਾਂਦੇ ਆਉਂਦੇ ਸੀ। ਬਾਬੇ ਦਾ ਮੋਟਰ ਸਾਈਕਲ ਉਨ੍ਹਾਂ ਜੋਗਾ ਹੀ ਸੀ। ਬਾਬਾ ਗੱਡੀ ਲੈਣ ਨੂੰ ਫਿਰਦਾ ਸੀ।

ਡੇਰੇ ਦੀ ਦਿਨੋ-ਦਿਨ ਚੜ੍ਹਤ ਹੁੰਦੀ ਜਾਂਦੀ ਸੀ। ਡੇਰੇ 'ਚ ਤੇਜੋ ਤੇ ਜਲੌਰੇ ਦੀ 'ਸਰਦਾਰੀ' ਸੀ। ਉਨ੍ਹਾਂ ਦੋਵਾਂ ਦੀ ਦੇਖ ਰੇਖ ਹੇਠ ਡੇਰੇ ਦੇ ਸਾਰੇ ਕਾਰਜ਼ ਨੇਪਰੇ ਚੜ੍ਹਦੇ ਸੀ। ਹਫ਼ਤੇ ਪਿੱਛੋਂ 'ਗੋਲਕ' ਦੀ ਮਾਇਆ ਉਹ ਆਪ ਗਿਣਦੇ ਕਰਦੇ ਸੀ।

ਤੇਜੋ ਪਹਿਲਾਂ ਦੇ ਮੁਕਾਬਲੇ ਮੋਟੀ ਤਾਜੀ ਹੋ ਗਈ ਸੀ। ਉਹਦੇ ਰੰਗ ਰੂਪ 'ਤੇ ਹੋਰ ਨਿਖਾਰ ਆ ਗਿਆ ਸੀ।

ਭਿੰਦਾ ਨਸ਼ਾ ਪੱਤਾ ਕਰਕੇ ਐਵੇਂ ਇੱਧਰ ਉੱਧਰ ਤੁਰਿਆ ਫਿਰਦਾ ਰਹਿੰਦਾ ਹੁੰਦਾ ਸੀ। ਕਦੇ ਡੇਰੇ 'ਚ ਟਿਕ ਜਾਂਦਾ ਹੁੰਦਾ ਸੀ। ਉਹ ਡੇਰੇ 'ਚ ਇਕ ਹੱਥ ਨਾਲ ਝਾੜੂ ਪੋਚੇ ਲਾਉਂਦੈ। ਫੁੱਲਾਂ-ਬੂਟਿਆਂ ਨੂੰ ਪਾਣੀ ਦਿੰਦੈ। ਗੋਡੀ ਕਰਦੈ। ਕਦੇ ਕੋਈ ਸ਼ਰਧਾਲੂ ਉਹਦੀ ਤਲੀ 'ਤੇ ਸਿੱਕੇ ਧਰ ਦਿੰਦੈ। ਉਹ ਬਾਗੋ ਬਾਗ ਹੋ ਜਾਂਦਾ ਸੀ। ਇਸ ਦੇ ਬਾਵਜੂਦ, ਉਹਦੇ ਅੰਦਰ ਕੁੱਝ ਟੁੱਟਦਾ ਭੱਜਦਾ ਰਹਿੰਦਾ ਸੀ। ਜਲੌਰਾ ਉਹਨੂੰ ਵਿਹੁ ਵਰਗਾ ਲੱਗਦਾ ਸੀ। ਜਿਹੜਾ ਉਹਦੀ ਤੀਮੀ ਸਾਂਭੀ ਬੈਠਾ ਸੀ। ਉਹਦੇ ਅੰਦਰ ਗੁੱਸਾ ਤੇ ਨਫਰਤ ਲਾਟੀ ਬਲਦੇ ਰਹਿੰਦੇ ਸੀ। ਪਰ ਉਹ ਭਮੱਕੜ ਵਾਂਗੂੰ ਆਪਾ ਜਲਾਉਣ ਤੋਂ ਵੱਧ ਕੁੱਝ ਨਹੀਂ ਸੀ ਕਰ ਸਕਦਾ।

ਉਹ ਲੱਕ ਟੁੱਟੇ ਕੁੱਤੇ ਵਾਂਗੂੰ ਜ਼ਿੰਦਗੀ ਦੀ ਖਿੱਚ-ਧੂਹ ਕਰ ਰਿਹਾ ਸੀ।

***********

ਪਿੰਡ ਦੀ ਲਹਿੰਦੀ ਬਾਹੀ ਵਾਲੇ ਪਾਸੇ ਇਨ੍ਹਾਂ ਚੌਹ ਭਰਾਵਾਂ ਦੇ ਇਕੋ ਲਾਇਨ 'ਚ ਨਾਲੋ ਨਾਲ ਘਰ ਹੈ। ਹਰ ਇਕ ਦੀ ਤਕਰੀਬਨ ਚਾਰ-ਪੰਜ ਮਰਲੇ ਜਗ੍ਹਾ। ਫ਼ੌਜੀ ਨੂੰ ਛੱਡ ਕੇ ਬਾਕੀ ਤਿੰਨਾਂ ਭਰਾਵਾਂ ਦੇ ਚੌਹ ਚੌਹ ਖਾਨਿਆਂ ਦਾ ਇਕੋ ਇਕ ਕਮਰਾ। ਸਰ ਕਾਨਿਆਂ ਦੀਆਂ ਧੂੰਏ ਨਾਲ ਧੁੰਆਖੀਆ ਛੱਤਾਂ। ਛੱਤੜਾ ਨੁਮਾ ਛੋਟੀਆਂ ਛੋਟੀਆਂ ਰਸੋਈਆਂ। ਇਨ੍ਹਾਂ ਘਰਾਂ ਦੇ ਪਿੱਛਵਾੜੇ ਰੂੜੀਆਂ ਤੇ ਬਦਬੂ ਮਾਰਦੈ ਪਾਣੀ ਨਾਲ ਭਰਿਆ ਛੱਪੜ ਹੈ। ਛੱਪੜ ਦੇ ਨਾਲ ਦੀ ਲੰਘਦੀ ਫਿਰਨੀ ਹੈ। ਜਿਹੜੀ ਹੁਣ ਸੜਕ ਬਣ ਗਈ ਹੈ। ਘਰਾਂ ਮੂਹਰੇ ਇਕ ਕਰਮ ਦੀ ਗਲੀ ਹੈ। ਹਾਂ, ਇਨ੍ਹਾਂ ਘਰਾਂ ਦੇ ਵਿਚਾਲੇ ਜੁਲਫ਼ੀ ਦੇ ਹਿੱਸੇ ਦਾ ਖ਼ਾਲੀ ਤੌੜ ਪਿਐ। ਜਿੱਥੇ ਇਹ ਚਾਰੇ ਘਰ ਲੱਕੜ-ਬਾਲਣ, ਪਾਥੀਆਂ ਤੇ ਮਾਲ-ਡੰਗਰ ਬੰਨ੍ਹੀ ਰੱਖਦੇ ਹਨ। ਇਸ ਥਾਂ ਦੀ ਵਰਤੋ ਪਿੱਛੇ ਕਈ ਵਾਰ ਇਨ੍ਹਾਂ ਦੀ ਆਪਸ ਵਿਚ ਡਾਂਗ ਖੜਕੀ ਹੈ।

ਆਪੋ-ਆਪਣੇ ਥਾਂ 'ਚ ਇਨ੍ਹਾਂ ਨੀਹਾਂ ਤਾਂ ਭਰੀਆਂ ਹੋਈਆਂ। ਪਰ ਕੰਧਾਂ ਨਹੀਂ ਕੱਢੀਆਂ। ਸਗੋਂ ਕਾਨਿਆਂ ਨੜਿਆਂ ਦੇ ਫਿੜਕੇ ਜਿਹੇ ਬਣਾ ਕੇ, ਐਵੇਂ ਮਾੜਾ ਮੋਟਾ ਉਹਲਾ ਜਿਹਾ ਕੀਤਾ ਹੋਇਐ। ਬੈਠਿਆਂ ਉਠਿਆਂ ਨੂੰ ਇਕ ਦੂਜੇ ਦੇ ਘਰੇ ਕੀ ਹੁੰਦੈ, ਸੱਭ ਦਿਸਦੈ।

ਦਾਰੋ ਘਤਿੱਤੀ ਆਪਣੇ ਕੋਠੇ ਦੇ ਬਾਰ ਮੂਹਰੇ ਪੈਰਾਂ ਭਾਰ ਬੈਠਾ, ਸਾਹਮਣੇ ਇੱਟ ਨਾਲ ਸ਼ੀਸ਼ਾ ਖੜਾ ਕਰਕੇ, ਮੋਚਨੇ ਨਾਲ ਮੁੱਛਾਂ ਦੇ ਵਾਲ਼ ਪੱਟੀ ਜਾਂਦਾ ਹੈ। ਵਾਲ਼ ਪੱਟਦਾ ਉਹ ਮੂੰਹ ਦੇ ਕਈ ਤਰ੍ਹਾਂ ਦੇ ਪੁੱਠੇ ਸਿੱਧੇ ਪੋਜ਼ ਬਣਾਉਂਦਾ ਹੈ।

ਫ਼ੌਜਣ ਦਾ ਛੋਟਾ ਮੁੰਡਾ ਟੈਣੂ ਤੂਤ 'ਤੇ ਚੜ੍ਹਕੇ, ਬਾਂਦਰ ਵਾਂਗੂੰ ਟਪੂਸੀਆਂ ਮਾਰਦਾ, ਤੂਤੀਆਂ ਤੋੜਨ 'ਚ ਮਸਤ ਹੈ।



ਦਾਰੋ ਮੋਚਨੇ ਵਾਲਾ ਹੱਥ ਰੋਕ ਕੇ ਮੁੰਡੇ ਨੂੰ ਪੁੱਛਦੈ।

"ਉਏ ਟੈਣੂ...।"

"ਹਾਂ ਤਾਇਆ...।" ਮੁੰਡਾ ਤਿੱਖਾ ਤੇ ਕਾਹਲਾ ਬੋਲਦੈ।

"ਉਏ ਤੇਰੀ ਮੰਮੀ ਕੀ ਕਰਦੀ ਉਏ...?"

ਦਾਰੋ ਨੂੰ ਐਵੇਂ 'ਠਰਕ' ਭੋਰਨ ਦੀ ਆਦਤ ਸੀ। ਤੀਮੀਆਂ ਬਾਰੇ ਸੋਚਣਾ, ਉਹਨੂੰ ਚੰਗਾ ਚੰਗਾ ਲੱਗਦਾ ਸੀ। ਤੀਮੀਆਂ ਪ੍ਰਤੀ ਉਹਦੇ ਅੰਦਰ ਬਹੁਤ ਭੁੱਖ ਸੀ। ਤੜਫ ਸੀ। ਸਿੱਕ ਸੀ।

ਮੁੰਡੇ ਨੂੰ ਸ਼ਾਇਦ ਪਹਿਲਾਂ ਉਹਦੀ ਗੱਲ ਨਹੀਂ ਸੀ ਸੁਣੀ। ਉਹਨੇ ਪਹਿਲੇ ਬੋਲ ਫਿਰ ਦੁਹਰਾਏ।

"ਮਖਿਆ, ਤੇਰੀ ਮੰਮੀ ਕੀ ਕਰਦੀ ਉਏ?"

"ਉਹ ਤਾਂ ਨੌਂਹ੍ਹੀ ਆ।"

"ਨੌਂਦੀ ਆ...??" ਉਹਨੇ ਕਿਰਲੇ ਵਾਂਗੂੰ ਧੌਣ ਚੱਕ ਕੇ, ਪੱਬਾਂ ਭਾਰ ਹੋ ਕੇ ਫ਼ੌਜਣ ਦੇ ਘਰ ਵੱਲ ਵੇਖਿਆ। ਕੱਚੇ ਖੁਰੇ ਦੀ ਕੰਧ 'ਤੇ ਫਿੱਕੀ ਗੁਲਾਬੀ ਕੁੜਤੀ ਤੇ ਕਾਲੀ ਸਲਵਾਰ ਉਹਦੇ ਨਜ਼ਰੀ ਪਈ। ਉਹ ਇਕ ਟੱਕ ਉੱਧਰ ਵੇਖਦਾ ਰਿਹਾ। ਉਹ ਕਿਤੇ ਗੁਵਾਚ ਜਿਹੇ ਗਿਆ ਸੀ। ਜਿਵੇਂ ਕਿਸੇ ਹੋਰ ਈ ਦੁਨੀਆਂ 'ਚ ਪਹੁੰਚ ਗਿਆ ਹੋਵੇ। ਵਿਸਮਾਦ ਦੀ ਦੁਨੀਆਂ 'ਚ...। ਫਿਰ ਉਹਨੂੰ ਅਚਾਨਕ ਇਉਂ ਲੱਗਾ। ਜਿਵੇਂ ਕਾਲੀ ਸਲਵਾਰ ਦਾ ਗੁਲਾਬੀ ਟਸਰ ਦਾ ਹਰੜਾਂ ਵਾਲਾ 'ਨਾਲਾ' ਸੱਪ 'ਚ ਤਬਦੀਲ ਹੋ ਗਿਆ ਹੋਵੇ। ਜਾਣੀ ਸੱਪ ਕੱਚੇ ਖੁਰੇ ਦੀ ਕੰਧ 'ਤੇ ਚੜ੍ਹੀ ਜਾਂਦੈ। ਡਿੱਗੀ ਜਾਂਦੈ। ਚੜ੍ਹੀ ਜਾਂਦੈ...। '...ਹੈਂ...!' ਇਹ ਕੀ ਭੈਣ 'ਚੋਂ... ਸੱਪ...!!" ਉਹਨੇ ਸਿਰ ਝਟਕਿਆ, "ਨਹੀਂ ਅਜਿਹਾ ਤਾਂ ਕੁੱਝ ਨਹੀਂ।' ਉਹ ਅਚੇਤ 'ਚੋਂ ਸੁਚੇਤ 'ਚ ਪਰਤਿਆ। 'ਸਾਲਾ, ਉਈ ਭੁਲੇਖਾ ਜਿਹਾ ਪਈ ਜਾਂਦੈ। ਡਮਾਕ ਨੂੰ ਖਵਨੀ ਕੀ ਹੋ ਗਿਐ...।"

ਦਿਮਾਗ਼ 'ਚੋਂ ਪੁੱਠੀਆਂ ਸੋਚਾਂ ਕੱਢਣ ਲਈ ਉਹ ਫਿਰ ਮੁੰਡੇ ਮੁਖ਼ਾਤਿਬ ਹੋਇਆ।

"ਉਏ ਟੈਣੂ. ਜਿਹੜੀ ਮੈਂ ਤੈਨੂੰ ਧੇਲੀ ਦਿੱਤੀ ਸੀ ਉਏ?" "ਉਹ ਤਾਂ ਮੈਂ ਚੁਵਾਨੀ ਦੀਆਂ ਪਕੌੜੀਆਂ ਖਾਲੀਆਂ।"

"ਤੇ ਸਾਲਿਆ, ਚੁਵਾਨੀ?"

"ਚੁਵਾਨੀ ਦਾ ਮੰਮੀ ਨੂੰ 'ਪੱਤਰਾ' ਲਿਆ 'ਤਾ।"

"ਪੱਤਰਾ...!" ਘਤਿੱਤੀ ਦੀ ਨਿਗ੍ਹਾ ਫਿਰ ਕੱਚੇ ਖੁਰੇ 'ਤੇ ਜਾ ਟਿੱਕੀ ਸੀ। ਉਹ ਫਿਰ ਸੁਫ਼ਨਾਈ ਦੁਨੀਆਂ 'ਚ ਗੁਵਾਚ ਗਿਆ ਸੀ। ਅੱਖਾਂ ਮੁੰਦੀ। ਸਾਹ ਰੋਕੀ। ਉਹ ਇਕ ਅਜੀਬ ਜਿਹਾ ਕੌਤਕ ਵੇਖਦਾ ਹੈ। ਜਾਣੀਦੀ ਸਰੋਵਰ ਦੇ ਨਿਰਮਲ ਪਾਣੀ 'ਚ ਨਹਾਉਂਦੀ ਇਕ ਪਰੀ ਅਠਖੇਲੀਆਂ ਲੈਂਦੀ ਫਿਰਦੀ ਹੈ। ਉਹਦੇ ਖ਼ੂਬਸੂਰਤ ਤੇ ਮੁਲਾਇਮ ਪਿੰਡੇ ਨਾਲ ਖਹਿਕੇ ਪਾਣੀ ਸਿਉਨੇ ਰੰਗਾ ਹੋਈ ਜਾਂਦਾ ਹੈ। "ਹੈਂ...! ਇਹ ਕੀ ਸਾਲਾ ਕੌਤਕ ਹੋਇਐ!" ਪਰੀ ਕਦੇ ਬੱਖ਼ਤ ਬਣ ਜਾਂਦੀ ਹੈ। ਕਦੇ ਮੁਰਗਾਬੀ। ਤੇ ਕਦੇ ਜਮਾਂ ਅਲਫ਼ ਨੰਗੀ ਤੀਮੀ। ਉਹ ਜਿਉਂ ਹੀ ਉਹਨੂੰ ਛੂਹਣ ਦੀ ਕੋਸ਼ਿਸ਼ ਕਰਦਾ ਹੈ। ਉਹ ਪਾਣੀ 'ਚ ਚੁੱਭੀ ਮਾਰ ਜਾਂਦੀ ਹੈ। ਤੇ ਅਗਲੇ ਕਿਨਾਰੇ ਜਾ ਸਿਰ ਕੱਢਦੀ ਹੈ। ਉਹਦੇ ਗਜ਼-ਗਜ਼ ਲੰਮੇ ਸੁਨਹਿਰੀ ਵਾਲਾਂ 'ਚੋਂ ਚਾਂਦੀ ਰੰਗੇ ਮੋਤੀ ਝੜ ਝੜ ਪੈਂਦੇ ਨੇ...। ਤੇ ਪਾਣੀ ਦੀ ਤਹਿ 'ਤੇ ਅਨੇਕਾਂ ਪਾਰਦਰਸ਼ੀ ਬੁਲਬੁਲੇ ਉੱਭਰ ਆਉਂਦੇ ਨੇ...। ਤੇ ਹਰ ਬੁਲਬੁਲੇ 'ਚ ਅਲਫ਼ ਨੰਗੀ ਤੀਮੀ...! ਹੈਂ...! ਭੈਣ 'ਚੋਂ ...ਇਹ ਕੀ ਕੌਤਕ ਹੋਇਐ...?" ਉਹਦਾ ਸਾਹ ਚੜ੍ਹ ਜਾਂਦਾ ਹੈ। ਦਿਲ ਦੀ ਧੜਕਣ ਤੇਜ਼ ਹੋ ਜਾਂਦੀ ਹੈ।

"ਮੇਰੇ ਸਾਲੇ ਦੀ ਫੜੀ ਨ੍ਹੀਂ ਜਾਂਦੀ।" ਤੂਤੀਆਂ ਨਾਲ ਭਰੀ ਉੱਚੀ ਲਗਰ ਨੂੰ ਫੜਨ ਦੀ ਕੋਸ਼ਿਸ਼ ਕਰਦਾ ਹੋਇਆ ਟੈਣੂ ਸੁਭਾਵਿਕ ਬੋਲਿਆ ਸੀ, "ਤਾਇਆ, ਹੈਥੋਂ ਢਾਂਗੀ ਫੜਾਈ...।"

ਮੁੰਡੇ ਦੀ ਅਵਾਜ਼ ਸੁਣਕੇ ਦਾਰੋ ਤ੍ਰਭਕਿਆ। ਅਚੇਤ 'ਚੋਂ ਸੁਚੇਤ 'ਚ ਪਰਤਿਆ। ਵੇਖਿਆ। ਫ਼ੌਜਣ ਨੇ ਬਾਂਹ ਵਧਾ ਕੇ ਖ਼ੁਰੇ ਦੀ ਕੰਧ ਤੋਂ ਕੱਪੜੇ ਖਿੱਚ ਲਏ ਸੀ।

ਇਕ ਠੰਢਾ ਹਾਉਂਕਾ ਦਾਰੋ ਘਤਿੱਤੀ ਦੇ ਅੰਦਰ ਲਾਟ ਹੋ ਗਿਆ ਸੀ।

"ਐਂ ਤਾਂ ਨ੍ਹੀਂ ਕੱਟੀ ਜਾਣੀ! ਕੋਈ 'ਬੰਨ੍ਹ-ਸੱਬ੍ਹ' ਕਰਨਾ ਈ ਪਊ।" ਉਹ ਸੋਚਦੈ, ਤੀਮੀ ਬਿਨਾਂ ਤਾਂ ਬੰਦੇ

ਦਾ ਡਮਾਕ ਹਿੱਲ ਜਾਂਦੈ।" ਉਹ ਗੰਭੀਰਤਾ ਨਾਲ ਆਪਣਾ ਘਰ ਵਸਾਉਣ ਦੀਆਂ ਸਕੀਮਾਂ ਬਣਾਉਣ ਲੱਗ ਪਿਆ ਸੀ।

*************

ਮੁੱਲ ਦੀ ਤੀਮੀ ਲਿਉਣ ਦੀਆਂ ਸਕੀਮਾਂ ਬਣਾਉਂਦੇ ਨੂੰ ਤੇ ਸੋਚਾਂ ਸੋਚਦੇ ਦਾਰੋ ਨੂੰ ਯਾਦ ਆਇਆ ਧੂੜਕੋਟ ਆਲੀ ਮਾਸੀ ਦਾ ਪੁੱਤ ਧੱਤੂ, ਜਿਹੜਾ ਟਰੱਕ ਡਰਾਇਵਰ ਸੀ। ਤੇ ਟਰੱਕ ਯੂਨੀਅਨ 'ਚ ਧੱਤੂ ਘੈਂਟ ਕਰਕੇ ਜਾਣਿਆ ਜਾਂਦਾ ਸੀ। ਧੱਤੂ ਜਿੱਥੇ ਮੰਨਿਆ ਪ੍ਰਮੰਨਿਆ ਡਰਾਇਵਰ ਸੀ। ਉੱਥੇ ਉਹ ਸਿਰੇ ਦਾ ਚਾਤੁਰ ਚਲਾਕ, ਤਿੱਖਾ ਤੇ ਚੰਗਾ ਗੱਲਕਾਰ ਸੀ। ਚੰਗੇ ਕੱਦ-ਕਾਠ ਤੇ ਭਰਵੇਂ ਜੁੱਸੇ ਵਾਲਾ ਧੱਤੂ ਹਮੇਸ਼ਾ ਚਿੱਟਾ ਕੁੜਤਾ-ਚਾਦਰਾ ਤੇ ਕੱਢਵੀ ਲੱਕੀ ਜੁੱਤੀ ਪਹਿਨਦੈ। ਮੋਢੇ ਤੇ ਸਾਫਾ। ਕੁੰਡੀਆਂ ਮੁੱਛਾਂ ਸਿਰ ਘੋਨ-ਮੋਨ। ਕੰਨਾਂ 'ਚ ਨੱਤੀਆਂ। ਉੱਤਲੇ ਪੀੜ ਦੇ ਮੁਹਰਲੇ ਦੋ ਦੰਦਾਂ 'ਚ ਸੋਨੇ ਦੀਆਂ ਮੇਖਾਂ। ਮੋਟੀਆਂ ਸ਼ਰਾਰਤੀ ਅੱਖਾਂ। ਧੱਤੂ ਬਹੁਤ ਸਾਰੇ ਗੁਣਾਂ ਔਗਣਾਂ ਦਾ ਮੁਜੱਸਮਾ ਸੀ। ਕਿਸੇ ਤੀਮੀ ਨੂੰ ਪੱਟਣਾ, ਭਰਮਾਉਣਾ ਉਹਦੇ ਲਈ ਖੱਬੇ ਹੱਥ ਦੀ ਖੇਡ ਸੀ। ਉਹ ਮੁੱਛਾਂ ਨੂੰ ਤਾਅ ਦਿੰਦਾ ਜਾਂ ਜੁੱਤੀ 'ਤੋਂ ਸਾਫ਼ੇ ਨਾਲ ਮਿੱਟੀ ਝਾੜਦਾ ਹੋਇਆ ਅਕਸਰ ਕਹਿੰਦਾ ਹੁੰਦੈ। ਅਖੇ, ਇਕ ਖਾਸ ਅਵਸਥਾ 'ਚ ਔਰਤ ਦੀਆਂ ਅੱਖਾਂ ਅਤੇ ਚਿਹਰੇ 'ਤੇ ਸੂਖ਼ਮ ਰੂਪ 'ਚ ਲਿਖਿਆ ਪ੍ਰਤੱਖ ਦਿਸਦਾ ਹੁੰਦੈ, ਕਿ ਉਹਦੀ ਰਜ਼ਾ ਕੀ ਆ? ਉਹ ਚਾਹੁੰਦੀ ਕੀ ਆ?"

"ਐਂ ਬਾਈ ਕਿਵੇਂ ਪਤਾ ਲੱਗ ਜਾਂਦੈ?" ਕੋਈ ਮਾੜਚੂ ਜਿਹਾ ਕਲੀਂਡਰ ਉਤਸੁਕਤਾ ਨਾਲ ਪੁੱਛਦਾ ਤਾਂ ਉਹ ਅੱਗੋਂ ਕਹਿੰਦਾ, "ਇਹ ਕੋਈ 'ਮਰਦ' ਈ ਜਾਣ ਸਕਦੈ। ਨਿਪੁੰਸਕ ਨਹੀਂ।" ਉਹ ਫਿਰ ਉੱਚੀ ਉੱਚੀ ਹੱਸਦੈ।

ਔਰਤ ਪ੍ਰਤੀ ਧੱਤੂ ਦਾ ਆਪਣਾ ਹੀ ਦ੍ਰਿਸ਼ਟੀਕੋਣ ਸੀ। ਉਹ ਔਰਤ ਨੂੰ ਨਿਰੋਲ 'ਵਸਤੂ' ਸਮਝਦਾ ਸੀ। ਭੋਗਣ ਵਾਲੀ ਸ਼ੈਅ। ਮੰਡੀ ਦਾ ਮਾਲ। ਉਹ ਉੱਧਰੋਂ ਬਿਹਾਰ, ਬੰਗਾਲ ਤੇ ਯੂ. ਪੀ. ਕੰਨੀਓਂ ਕਈ ਗਰੀਬ, ਮਜ਼ਬੂਰ ਤੇ ਲਾਚਾਰ ਕੁੜੀਆਂ ਲਿਆ ਕੇ ਵੇਚ ਚੁੱਕਾ ਸੀ। ਉਹਨੇ ਕਈਆਂ ਲੋੜਮੰਦਾਂ ਦੇ ਘਰ ਵਸਾਏ ਸੀ। ਸੁੰਨੇ ਵਿਹੜੇ ਨੂੰ ਭਾਗ ਲਾਏ ਸੀ। ਉਹ ਰਕਮ ਖ਼ਰੀ ਕਰਦਾ, ਗਰੰਟੀ ਵਜੋਂ ਅਕਸਰ ਕਹਿੰਦਾ ਹੁੰਦੈ।

"ਬਾਈ, ਘਰ 'ਚ ਕੁਸ਼ ਹੋਵੇ ਜਾਂ ਨਾ ਹੋਵੇ। ਪਰ ਬੰਦੇ 'ਚ ਤੰਤ ਹੋਣਾ ਚਾਹੀਦੈ। ਤੀਮੀ ਫਿਰ ਨ੍ਹੀਂ ਭੱਜਦੀ..." ਔਰਤ ਪ੍ਰਤੀ ਇਹੋ ਜਿਹੀ ਸੋਚ ਰੱਖਦਾ ਹੈ ਉਹ।

ਧੂੜਕੋਟੀਆ ਧੱਤੂ ਘੈਂਟ, ਦਾਰੋ ਘਤਿੱਤੀ ਦਾ ਸਦਾ ਸਮੇਰ ਹੈ। ਪਰ ਫਿਰ ਵੀ ਦਾਰੋ ਨੂੰ ਤੀਮੀ ਕਿਉਂ ਨਹੀਂ ਜੁੜੀ? ਅਸਲ ਗੱਲ ਵਿਚੋਂ ਇਹ ਹੈ ਕਿ ਧੱਤੂ ਹੈ ਸਿਰੇ ਦਾ 'ਕੋਰਾ ਕਰਾਰਾ' ਨਿਰੋਲ ਵਪਾਰਕ ਬਿਰਤੀ ਵਾਲਾ। ਤੇ ਦਾਰੋ ਵਿਚਾਰਾ ਗਰੀਬ ਦਿਹਾੜੀਦਾਰ ਹੋਣ ਦੇ ਨਾਲ ਨਾਲ ਸੂੰਮ, ਕਿਰਸੀ ਤੇ ਬਾਹਲਾ ਚੀੜ੍ਹਾ ਹੈ। ਜਿੰਨੇ ਕੁ ਦਾਰੋ ਖਰਚਣੇ ਚਾਹੁੰਦਾ ਸੀ। ਉਨੇਂ ਪੈਸਿਆਂ 'ਚ ਤਾਂ ਧੱਤੂ ਕਹਿੰਦੈ, 'ਤੀਮੀ ਇਕ ਰਾਤ ਨ੍ਹੀਂ ਕੱਟਦੀ।' ਇਹੋ ਵਜ੍ਹਾ ਸੀ ਕਿ ਦਾਰੋ ਘਤਿੱਤੀ ਦੇ ਵਿਹੜੇ ਅਜੇ ਤੱਕ ਪੰਜੇਬਾਂ ਨਹੀਂ ਸੀ ਛਣਕੀਆਂ।

ਇਕ ਦਿਨ ਦਾਰੋ ਦੋ ਚਿੱਤੀ ਤਿਆਗ ਕੇ ਮਨ 'ਚ ਪੱਕੀ ਧਾਰ ਲੈਂਦਾ ਹੈ ਕਿ ਜਿੰਨੇ ਮਰਜ਼ੀ ਲੱਗ ਜਾਣ। ਤੀਮੀ ਜ਼ਰੂਰ ਬਰ ਜ਼ਰੂਰ ਲਿਉਨੀ ਆ। ਪੈਸੇ ਭੈਣ 'ਚੋਂ ਕਿਹੜਾ ਨਾਲ ਜਾਣੇ ਆ।

ਉਹ ਸੇਵਟੀ ਨਾਲ ਕਰੜ ਬਰੜੀ ਦਾੜ੍ਹੀ ਨੂੰ ਰਗੜਦਾ ਹੈ। ਵਿਹੜੇ 'ਚ ਰੱਖੀਆਂ ਚਾਰ ਪੱਕੀਆਂ। ਇੱਟਾਂ 'ਤੇ ਪੈਰਾਂ ਭਾਰ ਬਹਿਕੇ, ਬਾਲਟੀ 'ਚੋਂ ਡੱਬੇ ਨਾਲ ਪਿੰਡੇ 'ਤੇ ਪਾਣੀ ਪਾਉਂਦਾ ਹੈ। ਆਪ ਮੁਹਾਰੇ ਉਹਦੇ ਮੂੰਹੋਂ 'ਵਾਖਰੂ' ਨਿਕਲਦਾ ਹੈ। ਉਹ ਖਰਖਰੇ ਵਰਗੇ ਹੱਥਾਂ ਨਾਲ ਪਿੰਡੇ ਤੋਂ ਮੈਲ਼ ਦੀਆਂ 'ਬੱਤੀਆਂ' ਲਹਉਂਦਾ ਹੈ। ਜਿਵੇਂ ਆਪਣੇ ਆਪ 'ਵੱਟਣਾ' ਮਲ਼ ਰਿਹਾ ਹੁੰਦਾ ਹੈ।

ਸਾਹਮਣੇ ਆਪਣੇ ਵਿਹੜੇ 'ਚ ਖੜੀ ਫ਼ੌਜਣ ਗਿੱਲੇ ਵਾਲ਼ਾਂ 'ਚ ਉਂਗਲਾਂ ਦੀ ਕੰਘੀ ਕਰਦੀ ਹੈ। ਪਹਿਲਾਂ ਦੇ ਮੁਕਾਬਲੇ ਅੱਜ ਉਹ ਵੱਧ ਨਿੱਖਰੀ ਨਿੱਖਰੀ ਲੱਗਦੀ ਹੈ। ਦਾਰੋ ਅੰਦਰ ਹੌਲ ਜਿਹਾ ਪੈਂਦਾ ਹੈ। ਇਕ ਲਾਟ ਜਿਹੀ ਨਿਕਲਦੀ ਹੈ। ਅੰਦਰ ਭਾਂਬੜ ਜਿਹਾ ਬਲਦਾ ਹੈ।

'ਹੁਣ ਲਾਊ ਹਿੱਕ 'ਤੇ ਬਰੂਟਾ।" ਉਹਦੇ ਅੰਦਰ ਸ਼ਰੀਕ ਸਿਰ ਚੁੱਕਦਾ ਹੈ।

ਉਹ ਠਹਾਕੇ, ਧੋਤੇ ਸੰਵਰੇ ਕੱਪੜੇ ਪਾਉਂਦਾ ਹੈ। ਤੇ ਬੇਬੇ ਦੇ ਪੁਰਾਣੇ ਲੱਕੜ ਦੇ ਸੰਦੂਕ 'ਚ ਸਿਰ ਵਾੜਕੇ,



ਕਿੰਨਾਂ ਈ ਚਿਰ ਫੋਲਾ-ਫਾਲੀ ਕਰਨ ਤੋਂ ਬਾਅਦ, ਇਕ ਛੋਟੀ ਜਿਹੀ ਗੱਠੜੀ ਬਾਹਰ ਕੱਢਕੇ, ਥੱਲੇ ਪੈਰਾਂ ਭਾਰ ਬਹਿਕੇ ਖੋਲ੍ਹਦਾ ਹੈ। ਇਕ ਗੁੱਥਲੀ ਨੁਮਾ ਝੋਲੇ 'ਚੋਂ ਮੈਲ਼ੇ-ਕੁਚੈਲੇ, ਮੁੜੇ ਤੁੜੇ ਨਿੱਕੇ-ਵੱਡੇ ਨੋਟ ਕੱਢ ਕੇ ਗਿਣਦਾ ਹੈ। ਇਸ ਤੋਂ ਪਹਿਲਾਂ ਉਹਨੇ ਬੂਹਾ ਭੇੜ ਲਿਆ ਸੀ। ਉਹਦਾ ਆਪਣਾ 'ਮੱਤ' ਹੈ। ਅਖੇ, 'ਨਾਮਾਂ ਤੇ ਨਾਰੀ ਪੜ੍ਹਦੇ ਦੇ ਅਧਿਕਾਰੀ'

ਦਾਰੋ ਘਤਿੱਤੀ ਨੇ ਕੁੱਝ ਸਮਾਂ ਪਹਿਲਾਂ ਦੋ ਬੱਕਰੀਆਂ ਵੇਚੀਆਂ ਸੀ। ਤੇ ਐਂਤਕੀ ਵਿਸਾਖੀ ਨੂੰ ਇਕ ਲੇਲਾ...। ਦਾਰੋ ਸਿਰੇ ਦਾ ਸੰਜ਼ਮੀ ਤੇ ਕਿਰਸੀ ਹੈ। ਉਹ ਦਿਹਾੜੀ ਦੱਪਾ ਕਰਨ ਦੇ ਨਾਲ ਨਾਲ ਦੋ ਤਿੰਨ ਬੱਕਰੀਆਂ ਜ਼ਰੂਰ ਰੱਖਦਾ ਹੈ। ਉਹ ਬੱਕਰੀਆਂ ਦੀ 'ਤੁਲਨਾ' ਸਿਉਨੇ ਦੀ ਮੁੰਦੀ ਨਾਲ ਕਰਦਾ ਕਹਿੰਦੇ ਹੁੰਦੈ। "ਇਹ ਤਾਂ ਭਾਈ ਸੋਨੇ ਦੀ ਮੁੰਦੀ ਆ। ਜਦੋਂ ਮਰਜੀ ਵੇਚਕੇ 'ਗਰਜ਼' ਪੂਰੀ ਕਰਲੋ।'

ਲੀਰ ਦੀ ਸੁੱਬੀ ਨਾਲ ਬੰਨ੍ਹੀ ਕੁੰਜੀ ਫ਼ੌਜਣ ਨੂੰ ਫੜਾਉਂਦਿਆਂ, ਦਾਰੋ ਨੇ ਕਿਹਾ ਸੀ।

ਆਹ ਬੇਬੇ ਨੂੰ ਫੜਾ ਦੀ। ਨਾਲੇ ਦੱਸਦੀ ਬੇਬੇ ਨੂੰ, ਮੈਂ ਮਾੜਾ ਜਿਹਾ ਧੱਤੂ ਕੰਨੀਂ ਚੱਲਿਐ। ਸ਼ੈਦ ਲੱਗ ਜਾਣ ਦੋ ਤਿੰਨ ਦਿਨ..."

ਧੱਤੂ ਦਾ ਨਾਂਅ ਸੁਣ ਕੇ ਫ਼ੌਜਣ ਦੇ ਅੰਦਰ ਝਰਨਾਟ ਜਿਹੀ ਫਿਰ ਗਈ ਸੀ। ਉਹਦੀਆਂ ਛਾਤੀਆਂ 'ਚ ਅਕੜਾ ਜਿਹਾ ਪੈਦਾ ਹੋ ਗਿਆ ਸੀ। ਅੱਖਾਂ 'ਚ ਮਸਤੀ ਜਿਹੀ ਭਰ ਗਈ ਸੀ। ਉਹਨੂੰ ਕੱਲ੍ਹ ਵਾਂਗ ਯਾਦ ਸੀ। ਫ਼ੌਜੀ ਤਾਂ ਸਾਲ ਪਿੱਛੋਂ ਛੁੱਟੀ ਆਉਂਦਾ ਹੁੰਦਾ ਸੀ। ਪਰ ਧੱਤੂ ਦਾ ਅੜਾਟ ਪਾਉਂਦਾ ਟਰੱਕ, ਹਰ ਐਤਵਾਰ ਹਨੇਰੇ ਜਿਹੇ ਹੋਏ, ਫਿਰਨੀ 'ਤੇ ਆ ਖੜਦਾ ਹੁੰਦਾ ਸੀ। ਧੱਤੂ ਦੇ ਟਰੱਕ ਦਾ 'ਹਾਰਨ' ਜਿੱਥੇ ਹੋਰ ਲੋਕਾਂ ਦੇ ਕੰਨ ਪਾੜਦਾ ਹੁੰਦਾ ਸੀ। ਉੱਥੇ ਫ਼ੌਜਣ ਦੇ ਕੰਨਾਂ ਵਿਚ ਰਸ ਭਿੰਨਾ ਜਿਹਾ ਸੰਗੀਤ ਘੋਲਦਾ ਹੁੰਦਾ ਸੀ। ਜਿੱਦਣ ਧੱਤੂ ਨੇ ਆਉਣਾ ਹੁੰਦਾ ਸੀ। ਉੱਦਣ ਫ਼ੌਜਣ ਉਚੇਚ ਨਾਲ ਨੌਂਢ੍ਹੀ ਸੰਵਰਦੀ। ਅੱਡੀਆਂ ਕੂਚ ਕੇ ਝਾਂਜਰਾ ਪਾਉਂਦੀ। ਦੰਦਾਸਾ ਮਲ਼ਦੀ। ਧੱਤੂ ਦੇ ਮਨ ਪਸੰਦ ਦਾ ਸੂਟ ਪਾਉਂਦੀ। ਹਰੀ ਮੂੰਗੀਆ ਕੁੜਤੀ ਤੇ ਕਾਲੀ ਸਲਵਾਰ ਉਹਦੇ ਡਾਹਢੀ ਫੱਬਦੀ।

ਉਹ ਅਗਾਉਂ ਮਿਰਚ ਮਸਾਲਾ ਰਗੜਦੀ। ਲਸਣ, ਪਿਆਜ਼ ਅਦਰਕ ਛਿੱਲਦੀ। ਧੱਤੂ ਦੇ ਆਉਣ ਤੋਂ ਪਹਿਲਾਂ ਸਭ ਕੁੱਝ ਐਂ ਜਮਾਂ ਫਿੱਟ-ਫਾਟ ਹੁੰਦਾ ਸੀ।

"ਭਾਬੀ ਵੱਡੇ-ਵੱਡੇ ਹੋਟਲਾਂ 'ਚ ਖਾਣਾ ਖਾਂਦੈ। ਪਰ ਤੇਰਾ ਬਣਾਇਐ ਮੁਰਗਾ।" ਧੱਤੂ ਹੱਡੀ ਚਰੂੰਡਦਾ, "ਬਸ, ਪੁੱਛ ਕੁਸ਼ ਨਾ...?" ਉਹ ਸਿਫਤਾਂ ਕਰਦਾ। ਅੰਗਰੇਜ਼ੀ ਦਾਰੂ ਉਹਦੇ ਅੰਦਰ ਖੌਰੂ ਪਾਉਂਦੀ। ਉਹਦੀਆਂ ਅੱਖਾਂ 'ਚ ਭਾਂਬੜ ਬਲਦੇ। ਅੰਗ ਅੰਗ 'ਤੋਂ ਸੇਕ ਨਿਕਲਦਾ।

ਆਪਣੀ ਰੂਹ ਦੇ ਹਾਣੀ ਦੇ ਮੂੰਹੋਂ, ਆਪਣੀ ਸਿਫ਼ਤ ਸੁਣਕੇ, ਫ਼ੌਜਣ ਦੇ ਦੰਦਾਸੇ ਬੁੱਲ੍ਹਾਂ 'ਚੋਂ ਮੁਸਕਾਨਾਂ ਦੇ ਸੂਹੇ ਫੁੱਲ ਝੜ ਝੜ ਪੈਂਦੇ। ਉਹਦਾ ਰੋਮ-ਰੋਮ ਨਸ਼ਿਆ ਉੱਠਦੈ।

"ਚੰਦਰਿਆ! ਤੇਰੀ ਬਦੌਲਤ ਇਸ ਘਰ ਨਾਲ ਮੋਹ ਹੋ ਗਿਐ। ਇਹ ਘਰ ਕਦੇ ਵੀ ਮੇਰੀਆਂ ਰੀਝਾਂ ਦਾ ਹਾਣੀ ਨਹੀਂ ਹੋ ਸਕਿਆ।" ਫ਼ੌਜਣ ਦੀਆਂ ਅੱਖਾਂ ਛਲਕ ਪੈਂਦੀਆਂ। ਉਹਦੇ ਅੰਦਰਲਾ ਅਕਹਿ ਤੇ ਅਸਹਿ ਦਰਦ ਉਹਦੇ ਸੀਨੇ ਸੂਲ ਹੋ ਜਾਂਦੈ।

ਫ਼ੌਜਣ ਚੰਗਿਆੜੇ ਛੱਡਦੀ ਫੁੱਲਝੜੀ ਸੀ। ਨਿਰੀ ਅੱਗ। ਤੇ ਉਹਦਾ ਫ਼ੌਜੀ...? ਫ਼ੌਜੀ ਜਮਾਂ 'ਗਿੱਲਾਂ ਪਟਾਕਾ'...। ਵੱਜਿਆ ਤੇ ਠੁੱਸ...। ਕਿਸੇ ਪਿਆਸੇ ਦੇ ਬੁੱਲ੍ਹਾਂ ਨੂੰ ਪਾਣੀ ਦਾ ਭਰਿਆ ਗਲਾਸ ਲਾ ਕੇ, ਖੋਹ ਲੈਣਾ, ਕਿੰਨਾਂ ਦੁਖਦਾਈ ਹੁੰਦੈ! ਇਹ ਤਾਂ ਬਸ ਫ਼ੌਜਣ ਹੀ ਜਾਣਦੀ ਸੀ।

"ਨੀ, ਇਹ ਤਾਂ ਧੂੜਕੋਟੀਏ ਧੱਤੂ ਕਰਕੇ ਟਿੱਕਗੀ।" ਵਿਹੜੇ ਦੀਆਂ ਤੀਮੀਆਂ ਮੂੰਹ ਜੋੜ ਜੋੜ ਗੱਲਾਂ ਕਰਦੀਆਂ, "ਨਹੀਂ ਇਹ ਵਹਿਲ ਕਿੱਥੇ ਰਹਿਣ ਆਲੀ ਸੀ ਫ਼ੌਜੀ ਦੇ...। ਫ਼ੌਜੀ ਤਾਂ ਉਈ ਫੂਕਿਆ ਪਿਆ ਦਾਰੂ ਨੇ... ਕੋੜ੍ਹੀ।"

"ਫ਼ੌਜੀ ਤਾਂ ਭਾਈ ਊਂ ਬਥੇਰਾ 'ਨਿੱਕ ਸੁੱਕ' ਲਿਉਂਦੈ! ਝੋਲੇ ਭਰਕੇ...।"

"ਨ੍ਹੀ 'ਕੱਲਾ 'ਨਿੱਕ-ਸੁੱਕ' ਤਾਂ ਨ੍ਹੀਂ ਸੱਭ ਕੁੱਝ ਹੁੰਦੈ।" ਉਹ ਗੁੱਝਾ ਗੁੱਝਾ ਹੱਸਦੀਆਂ।

"ਚੰਦਰਾ, ਸਾਰੀ ਸਾਰੀ ਰਾਤ ਸੌਣ ਕਿਹੜਾ ਦਿੰਦਾ ਹੁੰਦਾ ਸੀ। " ਫ਼ੌਜਣ ਧੱਤੂ ਬਾਰੇ ਸੋਚਦੀ ਹੈ, "ਹੁਣ

ਕਿੰਨਾ ਚਿਰ ਹੋ ਗਿਐ? ਕੋੜ੍ਹੀ ਨੇ ਕਦੇ ਮੂੰਹ ਨ੍ਹੀਂ ਵਿਖਾਇਐ।"

ਫ਼ੌਜਣ ਅੱਜ ਵੀ ਉਹਨੂੰ ਉਡੀਕਦੀ ਹੈ। ਔਸੀਆਂ ਪਾਉਂਦੀ ਹੈ। ਬੂਹੇ 'ਚ ਬਹਿਕੇ, ਉਹਦਾ ਰਾਹ ਵੇਖਦੀ, ਬੁੱਲ੍ਹ ਟੁੱਕਦੀ ਹੈ।

ਪਰ ਧੱਤੂ ਦਾ ਆਪਣਾ ਤਰਕ ਹੈ। ਉਹ ਕਹਿੰਦੈ, "ਮਰਦ 'ਰਸ' ਚੂਸਦੇ ਹੁੰਦੇ ਆ। 'ਛਿੱਲੜਾਂ' ਨੂੰ ਮੂੰਹ ਨਹੀਂ ਮਾਰਦੇ ਹੁੰਦੈ।"

"ਭਾਈਆ, ਉਹਨੂੰ ਕਹੀਂ ਕਿਤੇ ਆ ਕੇ ਮਿਲਜੇ।"

ਫ਼ੌਜਣ ਦਾ 'ਸੁਨੇਹਾ' ਦਾਰੋ ਘਤਿੱਤੀ ਦੇ ਕੰਨਾਂ ਤੱਕ ਪਹੁੰਚਿਆ ਹੀ ਨਹੀਂ ਸੀ। ਉਹ ਪਤੰਦਰ ਚੁੱਕਵੇਂ ਪੈਰੀ ਔਹ ਗਿਆ, ਔਹ ਗਿਆ।

ਫ਼ੌਜਣ ਦੇ ਧੁਰ ਅੰਦਰੋਂ ਹੂਕ ਜਿਹੀ ਨਿਕਲਦੀ ਹੈ।

"ਬੈਠੀ ਦਰਾਂ 'ਚ ਰਹਾਂ ਬੁੱਲ੍ਹ ਟੁੱਕਦੀ,
ਤੇਰੀਆਂ ਉਡੀਕਾਂ ਕਰਦੀ।"

**********

ਮੱਖਣ ਚੇਲਾ ਕਿਸੇ ਭਿਆਨਿਕ ਬਿਮਾਰੀ ਦਾ ਸ਼ਿਕਾਰ ਹੋ ਗਿਆ ਸੀ। ਉਹ ਮਹੀਨਾ ਭਰ ਅੱਡੀਆਂ ਗੋਡੇ ਰਗੜਨ ਤੋਂ ਬਾਅਦ ਮਰ ਗਿਆ ਸੀ। ਬੜੀ ਔਖੀ ਜਾਨ ਨਿਕਲੀ ਸੀ ਬਾਬੇ ਦੀ।

ਬਾਬੇ ਦੇ ਬਿਮਾਰ ਪਏ ਤੋਂ ਲੋਕ ਦੱਬਵੀਂ ਸੁਰ 'ਚ ਗੱਲਾਂ ਕਰਦੇ ਹੁੰਦੇ ਸੀ।

"ਕੀਤੀਆਂ ਪਾਉਂਦੈ, ਸਾਲਾ ਸਾਧ।"ਥੱਕਦੈ। "ਬੜਾ ਚੰਗਾ ਸੀ ਬਾਬਾ।"

"ਪਹੁੰਚਿਆ ਹੋਇਆ ਸੀ।"

ਬੜੀ ਮਾਨਤਾ ਸੀ ਬਾਬੇ ਦੀ...।"

ਬਾਬੇ ਦੇ ਭੋਗ 'ਤੇ ਬੜਾ ਵੱਡਾ ਇਕੱਠ ਹੋਇਆ ਸੀ। ਬੜੀ ਸੰਗਤ ਜੁੜੀ ਸੀ। ਭਜਨ, ਕਵਾਲੀਆਂ ਤੇ ਕੀਰਤਨ ਦਾ ਪ੍ਰਵਾਹ ਲਗਾਤਾਰ ਚੱਲਦਾ ਰਿਹਾ ਸੀ। ਧਾਰਮਿਕ ਤੇ ਸਿਆਸੀ ਲੀਡਰਾਂ ਨੇ ਸ਼ਰਧਾਜਲੀਆਂ ਭੇਂਟ ਕੀਤੀਆਂ ਸੀ। ਬਾਬੇ ਦੇ ਗੁਣ ਗਾਏ ਸੀ।

ਚਾਹ-ਪਕੌੜੇ, ਛੋਲੇ-ਪੂਰੀਆਂ ਤੇ ਜਲੇਬੀਆਂ ਦਾ ਲੰਗਰ ਅਤੁੱਟ ਚਲਦਾ ਰਿਹਾ ਸੀ। ਠੰਢੇ-ਮਿੱਠੇ ਜ਼ਲ ਦੀ ਸਬੀਲ ਤਾਂ ਹਫ਼ਤਾ ਭਰ ਚੱਲਦੀ ਰਹੀ ਸੀ।

ਬਾਬੇ ਤੋਂ ਬਾਅਦ, ਜਲੌਰ ਸਿੰਘ ਉਰਫ਼ ਜਲੌਰਾ ਢੋਲੀ ਡੇਰੇਦਾਰ ਬਣ ਗਿਆ ਸੀ। ਉਹਨੇ ਭਗਵੇਂ ਰੰਗ ਦਾ ਚੋਲਾ ਪਹਿਨ ਲਿਆ ਸੀ। ਗਲ ਮੋਟੇ ਮਣਕਿਆਂ ਦੀ ਮਾਲਾ ਪਾ ਲਈ ਸੀ। ਕਾਲੀਆਂ ਐਨਕਾਂ ਤੇ ਗਲ 'ਚ ਭਗਵਾਂ ਸਾਫ਼ਾ ਪੈਰੀ ਮਹਿੰਗੇ ਸਲੀਪਰ। ਹੱਥ 'ਚ ਸੁਨਹਿਰੀ ਮੁੱਠ ਵਾਲੀ ਖੂੰਡੀ। ਉਹਦੇ ਸੱਚੀ ਮੁੱਚੀ 'ਸੰਤ' ਹੋਣ ਦੀ ਸ਼ਾਹਦੀ ਭਰਦੇ ਸੀ। ਉਹਦੇ ਬੋਲਾਂ 'ਚੋਂ ਨਿਮਰਤਾ, ਹਲੀਮੀ ਤੇ ਮਿਠਾਸ ਡੁੱਲ੍ਹ-ਡੁੱਲ੍ਹ ਪੈਂਦੀ ਸੀ। ਉਹਦੇ ਚਿਹਰੇ 'ਤੇ ਜਲਾਲ ਤੇ ਅੱਖਾਂ 'ਚ ਨੂਰ ਛਲਕਦਾ ਸੀ।

ਸੰਤ ਜਲੌਰ ਸਿੰਘ ਨੇ ਡੇਰੇ ਦੀ ਪਹਿਲੀ ਪਰੰਪਰਾ ਨੂੰ ਰੱਦ ਕਰ ਦਿੱਤਾ ਸੀ। ਪਹਿਲੇ ਦਿਨ 'ਗੱਦੀ' 'ਤੇ ਬਿਰਾਜ਼ਮਾਨ ਹੋਣ ਉਪਰੰਤ ਡੇਰੇ ਦੇ ਨਵੇਂ ਥਾਪੇ ਮੁੱਖ 'ਬੁਲਾਰੇ' ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਸੀ।

...ਸਮੂਹ ਸਾਧ-ਸੰਗਤ ਜੀਓ, ਅੱਜ ਤੋਂ ਡੇਰੇ 'ਚ ਪੁੱਛਾਂ, ਤਾਗੇ-ਤਵੀਤ, ਟੇਵੇ ਤੇ ਡੋਲੀਆਂ ਖੇਡਣੀਆਂ ਸਭ ਬੰਦ। ਡੇਰਾ ਸਿਰਫ ਨਾਮ ਭਜਨ, ਗੁਰੂਆਂ ਪੀਰਾਂ ਤੇ ਮਹਾਂਪੁਰਸ਼ਾਂ ਦੀ 'ਬਾਣੀ' ਦਾ ਹੀ ਪ੍ਰਚਾਰ ਕਰਿਆ ਕਰੇਗਾ। ਡੇਰਾ ਦਲਿਤ ਗਰੀਬ ਮਾਪਿਆ ਦੀਆਂ ਲੜਕੀਆਂ ਦੀਆਂ ਸ਼ਾਦੀਆਂ ਕਰਨ 'ਚ ਆਪਣਾ ਯੋਗਦਾਨ ਪਾਇਆ ਕਰੇਗਾ। ਡੇਰਾ ਗਰੀਬ ਤੇ ਹੁਸ਼ਿਆਰ ਬੱਚਿਆਂ ਦੀ ਪੜ੍ਹਾਈ ਤੇ ਖਰਚ ਕਰਿਆ ਕਰੇਗਾ। ਡੇਰਾ ਹੋਰ 'ਸਮਾਜ ਸੁਧਾਰ' ਕੰਮਾਂ ਦੇ ਨਾਲ ਨਾਲ ਆਪਣੇ ਸਕੂਲ ਤੇ ਹਸਪਤਾਲ ਬਣਾਉਣ ਦੀ ਹਰ ਸੰਭਵ ਕੋਸ਼ਿਸ਼ ਕਰੇਗਾ। ਅਸੀਂ ਡੇਰੇ ਵੱਲੋਂ ਵਿਦੇਸ਼ਾਂ 'ਚ ਬੈਠੇ ਦਲਿਤ ਵੀਰਾਂ ਨੂੰ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਉਹ ਦਿਲ ਖੋਲ੍ਹ ਕੇ ਡੇਰੇ ਦੀ ਆਰਥਿਕ ਮਦਦ ਕਰਨ। ਤੇ ਆਪਣੀ 'ਦੱਬੀ ਕੁੱਚਲੀ' ਕੌਮ ਨੂੰ ਪੈਰਾਂ ਸਿਰ ਖੜ੍ਹਾ ਕਰਨ ਲਈ ਆਪਣਾ ਸਾਰਥਿਕ ਯੋਗਦਾਨ ਪਾਉਣ। ਡੇਰਾ ਦਲਿਤ ਸਮਾਜ 'ਚ ਉਤਸ਼ਾਹ, ਜਾਗ੍ਰਿਤੀ



ਤੇ ਸਵੈ ਵਿਸ਼ਵਾਸ਼ ਪੈਦਾ ਕਰਨ ਲਈ ਇਕ ਪ੍ਰੇਰਕ ਵਜੋਂ ਸੇਵਾ ਕਰਦਾ ਰਹੇਗਾ। ਡੇਰਾ ਕੌਮ ਦੀ 'ਮੁਕਤੀ' ਲਈ ਤੇ 'ਬੇਗ਼ਮਪੁਰੇ' ਦੀ ਸਿਰਜਣਾ ਲਈ ਆਪਣੀ ਜਦੋ-ਜਹਿਦ ਜਾਰੀ ਰੱਖੇਗਾ...! ਜੈ ਗੁਰੂਦੇਵ...।"

ਡੇਰੇ ਵੱਲੋਂ ਯਕਦਮ ਐਡੀ ਵੱਡੀ ਕੀਤੀ ਗਈ 'ਤਬਦੀਲੀ' ਨੂੰ ਵੇਖ ਸੁਣਕੇ, ਸੰਗਤਾਂ 'ਚ ਘੁਸਰ-ਮੁਸਰ ਹੋਈ। ਬਹੁਤ ਸਾਰੇ ਲੋਕ ਸੋਚਦੇ ਸੀ ਕਿ ਸ਼ਾਇਦ ਖਾੜਕੂਆਂ ਵੱਲੋਂ ਡੇਰੇ ਨੂੰ ਕੋਈ ਧਮਕੀ ਪੱਤਰ ਆਇਆ ਹੋਵੇ। ਪਰ ਨਹੀਂ ਅਜਿਹਾ ਕੁੱਝ ਨਹੀਂ ਸੀ ਹੋਇਆ। ਸਗੋਂ, ਡੇਰੇ ਵੱਲੋਂ ਆਪਣੀ ਲਾਇਨ ਬਦਲਣ ਦਾ ਸਭ ਤੋਂ ਵੱਡਾ ਤੇ ਅਸਲੀ ਕਾਰਨ ਇਹ ਸੀ ਕਿ ਸੰਤਾਂ ਅਤੇ 'ਦਲਿਤ ਜਾਗ੍ਰਿਤੀ ਮੰਚ' 'ਚ ਆਪਸੀ ਸਹਿਮਤੀ ਹੋ ਗਈ ਸੀ। ਕਿ ਡੇਰਾ ਝੂਠੇ ਅਡੰਬਰਾਂ ਨੂੰ ਤਿਆਗ ਕੇ ਦਲਿਤ ਸਮਾਜ 'ਚ ਚੇਤਨਾ ਪੈਦਾ ਕਰਨ ਲਈ ਇਕ ਵਿਦਿਆਲੇ-ਟਕਸਾਲ ਵਜੋਂ ਕੰਮ ਕਰੇਗਾ।

"ਦਲਿਤ ਜਾਗ੍ਰਿਤੀ ਮੰਚ' ਦਲਿਤ ਸਮਾਜ ਪ੍ਰਤੀ ਡਾਹਢਾ ਸੁਹਿਰਦ ਤੇ ਇਮਾਨਦਾਰ ਸੀ। ਉਹ ਲੰਮੇ ਅਰਸੇ ਤੋਂ ਦਲਿਤ ਸਮਾਜ ਦੇ ਗਲੋਂ ਗੁਲਾਮੀ ਦਾ 'ਜੂਲਾ' ਲਾਉਣ ਲਈ ਜਦੋ ਜਹਿਦ ਕਰ ਰਿਹਾ ਸੀ। ਪਰ ਉਹਨੂੰ ਆਪਣੀ ਗੱਲ ਦਲਿਤ ਸਮਾਜ ਦੇ ਕੰਨਾਂ ਤੱਕ ਪਹੁੰਚਾਉਣ ਕੋਈ ਕਾਰਗਰ ਥੜਾ-ਸਟੇਜ਼ ਨਹੀਂ ਸੀ ਮਿਲ ਰਿਹਾ। ਸੋ ਲੰਮੀ ਸੋਚ-ਵਿਚਾਰ ਤੋਂ ਬਾਅਦ ਆਪਣੇ ਮਿਸ਼ਨ ਦੀ ਪੂਰਤੀ ਲਈ, ਡੇਰੇ ਦੀ ਚੋਣ ਸਭ ਤੋਂ ਬੇਹਤਰ ਸੀ। ਬਹੁ ਗਿਣਤੀ ਦਲਿਤ ਲੋਕ ਅਧਿਆਤਮਿਕ ਤੇ ਭਾਵਨਾਤਮਿਕ ਤੌਰ ਤੇ ਡੇਰੇ ਨਾਲ ਜੁੜੇ ਹੋਏ ਸੀ।

ਦਲਿਤ ਸਮਾਜ ਦੇ ਲੋਕ, ਜਿਹੜੇ ਇਹ ਮਹਿਸੂਸ ਕਰਦੇ ਸੀ। ਕਿ ਸਵਰਨ ਜਾਤੀ ਦੇ ਮੰਦਰਾਂ, ਗੁਰਦਵਾਰਿਆਂ ਵਿਚ ਉਨ੍ਹਾਂ ਨਾਲ ਜਾਤੀ ਵਿਤਕਰਾ ਹੁੰਦਾ ਹੈ। ਉਹ ਡੇਰੇ ਦੇ ਉਪਰੋਕਤ ਐਲਾਨ ਤੋਂ ਢਿੱਡੋਂ ਖੁਸ਼ ਹੋਏ ਸੀ। ਖਾਸ ਕਰਕੇ ਨੌਜਵਾਨ ਪੀੜ੍ਹੀ ਨੇ ਇਸ ਨੂੰ 'ਸ਼ੁਭਸ਼ਗਨ' ਮੰਨਿਆ ਸੀ।

ਡੇਰੇ ਦੀ ਦਲਿਤ ਸਮਾਜ ਪ੍ਰਤੀ ਸੁਹਿਰਦ ਪਹੁੰਚ ਹੋਣ ਕਰਕੇ, ਡੇਰੇ ਦੀ ਸੰਗਤ ਵਿਚ ਦਿਨ ਬ ਦਿਨ ਵਾਧਾ ਹੁੰਦਾ ਚਲਾ ਗਿਆ। ਨੌਜਵਾਨ ਮੁੰਡੇ ਕੁੜੀਆਂ ਡੇਰੇ ਵੱਲੋਂ ਵਿੱਢੇ 'ਸਮਾਜ ਸੁਧਾਰ' ਕੰਮਾਂ 'ਚ ਵੱਧ ਚੜ੍ਹਕੇ ਹਿੱਸਾ ਲੈਂਦੇ।

***********

ਦਾਰੋ ਘਤਿੱਤੀ ਦੇ ਵਿਹੜੇ 'ਚ ਖਾਸੀ ਰੌਣਕ ਹੈ। ਵਿਹੜੇ ਦੀਆਂ ਤੀਮੀਆਂ ਤੇ ਜੁਵਾਕ ਉਹਦੇ ਵਿਹੜੇ ਇਉਂ ਇਕੱਠੇ ਹੋਏ ਖੜੇ ਆ। ਜਿਵੇਂ ਅਚਾਨਕ ਕਿਧਰੋਂ ਉਹਦੇ ਘਰ 'ਸੱਪ' ਆ ਵੜਿਆ ਹੋਵੇ।

"ਨੀ ਦਾਰੋ ਤੀਮੀ ਲਿਆਇਐ!"

"ਨੀ, ਸੱਚੀ!"

ਜਿਹੜੀ ਸੁਣਦੀ ਉਹੀ ਦਾਰੋ ਘਤਿੱਤੀ ਦੇ ਘਰ ਨੂੰ ਵਗ ਤੁਰਦੀ। ਜਿਵੇਂ ਅੱਗੇ ਮੁਫ਼ਤ ਰਾਸ਼ਨ ਮਿਲਦਾ ਹੁੰਦੈ। ਤੀਮੀਆਂ ਇਕ ਦੂਜੀ ਦੇ ਉੱਤੋਂ ਦੀ ਪੈਂਦੀਆਂ।

"ਨੀ ਹਾਅ! ਨੀਂ ਸੱਚੀ ਤੀਮੀ ਲਿਆਇਐ!"

ਦਾਰੋ ਘਤਿੱਤੀ ਚੌਥੇ ਦਿਨ ਮੁੜਿਆ ਸੀ। ਤਾਂ ਉਹ ਇਕੱਲਾ ਨਹੀਂ ਸੀ। ਸਗੋਂ ਉਹਦੇ ਨਾਲ ਸੌਲਾਂ-ਸਤਾਰਾਂ ਸਾਲ ਦੀ ਇਕ ਸ਼ੁਦੇਣ ਜਿਹੀ ਕੁੜੀ ਸੀ। ਜਿਹੜੀ ਉਹਦੇ ਪਿੱਛੇ ਪਿੱਛੇ ਉਹਦੇ ਖੁਰ ਵੱਢਦੀ ਤੁਰੀ ਆਉਂਦੀ ਸੀ। ਉਹ ਬਹੁਤ ਡਰੀ ਤੇ ਸਹਿਮੀ ਹੋਈ ਸੀ। ਉਹ ਜੁਵਾਕਾਂ ਆਂਗੂੰ ਦਾਰੋ ਘਤਿੱਤੀ ਦੀ ਕੱਛ 'ਚ ਵੜੀ ਜਾਂਦੀ ਸੀ।

ਦਾਰੋ ਉਹਨੂੰ ਥੋੜਾ ਜਿਹਾ ਪਿੱਛੇ ਨੂੰ ਧੱਕਦਾ ਹੋਇਆ ਕਹਿੰਦੈ, "ਅਜੇ ਓਪਰਾ ਮੰਨਦੀ ਆ।"

"ਵੇ ਭਾਈ, ਏਹ ਤਾਂ ਊਈ ਕਮਲੀ ਜਿਹੀ ਲੱਗਦੀ ਆ।"

"ਹੋਰ ਕੀ ਕੁੜੇ, ਏਹ ਤਾਂ ਜਮਾਂ ਸ਼ੁਦੈਣ ਆ।"

"ਜੇ ਅੱਗ ਫੱਕਣੀ ਸੀ ਤਾਂ ਕੋਈ 'ਚੱਜਦੀ' ਤਾਂ ਲਿਉਂਦੈ।"

"ਲੈ ਦੱਸ ਕੁੜੇ, ਕੀ ਕੋੜ੍ਹ ਖਰੀਦ ਲਿਆਇਐ।"

ਤੀਮੀਆਂ ਦੀ ਕੈਂਚੀ ਵਾਂਗੂੰ ਜ਼ਬਾਨ ਚੱਲਦੀ। ਉਹ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰਦੀਆਂ।

ਦਾਰੋ ਘਤਿੱਤੀ ਬਾਰ ਬਾਰ ਇਹੋ ਹੀ ਕਹੀ ਜਾਂਦੀ ਸੀ, “ਏਹ ਤਾਂ ਭਾਈ, ਲੇਖੇ ਜੋਖੇ ਦੀਆਂ ਗੱਲਾਂ।” ਹੋਰ ਕੋਈ ਗੱਲ ਉਹਨੂੰ ਅਹੁੜਦੀ ਹੀ ਨਹੀਂ ਸੀ।

ਪ੍ਰਤੱਖ ਨੂੰ ਪ੍ਰਮਾਣ ਦੀ ਕੀ ਲੋੜ। ਤੀਮੀਆਂ ਸੱਚੀਆਂ ਸੀ। ਦਾਰੋ ਜਿਹੜੀ ਤੀਮੀ-ਕੁੜੀ ਲਿਆਇਆ ਸੀ। ਉਹ ਅਕਲ ਸ਼ਕਲ ਵੱਲੋਂ ਜਮਾਂ ਗਈ ਗੁਜ਼ਰੀ ਸੀ। ਉਹਦਾ ਧੁਆਂਖੀ ਛੱਲੀ ਵਰਗਾ ਰੰਗ, ਚਿਹਰੇ ਤੇ ਸਿੱਕਰੀ। ਘੀਸੀਆਂ। ਨਿੱਕੀਆਂ ਅੱਖਾਂ 'ਚੋਂ ਸਿੰਮਦਾ ਪਾਣੀ। ਅੱਧ ਖੁੱਲ੍ਹੇ ਮੂੰਹ 'ਚੋਂ ਟੱਪਕਦੀਆਂ ਲਾਰਾਂ। ਬਿੱਜੜੇ ਦੇ ਆਲ੍ਹਣੇ ਵਰਗੇ ਜਟੂਰੀਆਂ ਹੋਏ ਵਾਲ਼। ਨਿੱਕੇ ਨਿੱਕੇ ਕਰੇੜੇ ਭਰੇ ਦੰਦ। ਪੈਰਾਂ, ਹੱਥਾਂ ਅਤੇ ਧੌਣ 'ਤੇ ਗੋਡੇ ਗੋਡੇ ਮੈਲ਼। ਹਾਂ, ਉਹਦਾ ਭਰਵਾਂ ਗੱਦਰ ਸਰੀਰ ਤੇ ਛਾਤੀਆਂ ਦੇ 'ਉਭਾਰ' ਉਹਦੇ ਭਰ ਜਵਾਨ ਹੋਣ ਦੀ ਗਵਾਹੀ ਭਰਦੇ ਸੀ।

“ਵੇ ਚੰਦਰਿਆ, ਜੇ ਇਸ ਉਮਰ 'ਚ ਹੂਲਾ ਫੱਕਿਆ ਸੀ, ਤਾਂ ਕੋਈ ਚੱਜ ਦੀ ਤਾਂ ਲਿਆਉਂਦਾ ਮਰਦੈ...।” ਬੇਬੇ ਨੇ ਵੀ ਆਪਣੀ ਨਰਾਜ਼ਦੀ ਪ੍ਰਗਟ ਕੀਤੀ ਸੀ।

“ਬੇਬੇ ਤੂੰ ਬੈਠੀ ਰਹਿ 'ਰਾਮ ਨਾ...।” ਦਾਰੋ ਥੋੜਾ ਤੱਤਾ ਹੋ ਕੇ ਬੋਲਿਆ ਸੀ, “ਤੈਨੂੰ ਬਾਹਲਾ ਪਤੈ?”

“ਵੇ ਮੈਂ ਤਾਂ ਬੈਠੀ ਆ, ਤੇਰੇ ਜਣਦਿਆਂ ਨੂੰ ਰੌਨੀ ਆ।” ਬੇਬੇ ਨੇ ਮਿਹਣਾ ਮਾਰਿਆ ਸੀ, “ਪਹਿਲਾਂ ਤੇਰੀਆਂ ਦੌੜਾਂ ਪਕਾਉਂਦੀ ਸੀ। ਹੁਣ ਇਸ ਕਮਲੀ ਨੂੰ ਵੀ ਸਾਂਭੂ, ਫੂਕੂਗੀ।”

“ਜਾਹ, ਤੂੰ ਨਾ ਸਾਂਭੀ, ਮੈਂ ਆਪੇ ਸਾਂਭ ਲੂਗਾ। ਐਵੇਂ ਟੈਂ-ਟੈਂ ਕਰੀ ਜਾਂਦੀ ਆ।” ਦਾਰੋ ਨੂੰ ਵੱਟ ਚੜ੍ਹ ਗਿਆ ਸੀ।

“ਬੇਬੇ, ਤੈਥੋਂ ਚੁੱਪ ਨ੍ਹੀਂ ਹੋਈਦੇ!” ਫ਼ੌਜਣ ਜਿਹੜੀ ਨੱਕ 'ਤੇ ਚੁੰਨੀ ਦਾ ਲੜ ਰੱਖੀ ਖੜੀ ਸੀ ਬੋਲੀ, “ਤੂੰ ਕਾਹਤੋਂ ਐਵੇਂ ਵਾਦ ਕਰਦੀ ਆ, ਹੈਂ।”

ਬੇਬੇ ਵਿਚਾਰੀ ਦੜ ਵੱਟ ਗਈ ਸੀ।

“ਕੁੜੇ, ਤੇਰਾ ਨਾਂਅ ਕੀ ਆ?” ਫ਼ੌਜਣ ਨੇ ਪੁੱਛਿਆ।

“ਈ...ਈ...ਊਂ...ਊਂ।” ਕਹਿ ਕੇ ਕਮਲੀ ਹੱਸ ਪਈ ਸੀ।

ਜੁੜੀ ਭੀੜ 'ਚ ਹਾਸਾ ਪੈ ਗਿਆ ਸੀ।

“ਇਹਦਾ ਨਾਂਅ ਸਵਿੱਤਰੀ ਆ।” ਕਮਲੀ ਖੁਦ ਆਪਣਾ ਨਾਂਅ ਦੱਸਣੋਂ ਅਸਮਰਥ ਸੀ। ਤੇ ਦਾਰੋ ਨੂੰ ਉਹਦੇ ਨਾਂਅ ਦਾ ਪਤਾ ਈ ਨਹੀਂ ਸੀ। ਉਹਨੇ ਖੜੇ ਪੈਰ ਉਹਦਾ ਨਾਂਅ ਸਵਿੱਤਰੀ ਰੱਖ ਲਿਆ ਸੀ।

ਭੀੜ 'ਚੋਂ ਕਈਆਂ ਦੇ ਮੂੰਹੋਂ ਸੁਭਾਵਿਕ ਹੀ ਨਿਕਲਿਆ ਸੀ, “ਸਵਿੱਤਰੀ!!”

“ਤਾਇਆ, ਕਮਲੀ ਲਿਆਇਆ।”

“ਤਾਇਆ, ਕਮਲੀ ਲਿਆਇਆ।”

ਵਿਹੜੇ 'ਚ ਨੱਚਦੇ, ਟੱਪਦੇ ਨੰਗ ਧੜੰਗੇ ਜੁਵਾਕ ਆਪਣਾ ਹੀ ਰੌਲਾ ਜਿਹਾ ਪਾਈ ਜਾਂਦੇ ਸੀ।

“ਚੱਲੋ ਥੋਡੀ ਭੈਣ ਨੂੰ...।” ਦਾਰੋ ਜੁਵਾਕਾਂ ਨੂੰ ਦਬਕਾ ਮਾਰਦਾ ਹੈ।

ਸਵਿੱਤਰੀ ਹੀਂ-ਹੀਂ ਕਰਕੇ ਹੱਸਦੀ ਹੈ।

ਉਹਦੀ ਲਾਰ ਟੱਪਕਦੀ ਹੈ। ਉਹ ਸਿਰ ਖੁਰਕਦੀ ਹੈ। ਸਿਰ ਖੁਰਕਦੀ ਦੰਦ ਕਿਰਚਦੀ ਹੈ।

ਫੌਜਣ ਦਾ ਟੈਣੂ ਬਾਹਲਾ ਈ ਚਾਮ੍ਹਲਿਆ ਫਿਰਦਾ ਸੀ। ਐਵੇਂ ਇੱਲਤਾਂ ਜਿਹੀਆਂ ਕਹੀ ਜਾਂਦਾ ਸੀ। ਪੰਗੇ ਜਿਹੇ ਲਈ ਜਾਂਦਾ ਸੀ। ਉਹਨੂੰ ਚਾਅ ਜਿਹਾ ਚੜ੍ਹਿਆ ਪਿਆ ਸੀ। ਜਿਵੇਂ ਬਾਂਦਰ ਬਾਂਦਰੀ ਦਾ ਤਮਾਸ਼ਾ ਵੇਖਦਾ ਹੋਵੇ।

ਫ਼ੌਜਣ ਨੇ ਉਹਨੂੰ ਝਿੜਕਿਆ ਸੀ।

“ਖੜੋ, ਨਿੱਜ ਹੋਣਨਿਐ, ਤੈਨੂੰ ਦੇਵਾਂ ਧਾਰਾਂ।” ਫ਼ੌਜਣ ਨੇ ਚੱਪਲ ਨੂੰ ਹੱਥ ਪਾ ਇਆ ਸੀ।

ਬੇਬੇ ਗੁੱਸੇ ਦੀ ਭਰੀ ਪੀਤੀ ਆਪਣੀ ਜੁੱਲੀ-ਦਰੀ ਤੇ ਮੰਜੀ ਚੁੱਕ ਕੇ ਆਪਣੇ ਕੋਠੜੀ ਨੁਮਾ ਪੁਰਾਣੇ ਘਰ ਨੂੰ ਤੁਰ ਪਈ ਸੀ।

“ਬੇਬੇ ਤੂੰ ਆਹ ਕੀ ਕਰਦੀ ਆ?” ਫ਼ੌਜਣ ਨੇ ਬੇਬੇ ਨੂੰ ਟੋਕਿਆ ਸੀ, “ਲੈ ਦੱਸ ਕੁੜੇ, ਬੁੜੀ ਕੀ ਕਰਦੀ



ਆ।” ਫ਼ੌਜਣ ਨੇ ਬੁੱਲ੍ਹ ਟੇਰੇ ਸੀ। ਨੱਕ ਵੱਟਿਆ ਸੀ।

“ਤਮਾਸ਼ਾ ਵਿਖਾਉਂਦੀ ਆ, ਲੋਕਾਂ ਨੂੰ...।” ਗੇਜੂ ਆਲੀ ਨੇ ਗੁੱਝਾ ਤੀਰ ਮਾਰਿਆ ਸੀ, “ਨਵੀਂ ਨੌਂਹ ਆਈ ਕਰਕੇ... ਹੇਖਾਂ, ਸਿਆਣੀ...।”

ਦਾਰੋ ਘਤਿੱਤੀ ਨੇ ਜਾਂਦੀ ਬੇਬੇ ਨੂੰ ਨਹੀਂ ਸੀ ਰੋਕਿਆ। ਲੋੜ ਈ ਨਹੀਂ ਸੀ ਸਮਝੀ।

“ਜਾਂਦੀ ਤਾਂ ਜਾਵੇ...।” ਦਾਰੋ ਨੇ ਬੁੜ ਬੁੜ ਕੀਤੀ ਸੀ। ਭੈਣ 'ਚੋਂ ਮੇਰਾ ਘਰ ਵੱਸਦਾ ਵੇਖਕੇ ਕੋਈ ਖੁਸ਼ ਨਹੀਂ...! ਜਾਓ, ਆਪਣਾ ਕੰਮ ਕਰੋ...।

ਦਾਰੋ ਨੂੰ ਤੱਤਾ ਹੁੰਦਾ ਵੇਖਕੇ ਸਭ ਖਿਸਕ ਗਏ ਸੀ।

***************

ਸੂਰਜ ਸਿਖ਼ਰੋਂ ਢਲਕੇ ਵੱਖੀ ਭਾਰ ਹੋ ਗਿਆ ਸੀ। ਦਾਰੋ ਉੱਠਿਆ। ਬੱਕਰੀਆਂ ਨੂੰ ਪੱਠਾ-ਦੱਥਾ ਪਾਇਐ। ਵਿਹੜੇ 'ਚ ਪਾਣੀ ਛਿੜਕਿਆ। ਬਹੁਕਰ ਮਾਰੀ। ਪਾਣੀ ਦਾ ਘੜਾ ਭਰਿਆ। ਚੌਂਕਾ-ਚੁੱਲ੍ਹਾ ਸਾਫ਼ ਕੀਤਾ। ਮੂੰਹ ਹੱਥ ਧੋਤਾ। ਕਮਰੇ 'ਚ ਸਾਹਮਣੇ ਕੰਧ 'ਤੇ ਲੱਗੀਆਂ ਧਾਰਮਿਕ ਤਸਵੀਰਾਂ ਨੂੰ ਸਾਫ਼ੇ ਨਾਲ ਝਾੜਿਆ-ਪੂੰਝਿਆ। ਧੂਫ਼-ਬੱਤੀ ਕੀਤੀ।

ਦਾਰੋ ਜਦੋਂ ਇਹ ਸਭ ਕੁੱਝ ਕਰ ਰਿਹਾ ਸੀ। ਤਾਂ ਸਵਿੱਤਰੀ ਉਹਦੇ ਪਿੱਛੇ-ਪਿੱਛੇ ਲੇਲੇ ਵਾਂਗੂੰ ਘੁੰਮਦੀ ਰਹੀ ਸੀ। ਦਾਰੋ ਨੇ ਉਹਨੂੰ ਕਿੰਨੀ ਵਾਰੀ ਕਿਹਾ ਸੀ।

“ਤੂੰ ਬਹਿਜਾ।”

“ਆ... ਤਾਅ...।” ਕਹਿਕੇ ਸਵਿੱਤਰੀ ਹੱਸ ਪੈਂਦੀ ਸੀ। ਜਦੋਂ ਉਹ ਹੱਸਦੀ ਸੀ। ਉਹਦੇ ਧੂੰਆਂਖੇ ਚਿਹਰੇ ਦੀਆਂ ਮੈਲ਼ ਨਾਲ ਭਰੀਆਂ ਤਰੇੜਾਂ ਹੋਰ ਪ੍ਰਤੱਖ ਉੱਭਰ ਆਉਂਦੀਆਂ। ਉਹਦੀਆਂ ਚਿੱਟੀਆਂ ਅੱਖਾਂ 'ਚ ਪਾਣੀ ਛਲਕਦਾ। ਢਿੱਲ੍ਹੇ ਛੱਡੇ ਬੁੱਲ੍ਹਾਂ 'ਚੋਂ ਲਾਰ ਟੱਪਕਦੀ।

ਸਵਿੱਤਰੀ ਗਿੱਚੀ ਖੁਰਕਦੀ, ਚੁੱਪ ਗੜੁੱਪ ਘਰ ਦੀ ਹਰ ਚੀਜ਼ ਨੂੰ ਗਹੁ ਨਾਲ ਵੇਖਦੀ ਹੈ। ਪਰਖਦੀ ਹੈ। ਪਛਾਣਦੀ ਹੈ। ਤਸਵੀਰਾਂ ਸੰਦੂਕ। ਖਲਿਆਰਨੇ 'ਤੇ ਟੰਗੇ ਮੈਲ਼ ਖੋਰੇ ਕੱਪੜੇ। ਮੰਜੇ 'ਤੇ ਪਏ ਜੁੱਲੀਆਂ-ਗੰਦੋਲੇ। ਢਾਂਗੀ, ਬੱਕਰੀਆਂ। ਖਾਸ ਕਰਕੇ ਬੱਕਰੀਆਂ ਉਹਦੀ ਖਿੱਚ ਦਾ ਕੇਂਦਰ ਬਿੰਦੂ ਸੀ। ਉਹ ਬੱਕਰੀਆਂ ਨੂੰ ਹੱਥ ਲਾ-ਲਾ ਵੇਖਦੀ। ਹੱਸਦੀ। ਖੁਸ਼ ਹੁੰਦੀ। ਜਿਵੇਂ ਇਹ ਸਭ ਚੀਜ਼ਾ ਉਹਨੇ ਅੱਜ ਪਹਿਲੀ ਵਾਰ ਵੇਖੀਆਂ ਹੋਣ। ਜਿਵੇਂ ਇਹ ਚੀਜਾਂ ਤਾਂ ਉਨ੍ਹਾਂ ਦੇ ਘਰ ਹੈ ਈ ਨਹੀਂ ਸੀ।

ਨਵੇਂ ਘਰ 'ਚ ਆ ਕੇ ਸਵਿੱਤਰੀ ਕਿੰਨੀਂ ਖੁਸ਼ ਸੀ। ਅੰਦਾਜ਼ਾ ਲਾਉਣੈ ਔਖੈ। ਤੇ ਦਾਰੋ ਘਤਿੱਤੀ ...??

ਦਾਰੋ ਅੰਦਰ ਖੁਸ਼ੀ ਚਾਅ ਤੇ ਸਕੂਨ ਜਿਹਾ ਲਾਡ-ਬਾਡੀਆਂ ਕਰੀ ਜਾਂਦੇ ਸੀ। ਉਹਨੂੰ ਅੱਜ ਆਪਣਾ ਘਰ ਭਰਿਆ-ਭਰਿਆ ਤੇ ਮਹਿਕਿਆ ਮਹਿਕਿਆ ਲੱਗਦਾ ਸੀ। ਸਵਿੱਤਰੀ ਦੇ ਗਦਰਾਏ ਪਿੰਡੇ ਦੀ ਮਹਿਕ ਉਹਦੇ ਅੰਦਰ ਤਰੰਗਾਂ ਛੇੜਦੀ ਸੀ।

“ਤੀਮੀ ਬਿਨਾਂ ਘਰ ਤਾਂ ਭੂਤਾਂ ਦਾ ਵਾੜਾ ਹੁੰਦੈ।” ਉਹ ਮਨ ਹੀ ਮਨ ਸੋਚਦੈ, “ਤੀਮੀ ਬਿਨਾਂ ਕਾਹਦੀ ਜੂਨ...?”

ਸਿਵਿਆਂ ਵਾਲੀ ਟਾਹਲੀ ਦੇ ਪਿੱਛੇ ਡੁੱਬਦੇ ਹੋਏ ਸੂਰਜ ਨੂੰ ਉਹ ਹਸਰਤ ਭਰੀਆਂ ਨਜ਼ਰਾਂ ਨਾਲ ਵੇਖਦਾ ਹੈ। ਅੱਜ ਦੀ ਰਾਤ ਉਹਦੀ ਜ਼ਿੰਦਗੀ ਦੀ ਖੂਬਸੂਰਤ ਰਾਤ ਹੋਵੇਗੀ।

ਘੁਸਮੁਸੇ ਜਿਹੇ ਹੋਏ ਤੋਂ ਬਾਜੂ ਬੁੜ੍ਹਾ ਆ ਧਮਕਿਆ ਸੀ। ਉਹਨੂੰ ਪਤਾ ਲੱਗਾ ਸੀ ਕਿ ਦਾਰੋ ਘਤਿੱਤੀ ਤੀਮੀ ਲਿਆਇਐ। ਤੀਮੀ ਨਹੀਂ ਸਗੋਂ ਕੁਆਰੀ ਕੁੜੀ ਲਿਆਇਐ। ਬਾਜੂ ਬੁੜ੍ਹਾ ਖੁਸ਼ੀ ਭਰੀ ਹੈਰਾਨੀ ਨਾਲ ਬੌਂਦਲਿਆ ਜਿਹਾ ਫਿਰਦਾ ਸੀ। ਉਹਦੇ ਬੁੱਢੇ ਸਰੀਰ 'ਚ ਊਰਜਾ ਜਿਹੀ ਭਰ ਗਈ ਸੀ। ਉਹਦੀਆਂ ਡੂੰਘੀਆਂ ਅੱਖਾਂ 'ਚ ਅਨੋਖੀ ਚਮਕ ਜਿਹੀ ਲਿਸ਼ਕੀ ਸੀ। ਉਹਨੂੰ ਆਪਣੀ ਜਵਾਨੀ ਦੇ ਦਿਨ ਯਾਦ ਆ ਗਏ ਸੀ।

ਜਵਾਨੀ ਵੇਲੇ ਬਾਜੂ ਦਾ ਇਕ ਵਿਧਵਾ ਬਾਹਮਣੀ ਨਾਲ ਇਸ਼ਕ ਹੋ ਗਿਆ ਸੀ। ਬਾਜੂ ਆਪਣੇ ਖੱਚਰ ਰੇੜੇ 'ਤੇ ਉਨ੍ਹਾਂ ਦੀ ਹੱਟੀ ਲਈ ਸ਼ਹਿਰੋਂ 'ਸੌਦਾ ਪੱਤਾ' ਲਿਆ ਕੇ ਦਿੰਦਾ ਹੁੰਦਾ ਸੀ। ਵੇਲੇ ਕੁਵੇਲੇ ਘਰ ਦਾ ਹੋਰ ਕੰਮ ਧੰਦਾ ਵੀ ਕਰ ਦਿੰਦਾ ਹੁੰਦਾ ਸੀ। ਜਿਵੇਂ ਮੱਝ ਲਈ ਤੂੜੀ ਤੇ ਪੱਠੇ ਲਿਉਣੈ। ਚੌਂਕਾ-ਚੁੱਲ੍ਹਾ ਲਿੱਪਣ ਲਈ

ਛੱਪੜ 'ਚ ਚੀਕਣੀ ਮਿੱਟੀ ਲਿਉਨੀ। ਤੇ 'ਸਾਹੇ' ਆਈ ਮੱਝ ਨੂੰ 'ਨਵੇਂ ਦੁੱਧ' ਕਰਾਉਨੈ। ਆਦਿ ਕੰਮ ਉਹਦੇ ਜੁੰਮੇ ਹੁੰਦੇ ਸੀ।

ਬਾਹਮਣੀ ਦਿਨੇ ਤਾਂ ਲੋਕ ਵਿਖਾਵੇ ਲਈ ਬਾਜੋ ਤੋਂ ਛੂਆ-ਛਾਤ ਮੰਨਦੀ ਹੁੰਦੀ ਸੀ। ਰੋਟੀ, ਚਾਹ ਵਗੈਰਾ ਉਹਦੇ ਭਾਂਡੇ 'ਚ ਦੂਰੋਂ ਕਰਕੇ ਪਾਉਂਦੀ ਹੁੰਦੀ ਸੀ। ਤੇ ਰਾਤ ਨੂੰ...?

'ਤੀਮੀਆਂ ਬੜੀਆਂ ਟੂਣੇਹਾਰੀਆਂ ਹੁੰਦੀਆਂ।" ਬਾਜੂ ਬੀੜੀ ਦੇ ਧੂੰਏ ਨਾਲ ਧੁਆਂਖੀਆਂ ਮੁੱਛਾਂ 'ਚ ਹੱਸਿਆ ਸੀ। "ਦਿਨੇ ਪਰਛਾਵੇਂ ਤੋਂ ਡਰਦੀਆਂ ਤੇ ਰਾਤ ਨੂੰ ਨਦੀਆਂ ਤਰਦੀਆਂ।"

"ਮਖਿਆ, ਦਿਲਾਵਰ ਸਿਆਂ, ਘਰੇ ਈ ਆ?" ਬਾਜੂ ਬੁੜ੍ਹੇ ਨੇ ਵਿਹੜੇ 'ਚ ਆ ਕੇ ਖੂੰਡੀ ਖੜਕਾਈ ਸੀ।

"ਆ ਜਾ, ਤਾਇਆ, ਲੰਘਿਐ।" ਸਿਲਵਰ ਦੀ ਪਰਾਤ 'ਚ ਪੈਰਾਂ ਭਾਰ ਬੈਠਾ ਆਟਾ ਗੁੰਨ੍ਹਦਾ ਦਾਰੋ ਚਾਅ ਜਿਹੇ ਨਾਲ ਬੋਲਿਆ ਸੀ, "ਮਖਿਆ ਤਾਇਆ, ਤੀਮੀ ਆਲੇ ਹੋ ਕੇ, ਕਿੰਨਾਂ ਮਾਣ ਵੱਧ ਗਿਆ। ਅੱਜ ਦਾਰੋ ਤੋਂ ਮੈਂ ਦਿਲਾਵਰ ਸਿਉਂ ਹੋ ਗਿਐ।"

"ਏਹ ਤਾਂ ਭਾਈ ਹੈ ਈ...।" ਬੁੜਾ ਬਾਜੂ ਬੋਲਿਆ ਸੀ, "ਬੰਦੇ ਦੀ 'ਕੁਲ਼' ਤੇ 'ਮਾਣ' ਤੀਮੀ ਦੇ ਸਾਥ ਨਾਲ ਈ ਵੱਧਦੇ ਹੁੰਦੇ ਆ।" ਖੂੰਡੀ ਪਾਵੇ ਨਾਲ ਲਾ ਕੇ, ਉਹ ਮੁੰਜ ਦੀ ਪੁਰਾਣੀ ਜਿਹੀ ਮੰਜੀ 'ਤੇ ਸੂਤ ਹੋ ਕੇ ਬਹਿ ਗਿਆ ਸੀ।

ਸਵਿੱਤਰੀ ਜਿਹੜੀ ਤਸਵੀਰਾਂ ਕੰਨੀਂ ਝਾਕੀ ਜਾਂਦੀ ਸੀ। ਬਾਜੂ ਦੀ ਆਮਦ ਨਾਲ ਥੋੜਾ ਜਿਹਾ ਠਠੰਬਰ ਗਈ ਸੀ। ਉਹ 'ਬਾ-ਬਾ' ਕਰਦੀ, ਆਟਾ ਗੁੰਨ੍ਹਦੇ ਦਾਰੋ ਦੇ ਗੋਡੇ ਨਾਲ ਜੁੜ ਕੇ ਬਹਿ ਗਈ ਸੀ।

"ਜਾਹ ਉੱਥੇ ਪਰ੍ਹਾਂ ਹੋ ਕੇ ਬਹਿਜਾ।" ਦਾਰੋ ਨੇ ਮੋਹ, ਪਿਆਰ ਤੇ ਅਪਣਤ ਭਰੇ ਸ਼ਬਦਾਂ 'ਚ ਕਿਹਾ ਸੀ, "ਤੇਰਾ ਬਾਬਾ।"

ਬਾਜੂ ਬੁੜ੍ਹੇ ਨੇ ਮੋਟੇ ਸ਼ੀਸ਼ੇ ਦੀ ਐਨਕ ਵਿਚੋਂ ਦੀ ਸਵਿੱਤਰੀ ਵੱਲ ਤਾੜਵੀਆਂ ਨਜ਼ਰਾਂ ਨਾਲ ਵੇਖਿਆ ਸੀ। ਤੀਮੀਆਂ ਦੀ ਗੱਲ ਸੱਚੀ ਸੀ। ਅਖੇ, 'ਹੈ ਤਾਂ ਭਾਈ ਬਾਹਲੀ ਜਵਾਨ। ਊਂ ਜਮਾਂ ਕਮਲੀ ਆ।"

"ਤਾਇਆ, ਥੋੜਾ ਡਮਾਕ ਮੋਟੈ।" ਦਾਰੋ ਬੋਲਿਆ ਸੀ, "ਊਂ ਸਾਰਾ ਕੁਸ਼ ਠੀਕ-ਠਾਕ ਆ। ਅਜੇ ਥੋੜਾ ਓਪਰਾ ਮੰਨਦੀ ਆ।" ਉਹਨੇ ਮੈਲਖੋਰੇ ਪੋਣੇ ਨਾਲ ਆਟਾ ਢਕ ਦਿੱਤਾ ਸੀ।

"ਭਲਾ ਕਿਹੜੇ ਮੁਲਕ ਦੀ ਆ?"

"ਮੁਲਕ ਮਲਕ ਦਾ ਤਾਂ ਮੈਨੂੰ ਪਤਾ ਨ੍ਹੀਂ। ਐਵੇਂ ਮੈਂ ਤੈਨੂੰ ਆਖਾ, ਮੈਂ ਤਾਂ ਲੱਧੇਹਾਣੇ ਤੋਂ ਲੈ ਕੇ ਆਇਐ।" ਦਾਰੋ ਆਟੇ ਵਾਲੇ ਪਾਣੀ ਨਾਲ ਹੱਥ ਧੋਂਦਾ ਹੈ, "ਆਪਣੇ ਧੱਤੂ ਦਾ ਪੌਰਖ ਨਾਲ ਗੇੜ ਬਨਿਐ।"

ਦਰਅਸਲ, ਇਹ ਮੋਟੀ ਅਕਲ ਆਲੀ ਸਵਿੱਤਰੀ ਲੁਧਿਆਣੇ ਸ਼ਹਿਰ 'ਚ ਪੱਕੇ ਤੌਰ ਤੇ ਝੁੱਗੀਆਂ ਝੌਂਪੜੀਆਂ 'ਚ ਰਹਿਣ ਵਾਲੇ, ਤੇ ਕੂੜੇ-ਕਰਕਟ 'ਚੋਂ ਲਫ਼ਾਫ਼ੇ ਕੱਚ, ਗੱਤਾ ਤੇ ਹੋਰ 'ਨਿੱਕ-ਸੁੱਕ' ਚੁੱਕ ਕੇ ਵੇਚਣ ਵਾਲੇ, ਕਬੀਲੇ ਦੀ ਕੁੜੀ ਸੀ। ਇਹਦਾ ਬਾਪ ਸਰਾਬੀ, ਕਬਾਬੀ ਤੇ ਜੁਵਾਰੀਆ ਸੀ।

ਸਵਿੱਤਰੀ ਆਪਣੇ ਛੇਆਂ ਭੈਣਾਂ-ਭਰਾਵਾਂ ਨਾਲੋਂ ਸਭ ਤੋਂ ਵੱਡੀ ਸੀ। ਸਵਿੱਤਰੀ ਲਈ ਘਰ ਦਾ ਕੋਈ ਕੰਮ-ਕਾਜ਼ ਕਰਨਾ ਤਾਂ ਗੱਲ ਬੜੀ ਦੂਰ ਸੀ। ਸਗੋਂ ਉਹਨੂੰ ਤਾਂ ਖੁਦ ਆਪਣੇ ਆਪ ਨੂੰ ਸਾਂਭਣ ਦੀ ਭੋਰਾ ਜਿੰਨੀ ਸੋਝੀ ਨਹੀਂ ਸੀ। ਮਹੀਨਾਵਾਰ 'ਤਰੀਕ' ਤੇ ਸਵਿੱਤਰੀ ਦੁਵਾਲੇ ਮੱਖੀਆਂ ਭਿਣਕਦੀਆਂ। ਬਦਬੂ ਮਾਰਦੀ। ਮਾਂ ਝਿੜਕਦੀ। ਕੁੱਟਦੀ। ਸਾਂਭਦੀ। ਰੋਂਦੀ।

"ਚੰਦਰੀਏ! ਮੈਂ ਤੇਰਾ ਜੰਮਦੀ ਦਾ ਗਲਾ ਕਿਓਂ ਨਾ ਘੁੱਟਿਐ।' ਧੀ ਦੀ ਹੋਣੀ 'ਤੇ ਮਾਂ ਬੁੱਕ-ਬੁੱਕ ਰੋਂਦੀ ਉਹਦੀ ਮਮਤਾ ਬੇਵਸੀ ਦੇ ਆਰੇ ਥੱਲੇ ਜਬ੍ਹਾ ਹੁੰਦੀ। ਮਾਂ ਕਿੰਨੀਂ ਬੇਵੱਸ ਤੇ ਮਜ਼ਬੂਰ ਸੀ।

ਧੂੜਕੋਟੀਏ ਧੱਤੂ ਰਾਹੀ ਸਵਿੱਤਰੀ ਦਾ 'ਸੌਦਾ' ਹੋ ਗਿਆ ਸੀ। ਬਾਪ ਨੇ ਧੀ ਦਾ ਮੁੱਲ ਵੱਟਿਆ ਸੀ। ਸ਼ਾਇਦ ਇਹਦੇ ਬਾਰੇ ਮਾਂ ਨੂੰ ਖ਼ਬਰ ਨਹੀਂ ਸੀ।

ਧੱਤੂ ਨੇ ਕੋਈ ਉਹਲਾ ਨਹੀਂ ਸੀ ਰੱਖਿਆ। ਇੰਨ-ਬਿਨ ਸਭ ਕੁੱਝ ਦੱਸ ਦਿੱਤਾ ਸੀ। ਦਾਰੋ ਨੂੰ ਇਨ੍ਹਾਂ ਗੱਲਾਂ ਨਾਲ ਕੋਈ ਮਤਲਬ ਨਹੀਂ ਸੀ। ਉਹਨੂੰ ਤਾਂ ਸਿਰਫ਼ ਤੀਮੀ ਚਾਹੀਦੀ ਸੀ। ਜਿਹੋ ਜਿਹੀ ਮਰਜ਼ੀ ਹੁੰਦੀ।



"ਤੇਰੇ 'ਚ ਤੰਤ ਹੋਣਾ ਚਾਹੀਦੈ। ਵੇਖੀ, ਮੁੰਡਾ ਦਹੀਂ ਦੇ ਫੁੱਟ ਵਰਗਾ ਜੰਮੂ।" ਧੱਤੂ ਨੇ ਦਾਰੋ ਨੂੰ ਥਾਪੀ ਦਿੱਤੀ ਸੀ।

ਦਾਰੋ ਉਦੋਂ ਤੋਂ ਹੀ ਵਿਹੜੇ 'ਚ ਭੱਜੇ ਫਿਰਦੇ ਮੁੰਡੇ ਦੇ ਸੁਫ਼ਨੇ ਵੇਖਣ ਲੱਗ ਪਿਆ ਸੀ।

"ਕਿੰਨੀਂ ਰਕਮ ਖਰਚ ਤੀ?" ਬਾਜੂ ਬੁੜ੍ਹੇ ਨੇ ਐਨਕ ਉੱਤੋ ਦੀ ਝਾਕਦਿਆਂ ਪੁੱਛਿਆ ਸੀ।

"ਏਹ ਤੂੰ 'ਸਾਬ ਲਾ-ਲਾ...। ਵਿਚੋਂ ਭਾੜਾ ਕਰਾਇਆ ਪਾ ਕੇ... ਏਹ ਮੈਨੂੰ... ਪੰਜ ਹਜ਼ਾਰ 'ਚ ਪੈ-ਗੀ।"

ਐਨੇ ਦੀ ਕੋਈ ਮਾੜੀ ਨ੍ਹੀਂ।" ਬਾਜੂ ਨੇ ਖੂੰਡੀ ਨੂੰ ਹੱਥ ਪਾਉਂਦਿਆਂ ਕਿਹਾ ਸੀ, "ਐਨੇ ਦੀ ਤਾਂ ਹੁਣ ਬੱਕਰੀ ਨ੍ਹੀਂ ਆਉਂਦੀ...।"

"ਤਾਇਆ! ਲੇਖੇ-ਜੋਖੇ ਦੀਆਂ ਗੱਲਾਂ!" ਦਾਰੋ ਨੇ ਲੰਮਾ ਸਾਹ ਭਰਿਆ ਸੀ, "ਇਹਦਾ ਮੇਰਾ ਸਰਬੰਦ ਆ ਕੋਈ... ਪਿਛਲੇ ਜਨਮ ਦਾ...।"

"ਏਹ ਭਾਈ ਸਭ 'ਅੰਨਜਲ' ਦੀ ਖੇਡ ਆ।" ਉਠਕੇ ਤੁਰਦਾ ਹੋਇਆ ਬਾਜੂ ਬੁੜ੍ਹਾ ਬੋਲਿਆ ਸੀ, "ਇਹਦੇ ਭਾਗੀ ਸਾਡੇ ਪਿੰਡ ਦਾ ਪਾਣੀ ਲਿਖਿਐ...। ਚੰਗੈ, ਮੈਂ ਚੱਲਦੈ!"

"ਬਹਿਜਾ, ਰੋਟੀ ਟੁੱਕ ਖਾ ਕੇ ਜਾਂਈ।"

"ਰੋਟੀ ਨ੍ਹੀਂ, ਕਿਤੇ ਹਾੜਾ ਲਾਮਾਂਗੇ।" ਉਹ ਮੁੱਛਾਂ 'ਚ ਹੱਸਿਆ ਸੀ।

"ਕੋਈ ਨ੍ਹੀਂ ਤਾਇਆ, ਮਾੜਾ ਜਿਹਾ ਕੰਮ ਸੂਤ ਹੋਜੇ, ਫਿਰ ਪਾਲਟੀ ਕਰਾਂਗੇ।"

ਬਾਜੂ ਬੁੜਾ ਖੂੰਡੀ ਖੜਕਾਉਂਦਾ ਛੱਪੜ ਕੋਲ ਦੀ ਲੰਘਦੈ, ਵੇਖਦੈ। ਤਾਰਿਆਂ ਦੀ ਨਿੰਮੀ ਨਿੰਮੀ ਲੋਅ 'ਚ ਚਮਕਦੇ ਛੱਪੜ ਦੇ ਪਾਣੀ ਦੀ ਤਹਿ 'ਤੇ ਮੁਰਗਾਬੀਆਂ ਦਾ ਜੋੜਾਂ ਕਲੋਲਾਂ ਕਰਦਾ ਅਠਖੇਲੀਆਂ ਲੈਂਦਾ ਫਿਰਦਾ ਹੈ। ਟਿੱਬੀ ਵਾਲੀ ਖੜਸੁੱਕ ਟਾਹਲੀ ਦੇ ਪਿਛਵਾੜੇ ਸੁਨਹਿਰੀ ਟੁੱਟੀ ਵੰਗ ਵਰਗਾ ਤੀਜ ਦਾ ਚੰਦ ਚਮਕਦਾ ਹੈ।

ਇੱਧਰ ਦਾਰੋ ਘਤਿੱਤੀ ਦਾ ਚੁੱਲ੍ਹਾ ਲਾਟੀ ਬਲਦਾ ਹੈ।

***************

ਦਾਰੋ ਦੀ ਸਵਿੱਤਰੀ ਨੂੰ ਸਾਰੇ ਵਿਹੜੇ ਵਾਲੇ ਦਾਰੋ ਦੀ ਕਮਲੀ' ਕਹਿੰਦੇ ਹੁੰਦੇ ਸੀ। ਦਾਰੋ ਦੀ ਕਮਲੀ ਉਹਦੀ ਪਛਾਣ ਬਣ ਗਈ ਸੀ। ਜਿਵੇਂ ਦਾਰੋ ਤੇ ਕਮਲੀ ਇਕ ਦੂਜੇ ਦੇ ਪੂਰਕ ਹੋਣ।

ਸਵਿੱਤਰੀ ਚੱਤੋਪਹਿਰ ਦਾਰੋ ਦੇ ਅੰਗ ਸੰਗ ਰਹਿੰਦੀ ਸੀ। ਜਿਵੇਂ ਗੁੱਤ ਨਾਲ ਪਰਾਂਦਾ। ਦਾਰੋ ਦੀ ਗੈਰ ਹਾਜ਼ਰੀ ਵਿਚ ਉਹ ਇਉਂ ਡਰੀ ਤੇ ਸਹਿਮੀ ਜਿਹੀ ਰਹਿੰਦੀ ਸੀ। ਜਿਵੇਂ ਮੇਲੇ 'ਚ ਆਪਣੀ ਮਾਂ ਨਾਲੋਂ ਵਿਛੜਿਆ ਬੱਚਾ...। ਦਾਰੋ ਦੀ ਹਾਜ਼ਰੀ ਵਿਚ ਉਹ ਆਪਣੇ-ਆਪ ਨੂੰ ਸੁਰੱਖਿਤ ਸਮਝਦੀ ਸੀ। ਦਾਰੋ ਉਹਦਾ ਖਿਆਲ ਵੀ ਬਹੁਤ ਰੱਖਦਾ ਹੁੰਦਾ ਸੀ। ਅੱਗਾ ਤੱਗਾ ਕਰਦਾ ਹੁੰਦਾ ਸੀ। ਵਾਹ ਲੱਗਦੀ ਉਹ ਉਹਨੂੰ ਇਕੱਲੀ ਨਹੀਂ ਸੀ ਛੱਡਦਾ ਹੁੰਦੈ। ਉਹ ਹੱਟੀ, ਭੱਟੀ, ਚੁੱਕੀ ਜਾਂ ਪੱਠੇ ਦੱਥੇ ਨੂੰ ਜਾਂਦਾ ਤਾਂ ਸਵਿੱਤਰੀ ਉਹਦੇ ਪਿੱਛੇ ਪਿੱਛੇ ਹੁੰਦੀ ਸੀ।

ਵਿਹੜੇ ਦੇ ਹੋਰ ਜੁਵਾਕਾਂ ਦੀ ਰੀਸੀ, ਸਵਿੱਤਰੀ ਦਾਰੋ ਨੂੰ 'ਜਾਏ' ਜਾਂ 'ਤਾਈਆ' ਕਹਿ ਕੇ ਬਲਾਉਂਦੀ ਹੁੰਦੀ ਸੀ। ਵੈਸੇ ਉਹ ਬਹੁਤ ਘੱਟ ਬੋਲਦੀ ਹੁੰਦੀ ਸੀ। ਜਿੰਨੇ ਕੁ ਸ਼ਬਦ ਉਹ ਬੋਲਦੀ ਸੀ। ਉਨ੍ਹਾਂ ਸ਼ਬਦਾਂ ਦਾ ਉਚਾਰਣ ਅਸਪਸ਼ਟ ਜਿਹਾ ਹੁੰਦਾ ਸੀ। ਚੰਗੀ ਤਰ੍ਹਾਂ ਸਮਝ ਨਹੀਂ ਸੀ ਲੱਗਦੀ ਹੁੰਦੀ। ਪਰ ਜਿਵੇਂ ਕਹਿੰਦੇ ਹੁੰਦੇ ਆ। ਅਖੇ, ਗੂੰਗੇ ਦੀਆਂ ਰਮਜ਼ਾਂ, ਗੂੰਗੇ ਦੀ ਮਾਂ ਜਾਣੇ...। ਦਾਰੋ ਘਤਿੱਤੀ ਉਹਦੀ ਹਰ ਗੱਲ ਸਮਝ ਲੈਂਦਾ ਹੁੰਦਾ ਸੀ।

ਸਵਿੱਤਰੀ ਘਰ ਦਾ ਕੋਈ ਕੰਮ ਧੰਦਾ ਨਹੀਂ ਸੀ ਕਰਦੀ ਹੁੰਦੀ। ਤੇ ਨਾ ਹੀ ਉਹਨੂੰ ਕਰਨਾ ਆਉਂਦਾ ਸੀ। ਸੋ ਦਾਰੋ ਆਪ ਹੀ ਰੋਟੀ ਟੁੱਕ ਕਰਦੈ। ਕੱਪੜੇ ਧੋਂਦੇ। ਪਾਣੀ ਭਰਦੈ। ਪੱਠਾ-ਦੱਥਾ ਲਿਆਉਂਦੈ। ਦਿਹਾੜੀ ਜਾਂਦੈ। ਇਹ ਸਭ ਕੰਮ ਕਰਦਿਆਂ ਦਾਰੋ ਨੇ ਕਦੇ ਔਖ ਨਹੀਂ ਸੀ ਮੰਨੀ। ਨਾ ਥਕੇਵਾਂ ਹੁੰਦਾ ਸੀ ਉਹਨੂੰ। ਸਗੋਂ ਉਹ ਇਕ ਨਵੇਂ ਉਤਸ਼ਾਹ ਨਾਲ ਭਰ ਜਾਂਦਾ ਸੀ। ਉਹਦੇ ਅੰਦਰ, ਪਹਿਲਾਂ ਦੇ ਮੁਕਾਬਲੇ ਜਿਉਣ ਦੀ ਵੱਧ ਲਲ੍ਹਕ ਪੈਂਦਾ

ਹੋ ਗਈ ਸੀ। ਸਵਿੱਤਰੀ ਦਾ ਸਾਥ ਉਹਦੇ ਲਈ ਕਿਸੇ ਸਵਰਗ ਤੋਂ ਘੱਟ ਨਹੀਂ ਸੀ। ਉਹਦੀ ਰਸਹੀਣ ਜ਼ਿੰਦਗੀ ਰਸਭਰਪੂਰ ਹੋ ਗਈ ਸੀ। ਉਹਦੀ ਜ਼ਿੰਦਗੀ ਦਾ ਬੇਸੁਰਾ ਸਾਜ਼ ਹੁਣ ਸੁਰਤਾਲ' ਵਿਚ ਟੁਣਕਦਾ ਸੀ।

ਔਰਤ ਦਾ 'ਸਾਥ' ਮਰਦ ਦੀਆਂ ਸਭ ਖਹਿਸ਼ਾਂ ਦਾ ਸਿਖਰ ਹੁੰਦਾ ਹੈ।

ਦਾਰੋ ਸੋਚਦੈ, ਜਿਹੋ ਜਿਹੀ ਮਰਜ਼ੀ ਆ। ਮੇਰੀ ਆਪਣੀ ਤਾਂ ਹੈ।'

ਸਰੀਰਕ ਵਿਕਾਸ ਪੱਖੋਂ ਸਵਿੱਤਰੀ ਹੁੰਦੜਹੇਲ ਤੇ ਭਰ-ਜੋਬਨ ਮੁਟਿਆਰ ਸੀ। ਪਰ ਦਿਮਾਗੀ ਵਿਕਾਸ ਪੱਖੋਂ ਉਹ ਅਜੇ ਬਾਲ ਅਵਸਥਾ ਵਿਚ ਹੀ ਵਿਚਰ ਰਹੀ ਸੀ। ਉਹ ਜੁਵਾਕਾਂ ਆਲੀਆਂ ਹਰਕਤਾਂ ਕਰਦੀ ਹੁੰਦੀ ਸੀ। ਜੁਵਾਕਾਂ ਨਾਲ ਖੇਡਦੀ ਹੁੰਦੀ ਸੀ। ਲੜਦੀ ਹੁੰਦੀ ਸੀ। ਰੁੱਸਦੀ ਹੁੰਦੀ ਸੀ। ਜੁਵਾਕ ਉਹਨੂੰ ਕਮਲੀ ਕਮਲੀ ਕਹਿ ਕੇ ਛੇੜਦੇ ਹੁੰਦੇ ਸੀ।

"ਤਾਏ... ਆਹ...ਈ ਹਾੜ੍ਹਦਾ...ਨ੍ਹੀਂ।" ਉਹ ਦਾਰੋ ਕੋਲ ਸ਼ਕਾਇਤ ਲਾਉਂਦੀ। ਉਹਦੀ ਕੱਛ ਵਿਚ ਵੜ ਜਾਂਦੀ ਹੁੰਦੀ ਸੀ।

"ਚੱਲੋ, ਥੋਡੀ ਭੈਣ ਨੂੰ...।" ਦਾਰੋ ਜੁਵਾਕਾਂ ਨੂੰ ਝਿੜਕਦਾ। ਗਾਲ੍ਹਾਂ ਕੱਢਦਾ। ਸਵਿੱਤਰੀ ਖੁਸ਼ ਹੁੰਦੀ। ਹੱਸਦੀ। ਟੱਪਦੀ। ਹੋ ਹੋ ਕਰਦੀ। ਉਹਦੀਆਂ ਭਾਰੀਆਂ ਛਾਤੀਆਂ ਛਲਕਦੀਆਂ। ਅੱਖਾਂ 'ਚ ਪਾਣੀ ਚਮਕਦਾ। ਮੂੰਹ 'ਚੋਂ ਲਾਰ ਟੱਪਕਦੀ।

ਤਿੰਨਾਂ-ਚੌਂਹ ਮਹੀਨਿਆਂ 'ਚ ਹੀ ਸਵਿੱਤਰੀ ਦੇ ਰੰਗ ਰੂਪ 'ਤੇ ਨਿਖਾਰ ਆ ਗਿਆ ਸੀ। ਉਹਦਾ ਭਰਵਾਂ ਜੁੱਸਾ। ਭਰਵੀਆਂ ਛਾਤੀਆਂ। ਭਰਵੀਆਂ ਗੱਲ੍ਹਾਂ। ਤੇ ਰਸੇ ਹੋਏ ਬੁੱਲ੍ਹ ਵੇਖਕੇ, ਦਾਰੋ ਘਤਿੱਤੀ ਦੇ ਅੰਦਰ ਊਰਜਾ ਦਾ ਸੋਮਾ ਫੁੱਟਦੈ, ਜੋਸ਼ ਅੰਗੜਾਈ ਲੈਂਦਾ। ਭਾਮੇਂ ਕਿ ਉਹ ਹੁਣ ਪੰਜਾਹ-ਪੰਚਵੰਜਾ ਦੇ ਏੜ ਗੇੜ ਦਾ ਹੋ ਗਿਆ ਸੀ। ਪਰ ਜ਼ਿੰਦਗੀ ਨੂੰ ਜਿਉਣ ਮਾਨਣ ਵਾਲਾ ਜੋਸ਼ ਉਤਸ਼ਾਹ ਤੇ ਕਰੰਟ ਉਹਦੇ 'ਚ ਚੜ੍ਹਦੀ ਉਮਰ ਵਾਲਾ ਈ ਸੀ।

ਸਵਿੱਤਰੀ ਕਮਲੀ ਨੂੰ ਰਿਸ਼ਤਿਆਂ ਦੀ 'ਪਛਾਣ' ਹੈ ਸੀ ਜਾਂ ਨਹੀਂ। ਇਹਦੇ ਬਾਰੇ ਤਾਂ ਕੁੱਝ ਨਹੀਂ ਕਿਹਾ ਜਾ ਸਕਦਾ। ਪਰ ਦਾਰੋ ਘਤਿੱਤੀ ਉਹਦਾ 'ਸਭ ਕੁੱਝ' ਸੀ। ਸਮਾਜ ਦੇ ਸਾਰੇ ਰਿਸ਼ਤਿਆ ਦਾ ਮੁਜੱਸਮਾ। ਸੁਮੇਲ। ਮਾਂ, ਬਾਪ ਤੇ ਖ਼ਸਮ। ਉਹਦਾ ਪਾਲਕ। ਉਹਦੀ ਸੁਰੱਖਿਆ ਛੱਤਰੀ। ਸਵਿੱਤਰੀ ਲਈ ਦਾਰੋ ਤੋਂ ਬਿਨਾਂ ਹੋਰ ਕਿਸੇ ਚੀਜ਼ ਦੀ ਕੋਈ ਅਹਿਮੀਅਤ ਨਹੀਂ ਸੀ। ਉਹ ਪੂਰੀ ਤਰ੍ਹਾਂ ਦਾਰੋ 'ਤੇ ਨਿਰਭਰ ਸੀ।

ਪਿੱਛਲੀ ਉਮਰ 'ਚ ਪਛੜਕੇ ਮਿਲੀ ਹੋਈ 'ਚੀਜ਼' ਨੂੰ ਦਾਰੋ 'ਕੱਚ ਦਾ ਸਮਾਨ' ਵਾਂਗੂੰ ਰੱਖਦਾ ਹੁੰਦਾ ਸੀ। ਜਾਹ ਖਾਂ ਭੋਰਾ ਜਿੰਨੀ ਵੀ ਆਂਚ ਆ ਜਾਵੇ। ਉਹ ਪੂਰੀ ਤਰ੍ਹਾਂ ਉਹਨੂੰ ਸਮਰਪਿਤ ਸੀ।

ਘਰ ਵਿਚ ਲੋੜਾਂ ਥੋੜਾਂ ਤੇ ਤੰਗੀਆਂ ਤੁਰਸੀਆਂ ਦੇ ਬਾਵਜੂਦ, ਦੋਵੇਂ ਜੀਅ, ਆਪਣੇ ਹੀ ਰੰਗ ਵਿਚ ਰੰਗੇ, ਜ਼ਿੰਦਗੀ ਦਾ ਅਨੰਦ ਮਾਣ ਰਹੇ ਸੀ। ਜਿਵੇਂ ਸਭ ਨਿਆਮਤਾਂ ਉਨ੍ਹਾਂ ਦੀ ਝੋਲੀ ਵਿਚ ਹੋਣ...।

*********

ਇਕ ਦਿਨ ਆਥਣੇ ਜਿਹੇ ਧੂੜਕੋਟੀਏ ਧੱਤੂ ਦਾ ਟਰੱਕ ਫਿਰਨੀ 'ਤੇ ਆ ਖਲੋਤਾ ਸੀ। ਫ਼ੌਜਣ ਦੇ ਘਰੇ 'ਨਿੱਕ ਸੁੱਕ' ਨਾਲ ਭਰੇ ਲਫ਼ਾਫ਼ੇ ਫੜਾ ਕੇ, ਉਹ ਬਾਕੀ ਘਰੀਂ ਮਿਲਣ-ਗਿਲਣ ਤੁਰ ਗਿਆ ਸੀ। ਚਿਰ ਪਿੱਛੋਂ ਜੁ ਆਇਆ ਸੀ। ਫ਼ੌਜਣ ਤੋਂ ਚਾਅ ਸਾਂਭਿਆ ਨਹੀਂ ਸੀ ਜਾਂਦਾ। ਉਹਦੀ ਅੱਡੀ ਭੁੰਜੇ ਨਹੀਂ ਸੀ ਲੱਗਦੀ। ਝੱਟ-ਪੱਟ ਸਾਰੇ ਕੰਮ ਨਬੇੜ ਕੇ ਉਹ ਖ਼ੁਰੇ 'ਚ ਵੜ ਗਈ ਸੀ। ਮਲ-ਮਲ ਨਹਾਤੀ ਸੀ। ਝਾਂਵੇ ਨਾਲ ਅੱਡੀਆ ਕੂਚ ਕੇ ਪੰਜੇਬਾਂ ਪਾਈਆ ਸੀ। ਹਲਕੀ ਅੰਗੂਰੀ ਕੁੜਤੀ ਤੇ ਕਾਲੀ ਸਲਵਾਰ ਉਹਦੇ ਡਾਹਢੀ ਫੱਬਦੀ ਸੀ। ਹਲਕਾ ਜਿਹਾ ਮੇਕੱਪ ਕਰਕੇ ਫ਼ੌਜਣ 'ਪਟੋਲਾ' ਬਣ ਗਈ ਸੀ।

ਫ਼ੌਜਣ ਦੀਆਂ ਪੰਜਾਬਾਂ ਦੀ ਛਣਕਾਰ ਤੇ ਗੈਸ ਚੁੱਲ੍ਹੇ 'ਤੇ ਧਰੇ ਕੂਕਰ ਦੀਆਂ ਸੀਟੀਆਂ, ਮੰਜੇ 'ਤੇ ਘੁੱਗੂ ਜਿਹਾ ਬਣੇ ਬੈਠੇ ਫ਼ੌਜੀ ਦੇ ਜ਼ਿਹਨ 'ਚ ਹਥੋੜੇ ਵਾਂਗੂੰ ਵੱਜਦੀਆਂ ਸੀ। ਉਹ ਕਿੰਨੇ ਈ ਚਿਰ ਤੋਂ ਬੈਠਾ ਕੋਚਰੀ ਵਾਂਗੂੰ ਫ਼ੌਜਣ ਕੰਨੀਂ ਝਾਕੀ ਜਾਂਦਾ ਸੀ। ਉਹ ਨਾ ਬੋਲ ਸਕਦਾ ਸੀ। ਨਾ ਤੁਰ ਸਕਦਾ ਸੀ। ਪਿੱਛੇ ਜਿਹੇ ਉਹਨੂੰ 'ਅਦਰੰਗ' ਹੋ ਗਿਆ ਸੀ। ਸੱਜਾ ਪਾਸਾ ਰਹਿ ਗਿਆ ਸੀ। ਜ਼ੁਬਾਨ ਵੀ ਬੰਦ ਹੋ ਗਈ ਸੀ। ਉਹ ਹੁਣ ਬੇਵੱਸ ਤੇ ਮਜ਼ਬੂਰ ਸੀ। ਫ਼ੌਜਣ ਦੇ ਰਹਿਮੋ-ਕਰਮ 'ਤੇ ਜੀਅ ਰਿਹਾ ਸੀ।



ਫ਼ੌਜਣ ਦੇ 'ਚੱਜ' ਵੇਖਕੇ ਸ਼ਾਇਦ ਫ਼ੌਜੀ ਸੋਚਦਾ ਹੋਵੇ। 'ਯਾਰ, ਤੀਮੀ ਕੀ ਚੀਜ਼ ਆ?' ਇਸ ਸਵਾਲ ਦਾ ਜਵਾਬ ਫ਼ੌਜੀ ਤਾਂ ਕੀ ਕੋਈ ਪੀਰ-ਪੈਗੰਬਰ ਵੀ ਨਹੀਂ ਦੇ ਸਕਿਆ।

ਧੱਤੂ ਡਰਾਇਵਰ ਕਿਸੇ ਦੇ ਘਰ ਬਹੁਤਾ ਚਿਰ ਨਹੀਂ ਸੀ ਰੁੱਕਿਆ। ਸਗੋਂ ਖੜਾ ਖੜੋਤਾ ਸਰਸਰੀ ਰਾਜ਼ੀ ਖੁਸ਼ੀ ਪੁੱਛਕੇ ਮੁੜ ਆਇਆ ਸੀ। ਆਪਣੀ ਮਾਸੀ ਕੋਲ ਜ਼ਰੂਰ ਉਹ ਦਸ ਪੰਦਰਾਂ ਮਿੰਟ ਰੁਕਿਆ ਸੀ। ਪਰ ਮਾਸੀ ਦੇ ਜ਼ੋਰ ਲਾਉਣ 'ਤੇ ਵੀ ਉਹਨੇ ਚਾਹ ਨਹੀਂ ਸੀ ਪੀਤੀ।

"ਮਾਸੀ, ਮੈਂ ਬੱਕਰੀ ਦੇ ਦੁੱਧ ਦੀ ਚਾਹ ਨਹੀਂ ਪੀਂਦਾ।" ਉਹਨੇ ਮੂੰਹ ਵੱਟਿਆ ਸੀ, "ਨਾਲੇ ਮੈਂ ਪੈੱਗ ਲਾਇਐ।"

ਤੁਰਨ ਲੱਗਾ ਮਾਸੀ ਦੇ ਹੱਥ 'ਤੇ ਸੌ ਦਾ ਨੋਟ ਰੱਖਕੇ, ਉਹ ਗੁੱਸੇ ਜਿਹੇ ਨਾਲ ਬੋਲਿਆ ਸੀ।

"ਮਾਸੀ, ਤੂੰ ਬੁੱਢੇ ਬਾਰੇ ਕਿਉਂ ਹੱਥ ਸਾੜਦੀ ਆ? ਤੈਥੋਂ ਔਧਰ ਨ੍ਹੀਂ ਦੋ ਮੰਨੀਆਂ ਖਾਈ ਦੀਆਂ, ਹੈਂ !? ਇਸ ਨੇਰ੍ਹ ਕੋਠੜੀ 'ਚ ਤੈਨੂੰ ਮਰੀ ਪਈ ਨੂੰ ਕਿਸੇ ਨਹੀਂ ਵੇਖਣਾ ! ਮੈਂ ਤੈਨੂੰ ਦੱਸਾਂ।"

"ਵੇ ਪੁੱਤਾ...! ਵੇ ਪੁੱਤਾ...!" ਮਾਸੀ ਇਸ ਤੋਂ ਵੱਧ ਕੁੱਝ ਨਹੀਂ ਸੀ ਬੋਲ ਸਕੀ। ਹੁਣ ਉਹਨੂੰ ਸੁਣਦਾ ਵੀ ਘੱਟ ਸੀ। ਤੇ ਦੀਹਦਾ ਵੀ ਘੱਟ ਸੀ।

ਧੱਤੂ ਨਿਉਂ ਕੇ ਕੋਠੜੀ ਦਾ ਬੂਹਾ ਲੰਘ ਗਿਆ ਸੀ। ਉਹਦੀ ਚੀਕਦੀ ਜੁੱਤੀ ਤੇ ਨਵਾਂ ਖੜਕਦਾ ਚਾਦਰਾ ਹਵਾ 'ਚ ਸੰਗੀਤ ਘੋਲਦੇ ਸੀ। ਮਾਸੀ 'ਵੇ ਪੁੱਤ-ਵੇ ਪੁੱਤਾ।' ਕਰਦੀ ਰਹੀ ਸੀ। ਪਰ ਉਹ ਤਾਂ ਹਵਾ ਦੇ ਬੁੱਲੇ ਵਾਂਗੂੰ ਕਦੋ ਦਾ ਗਲੀ ਦਾ ਮੋੜ ਮੁੜ ਗਿਆ ਸੀ।

ਧੱਤੂ ਦਾ ਲੰਮੇ ਰੂਟ ਦਾ ਗੇੜਾ ਸੀ। ਸੋ ਉਹ ਰਾਤ ਕੱਟ ਕੇ ਕੁੱਕੜ ਦੀ ਪਹਿਲੀ ਬਾਂਗ ਨਾਲ ਤੁਰ ਗਿਆ ਸੀ। ਫ਼ੌਜਣ ਦੇ ਕੰਨਾਂ 'ਚ ਕਿੰਨਾ ਈ ਚਿਰ ਧੱਤੂ ਦੇ ਟਰੱਕ ਦੀ ਅਵਾਜ਼ ਗੂੰਜਦੀ ਰਹੀ ਸੀ।

ਮਰਦ ਹੋਵੇ ਤਾਂ ਇਹੋ ਜਿਹਾ ਹੋਵੇ।" ਫ਼ੌਜਣ ਦੇ ਬੁੱਲ੍ਹ ਫਰਕੇ ਸੀ। ਉਹਦੀਆਂ ਨੀਂਦਰਾਈਆਂ ਅੱਖਾਂ 'ਚ ਲੋਹੜੇ ਦੀ ਖ਼ੁਮਾਰੀ ਸੀ। ਉਹਦੇ ਧੁਰ ਅੰਦਰ ਇਕ ਧੁੰਨੀ ਗੂੰਜਦੀ ਸੀ।

"ਮੈਂ ਆਖਣ ਜੋਗੀ ਹੋ ਗਈ ਆ,

ਮੇਰਾ ਆਪਣਾ ਵੀ ਕੋਈ ਸੀ ਮਿੱਤਰਾ।'

ਲੱਗਦੈ, ਧੱਤੂ ਸਾਰੇ ਲਾਣੇ ਦੀ ਖਚਾਈ ਕਰ ਗਿਆ ਸੀ। ਹੁਣ ਦਾਰੋ ਦੀ ਗ਼ੈਰਹਾਜ਼ਰੀ ਵਿਚ ਬੇਬੇ ਸਵਿੱਤਰੀ ਦਾ 'ਅੱਗਾ-ਤੱਗਾ ਕਰਦੀ ਸੀ। ਫ਼ੌਜਣ ਵੀ ਦਿਹਾੜੀ 'ਚ ਦੋ ਤਿੰਨ ਗੇੜੇ ਮਾਰਦੀ ਹੁੰਦੀ ਸੀ। ਸਵਿੱਤਰੀ ਨੂੰ ਨਵ੍ਹਾਉਂਦੀ ਸੀ। ਸਿਰ ਵਾਹੁੰਦੀ ਸੀ। 'ਨਾਹੁਣੀ' ਦੇ ਦਿਨਾਂ 'ਚ ਉਹਦੀ ਸਾਂਭ ਸੰਭਾਲ ਕਰਦੀ ਹੁੰਦੀ ਸੀ। ਸਵਿੱਤਰੀ ਨੂੰ ਤਾਂ ਇਨ੍ਹਾਂ ਗੱਲਾਂ ਦੀ ਭੋਰਾ ਜਿੰਨੀ ਵੀ ਸੋਝੀ ਨਹੀਂ ਸੀ। ਇਹ ਸਭ ਕੁੱਝ ਪਹਿਲਾਂ ਦਾਰੋ ਖੁਦ ਕਰਦਾ ਹੁੰਦਾ ਸੀ। ਉਹ ਕੰਧ 'ਤੇ ਕੋਲੇ ਨਾਲ ਲੀਕਾਂ ਮਾਰਕੇ 'ਮੀਨ੍ਹਾਂ' ਆਉਣ ਦਾ ਹਿਸਾਬ ਕਿਤਾਬ ਜਿਹਾ ਰੱਖਦਾ ਹੁੰਦਾ ਸੀ। ਇਹ ਕੰਮ ਕਰਦਿਆਂ ਉਹਨੇ ਕਦੇ 'ਸੂਗ' ਨਹੀਂ ਸੀ ਮੰਨੀ। ਉਹਦੇ ਭਾਣੇ ਇਹ ਸਭ ਕੁੱਝ ਔਰਤ ਦੇ ਪਵਿੱਤਰ ਹੋਣ ਦਾ ਪ੍ਰਤੀਕ ਸੀ।

ਫ਼ੌਜਣ ਨੂੰ ਸਵਿੱਤਰੀ ਦੀ ਟਹਿਲ ਸੇਵਾ ਕਰਦੀ ਵੇਖਕੇ, ਗੇਜੂ ਆਲੀ ਤੇ ਤੇਜੋ ਦੇ ਵੀ ਮਨ ਮਹਿਰ ਪੈ ਗਈ ਸੀ। ਉਹ ਵੀ ਹੁਣ ਸਵਿੱਤਰੀ ਨੂੰ ਬਾਹਰ-ਅੰਦਰ ਲੈ ਜਾਂਦੀ ਆਂ। ਹੁੰਦੀਆਂ ਸੀ। ਕਦੇ-ਕਦਾਈ ਤੇਜੋ ਉਹਨੂੰ 'ਡੇਰੇ' ਵੀ ਲੈ ਜਾਂਦੀ ਹੁੰਦੀ ਸੀ। ਇਸ ਤੋਂ ਪਹਿਲਾਂ ਉਹ ਸਵਿੱਤਰੀ ਨੂੰ ਘ੍ਰਿਣਾ ਨਫ਼ਰਤ ਕਰਦੀਆਂ ਹੁੰਦੀਆਂ ਸੀ।

ਸਵਿੱਤਰੀ ਵੀ ਹੁਣ ਇਨ੍ਹਾਂ 'ਚ ਮਾੜਾ ਮੋਟਾ ਧਿੱਜ ਗਈ ਸੀ। ਪਹਿਲਾਂ ਤਾਂ ਉਹ ਦਾਰੋ ਤੋਂ ਬਿਨਾਂ ਕਿਸੇ 'ਚ ਭੋਰਾ ਜਿੰਨਾ ਵੀ ਨਹੀਂ ਸੀ ਭਿੱਜਦੀ। ਸਗੋਂ ਦੂਜੇ ਜਣੇ ਨੂੰ ਵੇਖਕੇ 'ਕੰਡੇਰਨੇ' ਵਾਂਗੂੰ ਗੁੱਛਾ-ਮੁੱਛਾ ਜਿਹਾ ਹੋ ਜਾਂਦੀ ਹੁੰਦੀ ਸੀ। ਜਿਵੇਂ ਡਰਦੀ ਹੋਵੇ।

ਤੇ ਫਿਰ ਇਕ ਦਿਨ ਫ਼ੌਜਣ ਨੇ ਦੰਦਾਂ ਥੱਲੇ ਜੀਭ ਨੱਪਕੇ, ਭੇਤ ਭਰੇ ਅੰਦਾਜ਼ 'ਚ ਗੇਜੂ ਆਲੀ ਨੂੰ ਦੱਸਿਆ ਸੀ।

"ਅਨੀ, ਕਮਲੀ ਨੂੰ ਦੂਜਾ ਮੀਨ੍ਹੈ...।"

"ਨੀ ਸੱਚੀ!"

"ਹਾਂ!"

"ਨੀ ਹਾਅ... ਭਰਾਵਾਂ ਦੀਓ... ਭਾਈਏ ਨੇ ਮਾਰ ਲਿਆ ਮੋਰਚੈ!"

ਤੇ ਫਿਰ ਉਹ ਕਿੰਨਾਂ ਈ ਚਿਰ ਗੱਲਾਂ ਕਰਦੀਆਂ ਰਹੀਆਂ। ਤੇ ਹਿੜਹਿੜ ਕਰਕੇ ਹੱਸਦੀਆਂ ਰਹੀਆਂ।

"ਨੀ ਐਤਕੀ ਤਾਂ ਲੋਹੜੀ ਨੂੰ, ਭਾਈਏ ਦੇ ਵਿਹੜੇ ਵੱਜੂ ਢੋਲਕੀ...।"

********

ਇੱਧਰ ਦਾਰੋ ਘਤਿੱਤੀ ਦੀ ਬੇਬੇ ਤੇ ਬੁੜ੍ਹਾ ਬਾਜੂ ਅੱਗੜ-ਪਿੱਛੜ ਦੋਵੇਂ 'ਚੜ੍ਹਾਈ' ਕਰ ਗਏ ਸੀ। ਤੇ ਉੱਧਰ ਜੁਲਫੀ ਨੇ ਅਤਮ ਹੱਤਿਆ ਕਰ ਲਈ ਸੀ। ਉਹ ਆਪਣੀ ਜ਼ਹਾਲਤ ਭਰੀ ਜ਼ਿੰਦਗੀ ਤੋਂ ਤੰਗ ਆ ਗਿਆ ਸੀ। ਹਰ ਤਰ੍ਹਾਂ ਦੇ ਨਸ਼ਿਆ ਨੇ ਉਹਨੂੰ ਅੰਦਰੋਂ ਖੋਖਲਾ ਕਰਕੇ ਰੱਖ ਦਿੱਤਾ ਸੀ। ਉਹ ਟੀ. ਬੀ. ਦਾ ਮਰੀਜ਼ ਸੀ। ਉਹ ਹੁਣ ਨੱਚਣ-ਗਾਉਣ ਦੇ ਕਾਬਿਲ ਨਹੀਂ ਸੀ ਰਹਿ ਗਿਆ। ਉਹਦੀ ਜਵਾਨੀ ਤੇ ਖੂਬਸੂਰਤੀ ਨਸ਼ਿਆ ਨੇ ਨਿੱਗਲ ਲਈ ਸੀ। ਉਹ ਹੱਡੀਆਂ ਦੀ ਮੁੱਠ ਹੋ ਗਿਆ ਸੀ। ਇਸ ਅਵਸਥਾ 'ਚ ਉਹਦੇ ਨਾ ਖੁਸਰੇ ਝਾਲੂ ਸੀ। ਤੇ ਨਾ ਹੀ ਘਰਦੇ...। ਹਰ ਪਾਸਿਓ ਨਿਰਾਸ਼ ਹੋ ਕੇ, ਉਹਨੇ 'ਫਾਹਾ' ਲੈ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ ਸੀ।

ਇਨ੍ਹਾਂ ਤਿੰਨਾਂ ਦੇ 'ਦਾਹ ਸੰਸਕਾਰ' ਅਤੇ ਆਖਰੀ 'ਕਿਰਿਆ ਕਰਮ' ਦੀ ਰਸਮ ਦਾ ਸਾਰਾ ਖਰਚ ਡੇਰੇ ਵੱਲੋਂ ਕੀਤਾ ਗਿਆ ਸੀ। ਇਨ੍ਹਾਂ ਨਮਿਤ ਰੱਖੇ 'ਸਹਿਜ ਪਾਠ' ਦਾ ਭੋਗ ਵੀ ਡੇਰੇ ਵਿਚ ਹੀ ਪਾਇਆ ਗਿਆ ਸੀ। ਸਧਾਰਣ ਦਾਲ ਫੁਲਕੇ ਦਾ ਲੰਗਰ ਅਤੁੱਟ ਵਰਤਾਇਆ ਗਿਆ ਸੀ।

ਇਨ੍ਹਾਂ ਤਿੰਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ, ਡੇਰੇ ਦੇ 'ਬੁਲਾਰੇ' ਨੇ ਕੁੱਝ ਇਸ ਤਰ੍ਹਾਂ ਕਿਹਾ ਸੀ।

'... ਭਾਈ, ਦਲਿਤ ਸਮਾਜ ਦੀ ਇਹ ਤ੍ਰਾਸਦੀ ਹੈ। ਕਿ ਹੱਡ-ਭੰਨਵੀਂ ਮਿਹਨਤ ਕਰਨ ਦੇ ਬਾਵਜੂਦ ਉਹਨੂੰ ਦੋ ਵੇਲੇ ਰੱਜਵੀਂ ਰੋਟੀ ਨਸੀਬ ਨਹੀਂ ਹੁੰਦੀ। ਜਿਹੜਾ ਸਮਾਜ ਰੋਟੀ ਵੱਲੋਂ ਹੀ ਅਤੁਰ ਹੈ। ਫਿਰ ਭਾਈ ਉਹ 'ਜੰਮਣ ਮਰਨ' ਦੇ ਕਾਰਜਾਂ ਨੂੰ, ਸਮਾਜਿਕ 'ਰਹੁ ਰੀਤਾਂ' ਮੁਤਾਬਕ ਕਿਵੇਂ ਨਿਭਾ ਸਕਦੈ? ਭਾਈ, ਮੇਰਾ ਕਹਿਣ ਤੋਂ ਭਾਵ ਹੈ, ਕਿ ਗਰੀਬ ਘਰ 'ਜਨੇਪਾ' ਵੀ ਮਹਿੰਗਾ ਪੈਂਦਾ ਹੈ। ਤੇ 'ਮਰਨ' ਵੀ ਮਹਿੰਗਾ ਪੈਂਦਾ ਹੈ। ਭਾਈ, ਦਲਿਤ ਸਮਾਜ ਦਾ ਇਕ ਦੁਖਦਾਈ ਪਹਿਲੂ ਇਹ ਹੈ ਕਿ ਉਹ ਆਰਥਿਕ ਪੱਖੋਂ ਕਮਜ਼ੋਰ ਤੇ ਬੋਧਿਕ ਪੱਖੋਂ ਬਹੁਤਾ ਸੁਚੇਤ ਨਾ ਹੋਣ ਕਰਕੇ, ਹਰ ਖੇਤਰ 'ਚ ਹਾਸ਼ੀਏ 'ਤੇ ਧੱਕਿਆ ਜਾ ਰਿਹਾ ਹੈ। ਮੁਲਕ ਆਜ਼ਾਦ ਹੋਏ ਨੂੰ ਭਾਮੇਂ ਲੰਮਾ ਅਰਸਾ ਬੀਤ ਗਿਆ ਹੈ। ਪਰ ਭਾਈ ਦਲਿਤ ਸਮਾਜ ਅੱਜ ਵੀ ਸਮਾਜਿਕ ਧਾਰਮਿਕ, ਆਰਥਿਕ ਤੇ ਰਾਜਨੀਤਕ 'ਗੁਲਾਮੀ' ਭੋਗ ਰਿਹਾ ਹੈ। ਇਸ ਗੁਲਾਮੀ ਤੋਂ ਛੁਟਕਾਰੇ ਦਾ ਇਕੋ ਇਕ 'ਮੂਲ ਮੰਤਰ' ਹੈ ਭਾਈ ਪੜ੍ਹੋ ਜੁੜੋ ਤੇ ਸੰਘਰਸ਼ ਕਰੋ। ਹੀਣ ਭਾਵਨਾ ਨੂੰ ਤਿਆਗੋ! ਸਵੈ ਵਿਸ਼ਵਾਸ਼ ਨਾਲ ਜੀਣਾ ਸਿੱਖੋਂ। ਗਡੋਏ ਵਰਗਾ ਜੀਵਨ ਕੋਈ ਜੀਵਨ ਨਹੀਂ ਹੁੰਦੈ। ਕਮਾ ਲਿਆ, ਖਾ ਲਿਆ ਸੌਂ ਗਏ ਤੇ ਮਰ ਗਏ! ਇਹ ਕੋਈ ਜੀਵਨ ਨਹੀਂ ਭਾਈ...।"

ਡੇਰੇ ਦੀ ਅਜਿਹੀ ਇਨਕਲਾਬੀ ਵਿਚਾਰਧਾਰਾ ਜਿੱਥੇ ਦਲਿਤ ਸਮਾਜ 'ਚ ਨਵੀਂ ਰੂਹ ਫੂਕ ਰਹੀ ਸੀ। ਉੱਥੇ ਦਲਿਤ ਸਮਾਜ ਨੂੰ ਜਾਗ੍ਰਿਤ ਤੇ ਸੁਚੇਤ ਵੀ ਕਰ ਰਹੀ ਸੀ। ਇਹੋ ਵਜ੍ਹਾ ਸੀ ਕਿ 'ਡੇਰਾ' ਸਵਰਨ ਜਾਤੀ ਦੇ ਕੱਟੜ ਪੰਥੀ ਲੋਕਾਂ ਨੂੰ ਫੁੱਟੀ ਅੱਖ ਨਹੀਂ ਸੀ ਭਾਉਂਦਾ। ਉਹ ਡੇਰੇ ਵਿਰੁੱਧ 'ਭੰਡੀ ਪ੍ਰਚਾਰ' ਕਰਦੇ ਨਹੀਂ ਸੀ ਥੱਕਦੇ।

ਇਸ ਦੇ ਬਾਵਜੂਦ, ਦਲਿਤ ਸਮਾਜ ਦਿਨ ਬ ਦਿਨ ਡੇਰੇ ਨਾਲ ਜੁੜਦਾ ਜਾ ਰਿਹਾ ਸੀ। ਡੇਰਾ ਦਲਿਤ ਸਮਾਜ ਦੀ 'ਮੁਕਤੀ' ਲਈ ਮਿਸ਼ਨਰੀ ਭਾਵ ਨਾਲ ਸਾਰਥਿਕ ਕਾਰਜ਼ ਕਰ ਰਿਹਾ ਸੀ।

ਡੇਰੇ ਨੇ ਨਸ਼ੇ, ਦਾਜ-ਦਹੇਜ਼ ਭਰੂਣ ਹੱਤਿਆ, ਜਾਤੀ ਵਿਤਕਰੇ , ਪ੍ਰਦੂਸ਼ਣ ਤੇ ਹੋਰ ਸਮਾਜਿਕ ਬੁਰਾਈਆਂ ਦੇ ਵਿਰੁੱਧ ਮਹਿਮ ਵਿੱਢੀ ਹੋਈ ਸੀ। ਡੇਰੇ ਨੂੰ ਲੋਕਾਂ ਦਾ ਭਰਪੂਰ ਸਮਰਥਨ ਮਿਲ ਰਿਹਾ ਸੀ। ਤੇਜੋ ਦੀ ਪ੍ਰੇਰਣਾ ਸਦਕਾ ਸਿਰਫ ਦਾਰੋ ਘਤਿੱਤੀ ਦਾ 'ਲਾਣਾ' ਹੀ ਨਹੀਂ। ਸਗੋਂ ਸਾਰਾ ਵਿਹੜਾ ਡੇਰੇ ਦਾ ਸ਼ਰਧਾਲੂ ਹੋ ਗਿਆ ਸੀ। ਭਿੰਦਾ, ਗੇਜੂ, ਤੇ ਵਿਹੜੇ ਦੇ ਹੋਰ ਕਈ ਲੋਕ ਨਸ਼ਿਆ ਤੋਂ ਜਮਾਂ ਰਹਿਤ ਹੋ ਗਏ ਸੀ।



ਡੇਰੇ 'ਚ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਵੇਖਕੇ, ਸੌੜੀ ਸੋਚ ਵਾਲਿਆਂ ਦੇ ਢਿੱਡ ਪੀੜ ਹੁੰਦੀ ਸੀ।

"ਆਹ ਡੇਰੇ ਆਲਿਆਂ ਨੇ ਤਾਂ ਚੂੜ੍ਹੇ-ਚਮਾਰ' ਜਮਾਂ ਸਿਰ ਚੜ੍ਹਾ 'ਤੇ।" ਖੋਦੀ ਜਿਹੀ ਦਾੜ੍ਹੀ ਆਲਾ ਗਿਆਨੀ ਪਾਖਰ ਸਿਉਂ ਜਦੋਂ ਬੋਲਦੈ, ਕਸੂਤਾ ਈ ਬੋਲਦੈ, "ਅਖੇ, ਬੇਗ਼ਮਪੁਰ ਵਸਾਉਣੈ...। ਚੱਕਿਓ ਬੇਗ਼ਮਪੁਰੇ ਦੇ...।"

"ਗਿਆਨੀ ਗੁਸਾ ਨਾ ਕਰੀ।" ਅੱਗੋ ਪੰਡਿਤ ਚੁਰੰਜੀ ਲਾਲ ਜਵਾਬ ਦਿੰਦੈ, "ਇਹ ਸਭ ਤੁਹਾਡੇ ਸਾਡੇ ਵੱਲੋਂ ਦਲਿਤ ਸਮਾਜ ਨਾਲ ਕੀਤੇ ਜਾਂਦੇ ਜਾਤੀ ਵਿਤਕਰੇ ਦਾ ਈ ਪ੍ਰਤੀਕਰਮ ਹੈ। ਗੁਰੂ ਸਹਿਬਾਨ ਨੇ ਤਾਂ ਇਕੋ ਬਾਟੇ 'ਚ ਅੰਮ੍ਰਿਤ ਛਕਾ ਕੇ 'ਜਾਤ-ਪਾਤ' ਖਤਮ ਕੀਤਾ ਸੀ। ਪਰ ਸਾਡੇ ਅੰਦਰੋਂ ਇਹ ਜਾਤ-ਪਾਤ ਦਾ ਕੋੜ੍ਹ ਅਜੇ ਖਤਮ ਨਹੀਂ ਹੋਇਐ। ਥੋਨੂੰ ਮੇਰੇ ਨਾਲੋਂ ਬਾਹਲਾ ਪਤੈ, ਕਿ ਗੁਰੂ ਗ੍ਰੰਥ ਸਾਹਿਬ 'ਚ ਅਕੀਦਾ ਰੱਖਣ ਵਾਲੇ ਦੀ ਕੋਈ ਜ਼ਾਤ ਨਹੀਂ ਹੁੰਦੀ। ਫਿਰ ਇਹ ਕਹਿਣ ਦੀ ਕੋਈ ਤੁੱਕ ਨਹੀਂ ਬਣਦੀ, ਕਿ ਇਹ ਰਾਮਦਾਸੀਆ ਸਿੱਖ ਆ। ਇਹ ਰਾਮਗੜ੍ਹੀਆ ਸਿੱਖ ਆ। ਇਹ ਮਜ਼੍ਹਬੀ ਸਿੱਖ ਆ। ਨਾਲੇ ਥੋਨੂੰ ਪਤੈ, ਸਿੱਖ ਧਰਮ ਲਈ ਜਿੰਨੀਆਂ ਕੁਰਬਾਨੀਆਂ 'ਇਨ੍ਹਾਂ ਲੋਕਾਂ' ਨੇ ਕੀਤੀਆਂ। ਕਿਸੇ ਹੋਰ ਨੇ ਕੀਤੀਆਂ...??" ਪੰਡਿਤ ਚੁਰੰਜ਼ੀ ਲਾਲ ਦਾ ਭਾਸ਼ਣ ਵਾਹਵਾ ਲੰਮਾ ਹੋ ਗਿਆ ਸੀ।

ਬਾਹਮਣਾ ਤੂੰ ਤਾਂ ਆਪਣੀ ਈ ਫਲਾਸਫੀ ਘੋਟਣ ਲਪਿਐ।" ਦਲੀਲ ਨਾਲ ਗੱਲ ਕਰਨ ਦੀ ਬਜਾਏ ਗਿਆਨੀ ਅੱਗੋਂ ਕਰੁੱਕਾ ਬੋਲਿਆ, "ਤੂੰ ਵੀ ਤਾਂ ਗੰਗੂ ਦੀ 'ਲਾਦ ਆ। ਤੈਥੋਂ ਚੰਗੇ ਦੀ ਆਸ਼ ਕਿੱਥੇ...।"

ਪੰਡਿਤ ਚੁਰੰਜੀ ਲਾਲ ਫਿਰ ਚੁੱਪ ਹੋ ਗਿਆ ਸੀ। ਗਿਆਨੀ ਪਾਖਰ ਸਿਉਂ ਸਿਰੇ ਦਾ ਧਾਰਮਿਕ ਕੱਟੜਪੰਥੀ ਸੀ। ਉਹ 'ਗੁਰਬਾਣੀ' ਦਾ ਗਿਆਤਾ ਜ਼ਰੂਰ ਸੀ। ਪਰ 'ਅਮਲ' ਵੱਲੋਂ ਜਮਾਂ ਕੋਰਾ ਸੀ। ਗਿਆਨੀ ਪਾਖਰ ਸਿਉਂ ਦੀ ਇਕ ਹੋਰ ਸੁਣ ਲਓ। ਇਹ ਪਿੰਡ ਦੇ ਕਿਸੇ ਵੀ ਸਾਂਝੇ ਧਾਰਮਿਕ ਪ੍ਰੋਗਰਾਮ 'ਚ ਮੋਹਰੀ ਹੁੰਦੈ। (ਹਾਲਾਂ ਕਿ ਲੋਕ ਇਹਨੂੰ ਢਿੱਡੋਂ ਨਹੀਂ ਚਾਹਦੇ) ਸਟੇਜ਼ ਸੈਕਟਰੀ ਵੀ ਇਹੋ ਹੁੰਦੈ। ਇਹ 'ਲੰਗਰ' ਲਈ 'ਸੱਦਾ' ਦਿੰਦਾ ਕਹਿੰਦਾ ਹੁੰਦਾ ਸੀ। ਅਖੇ, ... ਸਮੂਹ ਨਗਰ ਵਾਸੀਆਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ, ਕਿ ਗੁਰਦੁਵਾਰੇ ਸਾਹਿਬ ਵਿਚ ਗੁਰੂ ਕਾ ਲੰਗਰ ਅਤੁਟ ਵਰਤਾਇਆ ਜਾ ਰਿਹਾ ਹੈ। ਸਭ ਮਾਈ ਭਾਈ ਆ ਕੇ ਲੰਗਰ ਛਕਣ ਦੀ ਕ੍ਰਿਪਾਲਤਾ ਕਰਨ ਜੀ...। ਨਾਲੇ 'ਹਰੀਜਨਾਂ' ਨੂੰ ਬੇਨਤੀ ਹੈ। ਉਹ ਵੀ ਆ ਕੇ ਲੰਗਰ ਛਕਣ...।"

ਇਸੇ ਗੱਲੋਂ ਇਕ ਦਿਨ ਦਾਰੋ ਘਤਿੱਤੀ ਨੇ ਇਹਨੂੰ ਘੇਰ ਲਿਆ ਸੀ।

"ਗਿਆਨੀ ਜੀ, ਥੋਡੇ 'ਨਾ ਮਾੜੀ ਜਿਹੀ ਇਕ ਗੱਲ ਕਰਨੀ ਸੀ।"

"ਦੱਸ।" ਗਿਆਨੀ ਟੀਰ੍ਹਾ ਝਾਕਿਆ ਸੀ।

"ਜਦੋਂ ਤੁਸੀਂ ਲੰਗਰ ਛਕਣ ਲਈ ਸਮੂਹ ਨਗਰ ਵਾਸੀਆਂ ਨੂੰ ਬੇਨਤੀ ਕਰ ਦਿੰਨੇ ਆ। ਫਿਰ ਵੱਖਰੇ ਤੌਰ ਤੇ 'ਹਰੀਜਨਾਂ' ਨੂੰ ਕਹਿਣ ਦੀ ਕੀ ਲੋੜ ਹੁੰਦੀ ਆ। ਉਹ ਵੀ ਤਾਂ ਉਸੇ ਨਗਰ ਦੇ ਵਾਸੀ ਆ। ਕਿ ਨਹੀਂ...?"

"ਐਂ ਫਿਰ ਕੀ ਹੋਜੂ...?"

"ਹੁੰਦਾ ਤਾਂ ਕੁਸ਼ ਨ੍ਹੀਂ...।" ਦਾਰੋ ਧੀਰਜ ਨਾਲ ਬੋਲਿਆ ਸੀ, "ਨਗਰ 'ਚ ਤਾਂ ਛੀਂਬੇ, ਝੀਰ, ਨਾਈ ਤੇ 'ਤਖਾਣ ਵੀ ਵੱਸਦੇ ਆ। ਉਨ੍ਹਾਂ ਨੂੰ ਵੀ ਫਿਰ ਐਂ ਈ ਕਹਿ ਦਿਆ ਕਰੋ। ਜਿਵੇਂ ਹਰੀਜਨਾਂ ਨੂੰ ਕਹਿਨੇ ਆ। ਕਿ ਨਹੀਂ...।"

ਗਿਆਨੀ ਪਾਖਰ ਸਿਉਂ ਨੂੰ ਦਾਰੋ ਘਤਿੱਤੀ ਦੀ ਗੱਲ ਦਾ ਤੜਿੰਗ ਤਾਂ ਵਾਹਵਾ ਲੱਗਾ ਸੀ। ਪਰ ਉਹ ਬੋਲਿਆ ਕੁੱਝ ਨਹੀਂ ਸੀ। ਜਿਵੇਂ ਸੱਪ ਸੁੰਘ ਗਿਆ ਹੁੰਦੈ। ਮੂੰਹ 'ਚ ਘੁੰਗਣੀਆਂ ਪਾਈ ਉਹ, ਖੋਦੀ ਜਿਹੀ ਦਾੜ੍ਹੀ 'ਚ ਖੁਰਕਦੈ, ਪਰ੍ਹਾਂ ਨੂੰ ਤੁਰ ਗਿਆ ਸੀ।

ਇਦੂੰ ਮੁੜਕੇ ਉਹਨੇ ਕਦੇ ਐਂ (ਹਰੀਜਨਾ ਨੂੰ ਵੀ...) ਨਹੀਂ ਸੀ ਕਿਹਾ। ਸ਼ਾਇਦ ਦਾਰੋ ਘਤਿਤੀ ਦਾ ਇਤਰਾਜ਼ ਉਹਨੂੰ ਠੀਕ ਲੱਗਾ ਸੀ। ਜਾਂ ਆਪਣੀ ਗਲਤੀ ਦਾ ਤੇ ਹਰੀਜਨਾਂ ਦੇ ਜਾਗ੍ਰਿਤ ਹੋਣ ਦਾ ਉਹਨੂੰ ਅਹਿਸਾਸ ਹੋ ਗਿਆ ਸੀ।

ਗਿਆਨੀ ਪਾਖਰ ਸਿਉਂ ਹੁਣ ਦਾਰੋ ਘਤਿੱਤੀ ਨੂੰ ਵੇਖ ਕੇ ਰਾਹ ਵਲ਼ ਜਾਂਦੈ।

************

ਦਾਰੋ ਘਤਿੱਤੀ ਦੇ ਵਿਹੜੇ ’ਚ ਜਾਂ ਉਦਣ ਰੌਣਕ ਲੱਗੀ ਸੀ। ਜਿੱਦਣ ਉਹ ਸਵਿੱਤਰੀ ਨੂੰ ਲੈ ਕੇ ਆਇਆ ਸੀ। ਜਾਂ ਫਿਰ ਅੱਜ ਲੱਗੀ ਸੀ। ਉਹਦੇ ਮੁੰਡਾ ਹੋਏ ਤੋਂ ...। ਸਾਰਾ ਵਿਹੜਾ ਵਹੀਰਾਂ ਘੱਤੀ ਦਾਰੋ ਨੂੰ ਵਧਾਈਆਂ ਦੇਣ ਤੁਰ ਪਿਆ ਸੀ।

ਲੰਮੀ ਔੜ ਤੋਂ ਬਾਅਦ ਰਾਤ ਮੀਂਹ ਵੀ ਛਰਾਂਟੀ ਲਹਿ ਪਿਆ ਸੀ। ਅਜੇ ਵੀ ਅਸਮਾਨ ’ਤੇ ਸੰਘਣੇ ਬੱਦਲ ਛਾਏ ਹੋਏ ਨੇ। ਮਾੜੀ-ਮੋਟੀ ਕਿਣਮਿਣ ਜਿਹੀ ਹੋਈ ਜਾਂਦੀ ਹੈ।

“ਵੇ ਭਾਈ ਦਾਰੋ, ਤੇਰਾ ਮੁੰਡਾ ਤਾਂ ਬਲਾਈ ਭਾਗਾਂ ਆਲਾ।” ਬੁੜ੍ਹੀ ਹਰੋ ਖੂੰਡੀ ’ਤੇ ਭਾਰ ਪਾ ਕੇ ਬੋਲੀ ਸੀ, “ਮੀਂਹ ਵੀ ਨਾਲ ਈ ਲੈ ਕੇ ਆਇਐ, ਜੁੱਗ ਜੁੱਗ ਜੀਵੇ। ਜਵਾਨੀਆਂ ਮਾਣੇ। ਲੰਮੀ ਉਮਰ ਵਾਲਾ ਹੋਵੇ।” ਬੁੜ੍ਹੀ ਹਰੋ ਨੇ ਅਸੀਸ਼ਾਂ ਦੀ ਝੜੀ ਲਾ ਦਿੱਤੀ ਸੀ।

“ਏਹ ਚਾਚੀ, ਸਭ ਨੀਲੀ ਛੱਤ ਆਲੇ ਦੀਆਂ ਮਿਹਰਾਂ! ਉਹਦੀ ਲੀਲ੍ਹਾ।” ਦਾਰੋ ਦੀ ਬੀੜ੍ਹੀ ਮਿਸ਼ਾਲ ਵਾਂਗੂੰ ਜਗਦੀ ਹੈ। ਉਹਦੇ ਝੁਰੜਾਏ ਚਿਹਰੇ ’ਤੇ ਲਾਲੀ ਭਾਅ ਮਾਰਦੀ ਹੈ। ਉਹਦੀਆਂ ਡੂੰਘੀਆਂ ਅੱਖਾਂ ’ਚ ਖੁਸ਼ੀ ਦੀ ਬਿਜਲੀ ਚਮਕਦੀ ਹੈ।

ਫ਼ੌਜਣ ਵਧਾਈਆਂ ਕਬੂਲਦੀ, ਛੱਤੜਾ ਨੁਮਾ ਰਸੋਈ ’ਚ ਬੈਠੀ, ਆਏ-ਗਏ ਦੀ ਤਲੀ ’ਤੇ ਗੁੜ ਦੀ ਡਲੀ ਧਰੀ ਜਾਂਦੀ ਸੀ। ਨਾਲੇ ਨਿੱਕਾ ਨਿੱਕਾ ਹੱਸੀ ਜਾਂਦੀ ਸੀ। ਤੇ ਕਿਸੇ ਵਹੁਟੀ ਨੂੰ, ਜਿਹਦੇ ਅਜੇ ਜੁਵਾਕ ਨਹੀਂ ਹੋਇਆ ਹੁੰਦੈ। ਅੱਖ ਨੱਪ ਕੇ ਛੇੜਦੀ ਹੈ।

“ਨੀ, ਤੂੰ ਕਦੋਂ ਗੁੜ ਵੰਡਣੈ?”

ਅੱਗੋਂ ਵਹੁਟੀ ਚੱਪਾ ਕੁ ਘੁੰਡ ’ਚ ਹੱਸਦੀ ਹੈ। ਤ੍ਰਿਛੀ ਨਜ਼ਰ ਦਾਰੋ ਘਤਿੱਤੀ ਵਲ ਝਾਕਦੀ ਹੈ। ਪਰ ਚੁੱਪ ਰਹਿੰਦੀ ਹੈ।

“ਨੀ, ਉਹਨੂੰ ਆਪਣੇ ਆਲੇ ਨੂੰ ਆਖੀ,” ਫ਼ੌਜਣ ਦੱਬਵੀ ਸੁਰ ’ਚ ਬੋਲਦੀ ਹੈ, “ਭਾਈਏ ਤੋਂ ਕੋਈ ‘ਗੁਣ’ ਸਿੱਖ ਲਏ...! ਕਿੰਨਾਂ ਚਿਰ ਹੋਇਐ ਵਿਆਹ ਨੂੰ...? ਤੂੰ ਓਡੀ ਘੋਡੀ ਆ।”

“ਚਾਚੀ! ਇਹਦੇ ’ਚ ਮੇਰਾ ਕੀ ਕਸੂਰ ...?” ਵਹੁਟੀ ਦੇ ਚਿਹਰੇ ’ਤੇ ਉਦਾਸੀ ਦੀ ਪਰਤ ਉੱਭਰ ਆਉਂਦੀ ਹੈ। ਵਿਆਹ ਤੋਂ ਸੱਤ ਸਾਲ ਬਾਅਦ ਵੀ ਉਹਦੀ ਕੁੱਖ ਨੂੰ ‘ਭਾਗ’ ਨਹੀਂ ਸੀ ਲੱਗੇ।

ਬੁੜ੍ਹੀ ਹਰੋ ਨੂੰ ਖਵਨੀ ਫ਼ੌਜਣ ਦੀ ਗੱਲ ਸੁਣ ਗਈ ਸੀ। ਜਾਂ ਉਹਨੇ ਵਹੁਟੀ ਦੇ ਉਦਾਸ ਚਿਹਰੇ ਨੂੰ ਤਾੜ ਲਿਆ ਸੀ। ਉਹ ਖੂੰਡੀ ਦੀ ਮੁੱਠ ’ਤੇ ਦੋਵੇਂ ਹੱਥ ਧਰੀ, ਥੋੜਾ ਜਿਹਾ ਅਗਾਂਹ ਨੂੰ ਝੁਕ ਕੇ ਜ਼ਿੰਦਗੀ ਦੇ ਤਜ਼ਰਬੇ ਦੀ ਰੋਸ਼ਨੀ ’ਚੋਂ ਗੰਭੀਰ ਸੁਰ ’ਚ ਬੋਲੀ ਸੀ।

“ਭਾਈ ਜ਼ਮੀਨ ਤੇ ਜ਼ਨਾਨੀ ਕਦੇ ‘ਬਾਂਝ’ ਨਹੀਂ ਹੁੰਦੀ ਆ। ਇਹ ਤਾਂ ‘ਖ਼ਸਮ’ ’ਤੇ ਨਿਰਭਰ ਕਰਦੈ। ਕਿ ਉਹਦੇ ’ਚ ‘ਵਾਹੁਣ-ਬੀਜਣ’ ਦੀ ਕਿੰਨੀ ਕੁ ਤਵੱਕੋ ਹੈ।”

ਬੁੜ੍ਹੀ ਹਰੋ ਦੀ ‘ਪਤੇ ਦੀ ਗੱਲ’ ਤੀਮੀਆਂ ਦੇ ਬੋਲ ਬੁਲਾਰੇ ਤੇ ਜੁਵਾਕਾਂ ਦੇ ਚੀਕ ਚਿਹਾੜੇ ਵਿਚ ਗੁਵਾਚ ਗਈ ਸੀ।

ਸੱਚੀ ਅੱਜ ਦਾਰੋ ਘਤਿੱਤੀ ਦੇ ਘਰ ਵਿਆਹ ਵਰਗੀ ਰੌਣਕ ਹੈ। ਕੋਈ ਆਈ ਜਾਂਦੈ। ਕੋਈ ਜਾਈ ਜਾਂਦੈ। ਫ਼ੌਜਣ ਹਰ ਇਕ ਦੀ ਤਲੀ ’ਤੇ ਗੁੜ ਰੱਖਣਾ ਨਹੀਂ ਸੀ ਭੁੱਲਦੀ। ਗੁੜ ਵੰਡਦੀ ਫ਼ੌਜਣ ਗੁੜ ਵਰਗਾ ਮਿੱਠਾ ਬੋਲਦੀ ਹੈ।

“ਭਾਈਆ, ਤੂੰ ਜਠੇਰੀ ਮੱਥਾ ਟੇਕ ਆਉਂਦੈ। ਨਾਲੇ ਦੀਵਾ ਡੰਗ ਆਉਂਦੈ। ‘ਵੱਡੇ ਵਡੇਰੇ’ ਕਾਕੇ ’ਤੇ ਮਿਹਰ ਭਰਿਆ ਹੱਥ ਰੱਖਣ...। ਸੁੱਖ ਵਰਤਾਉਣ...।”

“ਚੰਗਾ, ਮੈਂ ਜਾਨੈ।”

“ਨਹੀਂ, ਪਹਿਲਾਂ ‘ਡੇਰੇ’ ਜਾਣੈ।” ਤੇਜੋ ਝੱਟ ਅੰਦਰੋਂ ਬਾਹਰ ਆਈ ਸੀ।

ਇਸ ਤੋਂ ਪਹਿਲਾਂ ਕਿ ਫ਼ੌਜਣ ਜਾਂ ਦਾਰੋ ਕੁੱਝ ਬੋਲਦੈ, ਬੁੜੀ ਹਰੋ ਬੋਲੀ ਸੀ, “ਤੁਸੀਂ ਭਾਈ ਪਹਿਲਾਂ, ਬੂਹੇ ’ਤੇ ਨਿੰਮ ਤਾਂ ਲਿਆ ਕੇ ਬੰਨ੍ਹੋ...। ਇਹ ਤਾਂ ਭਾਈ ਸ਼ਗਨ ਹੁੰਦੈ...। ਸੌ ਇੱਲ ਬਲਾ...।”



“ਚੱਲ ਫਿਰ ਪਹਿਲਾਂ ਮੈਂ, ਨਿੰਮ ਲਿਉਨੈ।” ਦਾਰੋ ਬੀੜੀ ਨੂੰ ਮੂੰਹ ਭਾਰ ਗੱਡਕੇ ਉਠ ਖੜੋਤਾ ਸੀ।

ਅੰਦਰੋਂ ਗੁੱਠ ’ਚ ਖੜੀ ਢਾਂਗੀ ਲੈਣ ਗਏ ਦਾਰੋ ਨੇ ਮੋਹ, ਪਿਆਰ ਤੇ ਅਪਣਤ ਜਿਹੀ ਨਾਲ ਸਵਿੱਤਰੀ ਵੱਲ ਵੇਖਿਆ ਸੀ।

ਸਵਿੱਤਰੀ ਸਿੱਧੀ-ਸਤੀਰ ਅਹਿੱਲ ਪਈ ਸੀ।

ਜਮਾਂ ਖ਼ਾਮੋਸ਼! ਉਹਦੇ ਮਾਸੂਮ ਤੇ ਭੋਲੇ ਭਾਲੇ ਚਿਹਰੇ ’ਤੇ ਔਰਤ ਦੀ ਜ਼ਿੰਦਗੀ ਦੇ ਅਹਿਦ ਪੜਾ ਮਾਂ ਹੋਣ ਦੇ ਅਹਿਸਾਸ ਦਾ ਜਲੌਅ ਪ੍ਰਤੱਖ ਦਿਸਦਾ ਸੀ। ਉਹਦੀਆਂ ਨਿਰਛਲ ਅੱਖਾਂ ’ਚੋਂ ਮਮਤਾ ਦਾ ਝਰਨਾ ਕਲ ਕਲ ਵਹਿ ਰਿਹਾ ਸੀ। ਬੀਤੀ ਰਾਤ ‘ਜੰਮਣ ਪੀੜਾਂ’ ਦੀ ਝੱਲੀ ਪੀੜ ਦਾ ਅਨੁਭਵ, ਆਪਣੇ ਦਰਦੀ ਨਾਲ ਸਾਂਝਾ ਕਰਨ ਹਿੱਤ, ਉਹਦੇ ਬੁੱਲ੍ਹਾਂ ਦਾ ਹਉਂਕਾ ਹੋ ਗਿਆ ਸੀ।

“ਤਾਏ ... ਮੈਂ ...ਈ...।” ਸ਼ਾਇਦ ਉਹ ਆਪਣੇ ਦਰਦ ਦਾ ਅਹਿਸਾਸ ਦਾਰੋ ਨਾਲ ਸਾਂਝਾ ਕਰਨਾ ਚਾਹੁੰਦੀ ਸੀ। ਉਹ ਉਠਣ ਲਈ ਅਹੁਲੀ।

ਫ਼ੌਜਣ ਤੇ ਤੇਜੋ ਉਹਦੀ ਛਾਤੀ ’ਤੇ ਹੱਥ ਰੱਖ ਕੇ ਇਕੱਠੀਆਂ ਬੋਲੀਆਂ।

“ਨੀ ਤੂੰ ਪਈ ਰਹਿ ਨੀ! ਪਈ ਰਹਿ...।”

ਦਾਰੋ ਘਤਿੱਤੀ ਸਵਿੱਤਰੀ ਦੀ ‘ਰਮਜ਼’ ਸਮਝ ਗਿਆ ਸੀ। ਉਹ ਲਾਡ ਜਿਹੇ ਨਾਲ ਬੋਲਿਆ ਸੀ।

“ਕੋਈ ਨ੍ਹੀ... ਆਪਾਂ ਕੁੱਟਾਂਗੇ।” ਉਹ ਕਰੇੜੇ ਦੰਦਾਂ ’ਚ ਥੋੜਾ ਜਿਹਾ ਹੱਸਿਆ ਸੀ।

ਸਵਿੱਤਰੀ ਦੇ ਚਿਹਰੇ ’ਤੇ ਮਾਸੂਮ ਜਿਹੀ ਮੁਸਕਾਨ ਦੀ ਲਹਿਰ ਦੌੜ ਗਈ ਸੀ। ਉਹਨੇ ਹਸਰਤ ਭਰੀਆਂ ਨਜ਼ਰਾਂ ਨਾਲ ਦਾਰੋ ਵੱਲ ਤੱਕਿਆ ਸੀ।

ਦਾਰੋ ਨੇ ਨਿਉਂ ਕੇ ਸਵਿੱਤਰੀ ਦੇ ਮੱਥੇ ’ਤੇ ਹੱਥ ਰੱਖਿਆ ਸੀ।

“ਫ਼ੌਜਣੇ, ਤਾਪ ਤਾਂ ਨ੍ਹੀਂ...? ਮੱਥਾ ਤੱਤੈ।”

“ਨਹੀਂ ਭਾਈਆ, ਊਈ ਭਖ਼ ਜਿਹੀ ਆ। ਊਂ ਜਮਾਂ ਠੀਕ ਆ।”

“ਭਾਈ, ਧਿਆਨ ਰੱਖਿਓ।” ਕਹਿ ਕੇ ਦਾਰੋ ਨਵਜੰਮੇ ਮੁੰਡੇ ’ਤੇ ਝੁਕ ਗਿਆ ਸੀ।

“ਉਏ, ਤੂੰ ਉਏ ਬਲੂੰਗੜੇ...। ਉਏ ਕੁੱਕੜਾ...। ਉਏ ਤੇਰੀ ਮਾਂ ਨੂੰ...।” ਮੁੰਡੇ ਦੀ ਨੱਕ ਦੀ ਕਰੂੰਬਲੀ ਨੂੰ ਛੋਹ ਕੇ ਦਾਰੋ ਲਾਡ ਜਿਹਾ ਲਡਾਉਣ ਲੱਪ ਪਿਆ। ਸੀ। ਉਹ ਆਪਣੀ ਸਿਰਜੀ ਕਲਾ ਕਿਰਤੀ ’ਤੇ ਕਿੰਨਾ ਖੁਸ਼ ਸੀ।

“ਭਾਈਆ, ਐਂ ਜਮਾਂ ਤੇਰੇ ’ਤੇ ਮੜੰਗੈ।” ਫ਼ੌਜਣ ਅੱਖ ਨੱਪ ਕੇ, ਦੰਦਾਸੇ ਬੁੱਲ੍ਹਾਂ ’ਚ ਹੱਸੀ ਸੀ।

‘ਮੜੰਗਾ, ਮੇਰੇ ’ਤੇ ਈ ਹੋਣੈ... ਹੋਰ ਕਿਤੇ ਮਾਰ...।”

ਉਹ ਸਾਫੇ ਦਾ ਲੜ ਮੂੰਹ ’ਚ ਲੈ ਕੇ ਮਸਾ ਹਾਸਾ ਰੋਕਦਾ ਹੋਇਆ, ਢਾਂਗੀ ਚੁੱਕ ਕੇ ਬਾਹਰ ਨੂੰ ਤੁਰ ਗਿਆ ਸੀ।

“ਪੂਰਾ ਘਤਿੱਤੀ ਆ।” ਫ਼ੌਜਣ ਨੇ ਹੇਠਲਾ ਬੁੱਲ੍ਹ ਟੁੱਕਿਆ ਸੀ।

ਜੋਰ ਦਾ ਮੀਂਹ ਪੈਣ ਤੋਂ ਬਾਅਦ ਬੱਦਲ ਛਟ ਗਏ ਸੀ। ਅਸਮਾਨ ਸਾਫ਼ ਹੋ ਗਿਆ ਸੀ। ਜਮਾਂ ਨਿੰਬਲ। ਚੜ੍ਹਦੇ ਦੀ ਬੁੱਕਲ ’ਚੋਂ ਸੂਰਜ ਨੇ ਅੱਖ ਪੱਟੀ ਸੀ। ਚੁਫੇਰੇ ਲਾਲੀ ਪਸਰ ਗਈ ਸੀ। ਜਿਵੇਂ ਕੁਦਰਤ ਰਾਣੀ ਨੇ ਅੱਗ ਰੰਗੀ ਚੁੰਨੀ ਆਉੜ ਲਈ ਹੋਵੇ। ਝੂੰਮਦੀਆਂ ਫ਼ਸਲਾਂ ਤੇ ਲਹਿਰਾਉਂਦੇ ਰੁੱਖਾਂ ਦੇ ਰੰਗ-ਰੂਪ ’ਤੇ ਨਿਖਾਰ ਆ ਗਿਆ ਸੀ। ਪੰਛੀ ਚੀਕਦੇ, ਕਲੋਲਾਂ ਕਰਦੇ, ਉਡਾਰੀਆਂ ਭਰਦੇ ਕੁਦਰਤ ਦੀ ਸੁੰਦਰਤਾ ਨੂੰ ਚਾਰ ਚੰਨ ਲਾ ਰਹੇ ਸੀ।

ਦੂਰੋਂ, ਦੂਰੋਂ ਘਤਿੱਤੀ ਨੂੰ, ਹੱਥ ’ਚ ਨਿੰਮ ਦੀਆਂ ਹਰੀਆਂ ਕਚੂਰ ਟਾਹਣੀਆਂ ਫੜੀ, ਤੇ ਮੋਢੇ ’ਤੇ ਢਾਂਗੀ ਧਰੀ ਤੁਰਿਆ ਆਉਂਦਾ ਵੇਖਕੇ, ਇਉਂ ਲੱਗਦਾ ਸੀ ਜਿਵੇਂ ਉਹ ਢਾਂਗੀ ’ਤੇ ਸੂਰਜ ਟੰਗੀ ਫਿਰਦਾ ਹੋਵੇ।

ਪਤਾ : ਬਾੜੀਆਂ ਕਲਾਂ, ਜ਼ਿਲ੍ਹਾ ਹੁਸ਼ਿਆਰਪੁਰ, ਮੋਬਾ. 98788-05238

## ਕਹਾਣੀ / ਚਿਖ਼ਾ ਰਚਣ / ਕਮਲ ਦੀਪ ਸਿੰਘ (ਜੰਮੂ)

ਪਿੰਡ ਬਾਜਪੁਰ ਦੇ ਸ਼ਮਸ਼ਾਨ ਘਾਟ ਵਿਖੇ ਬੰਦਿਆਂ ਦਾ ਪੁੱਜਣਾ ਅਜੇ ਵੀ ਜਾਰੀ ਸੀ। ਕੁਲ 12-13 ਬੰਦੇ ਪੁਜੇ ਸਨ ਤੇ ਪਿੰਡ ਦੇ ਸਰਪੰਚ ਦਾ ਆਉਣਾ ਬਾਕੀ ਸੀ।

"ਰਹਿਣ ਦਿਓ ਜੀ, ਸਰਪੰਚ ਨੇ ਕਿਹੜਾ ਕੋਈ ਫ਼ੈਸਲਾ ਕਰ ਦੇਣਾ ਹੈ, ਜੋ ਉਸਨੂੰ ਉਡੀਕਦੇ ਹੋ।" ਢਿੱਲੀ ਜਿਹੀ ਦਸਤਾਰ ਬੰਨ੍ਹੀ ਸਰਜੂ ਨੇ ਗੁਰਦੁਆਰੇ ਦੇ ਪ੍ਰਧਾਨ ਨੂੰ ਸੁਣਾਉਂਦਿਆਂ ਕਿਹਾ।

ਇਹ ਠੀਕ ਕਹਿੰਦਾ ਐ। ਸਰਪੰਚ ਨੇ ਪਹਿਲਾਂ ਕੋਈ ਫੈਸਲਾ ਕੀਤਾ ਹੈ, ਜੋ ਇਸ ਵਾਰ ਕਰੇਗਾ।" ਬਾਊ ਨੇ ਵੀ ਸਰਜੂ ਦੀ ਗੱਲ ਦੀ ਹਮਾਇਤ ਕੀਤੀ।

"ਉਹ ਤਾਂ ਹਰ ਬਾਰ ਗੱਲ ਕਰਨ ਤੋਂ ਪਹਿਲਾਂ ਆਪਣੀਆਂ ਵੋਟਾਂ ਦੀ ਸੋਚਦਾ ਹੈ। ਨਾਲੇ ਇਹ ਦੋਵੇਂ ਪਾਰਟੀਆਂ ਸਰਪੰਚ ਦੀਆਂ ਵੋਟਾਂ ਨੇ, ਉਨੇ ਕਿਸੇ ਇਕ ਦੇ ਹੱਕ ਵਿਚ ਗੱਲ ਕਰਕੇ ਆਪਣੀਆਂ ਵੋਟਾਂ ਥੋੜ੍ਹੇ ਹੀ ਤੜਾਉਣੀਆਂ ਨੇ।" ਜੋਗਿੰਦਰ ਨੇ ਵੀ ਗੱਲ ਨਾਲ ਗੱਲ ਜੋੜੀ।

"ਪਰ ਅਸੀਂ ਟਾਇਮ ਵੀ ਤਾਂ ਪੰਜ ਵਜੇ ਦਾ ਦਿੱਤਾ ਹੈ। ਹਾਲੀਂ ਪੰਜ ਵਜਣ ਵਿਚ ਵੀ ਤਾਂ ਦੋ ਤਿੰਨ ਮਿੰਨਟ ਨੇ। ਉਡੀਕ ਲੋ ਪੰਜ ਸੱਤ ਮਿੰਟ ਹੋਰ।" ਪ੍ਰਧਾਨ ਨੇ ਸਾਰਿਆਂ ਨੂੰ ਚੁਪ ਕਰਾਂਦਿਆਂ ਤੇ ਆਪਣੇ ਹੱਥ ਨਾਲ ਬੰਨ੍ਹੀ ਘੜੀ ਨੂੰ ਦੇਖਦਿਆਂ ਕਿਹਾ।

ਲੋਕਾਂ ਦੀਆਂ ਗੱਲਾਂ ਤੋਂ ਬੇਧਿਆਨੇ ਬਿੰਦਰੂ ਤੇ ਸੱਖਣ ਇਕ ਦੂਜੇ ਦੇ ਸਾਹਮਣੇ ਬੈਠੇ ਸਨ ਤੇ ਚਿੰਤਾ ਉਨ੍ਹਾਂ ਦੇ ਚਿਹਰੇ 'ਤੇ ਸਾਫ਼ ਨਜ਼ਰ ਆਉਂਦੀ ਸੀ। ਇਹ ਚਿੰਤਾ ਸ਼ਾਇਦ ਫ਼ੈਸਲੇ ਨੂੰ ਲੈ ਕੇ ਸੀ ਕਿ ਫ਼ੈਸਲਾ ਕਿਸ ਦੇ ਹੱਕ ਵਿਚ ਹੋਵੇਗਾ। ਦੋਹਾਂ ਲਈ ਇਹ ਫ਼ੈਸਲਾ ਉਨ੍ਹਾਂ ਦੀ ਇੱਜਤ ਤੇ ਸਮਾਜਿਕ ਰੁਤਬੇ ਦਾ ਸਵਾਲ ਬਣਿਆ ਹੋਇਆ ਸੀ। ਬਿੰਦਰੂ ਸਲੇਟੀ ਰੰਗ ਦਾ ਕੁਰਤਾ ਪਜਾਮਾ ਪਾਈ ਤੇ ਸਿਰ ਤੇ ਘਸਮੈਲੀ ਜਿਹੀ ਹਰੇ ਰੰਗ ਦੀ ਦਸਤਾਰ ਬੰਨ੍ਹੀ ਬੈਠਾ, ਆਪਣੇ ਛੋਟੇ ਤੇ ਗੋਲ ਚਿਹਰੇ ਤੇ ਉੱਗੀਆਂ ਛੋਟੀਆਂ ਛੋਟੀਆਂ ਸਫੇਦ ਮੁੱਛਾਂ ਨੂੰ ਵੱਟ ਦੇ ਰਿਹਾ ਸੀ ਤੇ ਨਜਰਾਂ ਉਸਦੀਆਂ ਜ਼ਮੀਨ ਤੇ ਉੱਗੇ ਛੋਟੇ ਛੋਟੇ ਘਾਹ ਵਲ ਸਨ ਤੇ ਉਹ ਸੋਚ ਰਿਹਾ ਸੀ ਜੇ ਫ਼ੈਸਲਾ ਉਸਦੇ ਹੱਕ ਵਿਚ ਨਾ ਹੋਇਆ ਤਾਂ ਉਸਦਾ ਕੱਦ ਵੀ ਸਮਾਜ ਵਿਚ ਘਾਹ ਵਰਗਾ ਛੋਟਾ ਹੋ ਜਾਵੇਗਾ। ਉਸਦੇ ਸਾਹਮਣੇ ਬੈਠਾ ਮੱਖਣ ਅੰਦਰੋਂ ਕੁਝ ਡਰਿਆ ਹੋਇਆ ਪਰ ਬਾਹਰੋਂ ਦਿਖਾਵੇ ਲਈ ਸਾਰਿਆਂ ਵੱਲ ਹੱਸ ਹੱਸ ਕੇ ਦੇਖਦਾ ਤੇ ਕਦੇ ਕਦੇ ਕਿਸੇ ਦੀ ਗੱਲ ਤੋਂ ਬਾਅਦ 'ਸ਼ਾਬਾਸ਼ੇ' ਕਹਿ ਦੇਂਦਾ।

"ਔਹ ਸਰਪੰਚ ਸਾਬ੍ਹ ਦੀ ਜਿਪਸੀ ਵੀ ਆ ਗਈ।" ਸ਼ਮਸ਼ਾਨ ਘਾਟ ਦੇ ਚੌਂਕੀਦਾਰ ਨੇ ਬਾਹਰ ਸੜਕ ਵੱਲ ਇਸ਼ਾਰਾ ਕਰਕੇ ਪ੍ਰਧਾਨ ਅਤੇ ਹੋਰਾਂ ਨੂੰ ਦਸਿਆ ਤੇ ਆਪ ਸਰਪੰਚ ਨੂੰ ਲਿਆਉਣ ਲਈ ਉਸਦੀ ਜਿਪਸੀ ਕੋਲ ਪੁਜ ਗਿਆ।

"ਇਨੂੰ ਮਿਲਦੀਆ ਨਾ ਬੋਤਲ ਹਰ ਮਹੀਨੇ ਤਾਂ ਹੀ ਲਾਲ੍ਹਾਂ ਕੇਰਦਾ ਕੇਰਦਾ ਲੈਣ ਗਿਆ ਸਰਪੰਚ ਨੂੰ ਵੱਡਾ ਗ੍ਰਾਮ ਸੇਵਕ। " ਜੋਗਿੰਦਰ ਨੇ ਹੌਲੀ ਜਿਹਾ ਪ੍ਰਧਾਨ ਦੇ ਕੋਲ ਹੋ ਕੇ ਕਿਹਾ।

"ਸਰਪੰਚਾ ਅੱਜ ਤੂੰ ਟਾਇਮ ਤੇ ਹੀ ਆ ਗਿਆ। ਅਸਾਂ ਸੋਚਿਆ ਬਈ ਖ਼ਬਰੇ ਭੁੱਲ ਹੀ ਨਾ ਗਿਆ ਹੋਵੇ।" ਪ੍ਰੀਤੂ ਬੁੱਢੇ ਨੇ ਆਪਣੀ ਗੋਲ ਐਨਕ ਤੋਂ ਝਾਕਦਿਆਂ ਕਿਹਾ।

"ਤਾਇਆ ਜਦ ਤੁਸਾਂ ਸਾਰਿਆਂ ਨੇ ਹੁਕਮ ਕੀਤਾ ਹੋਵੇ ਤਾਂ ਮੈਂ ਟਾਇਮ ਤੇ ਨਾ ਆਵਾਂ ਇਹ ਹੋਇਆ ਹੈ ਪਹਿਲਾਂ, ਜੇ ਹੁਣ ਹੁੰਦਾ।" ਸਰਪੰਚ ਨੇ ਥੱਲੇ ਬਿਛਾਈ ਦਰੀ ਤੇ ਬੈਠੇ ਪ੍ਰਧਾਨ ਕੋਲ ਬੈਠਦਿਆਂ ਕਿਹਾ।

"ਹੁਕਮ ਕਰੋ ਕੀ ਮਸਲਾ ਹੈ?"

"ਮਸਲਾ ਪੁੱਛੋ ਤਾਂ ਕੁਝ ਵੀ ਨਹੀਂ ਪਰ ਮਸਲਾ ਹੈ ਬੜਾ ਗੰਭੀਰ।" ਸਰਜੂ ਨੇ ਵਿਅੰਗ ਭਰੇ ਲਹਿਜੇ ਨਾਲ ਮੁਸਕਰਾਂਦਿਆ ਕਿਹਾ।

"ਪ੍ਰਧਾਨ ਸਾਹਿਬ ਤੁਸੀਂ ਦਸੋ ਗੱਲ ਕੀ ਏ। ਇਹ ਤਾਂ ਗੱਲ ਵੀ ਬੁਝਾਰਤਾਂ ਪਾ ਪਾ ਕੇ ਕਰਦਾ ਏ।"



ਸਰਪੰਚ ਨੂੰ ਸਰਜੂ ਦੀ ਹਰ ਸਮੇਂ ਮਸ਼ਕਰੀਆਂ ਕਰਨ ਦੀ ਆਦਤ ਦਾ ਪਤਾ ਸੀ ਇਸ ਲਈ ਉਸਨੇ ਪ੍ਰਧਾਨ ਨੂੰ ਕਿਹਾ।

"ਇਹ ਸਰਜੂ ਤਾਂ ਏਵੇਂ ਜੱਬਲੀਆਂ ਮਾਰੀ ਜਾਂਦਾ ਐ, ਇਨੂੰ ਇਹ ਵੀ ਨਹੀਂ ਪਤਾ ਕੀ ਸਰਪੰਚ ਕੋਲੋਂ ਵੈਸੇ ਵੀ ਮਸਲਾ ਕੋਈ ਹੱਲ ਹੁੰਦਾ ਨਹੀਂ ਇਹ ਬੁਝਾਰਤਾਂ ਕਿਵੇਂ ਬੁਝ ਲੂ?" ਜੋਗਿੰਦਰ ਦੀ ਗੱਲ ਸੁਣ ਸਾਰੇ ਹੱਸਣ ਲੱਗੇ ਪਰ ਪ੍ਰੀਤੂ ਬੁੱਢੇ ਨੇ ਸਰਪੰਚ ਦੇ ਗੰਭੀਰ ਚਿਹਰੇ ਨੂੰ ਦੇਖ ਕੇ ਸਰਜੂ ਤੇ ਜੋਗਿੰਦਰ ਨੂੰ ਤਾੜਨਾ ਕਰਦਿਆਂ ਕਿਹਾ।

"ਬਈ ਮਜਾਕ ਆਪਣੇ ਹਾਣ ਦਿਆਂ ਦੇ ਨਾਲ ਕੀਤਾ ਜਾਂਦਾ ਹੈ ਕਿਸੇ ਸਿਆਣੇ ਤੇ ਮੋਹਤਬਾਰ ਬੰਦੇ ਨਾਲ ਨਹੀਂ। ਨਾਲੇ ਹੁਣ ਚੁਪ ਕਰੋ ਤਾਂ ਜੋ ਕੰਮ ਦੀ ਗੱਲ ਕੀਤੀ ਜਾਏ।"

ਸ਼ਮਸ਼ਾਨ ਘਾਟ ਦੀ ਇਕ ਵਿਸ਼ੇਸ਼ ਬੈਠਕ ਦੇ ਮੁੱਦੇ ਦੀ ਗੱਲ ਕਰਦਿਆਂ ਫਿਰ ਪ੍ਰਧਾਨ ਨੇ ਕਿਹਾ।

"ਸਰਪੰਚ ਸਾਹਿਬ ਇਹ ਤਾਂ ਸਾਰੇ ਹੀ ਜਾਣਦੇ ਨੇ ਕੀ ਜਦ ਵੀ ਬਾਝਪੁਰ ਸ਼ਮਸ਼ਾਨ ਘਾਟ ਵਿਖੇ ਕੋਈ ਸੰਸਕਾਰ ਹੁੰਦਾ ਹੈ। ਭਾਵੇਂ ਉਹ ਮਰਨ ਵਾਲਾ ਬਾਝਪੁਰ ਦਾ ਹੋਵੇ ਜਾਂ ਬਾਝਪੁਰ ਦੇ ਨਾਲ ਬਣੀਆਂ ਨਵੀਆਂ ਕਲੋਨੀਆਂ ਦਾ। ਸਾਰਿਆਂ ਦਾ ਸੰਸਕਾਰਾਂ ਸਮੇਂ ਬਿੰਦਰੂ ਤੇ ਸੱਖਣ ਹੀ ਚਿਖ਼ਾ ਰਚਦੇ ਨੇ।"

"ਭਾਈ ਇਨ੍ਹਾਂ ਦੀ ਇਸ ਨਿਸ਼ਕਾਮ ਸੇਵਾ ਲਈ ਸਾਰਾ ਬਾਝਪੁਰ ਇਨ੍ਹਾਂ ਦੋਵਾਂ ਦੀ ਬੜੀ ਇੱਜਤ ਕਰਦਾ ਹੈ।" ਪ੍ਰੀਤੂ ਬੁੱਢੇ ਦੀ ਗੱਲ ਸੁਣ ਬਿੰਦਰੂ ਤੇ ਸੱਖਣ ਉਸ ਵੱਲ ਝਾਕਣ ਲੱਗੇ ਕਿਉਂਕਿ ਇਹ ਪਹਿਲੀ ਬਾਰ ਸੀ ਜਦ ਕਿਸੇ ਨੇ ਉਨ੍ਹਾਂ ਦੀ ਇਸ ਕੰਮ ਲਈ ਤਰੀਫ਼ ਕੀਤੀ ਸੀ।

"ਫਿਰ ਮਸਲਾ ਕੀ ਹੈ।" ਸਰਪੰਚ ਨੇ ਪ੍ਰਧਾਨ ਤੋਂ ਪੁੱਛਿਆ।

"ਮਸਲਾ ਇਹ ਹੈ ਕਿ ਜਦ ਕੋਈ ਮਰਣ ਵਾਲਾ ਸੱਖਣ ਦੀ ਜਾਂ ਬਿੰਦਰੂ ਦੀ ਰਿਸ਼ਤੇਦਾਰੀ ਜਾਂ ਦੋਸਤੀ ਯਾਰੀ ਵਿਚੋਂ ਹੋਵੇ ਤਾਂ ਉਹ ਆਪਣੇ ਰਿਸ਼ਤੇਦਾਰ ਦੀ ਚਿਖ਼ਾਂ ਰਚਣ ਸਮੇਂ ਇਕੱਲਾ ਆਪਣੀ ਹੀ ਮਰਜ਼ੀ ਕਰਦਾ ਹੈ ਤੇ ਦੂਸਰੇ ਦੀ ਕਹੀ ਗੱਲ ਅਣਸੁਣੀ ਕਰਦਾ ਹੈ। ਇਸ ਲਈ ਇਕ ਦੂਜੇ ਦੀ ਰਿਸ਼ਤੇਦਾਰੀ ਵਿਚ ਹੋਈ ਮੌਤ ਸਮੇਂ ਉਹ ਬੰਦਾ ਚਿਖ਼ਾ ਰਚਦਾ ਹੈ, ਜਿਸ ਦੀ ਰਿਸ਼ਤੇਦਾਰੀ ਹੋਵੇ ਤੇ ਦੂਜਾ ਆਉਂਦਾ ਹੀ ਨਹੀਂ।" ਪ੍ਰਧਾਨ ਨੇ ਸਰਪੰਚ ਨੂੰ ਸਮਝਾਂਦਿਆਂ ਅੱਗੇ ਕਿਹਾ।

"ਇਸ ਤਰ੍ਹਾਂ ਕੁਲਦੀਪੇ ਦੇ ਭਰਾ ਸੁੱਖੇ ਦੇ ਮਰਨ ਸਮੇਂ, ਜੋ ਦੂਰੋਂ-ਪਾਰੋਂ ਦੋਹਾਂ ਦਾ ਰਿਸ਼ਤੇਦਾਰ ਸੀ। ਇਹ ਦੋਵੇਂ ਘਰੋਂ ਹੀ ਨਹੀਂ ਆਏ ਤੇ ਚਿਖ਼ਾ ਪਤਾ ਨਹੀਂ ਕਿਸ ਰਚੀ ਤੇ ਅੱਗ ਲਗਣ ਦੇ ਪੰਜ ਸੱਤ ਮਿੰਨ ਬਾਅਦ ਹੀ ਇਕ ਤਰਫ਼ ਦੀਆਂ ਲੱਕੜਾਂ ਥੱਲੇ ਡਿੱਗ ਪਈਆਂ।" ਅੱਗੇ ਦੀ ਗੱਲ ਅਧੂਰੀ ਛੱਡ ਦੇ ਹੋਏ ਪ੍ਰਧਾਨ ਨੇ ਆਪਣਾ ਸੱਜਾ ਹੱਥ ਆਪਣੇ ਦੋਵੇਂ ਕੰਨਾਂ ਨੂੰ ਲਗਾਏ ਤੇ ਵਾਹਿਗੁਰੂ ਵਾਹਿਗੁਰੂ ਕਹਿਣ ਲੱਗਾ।

"ਸੁੱਖੇ ਦੀ ਲਾਸ਼ ਪੇਟ ਤੋਂ ਨੰਗੀ ਹੋ ਗਈ ਤੇ ਅਸੀਂ ਸਾਰੇ ਨੌਜਵਾਨ ਇਕ ਕਤਾਰ ਬਣਾ ਕੇ ਚਿਖ਼ਾ ਸਾਹਮਣੇ ਖੜ੍ਹੇ ਹੋ ਗਏ ਤਾਂ ਕੀ ਲਾਸ਼ ਨੂੰ ਸੜਦਿਆਂ ਦੇਖ ਜ਼ਨਾਨੀਆਂ ਘਬਰਾ ਨਾ ਜਾਣ।" ਬਾਊ ਨੇ ਏਨਾ ਹੀ ਕਿਹਾ ਸੀ ਕਿ ਉਸ ਦੀ ਗੱਲ ਨੂੰ ਵਿਚੋਂ ਕਟਦੇ ਹੋਏ ਜੋਗਿੰਦਰ ਨੇ ਕਿਹਾ। "ਪੇਟ ਤੋਂ ਮਾਸ ਦੀਆਂ ਪਰਤਾਂ ਫੱਟਣ ਲੱਗੀਆਂ। ਤੇ ਫੱਟਣ ਦੇ ਨਾਲ ਹੀ ਨਾੜਾਂ ਦਾ ਗੁੱਛਾ ਬਾਹਰ ਨਿਕਲ ਆਇਆ।"

ਸਰਪੰਚ ਹੈਰਾਨੀ ਨਾਲ ਕਦੇ ਗੱਲ ਸੁਣਾਉਣ ਵਾਲਿਆਂ ਵਲ ਦੇਖਦਾ ਕਦੇ ਬਿੰਦਰੂ ਤੇ ਸੱਖਣ ਵੱਲ।

"ਸਰਪੰਚ ਸਾਹਿਬ ਤੁਸੀਂ ਸਾਡੇ ਵੱਲ ਇਉਂ ਦੇਖਦੇ ਹੋ, ਜਿਵੇਂ ਅਸੀਂ ਦੋਵੇਂ ਕਸੂਰਵਾਰ ਹੋਈਏ?" ਸੱਖਣ ਨੇ ਕਿਹਾ।

"ਤੁਹਾਡੇ ਜਿਹੇ ਬਜ਼ੁਰਗ ਤਜ਼ਰਬੇਕਾਰ ਚਿਖ਼ਾ ਰਚਨ ਵਾਲਿਆਂ ਦੇ ਹੁੰਦਿਆਂ ਜੇ ਮਰਨ ਤੋਂ ਬਾਅਦ ਸਾਡੀਆਂ ਲਾਸ਼ਾਂ ਵੀ ਇਵੇਂ ਹੀ ਨੰਗੀਆਂ ਹੁੰਦੀਆਂ ਰਹੀਆਂ ਜਾਂ ਅੱਧਸੜੀਆਂ ਹੀ ਰਹੀਆਂ ਤਾਂ ਅਸੀਂ ਕਿਸ ਨੂੰ ਕਸੂਰਵਾਰ ਸਮਝਾਂਗੇ।" ਸਰਪੰਚ ਨੇ ਉੱਚੀ ਅਵਾਜ਼ ਵਿਚ ਕਿਹਾ ਤਾਂ ਸਾਰਿਆਂ ਨੂੰ ਇੰਝ ਮਹਿਸੂਸ ਹੋਇਆ ਜਿਵੇਂ ਸਰਪੰਚ ਨੇ ਪਹਿਲੀ ਵਾਰ ਕੋਈ ਗੱਲ ਵੋਟਾਂ ਦੀ ਰਾਜਨੀਤੀ ਤੋਂ ਉੱਪਰ ਉੱਠ ਕੇ ਕਹੀ ਹੈ।

"ਬਈ ਇਸ ਲਈ ਤਾਂ ਮੈਂ ਅੱਜ ਸਾਰਿਆਂ ਨੂੰ ਇਥੇ ਬੁਲਾਇਆ ਹੈ ਤਾਂ ਜੋ ਇਨ੍ਹਾਂ ਦੋਹਾਂ ਤੋਂ ਕਿਸੇ ਇਕ ਦੀ ਹੀ ਜ਼ਿੰਮੇਵਾਰੀ ਲਗਾਈ ਜਾਏ ਚਿਖ਼ਾ ਰਚਣ ਦੀ ਤਾਂ ਕਿ ਅੱਗੇ ਤੋਂ ਕਿਸੇ ਦੀ ਲਾਸ਼ ਅੱਧਸੜੀ ਨਾ ਰਹੇ।"

ਪ੍ਰੀਤੂ ਬੁੱਢੇ ਨੇ ਆਪਣੇ ਹੱਥ ਵਿਚ ਫੜੀ ਗੋਲ ਸ਼ੀਸ਼ਿਆਂ ਵਾਲੀ ਐਨਕ ਨੂੰ ਪਹਿਚਾਣਦਿਆਂ ਕਿਹਾ।

"ਮੈਂ ਨਹੀਂ ਸੋਚਿਆ ਸੀ ਕਦੇ ਮੈਨੂੰ ਇਹੋ ਜਿਹੇ ਫੈਸਲੇ ਵੀ ਕਰਨੇ ਪੈਣਗੇ। ਮੈਂ ਤਾਂ ਸੋਚਿਆ ਸੀ ਸੰਸਕਾਰ ਕਰਨ ਲਈ ਇਕ ਹੋਰ ਨਵਾਂ ਸ਼ੈਡ, ਚੌਂਕੀਦਾਰ ਲਈ ਕਮਰਾ ਜਾਂ ਪਾਣੀ ਦੀ ਟੈਂਕੀ ਬਣਾਉਣ ਲਈ ਤੁਸਾਂ ਮੀਟਿੰਗ ਬੁਲਾਈ ਹੋਣੀ ਹੈ।" ਸਰਪੰਚ ਦੇ ਇਨ੍ਹਾਂ ਲਫ਼ਜ਼ਾਂ ਨੇ ਸਾਰਿਆਂ ਨੂੰ ਸੋਚਾ ਵਿਚ ਪਾ ਦਿੱਤਾ ਤੇ ਸਾਰਿਆਂ ਨੂੰ ਚੁਪ ਦੇਖ ਸਰਪੰਚ ਨੇ ਸ਼ਮਸ਼ਾਨ ਘਾਟ ਵਿਖੇ ਪਹਿਲਾਂ ਕਰਾਏ ਕੰਮ ਦਾ ਜ਼ਿਕਰ ਛੇੜ ਲਿਆ। "ਤੈਨੂੰ ਉਹ ਦਿਨ ਵੀ ਯਾਦ ਹੋਣਾ, ਜਦ ਮੈਂ ਮੰਤਰੀ ਜੀ ਤੋਂ ਇਕ ਲੱਖ ਰੁਪਏ ਦੀ ਗ੍ਰਾਂਟ ਲੈ ਕੇ ਲੋਕਾਂ ਦੇ ਬੈਠਣ ਲਈ ਸ਼ੈਡ ਬਣਾਇਆ ਸੀ। ਕਿੰਨ੍ਹਾਂ ਉਤਸ਼ਾਹ ਸੀ ਲੋਕਾਂ ਵਿਚ, ਜਿਸ ਦਿਨ ਲੈਂਟਰ ਪਿਆ ਤਾਂ ਪਿੰਡ ਦੇ ਵੱਡੇ ਗੁਰਦੁਆਰੇ ਸਾਹਿਬ ਵਲੋਂ ਬ੍ਰੈਡ-ਛੋਲਿਆਂ ਦਾ ਲੰਗਰ ਤੇ ਸ਼ਿਵ ਮੰਦਿਰ ਦੀ ਕਮੇਟੀ ਵਲੋਂ ਚਾਹ ਦਾ ਲੰਗਰ ਕੀਤਾ ਗਿਆ ਸੀ। ਕੰਮ ਤਾਂ ਸਾਰਾ ਮਜ਼ਦੂਰਾਂ ਤੋਂ ਕਰਵਾਇਆ ਸੀ ਪਰ ਪਿੰਡ ਦਾ ਸਾਂਝਾ ਕੰਮ ਹੋਣ ਕਰਕੇ ਲੋਕਾਂ ਦਾ ਵੀ ਭਾਰੀ 'ਕੱਠ ਸੀ।" ਸਰਪੰਚ ਦੇ ਕਰਾਏ ਕੰਮਾਂ ਦੀ ਤਰਾਫ਼ ਕੋਈ ਵੀ ਨਹੀਂ ਕਰਦਾ ਸੀ। ਇਸ ਲਈ ਇਹੋ ਜਿਹੇ ਮੌਕੇ ਉਹ ਆਪਣੀ ਤਾਰੀਫ਼ ਆਪ ਹੀ ਕਰ ਕੇ ਖੁਸ਼ ਹੋ ਲਿਆ ਕਰਦਾ ਸੀ।

"ਹਾਂ ਸਰਪੰਚ ਸਾਹਿਬ ਜਦ ਛੋਲਿਆਂ ਦਾ ਲੰਗਰ ਇੱਥੇ ਪੱਕਣ ਲੱਗਾ ਤਾਂ ਚੂਨੀ ਤਰਖਾਣ ਦੀ ਮਾਂ ਕਹਿਣ ਲੱਗੀ ਇੱਥੇ ਲੰਗਰ ਪਕਾਣਾ ਠੀਕ ਨਹੀਂ ਪਰ ਅਸਾਂ ਕਿਹਾ ਕਿ ਇਹ ਜਗ੍ਹਾ ਵੀ ਪਵਿੱਤਰ ਤੇ ਲੰਗਰ ਵੀ ਪਵਿੱਤਰ।" ਜੱਸਾ ਜੋ ਕੁਝ ਦਿਨ ਪਹਿਲਾਂ ਹੀ ਮਾਸਟਰ ਰਿਟਾਇਰ ਹੋਇਆ ਸੀ ਆਪਣੀ ਛੋਟੀ ਕੱਦ ਕਾਠੀ ਕਾਰਨ ਉਹ ਪ੍ਰੀਤੂ ਬੁੱਢੇ ਦੇ ਪਿੱਛੇ ਬੈਠਾ ਨਜ਼ਰੀ ਨਹੀਂ ਸੀ ਆਉਂਦਾ। ਗੋਡਿਆਂ ਭਾਰ ਹੋ ਕੇ ਪ੍ਰੀਤੂ ਬੁੱਢੇ ਦੇ ਮੋਢਿਆਂ ਦੇ ਉਪਰੋਂ ਝਾਕਦਾ ਬੋਲਿਆ।

"ਪਹਿਲਾਂ ਇਹੋ ਜਿਹੇ ਛੋਟੇ ਮੋਟੇ ਪ੍ਰੋਗਰਾਮ ਅਸੀਂ ਬੜੇ ਕਰਦੇ ਸੀ।" ਸਰਪੰਚ ਫਿਰ ਪਿਛਲੀਆਂ ਗੱਲਾਂ ਛੇੜਕੇ ਆਪਣੀ ਤਰੀਫ਼ ਕਰਨ ਦਾ ਕੋਈ ਮੌਕਾ ਗਵਾਏ ਬਗ਼ੈਰ ਹੋਰ ਕਹਿੰਦਾ ਹੈ, "ਜਦੋਂ ਇਥੇ ਲੰਗਰ ਕੀਤਾ ਤਾਂ ਉਸ ਸਾਲ ਮੌਤਾਂ ਵੀ ਕੋਈ ਦੋ ਚਾਰ ਹੀ ਹੋਈਆਂ ਸਨ।"

"ਸਾਨੂੰ ਫਿਰ ਤੋਂ ਇਥੇ ਲੰਗਰ ਕਰਨਾ ਚਾਹੀਦਾ ਹੈ ਤਾਂ ਕੀ ਮੌਤਾਂ ਘੱਟ ਹੋਣ।" ਜੱਸੇ ਨੇ ਫਿਰ ਗੋਡਿਆਂ ਭਾਰ ਹੋ ਕੇ ਕਿਹਾ। ਉਸ ਦੀ ਗੱਲ ਚੌਂਕੀਦਾਰ ਨੂੰ ਪਰੇਸ਼ਾਨ ਕਰਨ ਲੱਗੀ ਤੇ ਉਹ ਸੋਚਣ ਲੱਗਾ ਕਿ ਜੇ ਸੱਚ-ਮੁੱਚ ਮੌਤਾਂ ਘੱਟ ਹੋਈਆਂ ਤਾਂ ਉਸਨੂੰ ਕੋਈ ਹੋਰ ਸ਼ਮਸ਼ਾਨ ਘਾਟ ਚੌਂਕੀਦਾਰੀ ਲਈ ਲੱਭਣਾ ਪਵੇਗਾ। ਇਥੇ ਰੋਟੀ ਵੀ ਮਿਲਦੀ ਹੈ ਬਲਕਿ ਠੇਕੇ ਤੋਂ ਫਰੂਟੀ ਖਰੀਦਣੀ ਵੀ ਮੁਸ਼ਕਿਲ ਹੋ ਜਾਣੀ ਹੈ। ਪਰ ਇਨੇ ਨੂੰ ਸਰਜੂ ਬੋਲ ਪਿਆ।

"ਜੱਸੇ ਸਿੰਘਾ, ਪਹਿਲਾਂ ਤਾਂ ਲੰਗਰ ਲੈਂਟਰ ਪੈਣ ਤੇ ਦਿੱਤਾ ਸੀ ਤੇ ਹੁਣ ਕਿਸ ਕਰ ਕੇ ਦੇਈਏ?"

"ਲੱਗਦਾ ਜੱਸਾ ਸੱਠਾਂ ਦਾ ਹੋਣ ਤੋਂ ਬਾਅਦ ਮੌਤ ਤੋਂ ਡਰਨ ਲੱਗਾ ਹੈ। ਇਸ ਲਈ ਹਰ ਸਾਲ ਸ਼ਮਸ਼ਾਨ ਘਾਟ ਤੇ ਲੰਗਰ ਲਾ ਕੇ ਸੈਂਚਰੀ ਮਾਰਨਾ ਚਾਹੁੰਦਾ ਹੈ।" ਜੋਗਿੰਦਰ ਦੀ ਗੱਲ ਸੁਣ ਸਾਰੇ ਹੱਸਣ ਲੱਗੇ ਤੇ ਜੱਸਾ ਆਪਣੇ ਮੂੰਹ ਵਿਚ ਹੀ ਬੁੜ ਬੁੜਾਂਦਾ ਹੋਇਆ ਪ੍ਰੀਤੂ ਬੁੱਢੇ ਦੇ ਪਿੱਛੇ ਲੁਕ ਕੇ ਬੈਠ ਗਿਆ।

"ਬਈ ਅਸੀਂ ਜਿਸ ਮਸਲੇ ਲਈ 'ਕੱਠੇ ਹੋਏ ਹਾਂ ਸਾਨੂੰ ਸਿਰਫ ਉਸੇ ਵੱਲ ਧਿਆਨ ਦੇਣਾ ਚਾਹੀਦਾ ਹੈ।" ਪ੍ਰੀਤੂ ਬੁੱਢੇ ਨੇ ਐਨਕ ਦੇ ਉੱਪਰ ਖੱਬੇ ਹੱਥ ਨਾਲ ਛਾਂ ਕਰਦਿਆਂ ਲਹਿੰਦੇ ਪਾਸੇ ਬੈਠੇ ਸਰਪੰਚ ਨੂੰ ਕਿਹਾ।

"ਮੈਂ ਤਾਂ ਕਹਿੰਦਾ ਹਾਂ ਕਿ ਚਿਖ੍ਹਾ ਰਚਨ ਦੀ ਜ਼ਿੰਮੇਵਾਰੀ ਚੌਂਕੀਦਾਰ ਨੂੰ ਹੀ ਦੇ ਦਿਓ। ਨਾਲੇ ਇਹ ਤਾਂ ਦਿਨੇ ਇਥੇ ਹੀ ਰਹਿੰਦਾ ਹੈ।" ਜੱਸੇ ਨੇ ਪ੍ਰੀਤੂ ਬੁੱਢੇ ਦੇ ਪਿੱਛੇ ਬੈਠਿਆਂ ਹੀ ਕਿਹਾ।

"ਸ਼ਾਬਾਸ਼ੇ! ਸਰਦਾਰਾਂ ਦੀ ਚਿਖ੍ਹਾ ਹੁਣ ਇਕ ਮੇਗ੍ਹ ਰਚੇ, ਇਹ ਕਿਵੇਂ ਹੋ ਸਕਦਾ ਹੈ। ਇਹ ਤਾਂ ਸਾਡੇ ਲਈ ਸ਼ਰਮ ਦੀ ਗੱਲ ਹੈ।" ਸੱਖਣ ਨੇ ਖੜ੍ਹੇ ਹੁੰਦਿਆਂ ਕਿਹਾ।

"ਨਾਲੇ ਇਨੂੰ ਚਿਖ੍ਹਾ ਰਚਨ ਦਾ ਤਜਰਬਾ ਵੀ ਕੋਈ ਨਹੀਂ। ਸਾਨੂੰ ਤਾਂ ਸਾਰੀ ਉਮਰ ਹੋ ਗਈ ਹੈ।" ਬਿੰਦਰੂ ਨੇ ਸੱਖਣ ਨੂੰ ਹੱਥ ਦੇ ਇਸ਼ਾਰੇ ਨਾਲ ਬੈਠਣ ਦਾ ਇਸ਼ਾਰਾ ਕਰਦਿਆਂ ਕਿਹਾ ਤਾਂ ਮਹਿਸੂਸ ਹੋ ਰਿਹਾ ਸੀ ਕਿ ਉਹ ਦੋਵੇਂ ਆਪਣੇ ਤੋਂ ਇਲਾਵਾ ਕਿਸੇ ਹੋਰ ਨੂੰ ਚਿਖ੍ਹਾ ਰਚਣ ਦੀ ਜ਼ਿੰਮੇਵਾਰੀ, ਆਪਣੇ ਜੀਂਦੇ ਜੀਅ ਨਹੀਂ ਸਨ ਦੇਣਾ ਚਾਹੁੰਦੇ। ਬਿੰਦਰੂ ਤੇ ਸੱਖਣ ਨੇ ਇਹ ਕੰਮ ਤਰਲੋਚਨ ਤੋਂ ਸਿੱਖਿਆ ਸੀ। ਇਸ ਇਲਾਕੇ ਵਿਚ ਸਭ ਤੋਂ



ਪਹਿਲਾਂ, ਜਦ ਤੋਂ ਪਿੰਡ 1947 'ਚ ਪਾਕਿਸਤਾਨ ਤੋਂ ਉਜੜ ਕੇ ਆਏ ਸਰਦਾਰਾਂ ਨੇ ਵਸਾਇਆ ਸੀ, ਤਰਲੋਚਨ ਹੀ ਚਿਖ੍ਹਾ ਰਚਿਆ ਕਰਦਾ ਸੀ। ਉਸ ਨੇ ਇਹ ਕੰਮ ਪਹਿਲਾਂ ਬਿੰਦਰੂ ਨੂੰ ਤੇ ਬਾਅਦ ਵਿਚ ਸੱਖਣ ਨੂੰ ਸਿਖਾਇਆ ਸੀ। ਜਦ ਇਹ ਦੋਵੇਂ ਉਸ ਨਾਲ ਚਿਖ੍ਹਾ ਰਚਵਾਉਂਦੇ ਤਾਂ ਉਹ ਇਕ ਤਰਫ਼ ਖੜ੍ਹਾ ਹੋ ਕੇ ਹਦਾਇਤਾਂ ਕਰਦਾ। "ਪਹਿਲਾਂ ਵੱਡੀਆਂ ਲੱਕੜਾਂ ਨੂੰ ਥੱਲੇ ਵਿਛਾਓ! ਨਹੀਂ ਨਹੀਂ ਲੱਕੜਾਂ ਨੂੰ ਪੁੱਠਾ ਨਹੀਂ ਲਾਉਣਾ, ਪੁੱਠਾ ਲਾਉਣ ਨਾਲ ਮਰਨ ਵਾਲੇ ਦੇ ਪਰਿਵਾਰ 'ਚ ਫੇਰ ਮੌਤ ਹੁੰਦੀ ਐ।" ਉਹ ਚਿਖ੍ਹਾ ਰਚਣ ਸਮੇਂ ਲਾਸ਼ ਦਾ ਮੂੰਹ ਪੂਰਵ ਜਾਂ ਉੱਤਰ ਦਿਸ਼ਾ ਵੱਲ ਰਖਾਂਦੇ ਤੇ ਲੱਕੜਾਂ ਦੇ ਮੋਟੇ ਵਾਲੇ ਹਿੱਸੇ ਨੂੰ ਸਿਰ ਵੱਲ ਰਖਾਂਦੇ ਤੇ ਜੇ ਕੋਈ ਲੱਕੜਾਂ ਉਸ ਦੀ ਮਰਜ਼ੀ ਤੋਂ ਬਗ਼ੈਰ ਉਲਟੀ ਦਿਸ਼ਾ ਵੱਲ ਰੱਖਦਾ ਤਾਂ ਉਹ ਆਪਣੀ ਗੱਲ ਮਨਾਉਣ ਲਈ ਉਸਨੂੰ ਵਹਿਮ ਭਰਮ ਦੇ ਨਾਂ ਤੇ ਡਰਾ ਕੇ ਆਪਣੀ ਮਰਜ਼ੀ ਕਰਾਂਦਾ। ਜਦ ਲਾਸ਼ ਨੂੰ ਫੱਟੇ ਤੋਂ ਚੁੱਕ ਕੇ ਲੱਕੜਾਂ 'ਤੇ ਰੱਖਣ ਲਈ ਕਹਿੰਦਾ। ਉਸਦੇ ਪਾਏ ਇਹ ਵਹਿਮ ਭਰਮ ਅੱਜ ਵੀ ਬਿੰਦਰੂ ਤੇ ਸੱਖਣ ਨਿਭਾਉਂਦੇ ਸਨ। ਫਿਰ ਅਚਾਨਿਕ ਹੀ ਇਕ ਦਿਨ ਤਰਲੋਚਨ ਮਰ ਗਿਆ ਸੀ ਤੇ ਬਿੰਦਰੂ ਤੇ ਸੱਖਣ ਨੇ ਮਿਲ ਕੇ ਉਸ ਦੀ ਚਿਖ੍ਹਾ ਵੀ ਬੜੇ ਸਤਿਕਾਰ ਨਾਲ ਰਚੀ ਸੀ। ਪਰ ਹੁਣ ਬਿੰਦਰੂ ਤੇ ਸੱਖਣ ਨਾ ਤਾਂ ਇਹ ਕੰਮ ਕਿਸੇ ਹੋਰ ਨੂੰ ਸਿਖਾ ਰਹੇ ਸਨ ਤੇ ਨਾ ਹੀ ਕਿਸੇ ਹੋਰ ਦਾ ਉਨ੍ਹਾਂ ਦੀ ਮਰਜ਼ੀ ਤੋਂ ਬਗੈਰ ਚਿਖ੍ਹਾ ਵਿਚ ਲੱਕੜ ਰੱਖਣਾ ਪਸੰਦ ਕਰਦੇ ਸਨ। ਸ਼ਾਇਦ ਇਹ ਕੰਮ ਉਹ ਆਪਣੇ ਜੀਵਨ ਦੇ ਆਖਰੀ ਸਮੇਂ ਤੱਕ ਖੁਦ ਕਰਨਾ ਚਾਹੁੰਦੇ ਸਨ। ਇਸ ਕੰਮ ਲਈ ਨਾ ਤਾਂ ਕਦੇ ਉਨ੍ਹਾਂ ਦੀ ਕਿਸੇ ਤਰੀਫ਼ ਕੀਤੀ ਸੀ ਤੇ ਨਾ ਹੀ ਕਿਸੇ ਨੇ ਧੰਨਵਾਦ। ਉਹ ਇਕ ਕੰਮ ਕਰਨ ਸਮੇਂ ਫ਼ਖ਼ਰ ਮਹਿਸੂਸ ਕਰਦੇ ਤੇ ਇਸ ਕੰਮ ਨੂੰ ਪੁੰਨ ਦਾ ਕੰਮ ਸਮਝਦੇ।

"ਮੇਰੇ ਖਿਆਲ 'ਚ ਇਵੇਂ ਕਰਨਾ ਚਾਹੀਦਾ ਹੈ ਕਿ ਵਾਰੀ ਵਾਰੀ ਇਨ੍ਹਾਂ ਦੀ ਸੇਵਾ ਲਗਾਣੀ ਚਾਹੀਦੀ ਹੈ। ਪਹਿਲਾਂ ਸੰਸਕਾਰ ਇਕ ਕਰਵਾਏ, ਦੂਜਾ ਸੰਸਕਾਰ ਦੂਆ।" ਬਾਊ ਨੇ ਆਪਣੇ ਮੋਬਾਇਲ ਤੋਂ ਟਾਇਮ ਦੇਖਦਿਆਂ ਕਿਹਾ। ਸਾਇਦ ਉਸ ਨੂੰ ਜਾਣ ਦੀ ਜਲਦੀ ਸੀ। ਉਹ ਮਸਲੇ ਨੂੰ ਫੌਰਨ ਹੱਲ ਕਰਨਾ ਚਾਹੁੰਦਾ ਸੀ।

"ਸਰਪੰਚ ਸਾਬ ਜੀ ਚਿਖ੍ਹਾ ਰਚਣ ਦੀ ਜ਼ਿੰਮੇਵਾਰੀ ਬਿੰਦਰੂ ਜੀ ਨੂੰ ਦੇ ਦਿਉ। ਇਹ ਉਮਰ ਤੋਂ ਵੀ ਅੱਠ-ਦਸ ਸਾਲ ਸੱਖਣ ਜੀ ਤੋਂ ਵੱਡੇ ਨੇ। ਚੌਂਕੀਦਾਰ ਨੇ ਦੋਵੇਂ ਹੱਥ ਜੋੜ ਕੇ ਕਿਹਾ। ਜਿਵੇਂ ਮੰਦਿਰ 'ਚ ਖਲੋਤਾ ਭਗਵਾਨ ਦੀ ਮੂਰਤੀ ਅੱਗੇ ਮਿੰਨਤਾਂ ਕਰਦਾ ਹੋਵੇ।

"ਸ਼ਾਬਾਸ਼ੇ! ਇਹ ਸਰਦਾਰਾਂ ਦਾ ਆਪਣਾ ਮਸਲਾ ਹੈ, ਤੂੰ ਚੁੱਪ ਕਰਕੇ ਬੈਠ।" ਸੱਖਣ ਨੇ ਚੌਂਕੀਦਾਰ ਨੂੰ ਘੂਰਦਿਆਂ ਕਿਹਾ।

"ਫੈਸਲਾ ਅਸੀਂ ਕਰਨਾ ਹੈ ਪਰ ਰਾਏ ਤਾਂ ਇਹ ਵੀ ਆਪਣੀ ਦੇ ਸਕਦਾ ਹੈ।" ਪ੍ਰਧਾਨ ਨੇ ਸੱਖਣ ਨੂੰ ਕਿਹਾ ਇੰਨੇ ਨੂੰ ਜੋਗਿੰਦਰ ਫਿਰ ਬੋਲ ਪਿਆ।

"ਨਹੀਂ ਇਹ ਚੌਂਕੀਦਾਰ ਹੈ ਤਾਂ ਕੋਈ ਇਹਸਾਨ ਥੋੜ੍ਹੇ ਹੀ ਕਰਦਾ ਹੈ। ਨਾਲੇ ਸ਼ਕਲ ਦੇਖੋ ਸਾਲੇ ਦੀ, ਇੰਨੂੰ ਤਾਂ ਇਸ ਦੀ ਵਹੁਟੀ ਵੀ ਘਰ ਨਹੀਂ ਵੜਣ ਦਿੰਦੀ, ਕਹਿੰਦੀ, "ਤੈਨੂੰ ਦੇਖ ਕੇ ਬੱਚੇ ਡਰਦੇ ਆ।"

"ਇਹ ਤਾਂ ਘਰ ਵੀ ਬੱਚਿਆਂ ਦੇ ਸੌਣ ਤੋਂ ਬਾਅਦ ਜਾਂਦਾ ਹੈ।" ਜੋਗਿੰਦਰ ਦੀ ਗੱਲ ਨੇ ਮਾਹੌਲ ਨੂੰ ਫਿਰ ਹਾਸੇ ਵਿਚ ਬਦਲ ਦਿੱਤਾ ਪਰ ਸਰਜੂ ਦੇ ਬੋਲ ਹਾਸੇ ਨੂੰ ਚੀਰਦੇ ਹੋਏ ਨਿਕਲੇ।

"ਇਹ ਸਾਲਾ ਚੌਂਕੀਦਾਰ ਹੀ ਸਾਰੇ ਪਵਾੜੇ ਦੀ ਜੜ੍ਹ ਹੈ। ਬਿੰਦਰੂ ਲਾਸ਼ 'ਤੇ ਪਏ ਕੱਫਣ ਤੋਂ ਕੁਝ ਚਾਦਰਾ ਕੱਢ ਕੇ ਇਨੂੰ ਦਿੰਦਾ ਹੈ ਤੇ ਸੱਖਣ ਕੋਈ ਚਾਦਰ ਕੱਢ ਕੇ ਨਹੀਂ ਦਿੰਦਾ। ਇਸ ਲਈ ਇਹ ਬਿੰਦਰੂ ਬਿੰਦਰੂ ਕਰਦਾ ਐ। ਇਸੇ ਨੇ ਦੋਵਾਂ 'ਚ ਫਿਕ ਪਾਈ ਹੈ। ਤੇ ਇਹ ਸਾਰਾ ਮਸਲਾ ਸ਼ੁਰੂ ਹੋਇਆ ਹੈ।" ਸਰਜੂ ਦੀ ਗੱਲ ਸੁਣ ਕੇ ਸਾਰੇ ਗੰਭੀਰ ਸੋਚਾਂ ਵਿਚ ਪੈ ਗਏ ਤੇ ਇਕ ਦੂਜੇ ਦਾ ਮੂੰਹ ਦੇਖਣ ਲੱਗੇ ਤੇ ਸਰਪੰਚ ਨੇ ਸਾਰਿਆਂ ਨੂੰ ਚੁਪ ਦੇਖਕੇ ਫਿਰ ਆਪਣੀ ਤਾਰੀਫ਼ ਕਰਦਿਆਂ ਕਿਹਾ।

"ਤੁਸੀਂ ਜਾਣਦੇ ਹੀ ਹੋ ਕਿ ਮੈਂ ਪਹਿਲਾਂ ਵੀ ਬੜੇ ਫ਼ੈਸਲੇ ਕਰਵਾਏ ਹਨ। ਕਈ ਵਾਰ ਤਾਂ ਤਲਾਕ ਤੱਕ ਪੁੱਜੇ ਮਸਲੇ ਹੱਲ ਕਰਵਾ ਕੇ ਲੋਕਾਂ ਦੇ ਘਰ ਵਸਾਏ ਨੇ ਪਰ ਇਹ ਮਸਲਾ ਬੜਾ ਗੰਭੀਰ ਹੈ। ਜੇ ਪ੍ਰਧਾਨ ਸਾਹਿਬ ਤੇ ਹੋਰ ਬਜ਼ੁਰਗ ਮੇਰੀ ਮੰਨਣ ਤਾਂ ਇਨ੍ਹਾਂ ਦੋਵਾਂ ਨੂੰ ਕੁਝ ਸਮਾਂ ਸੋਚਣ ਦਾ ਹੋਰ ਦਿਓ ਤਾਂ ਕੀ ਇਹ ਪਹਿਲਾਂ ਦੀ ਤਰ੍ਹਾਂ ਫਿਰ ਇਕੱਠੇ ਸੇਵਾ ਕਰ ਸਕਣ।"

"ਬਈ ਮੈਂ ਤਾਂ ਸਰਪੰਚ ਸਾਹਿਬ ਨਾਲ ਸੋਲ੍ਹਾਂ ਆਨੇ ਸਹਿਮਤ ਹਾਂ, ਤੁਸੀਂ ਪ੍ਰਧਾਨ ਸਾਹਿਬ ਦੱਸੋਂ।" ਪ੍ਰੀਤੂ ਬੁੱਢੇ ਨੇ ਆਪਣੀ ਐਨਕ ਨੂੰ ਨੱਕ ਤੇ ਟਿਕਾਉਂਦਿਆਂ ਕਿਹਾ।

"ਠੀਕ ਹੈ।" ਕਹਿ ਕੇ ਪ੍ਰਧਾਨ ਨੇ ਵੀ ਸਰਪੰਚ ਦੀ ਗੱਲ ਨਾਲ ਸਹਿਮਤੀ ਜਤਾਈ। ਫਿਰ ਸਰਪੰਚ ਨੇ ਮੀਟਿੰਗ ਦੀ ਸਮਾਪਤੀ ਕਰਦਿਆਂ ਸਾਰਿਆਂ ਨਾਲ ਹੱਥ ਮਿਲਾਇਆ ਤੇ ਆਪਣੀ ਜਿਪਸੀ ਵੱਲ ਪ੍ਰਧਾਨ, ਪ੍ਰੀਤੂ ਬੁੱਢੇ ਤੇ ਜੱਸੇ ਸਮੇਤ ਚਲ ਪਿਆ। ਸਰਜੂ, ਬਾਊ, ਜੋਗਿੰਦਰ ਤੇ ਹੋਰ ਦੋ ਤਿੰਨ ਪਿੰਡ ਦੇ ਨੌਜਵਾਨ ਖੇਤਾਂ ਦੇ ਰਸਤੇ ਪਿੰਡ ਵੱਲ ਤੁਰ ਪਏ ਤੇ ਚੌਂਕੀਦਾਰ ਵੀ ਦਰੀਆਂ ਚੁੱਕ ਕੇ ਸਟੋਰ 'ਚ ਰੱਖਦਾ ਹੋਇਆ ਉਨ੍ਹਾਂ ਦੇ ਪਿੱਛੇ ਤੁਰ ਪਿਆ। ਸੱਖਣ ਤੇ ਬਿੰਦਰੂ ਸ਼ਮਸ਼ਾਨ ਘਾਟ ਤੇ ਹੀ ਖੜ੍ਹੇ ਇਕ ਦੂਜੇ ਵੱਲ ਕੁਝ ਦੇਰ ਝਾਕਦੇ ਰਹੇ ਫਿਰ ਸੱਖਣ ਨੇ ਕਿਹਾ।

"ਮੈਂ ਕੱਫ਼ਣ ਤੋਂ ਚਾਦਰਾਂ ਕੱਢ ਕੇ ਚੌਂਕੀਦਾਰ ਨੂੰ ਇਸ ਲਈ ਨਹੀਂ ਸਾਂ ਦਿੰਦਾ ਕਿ ਮੈਂ ਸੋਚਿਆ ਤੂੰ ਉਹਨੂੰ ਕਈ ਵਾਰ ਚਾਦਰਾਂ ਦਿੱਤੀਆਂ ਨੇ, ਉਹ ਇਨੀਆਂ ਚਾਦਰਾਂ ਨੂੰ ਕੀ ਕਰੇਗਾ।"

"ਉਹ ਚਾਦਰਾਂ ਬੇਚਦਾ ਹੈ, ਪੰਜੀ ਪੰਜੀ ਰੁਪਏ ਦੀਆਂ।" ਬਿਦਰੂ ਨੇ ਰਾਜ ਦੀ ਗੱਲ ਸੁਣਾਈ।

"ਜੇ ਮੈਨੂੰ ਪਹਿਲਾਂ ਪਤਾ ਹੁੰਦੀ ਕੀ ਚਾਦਰਾਂ ਬਿਕ ਜਾਂਦੀਆਂ ਨੇ ਤਾਂ ਸਾੜਨ ਦੀ ਬਜਾਏ ਇਸ ਨੂੰ ਦੇ ਦਿੰਦਾ।" ਸੱਖਣ ਨੇ ਕਿਹਾ ਤੇ ਨਾਲ ਹੀ ਪੁੱਛਿਆ, "ਕੁਲਦੀਪ ਦੇ ਭਰਾ ਸੁੱਖੇ ਦੇ ਸੰਸਕਾਰ ਵਾਲੇ ਦਿਨ ਤੂੰ ਕਿੱਥੇ ਸੀ।"

"ਮੈਂ ਉਸ ਦਿਨ ਕਿਸੇ ਜ਼ਰੂਰੀ ਕੰਮ ਸ਼ਹਿਰ ਵੱਲ ਗਿਆ ਸੀ। ਸ਼ਹਿਰ ਜਾਣ ਸਮੇਂ ਮੈਂ ਨਿੱਕੂ ਨੂੰ ਕਿਹਾ ਸੀ ਕਿ ਤੇਰੇ ਨਾਲ ਚਿਖ਼੍ਹਾ ਰਚਣ ਵਿਚ ਮਦਦ ਕਰੇ। ਜਦ ਤੂੰ ਨਹੀਂ ਆਇਆ ਤਾਂ ਚਿਖ਼੍ਹਾ ਉਸਨੇ ਹੀ ਰਚੀ ਸੀ। ਚਿਖ਼੍ਹਾ ਰਚਣ ਦੀ ਉਸਨੂੰ ਸਮਝ ਵੀ ਨਹੀਂ ਸੀ। ਪਰ ਤੂੰ ਕਿਉਂ ਨਹੀਂ ਸੀ ਆਇਆ?"

"ਉਸ ਦਿਨ ਚਾਰ ਵੱਜੇ ਸੰਸਕਾਰ ਸੀ ਤੇ ਮੈਂ ਤਿੰਨ ਵਜੇ ਸ਼ਮਸ਼ਾਨ ਘਾਟ ਤੇ ਪੁੱਜਾ ਤਾਂ ਦੇਖਿਆ ਕਿ ਸੰਸਕਾਰ ਲਈ ਜੋ ਲੱਕੜਾਂ ਲਿਆਏ ਨੇ ਘੱਟ ਹਨ, ਨਾਲੇ ਸੁੱਖੇ ਦਾ ਸ਼ਰੀਰ ਵੀ ਭਾਰਾ ਸੀ। ਮੈਨੂੰ ਪਤਾ ਸੀ ਸੁੱਖੇ ਦੇ ਸੰਸਕਾਰ ਲਈ ਇਹ ਲਕੜਾਂ ਘੱਟ ਜਾਣੀਆਂ ਨੇ। ਮੈਂ ਹੋਰ ਲਕੜਾਂ ਲਿਆਣ ਲਈ ਆਰੇ ਤੇ ਗਿਆ ਉਥੇ ਕੋਈ ਟਾਂਗਾ ਨਹੀਂ ਮਿਲਿਆ ਤੇ ਮੈਨੂੰ ਉੱਥੇ ਹੀ ਚਾਰ ਵੱਜ ਗਏ।" ਸੱਖਣ ਨੇ ਉਸ ਦਿਨ ਨੂੰ ਯਾਦ ਕਰਦਿਆਂ ਕਿਹਾ।

"ਸੱਖਣ ਸਾਨੂੰ ਵੀ ਬੜੀ ਉਮਰ ਹੋ ਗਈ ਹੈ ਚਿਖ਼੍ਹਾ ਰਚਦਿਆਂ, ਹੁਣ ਸਾਨੂੰ ਵੀ ਹੋਰ ਨੌਜਵਾਨਾਂ ਨੂੰ ਇਹ ਕੰਮ ਸਿਖਾਣਾ ਚਾਹੀਦਾ ਹੈ।" ਬਿੰਦਰੂ ਨੇ ਆਉਣ ਵਾਲੇ ਸਮੇਂ ਨੂੰ ਧਿਆਨ 'ਚ ਰੱਖਦਿਆਂ ਕਿਹਾ।

"ਤੂੰ ਠੀਕ ਕਹਿੰਦਾ ਹੈ। ਅਸੀਂ ਰਹੀਏ ਨਾ ਰਹੀਏ ਪਰ ਸਾਡਾ ਇਹ ਕਿੱਤਾ ਜੋ ਅਸਾਂ ਤਰਲੋਚਨ ਤਾਏ ਤੋਂ ਸਿੱਖਿਆ ਸੀ ਹਮੇਸ਼ਾਂ ਜਿੰਦਾ ਰਹਿਣਾ ਚਾਹੀਦਾ ਹੈ। ਸੱਖਣ ਨੇ ਕਿਹਾ ਤੇ ਬਿੰਦਰੂ ਦੇ ਪਿੱਛੇ ਪਿੱਛੇ ਖੇਤਾਂ ਦੇ ਰਸਤੇ ਪਿੰਡ ਨੂੰ ਜਾਣ ਲੱਗੇ ਤਾਂ ਸੱਖਣ ਦੇ ਬੋਲ ਫਿਰ ਗੂੰਜੇ। "ਹੁਣ ਤਾਂ ਲੋਕਾਂ ਨੇ ਮੁਰਦੇ ਦੇ ਕੱਫ਼ਣਾਂ ਦਾ ਵੀ ਵਪਾਰ ਬਣਾ ਲਿਆ ਹੈ।"

ਪਤਾ–S/o S. Prithipal Singh, Vill. Ranjeet Pur,
p.O. Gole Gujral, Teh. & Distt. Jammu, J&K-180002

**ਉਤਮ, ਮਿਆਰੀ, ਸੁੰਦਰ ਦਿੱਖ ਵਿਚ ਪੁਸਤਕਾਂ ਪ੍ਰਕਾਸ਼ਤ ਕਰਨ ਵਾਲਾ ਨਵਾਂ ਪ੍ਰਕਾਸ਼ਨ ਘਰ, ਜਿਸ ਨੇ ਪ੍ਰਕਾਸ਼ਨ ਦੇ ਖੇਤਰ ਵਿਚ ਸਾਹਿਤਕ ਪੁਸਤਕਾਂ ਨਾਲ ਆਪਣੀ ਪਹਿਲੀ ਪਰਵਾਜ਼ ਭਰੀ ਹੈ। ਇਹ ਪ੍ਰਕਾਸ਼ਨ ਘਰ ਪੰਜਾਬੀ ਸਾਹਿਤ ਦੀ ਹਰ ਵਿਧਾ ਦੀਆਂ ਪੁਸਤਕਾਂ ਦੇ ਨਾਲ ਨਾਲ ਦੂਜੀਆਂ ਭਾਸ਼ਾਵਾਂ ਦੀਆਂ ਅਨੁਵਾਦ ਪੁਸਤਕਾਂ ਵੀ ਪ੍ਰਕਾਸ਼ਤ ਕਰੇਗਾ।**

**ਪਰਵਾਜ਼ ਪ੍ਰਕਾਸ਼ਨ**
**e.mail:parwazparkashan@gmail.com**
**Vill. Dharampur, P.O. Khamber,**
**Distt. Jalandhar-144026,Mob. 94170-64350**



## ਰੂਸੀ ਕਹਾਣੀ / ਤੋਹ.ਫ਼ਾ / - ਗਾਇ ਦਿ ਮੋਪਾਸਾਂ

ਲਾਨਤਿਨ ਉਸ ਕੁੜੀ ਨੂੰ ਪਹਿਲੀ ਵਾਰੀ ਇਕ ਪਾਰਟੀ ਵਿਚ ਮਿਲਿਆ ਸੀ ਜਿਹੜੀ ਉਸ ਦੇ ਮਹਿਕਮੇ ਦੇ ਇਕ ਵੱਡੇ ਅਫ਼ਸਰ ਦੇ ਘਰ ਹੋਈ ਸੀ ਅਤੇ ਉਸ ਨੂੰ ਪਹਿਲੀ ਵਾਰ ਵੇਖਣ ਸਾਰ ਹੀ ਉਹ ਉਸ ਤੇ ਮੋਹਿਤ ਹੋ ਗਿਆ ਸੀ।

ਉਸ ਕੁੜੀ ਦਾ ਪਿਉ ਕਿਸੇ ਪਿੰਡ ਵਿਚ ਡਾਕਟਰੀ ਦਾ ਕੰਮ ਕਰਦਾ ਸੀ, ਪਰ ਕੁਝ ਮਹੀਨੇ ਪਹਿਲਾਂ ਹੀ ਉਹ ਮਰ ਚੁੱਕਾ ਸੀ। ਇਸ ਪਿੱਛੋਂ ਉਹ ਆਪਣੀ ਮਾਂ ਨਾਲ ਪੈਰਿਸ ਵਿਚ ਆ ਕੇ ਰਹਿਣ ਲੱਗੀ ਸੀ। ਉਸ ਦੀ ਮਾਂ ਆਪਣੀ ਜਾਣ–ਪਛਾਣ ਵਾਲਿਆਂ ਦੇ ਘਰ ਜ਼ਿਆਦਾ ਤਰ ਇਸ ਆਸ ਨਾਲ ਮਿਲਣ ਚਲੀ ਜਾਇਆ ਕਰਦੀ ਸੀ ਕਿ ਸ਼ਾਇਦ ਕਿਸੇ ਚੰਗੇ ਘਰਾਨੇ ਵਿਚ ਉਸ ਦੀ ਕੁੜੀ ਦਾ ਵਿਆਹ ਤੈਅ ਹੋ ਜਾਵੇ।

ਉਹ ਮੁਟਿਆਰ ਇਹੋ ਜਿਹੀ ਸੀ ਜਿਸ ਨੂੰ ਹਰ ਸਮਝਦਾਰ ਗੱਭਰੂ ਆਪਣੀ ਵਹੁਟੀ ਦੇ ਰੂਪ ਵਿਚ ਪਾਉਣ ਦਾ ਚਾਹਵਾਨ ਹੋਇਆ ਕਰਦਾ ਹੈ। ਉਹ ਬਹੁਤ ਸੋਹਣੀ ਸੀ ਅਤੇ ਉਸ ਦੇ ਚਿਹਰੇ ਦੀ ਹਲਕੀ ਤੇ ਸਮਝ ਵਿਚ ਨਾ ਆਉਣ ਵਾਲੀ ਮੁਸਕਾਨ ਕਿਸੇ ਪਵਿੱਤਰ ਤੇ ਨੇਕ ਆਤਮਾ ਦੀ ਝਾਕੀ ਸੀ। ਅੱਜ ਕਲ੍ਹ ਲਾਨਤਿਨ ਦੀ ਤਨਖ਼ਾਹ ਸੱਤ ਸੌ ਫ਼ਰਾਂਕ ਤੋਂ ਕੁਝ ਵਧ ਸੀ, ਇਸ ਲਈ ਇਹ ਸੋਚ ਕੇ ਕਿ ਹੁਣ ਉਹ ਘਰ ਦਾ ਭਾਰ ਆਸਾਨੀ ਨਾਲ ਢੋਅ ਸਕਦਾ ਹੈ ਉਸ ਨੇ ਉਸ ਸੋਹਣੀ ਕੁੜੀ ਨੂੰ ਬੇਨਤੀ ਕੀਤੀ ਤੇ ਕੁੜੀ ਨੇ ਉਸ ਦੀ ਬੇਨਤੀ ਨੂੰ ਬੜੀ ਖ਼ੁਸ਼ੀ ਨਾਲ ਮੰਨ ਲਿਆ।

ਉਹ ਵਹੁਟੀ ਤੋਂ ਇੰਨਾ ਖ਼ੁਸ਼ ਸੀ ਕਿ ਉਸ ਦੀ ਖ਼ੁਸ਼ੀ ਨੂੰ ਲਫ਼ਜ਼ਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਵਹੁਟੀ ਘਰ ਦਾ ਪ੍ਰਬੰਧ ਐਨੇ ਸਹੀ ਢੰਗ ਨਾਲ ਤੇ ਘਟ ਖ਼ਰਚ ਵਿਚ ਚਲਾਉਂਦੀ ਸੀ ਕਿ ਦੋਨਾਂ ਨੂੰ ਇੰਜ ਲਗਦਾ ਸੀ ਜਿਵੇਂ ਉਹ ਬੜੇ ਐਸ਼–ਆਰਾਮ ਨਾਲ ਜ਼ਿੰਦਗੀ ਬਿਤਾ ਰਹੇ ਹੋਣ। ਉਹ ਉਸ ਦੀ ਛੋਟੀ ਤੋਂ ਛੋਟੀ ਲੋੜ ਦਾ ਪੂਰਾ ਪੂਰਾ ਖ਼ਿਆਲ ਰਖਦੀ ਸੀ ਤੇ ਉਸ ਨੂੰ ਇੰਜ ਲਾਡ ਤੇ ਮੋਹ ਨਾਲ ਰਖਦੀ ਸੀ ਜਿਵੇਂ ਉਹ ਇਕ ਬੱਚਾ ਹੋਵੇ। ਉਹ ਇਕ ਦੂਜੇ ਨੂੰ ਇਨਾ ਚਾਹੁੰਦੇ ਸਨ ਕਿ ਵਿਆਹ ਤੋਂ ਛੇ ਵਰ੍ਹੇ ਬਾਅਦ ਲਾਨਤਿਨ ਨੂੰ ਮਹਿਸੂਸ ਹੋਇਆ ਕਿ ਉਹ ਆਪਣੀ ਵਹੁਟੀ ਨੂੰ ਆਪਣੀ ਵਿਆਹੁਤਾ ਜ਼ਿੰਦਗੀ ਦੇ ਸ਼ੁਰੂ ਦੇ ਦਿਨਾਂ ਤੋਂ ਵੀ ਜ਼ਿਆਦਾ ਚਾਹੁੰਦਾ ਹੈ।

ਬਸ ਉਸ ਨੂੰ ਆਪਣੀ ਵਹੁਟੀ ਵਿਚ ਸਿਰਫ਼ ਦੋ ਨੁਕਸ ਖਟਕਦੇ ਸਨ। ਥੀਏਟਰ ਵੇਖਣ ਦਾ ਹੱਦੋਂ ਵੱਧ ਸੌਂਕ ਤੇ ਨਕਲੀ ਹੀਰਿਆਂ ਦੇ ਗਹਿਣੇ ਪਹਿਨਣ ਲਈ ਡੂੰਘਾ ਮੋਹ। ਉਸ ਦੀਆਂ ਸਹੇਲੀਆਂ ਉਸ ਲਈ ਜ਼ਿਆਦਾ ਬਾਕਸ ਵਾਲੀ ਸੀਟ ਦਾ ਇੰਤਜ਼ਾਮ ਕਰ ਦਿੰਦੀਆਂ ਤੇ ਇਸ ਸਭ ਕੁਝ ਕਿਸੇ ਡਰਾਮੇ ਦੇ ਪਹਿਲੇ ਸ਼ੋਅ ਲਈ ਹੁੰਦਾ ਸੀ ਤੇ ਇਨ੍ਹਾਂ ਵਿਚ ਲਾਨਤਿਨ ਨੂੰ ਵੀ ਨਾਲ ਜਾਣਾ ਪੈਂਦਾ ਸੀ। ਪਰ ਦਫ਼ਤਰ ਵਿਚ ਸਾਰੇ ਦਿਨ ਦੀ ਥਕਾਵਟ ਕਰ ਕੇ ਉਸ ਨੂੰ ਇਸ ਤਰ੍ਹਾਂ ਦੇ ਦਿਲ ਪਰਚਾਵੇ ਤੋਂ ਉਕਤਾਹਟ ਹੁੰਦੀ ਸੀ।

ਕੁਝ ਦਿਨ ਬਾਅਦ ਲਾਨਤਿਨ ਨੇ ਆਪਣੀ ਵਹੁਟੀ ਨੂੰ ਕਿਹਾ ਕਿ ਉਹ ਇਨ੍ਹਾਂ ਨਾਟਕਾਂ ਵਿਚ ਆਪਣੀ ਕਿਸੇ ਸਹੇਲੀ ਨੂੰ ਨਾਲ ਲੈ ਜਾਇਆ ਕਰੇ। ਪਹਿਲਾਂ ਤਾਂ ਵਹੁਟੀ ਨਾ ਮੰਨੀ, ਪਰ ਜਦ ਲਾਨਤਿਨ ਨੇ ਜ਼ੋਰ ਦਿੱਤਾ ਤਾਂ ਕਾਫ਼ੀ ਦੇਰ ਬਾਅਦ ਉਹ ਮੰਨ ਗਈ। ਇਸ ਤੇ ਪਤੀ ਨੂੰ ਬਹੁਤ ਖ਼ੁਸ਼ੀ ਹੋਈ।

ਥੀਏਟਰ ਜਾਣ ਦੀ ਇੱਛਾ ਦੇ ਨਾਲ ਨਾਲ ਉਸ ਦਾ ਸ਼ਿੰਗਾਰ ਕਰਨ ਦਾ ਵੀ ਜੀਅ ਕੀਤਾ। ਇਹ ਠੀਕ ਹੈ ਕਿ ਉਸ ਦੇ ਕਪੜੇ ਹੁਣ ਵੀ ਪਹਿਲਾਂ ਵਾਂਗ ਸਾਦੇ ਸਨ, ਪਰ ਕੁਝ ਦਿਨਾਂ ਪਿਛੋਂ ਉਸ ਨੇ ਆਪਣੇ ਕੰਨਾਂ ਵਿਚ ਵੱਡੇ ਵੱਡੇ ਚਿੱਟੇ ਨਗਾਂ ਵਾਲੇ ਕਾਂਟੇ ਪਾਏ ਜਿਨ੍ਹਾਂ ਦੀ ਚਮਕ ਸੱਚੀ ਮੁੱਚੀ ਦੇ ਹੀਰਿਆਂ ਜਿਹੀ ਸੀ। ਆਪਣੇ ਗਲੇ ਤੇ ਛਾਤੀ ਨੂੰ ਵੀ ਉਹ ਨਕਲੀ ਮੋਤੀਆਂ ਦੀ ਲੜੀ ਨਾਲ ਤੇ ਬਾਹਾਂ ਨੂੰ ਨਕਲੀ ਸੋਨੇ ਦੀਆਂ ਚੂੜੀਆਂ ਨਾਲ ਸਜਾਉਣ ਲੱਗੀ। ਉਸ ਦਾ ਪਤੀ ਇਸ ਸਭ ਕਾਸੇ ਲਈ ਕਦੇ ਕਦੇ ਉਸ ਨੂੰ ਝਿੜਕਦਾ, ਪਰ ਉਹ ਅੱਗੋਂ ਬੜੀ ਪਿਆਰੀ ਜਿਹੀ ਮੁਸਕਾਨ ਨਾਲ ਕਹਿੰਦੀ, "ਪਿਆਰੇ ਲਾਨਤਿਨ ਜਾਉ, ਮੇਰੀ ਇਹੋ ਇਕ ਕਮਜ਼ੋਰੀ ਹੈ। ਭਲਾ ਕੋਈ ਬੰਦਾ ਆਪਣਾ ਸੁਭਾ ਕਿਵੇਂ ਬਦਲੇ!"

ਫੇਰ ਉਹ ਮੋਤੀਆਂ ਦੇ ਹਾਰ ਨੂੰ ਆਪਣੀਆਂ ਉਂਗਲੀਆਂ ਵਿਚ ਲਪੇਟਨ ਲੱਗਦੀ ਤੇ ਉਨ੍ਹਾਂ ਨੂੰ ਉੱਚਾ ਚੁੱਕ ਚੁੱਕ ਕੇ ਆਪਣੇ ਪਤੀ ਨੂੰ ਵਿਖਾਂਦੀ ਤੇ ਉਸ ਤੋਂ ਤਾਰੀਫ਼ ਸੁਣਨ ਲਈ ਬੜੇ ਮਿੱਠੇ ਲਹਿਜੇ ਵਿਚ ਕਹਿੰਦਾ, "ਤੁਸੀਂ ਜ਼ਰਾ ਇਨ੍ਹਾਂ ਨੂੰ ਵੇਖੋ ਤਾ ਸਹੀ। ਕਿੰਨੇ ਸੋਹਣੇ ਲਗਦੇ ਨੇ? ਵੇਖਣ ਵਾਲੇ ਸੌਂਹ ਵੀ ਖਾ ਲੈਣ ਕਿ ਇਹ ਸੁੱਚੇ ਮੋਤੀ ਹਨ।"

ਇਸ ਤੇ ਲਾਨਤਿਨ ਮੁਸਕਰਾ ਦਿੰਦਾ ਤੇ ਕਹਿੰਦਾ, "ਮੇਰੀ ਜਾਨ! ਤੇਰਾ ਸ਼ੌਕ ਸੱਚੀਂ ਬਹੁਤ ਹੀ ਆਰਟਿਸਟਿਕ ਹੈ।"

ਜ਼ਿਆਦਾਤਰ ਆਥਣੇ ਜਦੋਂ ਦੋਵੇਂ ਅੰਗੀਠੀ ਨੇੜੇ ਬੈਠੇ ਗੱਪਾਂ ਮਾਰ ਰਹੇ ਹੁੰਦੇ, ਵਹੁਟੀ ਚਮੜੇ ਦਾ ਆਪਣਾ ਉਹ ਡੱਬਾ ਚਾਹ ਦੀ ਮੇਜ਼ ਤੇ ਲਿਆ ਰੱਖਦੀ ਜਿਸ ਵਿਚ ਲਾਨਤਿਨ ਦੇ ਕਹਿਣ ਅਨੁਸਾਰ 'ਕਬਾੜ' ਭਰਿਆ ਹੋਇਆ ਸੀ।

ਉਹ ਨਕਲੀ ਮੋਤੀਆਂ ਤੇ ਜਵਾਹਰਾਤਾਂ ਨੂੰ ਬੜੇ ਧਿਆਨ ਨਾਲ ਦੇਖਦੀ ਤੇ ਆਨੰਦ ਮਾਣਦੀ। ਕਈ ਵਾਰੀ ਉਹ ਆਪਣੇ ਪਤੀ ਦੇ ਗਲੇ 'ਚ ਮੋਤੀਆਂ ਦੀ ਮਾਲਾ ਪਾ ਕੇ ਉੱਚੀ ਉੱਚੀ ਹੱਸਦੇ ਹੋਏ ਖੱਪ ਪਾਉਂਦੀ, "ਤੂੰ ਤਾਂ ਇਕ ਚੰਗਾ ਖ਼ਾਸਾ ਮਸਖ਼ਰਾ ਵਿਖਾਈ ਪੈਂਦਾ ਐਂ।" ਫੇਰ ਉਹ ਆਪਣੇ ਆਪ ਨੂੰ ਆਪਣੇ ਪਤੀ ਦੀਆਂ ਬਾਹਾਂ ਵਿਚ ਸੁਟ ਦਿੰਦੀ ਤੇ ਬੜੇ ਪਿਆਰ ਨਾਲ ਉਸ ਦੀ ਪੱਪੀ ਲੈਂਦੀ।

ਸਰਦੀਆਂ ਦੀ ਇਕ ਆਥਣੇ ਉਹ ਇਕ ਸੰਗੀਤ-ਨਾਟਕ ਦੇਖਣ ਗਈ। ਅਗਲੇ ਵੇਲੇ ਉਸ ਨੂੰ ਬੜੇ ਜ਼ੋਰ ਦੀ ਠੰਢ ਲੱਗ ਗਈ। ਅਗਲੇ ਦਿਨ ਉਸ ਨੂੰ ਖੰਘ ਛਿੜ ਪਈ ਤੇ ਅੱਠ ਦਿਨਾਂ ਬਾਅਦ ਫੇਫੜਿਆਂ ਦੀ ਸੋਜ ਕਰ ਕੇ ਉਸ ਦੀ ਮੌਤ ਹੋ ਗਈ।

ਲਾਨਤਿਨ ਨੂੰ ਵਹੁਟੀ ਦੀ ਮੌਤ ਦਾ ਇੰਨਾ ਡੂੰਘਾ ਸਦਮਾ ਪੁੱਜਾ ਕਿ ਇਕ ਮਹੀਨੇ ਵਿਚ ਹੀ ਉਸ ਦੇ ਵਾਲ ਚਿੱਟੇ ਹੋ ਗਏ। ਉਹ ਲਗਾਤਾਰ ਰੋਂਦਾ ਰਹਿੰਦਾ। ਉਸ ਦਾ ਦਿਲ ਇਸ ਅਸਹਿ ਦੁਖ ਸਦਕਾ ਟੋਟੇ ਟੋਟੇ ਹੋ ਗਿਆ। ਵਹੁਟੀ ਦੀ ਯਾਦ-ਉਸ ਦੀ ਮੁਸਕਾਨ, ਉਸ ਦੀ ਅਵਾਜ਼ ਭਾਵ ਆਪਣੀ ਪਿਆਰੀ ਦੀ ਹਰ ਮਨਮੋਹਕ ਗੱਲ ਉਸ ਦੇ ਮਨ ਵਿਚ ਹਰ ਵੇਲੇ ਸਮਾਈ ਰਹਿੰਦੀ ।

ਸਮਾਂ ਹਰ ਇਕ ਜ਼ਖ਼ਮ ਨੂੰ ਚੰਗਾ ਕਰ ਦਿੰਦਾ ਹੈ, ਪਰ ਲਾਨਤਿਨ ਦੇ ਜ਼ਖ਼ਮ ਨੂੰ ਸਮਾਂ ਵੀ ਨਾ ਭਰ ਸਕਿਆ। ਅਕਸਰ ਦਫ਼ਤਰ ਵਿਚ ਆਪਣੇ ਸਾਥੀਆਂ ਨਾਲ ਕੰਮ ਕਰਦੇ ਕਰਦੇ ਉਸ ਦੀਆਂ ਅੱਖਾਂ ਵਿਚੋਂ ਪਾਣੀ ਵਗਣ ਲਗਦਾ ਤੇ ਉਹ ਫੁਟ ਫੁਟ ਕੇ ਰੋ ਪੈਂਦਾ। ਵਹੁਟੀ ਦੇ ਕਮਰੇ ਦੀ ਹਰ ਚੀਜ਼ ਨੂੰ ਉਸ ਨੇ ਉਸੇ ਤਰ੍ਹਾਂ ਰੱਖੀ ਰਖਿਆ ਜਿਵੇਂ ਮੌਤ ਤੋਂ ਪਹਿਲਾਂ ਪਈਆਂ ਸਨ। ਨਿੱਤ ਉਸ ਖ਼ੁਦ ਨੂੰ ਇਸ ਕਮਰੇ ਵਿਚ ਬੰਦ ਕਰ ਲੈਂਦਾ ਤੇ ਆਪਣੀ ਉਸ ਅਨਮੋਲ ਚੀਜ਼ ਬਾਰੇ ਜਿਹੜੀ ਉਸ ਦੀ ਜ਼ਿੰਦਗੀ ਦੀ ਖ਼ੁਸ਼ੀ ਸੀ, ਸਾਰ ਸੀ-ਸੋਚਦਾ ਰਹਿੰਦਾ।

ਪਰ ਥੋੜੇ ਦਿਨਾਂ ਪਿੱਛੋਂ ਉਸ ਨੂੰ ਬੜੀ ਔਖ ਹੋਣ ਲੱਗੀ। ਉਸ ਦੀ ਤਨਖ਼ਾਹ ਜਿਹੜੀ ਕਿ ਉਸ ਦੀ ਵਹੁਟੀ ਦੇ ਹੱਥੋਂ ਘਰ ਦੇ ਸਾਰੇ ਖ਼ਰਚਿਆਂ ਨੂੰ ਪੂਰਾ ਕਰਨ ਲਈ ਕਾਫ਼ੀ ਸੀ, ਹੁਣ ਉਸੇ ਤਨਖ਼ਾਹ ਨਾਲ ਸਾਧਾਰਨ ਲੋੜਾਂ ਵੀ ਪੂਰੀਆਂ ਨਹੀਂ ਹੁੰਦੀਆਂ ਸਨ। ਉਹ ਇਹ ਸੋਚ ਕੇ ਹੈਰਾਨ ਹੋ ਜਾਂਦਾ ਕਿ ਉਸ ਦੀ ਵਹੁਟੀ ਕਿਵੇਂ ਇੰਨੀ ਵਧੀਆ ਵਧੀਆ ਸ਼ਰਾਬਾਂ ਤੇ ਖਾਣ ਦੀਆਂ ਵਧੀਆ ਚੀਜ਼ਾਂ ਖ਼ਰੀਦ ਲੈਂਦੀ ਸੀ। ਆਪਣੀ ਥੋੜੀ ਜਿਹੀ ਤਨਖ਼ਾਹ ਨਾਲ ਉਹ ਹੁਣ ਇਹੋ ਜਿਹੀਆਂ ਚੀਜ਼ਾਂ ਖ਼ਰੀਦਨ ਵਿਚ ਬਿਲਕੁਲ ਅਸਮਰਥ ਸੀ।

ਫੇਰ ਉਸ ਨੇ ਕਰਜ਼ੇ ਲੈਣੇ ਸ਼ੁਰੂ ਕਰ ਦਿੱਤੇ ਤੇ ਹੁਣ ਉਸ ਦੀ ਹਾਲਤ ਬਿਲਕੁਲ ਗ਼ਰੀਬਾਂ ਵਾਂਗ ਹੋ ਗਈ। ਇਕ ਦਿਨ ਸਵੇਰੇ ਜਦੋਂ ਉਸ ਦੀ ਜੇਬ ਵਿਚ ਇਕ ਵੀ ਪੈਸਾ ਨਹੀਂ ਸੀ ਤਾਂ ਉਸ ਨੇ ਘਰ ਦੀਆਂ ਕੁਝ ਚੀਜ਼ਾਂ ਵੇਚਣ ਦਾ ਫ਼ੈਸਲਾ ਕੀਤਾ ਤੇ ਤਦੇ ਹੀ ਉਸ ਦੇ ਮਨ ਵਿਚ ਆਪਣੀ ਸਵਰਗੀ ਵਹੁਟੀ ਦੇ ਨਕਲੀ ਗਹਿਣੇ ਤੇ ਹੀਰੇ ਮੋਤੀ ਵੇਚਣ ਦਾ ਹੀ ਫੁਰਨਾ ਫੁਰਿਆ। ਉਹ ਜਦੋਂ ਇਨ੍ਹਾਂ ਨੂੰ ਦੇਖਦਾ ਸੀ ਤਾਂ ਆਪਣੀ ਪਿਆਰੀ ਦੀ ਯਾਦ ਆਉਣ ਤੇ ਉਸ ਦਾ ਜੀਅ ਖ਼ਰਾਬ ਹੋਣ ਲੱਗਦਾ।

ਆਪਣੀ ਜ਼ਿੰਦਗੀ ਦੇ ਆਖ਼ਰੀ ਦਿਨਾਂ ਤੱਕ ਉਸ ਦੀ ਵਹੁਟੀ ਨਿੱਤ ਨਵੇਂ ਨਵੇਂ ਗਹਿਣੇ ਖ਼ਰੀਦ ਕੇ ਘਰ ਮੁੜਦੀ ਲਾਨਤਿਨ ਨੇ ਉਹ ਭਾਰੀ ਹਾਰ ਵੇਚਣ ਦਾ ਫ਼ੈਸਲਾ ਕੀਤਾ ਜਿਸ ਨੂੰ ਉਸ ਦੀ ਵਹੁਟੀ ਸਾਰਿਆਂ



ਨਾਲੋਂ ਜ਼ਿਆਦਾ ਪਸੰਦ ਕਰਦੀ ਸੀ। ਲਾਨਤਿਨ ਨੇ ਹਾਰ ਦੇ ਮੁੱਲ ਦਾ ਅੰਦਾਜ਼ਾ ਛੇ ਜਾਂ ਸੱਤ ਫ਼ਰਾਂਕ ਲਾਇਆ। ਸਨ ਤਾਂ ਉਹ ਨਕਲੀ ਨਗ, ਪਰ ਬਣੇ ਹੋਏ ਬਹੁਤ ਸੋਹਣੇ ਸਨ।

ਉਸ ਨੇ ਹਾਰ ਨੂੰ ਜੇਬ ਵਿਚ ਰੱਖਿਆ ਤੇ ਕਿਸੇ ਸਰਾਫ਼ ਦੀ ਦੁਕਾਨ ਦੀ ਭਾਲ ਵਿਚ ਘਰੋਂ ਨਿਕਲ ਪਿਆ। ਬਾਜ਼ਾਰ ਵਿਚ ਸਾਰਿਆਂ ਨਾਲੋਂ ਪਹਿਲੀ ਦੁਕਾਨ ਜਿਹੜੀ ਉਸ ਨੂੰ ਨਜ਼ਰ ਪਈ ਉਹ ਉਸੇ ਵਿਚ ਘੁਸ ਗਿਆ।

ਇਸ ਵੇਲੇ ਉਸ ਨੂੰ ਆਪਣੀ ਗ਼ਰੀਬੀ ਪ੍ਰਗਟ ਕਰਨ ਤੇ ਇਕ ਫ਼ਾਲਤੂ ਜਿਹੀ ਚੀਜ਼ ਵੇਚਣ ਤੇ ਬੜੀ ਸ਼ਰਮ ਆ ਰਹੀ ਸੀ।

"ਸ਼੍ਰੀ ਮਾਨ ਜੀ!" ਉਸ ਨੇ ਦੁਕਾਨਦਾਰ ਨੂੰ ਪੁੱਛਿਆ, "ਕੀ ਤੁਸੀਂ ਦਸ ਸਕੋਗੇ ਕਿ ਇਹ ਕਿੰਨੇ ਕੁ ਦਾ ਹੋਵੇਗਾ?"

ਦੁਕਾਨਦਾਰ ਨੇ ਹਾਰ ਨੂੰ ਆਪਣੇ ਹੱਥ ਵਿਚ ਲੀਤਾ, ਉਸ ਨੂੰ ਧਿਆਨ ਨਾਲ ਵੇਖਿਆ, ਫੇਰ ਆਪਣੇ ਮੁਲਾਜ਼ਮ ਨਾਲ ਹੌਲੀ ਹੌਲੀ ਗੱਲ ਬਾਤ ਕੀਤੀ। ਤੇ ਹਾਰ ਨੂੰ ਮੇਜ਼ ਤੇ ਰੱਖ ਕੇ ਉਸ ਨੂੰ ਪਰਖਣ ਲੱਗਿਆ।

ਲਾਨਤਿਨ ਇਸ ਲੰਬੇ ਚੌੜੇ ਪਰਖਣ ਤੇ ਖਿਝ ਪਿਆ। ਉਹ ਕਹਿਣ ਹੀ ਲੱਗਾ ਸੀ, "ਓਹ ! ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਇਸ ਦੀ ਕੋਈ ਖ਼ਾਸ ਕੀਮਤ ਨਹੀਂ ਹੈ।" ਪਰ ਇੰਨੇ ਵਿਚ ਸਰਾਫ਼ ਨੇ ਕਿਹਾ, "ਸ਼੍ਰੀਮਾਨ ਜੀ! ਇਹ ਹਾਰ ਬਾਰਾਂ ਤੋਂ ਪੰਦਰਾਂ ਹਜ਼ਾਰ ਫ਼ਰਾਂਕ ਤੱਕ ਦੀ ਕੀਮਤ ਦਾ ਹੈ। ਪਰ ਮੈਂ ਤਦ ਤਕ ਇਸ ਨੂੰ ਨਹੀਂ ਖ਼ਰੀਦ ਸਕਾਂਗਾ ਜਦ ਤੱਕ ਤੁਸੀਂ ਇਹ ਨਾ ਦੱਸੋ ਕਿ ਇਹ ਤੁਹਾਨੂੰ ਕਿਥੋਂ ਮਿਲਿਆ ਹੈ।"

ਲਾਨਤਿਨ ਦੀਆਂ ਅੱਖਾਂ ਪਾਟਣ ਨੂੰ ਆ ਗਈਆਂ ਤੇ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ। ਉਸ ਨੂੰ ਜਿਵੇਂ ਸਰਾਫ਼ ਦੀ ਗੱਲ ਸਮਝ ਨਾ ਪਈ ਹੋਵੇ। ਕੁਝ ਪਲਾਂ ਬਾਅਦ ਉਸ ਨੇ ਬੁੜਬੁੜਾਂਦੇ ਹੋਏ ਕਿਹਾ, "ਤੁਸੀਂ ਜੋ ਕਹਿ ਰਹੇ ਹੋ ਕੀ ਤੁਸੀਂ ਪੂਰੇ ਯਕੀਨ ਨਾਲ ਕਹਿ ਰਹੇ ਹੋ?" ਦੁਕਾਨਦਾਰ ਨੇ ਰਤਾ ਰੁੱਖਾਈ ਨਾਲ ਜਵਾਬ ਦਿੱਤਾ, "ਤੁਸੀਂ ਦੂਜੀਆਂ ਦੁਕਾਨਾਂ ਤੋਂ ਪੁੱਛ ਸਕਦੇ ਹੋ। ਮੇਰੇ ਖ਼ਿਆਲ ਵਿਚ ਇਨ੍ਹਾਂ ਦਾ ਪੰਦਰਾਂ ਹਜ਼ਾਰ ਤੋਂ ਵਧ ਕੋਈ ਨਹੀਂ ਦੇਵੇਗਾ। ਜੇ ਤੁਹਾਨੂੰ ਇਸ ਤੋਂ ਜ਼ਿਆਦਾ ਨਾ ਮਿਲਣ ਤਾਂ ਮੁੜ ਇਥੇ ਹੀ ਪਧਾਰਨ ਦੀ ਖੇਚਲ ਕਰਨਾ।"

ਲਾਨਤਿਨ ਹੈਰਾਨ ਹੁੰਦੇ ਹੋਏ ਹਾਰ ਚੁੱਕ ਕੇ ਦੁਕਾਨ ਤੋਂ ਬਾਹਰ ਨਿਕਲ ਆਇਆ। ਉਹ ਸੋਚਣ ਲਈ ਥੋੜਾ ਸਮਾਂ ਚਾਹੁੰਦਾ ਸੀ।

ਦੁਕਾਨ ਤੋਂ ਬਾਹਰ ਨਿਕਲ ਕੇ ਇਕ ਵਾਰੀ ਉਹ ਮਨ ਵਿਚ ਹੱਸਿਆ, ਉਸ ਨੇ ਜਿਵੇਂ ਖ਼ੁਦ ਨੂੰ ਹੀ ਕਿਹਾ, "ਬੇਵਕੂਫ਼ ਕਿਤੋਂ ਦਾ! ਜੇ ਮੈਂ ਉਸ ਦੀ ਗੱਲ ਫੜ ਲੈਂਦਾ ਤਾਂ। ਇਹ ਸਰਾਫ਼ ਅਸਲ ਤੇ ਨਕਲੀ ਨਗਾਂ ਦੀ ਪਛਾਣ ਵੀ ਨਹੀਂ ਕਰ ਸਕਦਾ। ਹੂੰ!"

ਥੋੜੀ ਦੇਰ ਬਾਅਦ ਉਹ ਇਕ ਦੂਜੇ ਬਾਜ਼ਾਰ ਵਿਚ ਪਹੁੰਚਿਆ ਅਤੇ ਇਕ ਸਰਾਫ਼ ਦੀ ਦੁਕਾਨ ਵਿਚ ਵੜ ਗਿਆ। ਦੁਕਾਨਦਾਰ ਹਾਰ ਨੂੰ ਵੇਖਦੇ ਹੀ ਚੀਖ਼ ਪਿਆ,

"ਵਾਹ! ਮੈਂ ਇਸ ਹਾਰ ਨੂੰ ਚੰਗੀ ਤਰ੍ਹਾਂ ਪਛਾਣਦਾ ਹਾਂ। ਸਾਡੀ ਹੀ ਦੁਕਾਨ ਤੋਂ ਇਹ ਖ਼ਰੀਦਿਆਂ ਗਿਆ ਸੀ।"

ਲਾਨਤਿਨ ਨੇ ਰਤਾ ਘਾਬਰ ਕੇ ਪੁੱਛਿਆ, "ਇਹ ਕਿੰਨੇ ਕੁ ਦਾ ਹੋਵੇਗਾ?"

"ਮੈਂ ਇਸ ਨੂੰ ਵੀਹ ਹਜ਼ਾਰ ਫ਼ਰਾਂਕ ਵਿਚ ਵੇਚਿਆ ਸੀ। ਮੈਂ ਇਸ ਨੂੰ ਮੁੜ ਅਠਾਰਾ ਹਜ਼ਾਰ ਵਿਚ ਲੈਣ ਲਈ ਤਿਆਰ ਹਾਂ। ਹਾਂ ਕਾਨੂੰਨੀ ਕਾਰਵਾਈ ਪੂਰੀ ਕਰਨ ਲਈ ਤੁਹਾਨੂੰ ਇਹ ਜ਼ਰੂਰ ਦਸਣਾ ਪਵੇਗਾ ਕਿ ਇਹ ਤੁਹਾਨੂੰ ਕਿਵੇਂ ਤੇ ਕਿਥੋਂ ਮਿਲਿਆ।"

ਇਸ ਤੇ ਲਾਨਤਿਨ ਹੈਰਾਨ ਰਹਿ ਗਿਆ। ਕੁਝ ਪਲਾਂ ਬਾਅਦ ਉਸ ਨੇ ਰੁਕ ਰੁਕ ਕੇ ਕਿਹਾ, "ਪਰ...ਪਰ... ਤੁਸੀਂ ਇਸ ਨੂੰ ਚੰਗੀ ਤਰ੍ਹਾਂ ਵੇਖੋ। ਹੁਣ ਤੱਕ ਮੈਂ ਇਸ ਸਮਝ ਰਿਹਾ ਸਾਂ ਕਿ ਇਹ ਨਗ ਸ਼ੀਸ਼ੇ ਦੇ ਹਨ।"

ਸਰਾਫ਼ ਨੇ ਪੁੱਛਿਆ, "ਤੁਹਾਡਾ ਨਾਂ ਕੀ ਹੈ, ਸ਼੍ਰੀਮਾਨ ਜੀ?"

"ਲਾਨਤਿਨ... ਮੈਂ ਘਰੇਲੂ ਮੰਤਰੀ ਦੇ ਦਫ਼ਤਰ ਵਿਚ ਕੰਮ ਕਰਦਾ ਹਾਂ ਤੇ ਰੂ-ਦਿ ਮਾਰਤਿਰ ਗਲੀ ਨੇ

16 ਨੰਬਰ ਮਕਾਨ ਵਿਚ ਰਹਿੰਦਾ ਹਾਂ।"

ਦੁਕਾਨਦਾਰ ਨੇ ਆਪਣਾ ਖਾਤਾ ਦੇਖਿਆ, ਉਸ ਨੂੰ ਨਾਂ ਲੱਭ ਗਿਆ। ਤਦ ਉਸ ਨੇ ਕਿਹਾ, "ਇਹ ਹਾਰ ਸ਼੍ਰੀਮਤੀ ਲਾਨਤਿਨ ਦੇ ਪਤੇ ਤੇ ਨੰਬਰ 16 ਰੂ-ਦਿ-ਮਾਰਤਿਰ 20 ਜੁਲਾਈ, 1876 ਨੂੰ ਭੇਜਿਆ ਗਿਆ ਸੀ।"

ਦੋਨਾਂ ਨੇ ਇਕ ਦੂਜੇ ਵੱਲ ਦੇਖਿਆ-ਦੁਖੀ ਪਤੀ ਹੈਰਾਨ ਸੀ ਅਤੇ ਦੁਕਾਨਦਾਰ ਉਸ ਤੇ ਚੋਰ ਉਚੱਕਾ ਹੋਣ ਦਾ ਸ਼ਕ ਕਰ ਰਿਹਾ ਸੀ। ਅਖ਼ੀਰ ਦੁਕਾਨਦਾਰ ਨੇ ਚੁੱਪ ਤੋੜਦੇ ਹੋਏ ਕਿਹਾ, "ਕੀ ਤੁਸੀਂ ਇਸ ਹਾਰ ਨੂੰ ਚੌਵੀ ਘੰਟਿਆਂ ਲਈ ਮੇਰੀ ਦੁਕਾਨ ਵਿਚ ਛੱਡ ਸਕਦੇ ਹੋ? ਮੈਂ ਤੁਹਾਨੂੰ ਇਸ ਦੀ ਰਸੀਦ ਦਵਾਂਗਾ।"

"ਜ਼ਰੂਰ।" ਲਾਨਤਿਨ ਦੇ ਜਵਾਬ ਦਿੱਤਾ ਤੇ ਰਸੀਦ ਜੇਬ ਵਿਚ ਪਾ ਕੇ ਉਹ ਦੁਕਾਨ ਤੋਂ ਬਾਹਰ ਨਿਕਲ ਆਇਆ।

ਉਹ ਗਲੀਆਂ ਬਾਜ਼ਾਰਾਂ ਵਿਚ ਆਵਾਰਾ-ਗਰਦੀ ਕਰਦਾ ਰਿਹਾ। ਇਕ ਭਿਆਨਕ ਉਥੱਲ ਪੁੱਥਲ ਉਸ ਦੇ ਮਨ ਵਿਚ ਹੋ ਰਹੀ ਸੀ। ਉਹ ਦਲੀਲਾਂ ਦਾ ਸਹਾਰਾ ਲੈ ਕੇ ਮਨ ਵਿਚ ਤਹਿ ਤੱਕ ਪੁੱਜਣ ਦੀ ਕੋਸ਼ਿਸ਼ ਕਰਨ ਲੱਗਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸ ਨੇ ਆਪਣੇ ਰੁਪਿਆਂ ਨਾਲ ਇਹ ਮਹਿੰਗਾ ਹਾਰ ਨਹੀਂ ਖ਼ਰੀਦਿਆਂ ਹੋਣਾ। ਕਦੇ ਨਹੀਂ। ਤਾਂ ਫਿਰ ਇਹ ਕਿਸੇ ਦੀ ਭੇਟ ਹੋਵੇਗੀ! ਤੋਹਫ਼ਾ! ਪਰ ਕਿਸ ਦਾ ਤੋਹਫ਼ਾ! ਅਤੇ ਕਿਉਂ ਦਿੱਤਾ ਗਿਆ?

ਉਹ ਇਕ ਦਮ ਸੜਕ ਦੇ ਵਿਚਾਲੇ ਖਲੋ ਗਿਆ। ਇਕ ਸ਼ਕ ਉਸ ਦੇ ਮਨ ਵਿਚ ਉਭਰਿਆ। ਆਹ? ਤਾਂ ਫੇਰ ਹੋਰ ਸਾਰੇ ਗਹਿਣੇ ਵੀ ਤੋਹਫ਼ੇ ਹੀ ਹੋਣਗੇ! ਉਸ ਨੂੰ ਲਗਿਆ ਜਿਵੇਂ ਜ਼ਮੀਨ ਉਸ ਦੇ ਪੈਰਾਂ ਹੇਠੋਂ ਖਿਸਕ ਰਹੀ ਹੈ ਤੇ ਸਾਹਮਣੇ ਵਾਲੇ ਦਰਖ਼ਤ ਘੁੰਮ ਰਹੇ ਹਨ। ਆਪਣੇ ਹੱਥ ਉਤੇ ਚੁਕ ਕੇ ਉਹ ਬੇਹੋਸ਼ੀ ਦੀ ਹਾਲਤ ਵਿਚ ਜ਼ਮੀਨ ਤੇ ਡਿੱਗ ਪਿਆ। ਸੜਕ ਤੇ ਆਉਂਦੇ ਜਾਂਦੇ ਲੋਕਾਂ ਨੇ ਉਸ ਨੂੰ ਚੁੱਕ ਕੇ ਡਾਕਟਰ ਦੀ ਦੁਕਾਨ ਤੇ ਪੁਚਾ ਦਿੱਤਾ ਜਿਥੇ ਉਸ ਨੂੰ ਸੁਰਤ ਆਈ। ਉਥੋਂ ਉਹ ਆਪਣੇ ਘਰ ਚਲਿਆ ਗਿਆ। ਘਰ ਜਾ ਕੇ ਆਪਣੇ ਆਪ ਨੂੰ ਕਮਰੇ ਵਿਚ ਬੰਦ ਕਰ ਲੀਤਾ ਤੇ ਰਾਤ ਹੋਣ ਤੱਕ ਫੁਟ ਫੁਟ ਕੇ ਰੋਂਦਾ ਰਿਹਾ। ਅਖ਼ੀਰ ਹਾਰ-ਥੱਕ ਕੇ ਬਿਸਤਰੇ ਤੇ ਲੇਟ ਗਿਆ ਅਤੇ ਬੇਚੈਨੀ ਤੇ ਮਾਨਸਿਕ ਤਨਾਉ ਦੀ ਹਾਲਤ ਵਿਚ ਔਖਿਆਂ ਸੌਖਿਆ ਰਾਤ ਕੱਟੀ।

ਅਗਲੇ ਦਿਨ ਸਵੇਰੇ ਉੱਠ ਕੇ ਉਹ ਦਫ਼ਤਰ ਜਾਣ ਲਈ ਤਿਆਰ ਹੋਣ ਲੱਗਾ। ਪਰ ਇੰਨਾ ਡੂੰਘਾ ਸਦਮਾ ਲੱਗਣ ਤੇ ਦਫ਼ਤਰ ਜਾਣਾ ਵੀ ਔਖਾ ਸੀ। ਉਸ ਨੇ ਛੱਟੀ ਲਈ ਅਰਜ਼ੀ ਭੇਜ ਦਿੱਤੀ। ਫਿਰ ਉਸ ਨੂੰ ਯਾਦ ਆਇਆ ਕਿ ਉਸ ਨੇ ਸਰਾਫ਼ ਦੀ ਦੁਕਾਨ ਤੇ ਵੀ ਜਾਣਾ ਹੈ। ਉਸ ਨੂੰ ਇਹ ਕੰਮ ਚੰਗਾ ਨਹੀਂ ਲੱਗ ਰਿਹਾ ਸੀ, ਪਰ ਹਾਰ ਨੂੰ ਦੁਕਾਨ ਤੇ ਵੀ ਨਹੀਂ ਛੱਡਿਆ ਜਾ ਸਕਦਾ। ਇਸ ਲਈ ਕਪੜੇ ਪਾ ਕੇ ਉਹ ਘਰੋਂ ਨਿਕਲ ਪਿਆ।

ਦਿਨ ਬੜਾ ਸੁਹਾਣਾ ਸੀ, ਸਾਫ਼ ਨੀਲੇ ਆਕਾਸ਼ ਹੇਠਾਂ ਸ਼ਹਿਰ ਮੁਸਕਰਾ ਰਿਹਾ ਸੀ, ਅਤੇ ਵਿਹਲੜ ਲੋਕ ਜੇਬਾਂ ਵਿਚ ਹੱਥ ਪਾਏ ਇਧਰ ਉਧਰ ਘੁੰਮ ਰਹੇ ਸਨ।

ਉਨ੍ਹਾਂ ਨੂੰ ਦੇਖ ਕੇ ਲਾਨਤਿਨ ਸੋਚਣ ਲੱਗਾ, "ਅਮੀਰ ਲੋਕ ਸੱਚੀ ਮੁੱਚੀਂ ਬੜੇ ਸੁਖੀ ਹੁੰਦੇ ਨੇ। ਜੇ ਆਦਮੀ ਕੋਲ ਰੁਪਿਆ ਹੋਵੇ ਤਾਂ ਵੱਡੇ ਤੋਂ ਵੱਡਾ ਦੁੱਖ ਭੁਲਾਇਆ ਜਾ ਸਕਦਾ ਹੈ। ਬੰਦਾ ਜਿਥੇ ਚਾਹੇ ਜਾ ਸਕਦਾ ਹੈ- ਦੁੱਖ ਨੂੰ ਭੁਲਾਉਣ ਦਾ ਸਾਰਿਆਂ ਤੋਂ ਆਸਾਨ ਤਰੀਕਾ। ਕਾਸ਼! ਮੈਂ ਵੀ ਅਮੀਰ ਹੁੰਦਾ!"

ਉਸ ਨੂੰ ਭੁੱਖ ਲੱਗੀ, ਪਰ ਜੇਬ ਖ਼ਾਲੀ ਸੀ। ਉਸ ਨੂੰ ਮੁੜ ਹਾਰ ਦੀ ਯਾਦ ਆਈ। ਅਠਾਰਾਂ ਹਜ਼ਾਰ ਫ਼ਰਾਂਕ! ਅਠਾਰਾਂ ਹਜ਼ਾਰ! ਵਾਹ! ਕਿੰਨੀ ਵੱਡੀ ਰਕਮ!

ਉਹ ਥੋੜੀ ਦੇਰ ਵਿਚ ਹੀ ਰੂ-ਦਿਲਾ-ਪਾਇ ਬਾਜ਼ਾਰ ਵਿਚ ਪਹੁੰਚ ਗਿਆ। ਅਠਾਰਾਂ ਹਜ਼ਾਰ ਫ਼ਰਾਂਕ! ਉਸ ਨੇ ਵੀਹ ਵਾਰੀ ਦੁਕਾਨ ਅੰਦਰ ਜਾਣ ਦਾ ਇਰਾਦਾ ਕੀਤਾ, ਪਰ ਸ਼ਰਮ ਤੇ ਸੰਗ ਕਰ ਕੇ ਰੁਕ ਜਾਂਦਾ। ਪਰ ਉਸ ਨੂੰ ਜੋਰਾਂ ਦੀ ਭੁੱਖ ਲੱਗੀ ਹੋਈ ਸੀ-ਕੜਾਕੇ ਦੀ ਭੁੱਖ ਅਤੇ ਉਸ ਦੀ ਜੇਬ ਵਿਚ ਇਸ ਵੇਲੇ ਇਕ ਖੋਟਾ ਪੈਸਾ ਵੀ ਨਹੀਂ ਸੀ। ਉਸ ਨੇ ਇਕ ਦਮ ਫ਼ੈਸਲਾ ਕੀਤਾ ਤੇ ਨੱਠ ਕੇ ਸੜਕ ਪਾਰ ਕਰਨ ਲੱਗਾ ਅਤੇ ਸਿੱਧਾ



ਦੁਕਾਨ ਵਿਚ ਘੁਸ ਗਿਆ।

ਦੁਕਾਨਦਾਰ ਨੇ ਤਦੇ ਸਾਹਮਣੇ ਆ ਕੇ ਉਸ ਨੂੰ ਕੁਰਸੀ ਪੇਸ਼ ਕੀਤੀ ਅਤੇ ਕਿਹਾ, "ਸ਼੍ਰੀ ਮਾਨ ਲਾਨਤਿਨ ਸਾਹਿਬ! ਮੈਂ ਪੁੱਛ ਗਿੱਛ ਕਰ ਲਈ ਹੈ, ਅਤੇ ਜੇ ਹੁਣ ਵੀ ਤੁਸੀਂ ਹਾਰ ਵੇਚਣਾ ਚਾਹੁੰਦੇ ਹੋ ਤਾਂ ਮੈਂ ਤੁਹਾਨੂੰ ਅਠਾਰਾਂ ਹਜ਼ਾਰ ਫ਼ਰਾਂਕ ਹੁਣੇ ਨਕਦ ਦੇ ਸਕਦਾ ਹਾਂ।"

"ਜ਼ਰੂਰ!" ਲਾਨਤਿਨ ਨੇ ਬੁੜਬੁੜਾਂਦੇ ਹੋਏ ਕਿਹਾ।

ਇਸ ਤੇ ਦੁਕਾਨਦਾਰ ਨੇ ਇਕ ਦਰਾਜ਼ ਖੋਲੀ ਤੇ ਉਸ ਵਿੱਚੋਂ ਨੋਟ ਕੱਢ ਕੇ ਗਿਣ ਕੇ ਅਠਾਰਾਂ ਨੋਟ ਲਾਨਤਿਨ ਦੇ ਹਵਾਲੇ ਕਰ ਦਿੱਤੇ। ਲਾਨਤਿਨ ਨੇ ਰਸੀਦ ਤੇ ਦਸਖ਼ਤ ਕੀਤੇ ਤੇ ਕੰਬਦੇ ਹੱਥਾਂ ਨਾਲ ਨੋਟ ਜੇਬ ਵਿਚ ਤੁੰਨ ਲੀਤੇ।

ਲਾਨਤਿਨ ਦੁਕਾਨ ਤੋਂ ਬਾਹਰ ਨਿਕਲਣ ਹੀ ਲੱਗਾ ਸੀ ਕਿ ਉਹ ਮੁੜ ਕੇ ਦੁਕਾਨਦਾਰ ਵਲ ਅੱਖਾਂ ਨਿਵਾ ਕੇ ਪੁੱਛਣ ਲੱਗਾ, "ਮੇਰੇ ਕੋਲ... ਮੇਰੇ ਕੋਲ ਹੋਰ ਵੀ ਜਵਾਹਰਾਤ ਤੇ ਗਹਿਣੇ ਹਨ, ਜਿਹੜੇ ਮੈਨੂੰ ਇੰਜ ਹੀ ਮਿਲੇ ਹਨ। ਕੀ ਤੁਸੀਂ ਉਨ੍ਹਾਂ ਨੂੰ ਵੀ ਖ਼ਰੀਦਣਾ ਚਾਹੋਗੇ?"

ਦੁਕਾਨਦਾਰ ਨੇ ਝੁਕਦੇ ਹੋਏ ਜਵਾਬ ਦਿੱਤਾ, "ਜ਼ਰੂਰ, ਸ਼੍ਰੀਮਾਨ ਜੀ! ਬੜੀ ਖੁਸ਼ੀ ਹੋਏਗੀ ਸਾਨੂੰ!"

ਲਾਨਤਿਨ ਨੇ ਕਿਹਾ, "ਮੈਂ ਹੁਣੇ ਉਹ ਤੁਹਾਡੇ ਕੋਲ ਲਿਆਵਾਂਗਾ।" ਤੇ ਇਕ ਘੰਟੇ ਵਿਚ ਹੀ ਉਹ ਗਹਿਣੇ ਤੇ ਜਵਾਹਰਾਤ ਲੈ ਕੇ ਦੁਕਾਨ ਤੇ ਮੁੜਿਆ।

ਹੀਰੇ ਦੇ ਵੱਡੇ ਵੱਡੇ ਕਾਂਟੇ ਵੀਹ ਹਜ਼ਾਰ ਫ਼ਰਾਂਕ ਦੇ, ਚੂੜੀਆਂ ਪੈਂਤੀ ਹਜ਼ਾਰ ਦੀਆਂ, ਸੋਨੇ ਦੀ ਇਕ ਜ਼ੰਜੀਰੀ ਜਿਸ ਦੇ ਪੈਂਡਲ ਵਿਚ ਇਕ ਰਤਨ ਜੜਿਆ ਹੋਇਆ ਸੀ, ਚਾਲ੍ਹੀ ਹਜ਼ਾਰ ਦੀ-ਕੁਲ ਮਿਲਾ ਕੇ ਸਾਰੇ ਗਹਿਣੇ ਇਕ ਲੱਖ ਤਰਤਾਲੀ ਹਜ਼ਾਰ ਫ਼ਰਾਂਕ ਦੇ ਹੋਏ।

ਸਰਾਫ਼ ਨੇ ਮਜ਼ਾਕ ਵਿਚ ਕਿਹਾ, "ਇਕ ਬੰਦਾ ਸੀ ਜਿਸ ਨੇ ਆਪਣੀ ਸਾਰੀ ਤਨਖ਼ਾਹ ਕੀਮਤੀ ਪੱਥਰਾਂ ਤੇ ਲਾ ਦਿੱਤੀ ਸੀ।"

ਲਾਨਤਿਨ ਨੇ ਗੰਭੀਰ ਹੋ ਕੇ ਜਵਾਬ ਦਿੱਤਾ, "ਇਹ ਵੀ ਆਪਣੇ ਪੈਸਿਆਂ ਨੂੰ ਸੰਭਾਲ ਕੇ ਰੱਖਣ ਦਾ ਢੰਗ ਹੈ।"

ਉਸ ਦਿਨ ਲਾਨਤਿਨ ਨੇ ਵੋਇਜਿਨ ਹੋਟਲ ਵਿਚ ਦੁਪਹਿਰ ਦਾ ਖਾਣਾ ਖਾਧਾ ਤੇ ਵੀਹ ਫ਼ਰਾਂਕ ਦੀ ਬੋਤਲ ਵਾਲੀ ਸ਼ਰਾਬ ਪੀਤੀ। ਫਿਰ ਇਕ ਗੱਡੀ ਕਿਰਾਏ ਤੇ ਲਈ ਤੇ ਵਿਹਲੜ ਲੋਕਾਂ ਦੇ ਗਰੁੱਪਾਂ ਨੂੰ ਜਿਹੜੇ ਬਾਜ਼ਾਰ ਵਿਚ ਜਾਉਂ ਥਾਉਂ ਤੇ ਖੜੇ ਸਨ, ਘਿਰਣਾ ਭਰੇ ਅੰਦਾਜ਼ ਵਿਚ ਉਨ੍ਹਾਂ ਨੂੰ ਚੀਖ਼ ਚੀਖ਼ ਕੇ ਕਹਿਣ ਲੱਗਾ, "ਮੈਂ ਵੀ ਅਮੀਰ ਹਾਂ! ਮੇਰੇ ਕੋਲ ਦੋ ਲੱਖ ਫ਼ਰਾਂਕ ਹਨ।"

ਫਿਰ ਤਦੇ ਉਸ ਨੂੰ ਆਪਣੇ ਅਫ਼ਸਰਾਂ ਦਾ ਖ਼ਿਆਲ ਆਇਆ। ਉਹ ਗੱਡੀ ਨੂੰ ਦਫ਼ਤਰ ਵਿਚ ਲੈ ਗਿਆ ਤੇ ਖ਼ੁਸ਼ੀ ਨਾਲ ਦਫ਼ਤਰ ਵਿਚ ਜਾ ਕੇ ਕਹਿਣ ਲੱਗਾ, "ਮੈਂ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਆਇਆ ਹਾਂ। ਮੈਨੂੰ ਹੁਣੇ ਹੁਣੇ ਤਿੰਨ ਲੱਖ ਫ਼ਰਾਂਕ ਜਾਇਦਾਦ ਵਿਚ ਮਿਲੇ ਹਨ।"

ਫਿਰ ਉਸ ਨੇ ਆਪਣੇ ਪੁਰਾਣੇ ਦੋਸਤਾਂ ਨਾਲ ਹੱਥ ਮਿਲਾਇਆ ਤੇ ਆਪਣੀਆਂ ਕੁਝ ਯੋਜਨਾਵਾਂ ਬਾਰੇ ਦੱਸਿਆ। ਫੇਰ ਆਥਣ ਦਾ ਖਾਣਾ ਖਾਣ ਲਈ ਇਕ ਕੈਫ਼ੇ ਵਿਚ ਚਲਿਆ ਗਿਆ।

ਕੈਫ਼ੇ ਵਿਚ ਇਕ ਰੱਜੇ ਪੁੱਜੇ ਸੇਠ ਦੀ ਬਗਲ ਵਿਚ ਬੈਠ ਗਿਆ। ਤੇ ਜਿਵੇਂ ਉਸ ਨੂੰ ਆਪਣਾ ਭੇਦ ਦਸਦੇ ਹੋਏ ਕਿਹਾ, "ਮੈਨੂੰ ਹੁਣੇ ਹੁਣੇ ਚਾਰ ਲੱਖ ਫ਼ਰਾਂਕ ਵਿਰਾਸਤ ਵਿਚ ਮਿਲੇ ਹਨ।"

ਅੱਜ ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰੀ ਉਸ ਨੂੰ ਥੀਏਟਰ ਵੇਖਦੇ ਹੋਏ ਅਕੇਵਾਂ ਮਹਿਸੂਸ ਨਾ ਹੋਇਆ।

ਛੇ ਮਹੀਨਿਆਂ ਬਾਅਦ ਉਸ ਨੇ ਦੂਜਾ ਵਿਆਹ ਕਰਵਾ ਲਿਆ। ਉਸ ਦੀ ਨਵੀਂ ਵਹੁਟੀ ਬਹੁਤ ਉੱਚੇ ਚਰਿੱਤਰ ਦੀ ਤੀਵੀਂ ਸੀ, ਪਰ ਉਸ ਦਾ ਮਿਜ਼ਾਜ ਬੜਾ ਤੇਜ਼ ਸੀ। ਉਸ ਨੇ ਲਾਨਤਿਨ ਨੂੰ ਬਹੁਤ ਦੁਖ ਦਿੱਤਾ।

**ਅਨੁ. ਸਰੋਜ**

## ਨਾਵਲ ਦਾ ਕਾਂਡ / ਤੀਵੀਂਆਂ / ਪਰਗਟ ਸਿੰਘ ਸਤੌਜ

ਰਾਜੂ ਨੂੰ ਗੱਗੜਪੁਰ ਆਏ ਨੂੰ ਪੰਦਰਾਂ ਦਿਨ ਹੋ ਗਏ ਸਨ। ਉਸਦੀ ਲੱਤ ਦੀ ਤਕਲੀਫ਼ ਵੀ ਪਹਿਲਾਂ ਨਾਲੋਂ ਘਟ ਗਈ ਸੀ। ਉਹ ਸੋਟੀ ਦੇ ਸਹਾਰੇ ਚੌਂਕੜੀ ਤੱਕ ਆ ਜਾਂਦਾ ਸੀ। ਚੌਂਕੜੀ ਤੇ ਆ ਕੇ ਉਸਦੀ ਅੰਦਰਲੀ ਬੇਚੈਨੀ ਘਟਦੀ ਨਹੀਂ ਸੀ ਸਗੋਂ ਅੱਗ ਉੱਤੇ ਤੇਲ ਪਾਉਣ ਵਾਂਗ ਹੋਰ ਮੱਚ ਪੈਂਦੀ। ਕਈ ਤਾਂ ਉਸਦਾ ਦੁੱਖ-ਸੁੱਖ ਸੁਣਨ ਦੀ ਵਜਾਏ ਉਸਦੇ ਟਕੋਰਾਂ ਲਾਉਂਦੇ, ਝਹੇਡਾਂ ਕਰਦੇ। ਉਹ ਅੰਦਰੋਂ ਖਿਝਿਆ ਸੋਟੀ ਚੁੱਕ ਕੇ ਘਰ ਆ ਪੈਂਦਾ। ਘਰ ਪਿਆਂ ਮਨ ਅੱਕ ਜਾਂਦਾ ਤਾਂ ਫਿਰ ਪੋਲਾ ਜਿਹਾ ਹੋਇਆ ਚੌਂਕੜੀ 'ਤੇ ਜਾ ਬੈਠਦਾ।

ਅੱਜ ਵੀ ਜਦੋਂ ਉਹ ਘਰੋਂ ਚੌਂਕੜੀ 'ਤੇ ਬੈਠਣ ਲਈ ਤੁਰਿਆ ਸੀ ਤਾਂ ਬਾਰ ਨਿਕਲਦਿਆਂ ਹੀ ਕਿਸੇ ਦੇ ਬੋਲ "ਉਹ ਆ ਗਿਆ ਓਏ ਹੀਰ ਦਾ ਚਾਚਾ।" ਕੰਨਾਂ 'ਚ ਤੇਜ਼ਾਬ ਵਾਂਗ ਪੈ ਗਏ ਸਨ। ਪਹਿਲਾਂ ਤਾਂ ਉਸਦਾ ਦਿਲ ਕੀਤਾ ਸੀ ਉਹ ਉਥੋਂ ਹੀ ਵਾਪਸ ਮੁੜ ਜਾਵੇ ਪਰ ਘਰ ਦੀ ਇਕੱਲ ਉਸਨੂੰ ਹੋਰ ਵੀ ਡਰਾਵਣੀ ਲੱਗੀ ਸੀ। ਉਹ ਬੋਲਾਂ ਨੂੰ ਅਣਸੁਣਿਆ ਕਰਕੇ, ਬੈਂਕ ਤੋਂ ਕਰਜ਼ਾ ਲੈਣ ਆਏ ਗ਼ਰੀਬ ਕਿਸਾਨ ਵਾਂਗ ਸ਼ਰੀਫ਼ ਬਣਿਆ ਚੌਂਕੜੀ 'ਤੇ ਆ ਬੈਠਿਆ ਸੀ।

"ਕਿਮੇਂ ਐ ਓਏ ਤੇਰੀ ਲੱਤ?" ਨਾਜ਼ਰ ਦੇ ਮੁੰਡੇ ਕੋਚੀ ਨੇ ਗਠੜੀ ਵਾਂਗ ਇਕੱਠਾ ਹੋਏ ਬੈਠੇ ਰਾਜੂ ਨੂੰ ਪੁੱਛਿਆ।

"ਠੀਕ ਐ ਪਹਿਲਾਂ ਨਾਲੋਂ ਤਾਂ।"

"ਇਹਦੀ ਲੱਤ ਤਾਂ ਅਈਂ ਠੀਕ ਐ, ਜੇ ਲੋਟ ਹੋ ਗਈ ਊਂ ਨਾ ਆਪਣੇ ਪਿੰਡ ਦੀਆਂ ਕੁੜੀਆਂ ਨੂੰ ਯੂ.ਪੀ., ਬਿਹਾਰ ਲਿਜਾ ਵਾੜੇ। ਹੁਣ ਸੋਟੀ ਨਾਲ ਭੱਜੇ ਜਾਂਦੇ ਨੂੰ ਫੜ ਤਾਂ ਲਮਾਂਗੇ।" ਕੈਲੇ ਦੇ ਮੁੰਡੇ ਸਮਸ਼ੇਰ ਨੇ ਰਾਣੀ ਵਾਲੀ ਗੱਲ ਰੜਕਾਈ।

"ਆ....ਅ.....ਫੜਲੇਂਗਾ ਤੂੰ!! ਪਹਿਲਾਂ ਸਿੰਦੂ ਹੋਰਾਂ ਨੇ ਦੇਵਕੀ ਤੇ ਸੁਰਜੀ ਹੋਰਾਂ ਫੜ ਲਈਆਂ ਹੋਣਗੀਆਂ? ਇਹ ਤਾਂ ਉਡਣ-ਖਟੋਲੇ ਹੁੰਦੇ ਨੇ, ਕਿਸੇ ਨੂੰ ਦਿਖਾਈ ਨੀ ਦਿੰਦੇ।" ਵਿੱਚੋਂ ਕਿਸੇ ਹੋਰ ਨੇ ਰਾਜੂ ਦੀ ਵੱਖੀ ਵਿੱਚ ਆਰ ਲਾ ਦਿੱਤੀ।

"ਰੋਟੀ ਸਾਤੇ ਕੇ ਦਈਂ ਜਾਂਦੇ ਨੇ ਫੇਰ?" ਵਿੱਚੋਂ ਕਿਸੇ ਭਲੇ ਜਿਹੇ ਬੰਦੇ ਨੇ ਹਮਦਰਦੀ ਨਾਲ ਪੁੱਛਿਆ।

"ਹਾਂ।" ਰਾਜੂ ਨੇ ਢਿੱਲਾ ਜਿਹਾ ਜਵਾਬ ਦਿੱਤਾ।

"ਐਂ ਕਰ ਓਏ ਰਾਜੂ। ਤੂੰ ਵੀ ਓਧਰੋਂ ਲਿਆ ਕੋਈ ਵੀਹ ਪੱਚੀ ਹਜ਼ਾਰ ਆਲੀ। ਮੌਜ ਨਾਲ ਤੱਤੀਆਂ ਰੋਟੀਆਂ ਤਾਂ ਖਾਏਂਗਾ। ਭੈਣ ਮਰਾਵੇ, ਕੇਰਾਂ ਨਜ਼ਾਰੇ ਤਾਂ ਲੈ।" ਜੇਠੂ ਕੁਤਰੀ ਦਾੜ੍ਹੀ ਨੂੰ ਬਾਂਦਰ ਵਾਂਗ ਖੁਰਕਦਾ, ਅੱਖਾਂ ਜਿਹੀਆਂ ਮਟਕਾ ਕੇ ਬੋਲਿਆ।

"ਕੱਲੀ ਰੋਟੀ ਨੀ, ਸਾਰਾ ਕੁਛ ਈ ਤੱਤਾ ਮਿਲੂ।" ਕੈਲੇ ਕਾ ਸਮਸ਼ੇਰ ਗੁੱਝੀ ਜਿਹੀ ਗੱਲ ਕਰ ਗਿਆ।

ਰਾਜੂ ਆਪਣੇ ਉਪਰ ਹੁੰਦੇ ਗੱਲਾਂ ਦੇ ਵਾਰਾਂ ਤੋਂ ਅੱਕਿਆ ਉੱਠ ਕੇ ਘਰ ਨੂੰ ਤੁਰਨ ਹੀ ਲੱਗਿਆ ਸੀ ਕਿ ਬੱਸ ਤੋਂ ਉਤਰਿਆ ਕੁਸਲੇ ਵਾਲਾ ਕਾਲਾ ਨਜ਼ਰ ਪੈ ਗਿਆ। ਰਾਜੂ ਦਾ ਅੰਦਰ ਖੁਸ਼ੀ ਨਾਲ ਛਲਕ ਪਿਆ। ਉਹ ਚੌਂਕੜੀ ਤੇ ਹੋਈਆਂ ਸਭ ਗੱਲਾਂ ਨੂੰ ਪਰ੍ਹਾਂ ਵਗ੍ਹਾ ਕੇ, ਕਾਲੇ ਨੂੰ ਜੱਫੀ ਪਾ ਕੇ ਮਿਲਿਆ ਫਿਰ ਦੋਵੇਂ ਘਰ ਆ ਵੜੇ।

"ਬਾਈ ਮੈਨੂੰ ਤਾਂ ਕੱਲ੍ਹ ਸ਼ਾਮ ਨੂੰ ਈ ਪਤਾ ਲੱਗਿਆ ਸੀ ਵੀ ਤੇਰੇ ਨਾਲ ਆਹ ਭਾਣਾ ਵਰਤ ਗਿਐ। ਐਂ ਕਿਮੇਂ ਹੋ ਗਿਆ ਇਹੇ?" ਕਾਲਾ ਬਰਾਂਡੇ ਵਿਚਲੇ ਮੰਜੇ 'ਤੇ ਬੈਠ ਗਿਆ।

"ਬੱਸ ਬਾਈ ਜੀ ਜਿਹੜੀ ਕਰਮਾਂ 'ਚ ਸੱਟ ਲਿਖੀ ਹੁੰਦੀ ਐ। ਓਦੇਂ ਅਸੀਂ ਨਾਭੇ ਟੁਕੜੀ ਲਾਹ ਕੇ ਵਾਪਸ ਆ ਰਹੇ ਤੀ। ਨਾਭੇ ਤੋਂ ਉਰਾਂ, ਮਾਝੀ ਦੇ ਕੋਲੇ ਜੇ ਸੂਏ ਤੇ ਪੁਲ ਐ। ਓਥੇ ਪਤਾ ਨੀ ਭਾਈ ਗੱਡੀ 'ਚ ਕੋਈ ਸੁੱਤਾ ਈ ਤੁਰਿਆ ਆਉਂਦਾ ਤੀ ਜਾਂ ਲੈਟਾਂ-ਲੂਟਾਂ ਪੈ ਗਈਆਂ ਹੋਣਗੀਆਂ। ਕੰਜਰ ਨੇ ਸਿੱਧੀ



ਲਿਆ ਕੇ ਡਰਾਇਵਰ ਸਾਇਡ ਠੋਕੀ। ਉਹ ਤਾਂ ਬੱਚਤ ਰਹਿਗੀ, ਓਥੇ ਸੂਏ 'ਚ ਕਿਸੇ ਨੇ ਜੀਰੀ 'ਚ ਪਾਣੀ ਪਾਉਣ ਵਾਸਤੇ ਪੈਪ ਸਿੱਟ ਰੱਖੇ ਤੀ, ਉਹ ਵਿਚਾਰੇ ਭੱਜ ਕੇ ਆਏ। ਮੂਹਰੋਂ ਗੱਡੀ ਤੋੜ ਕੇ ਉਨ੍ਹਾਂ ਨੇ ਕੱਢਿਆ ਮੈਨੂੰ ਤਾਂ।"

"ਗੱਡੀ ਤੂੰ ਚਲਾਉਂਦਾ ਸੀ?"

"ਹਾਂ ਗੱਡੀ ਤਾਂ ਮੈਂ ਚਲਾਉਦਾ ਤੀ, ਮਾਲਕ ਉਪਰਲੀ ਸੀਟ 'ਤੇ ਸੁੱਤਾ ਪਿਆ ਤੀ।"

"ਉਹਦੇ ਵੀ ਵੱਜੀਆਂ ਸੱਟਾਂ?"

"ਉਹਦੇ ਤਾਂ ਮਾੜੀਆਂ-ਮੋਟੀਆਂ ਈ ਵੱਜੀਆਂ ਨੇ।"

"ਮਾਲਕ ਨੇ ਨੀ ਫੇਰ ਕੋਈ ਹੱਥ ਝਾੜਿਆ?" ਕਾਲੇ ਨੇ ਰਾਜੂ ਦੀ ਕੀਤੀ ਮਦਦ ਬਾਰੇ ਪੁੱਛਿਆ।

"ਹੱਥ ਝਾੜਨ ਭਾਲਦੈ। ਉਹਨੇ ਤਾਂ ਮੈਨੂੰ ਪੰਦਰਾਂ ਦਿਨ ਹਸਪਤਾਲ 'ਚ ਮਸਾਂ ਰੋ ਪਿੱਟ ਕੇ ਰੱਖਿਐ। ਫੇਰ ਮੈਨੂੰ ਕਹਿੰਦਾ ਆਪਣੇ ਪਿੰਡ ਵਗਜਾ। ਤੈਨੂੰ ਪਤਾ ਈ ਐ, ਪਿੰਡ ਮੇਰਾ ਹੁਣ ਇਥੇ ਕੌਣ ਤੀ। ਫੇਰ ਸੋਚਿਆ ਵੀ ਚਲੋ ਅਵਦੇ ਘਰੇਂ ਸਿਰ 'ਤੇ ਛੱਤ ਤਾਂ ਹੈਗੀ। ਇੱਕ ਦਿਨ ਮਾਲਕ ਨੇ ਮੈਨੂੰ ਰਾਤ ਨੂੰ ਮਾਨਸਾ ਯੂਨੀਅਨ ਦੀ ਗੱਡੀ 'ਚ ਚਾੜਤਾ। ਉਹ ਜਾਂਦੇ-ਜਾਂਦੇ ਮੈਨੂੰ ਇਥੇ ਲਾਹ ਗਏ।"

"ਮੈਂ ਓਦੇਂ ਸੁਨਾਮ ਤੈਥੋਂ ਗੱਲਾਂ ਸੁਣ ਕੇ ਈ ਦੱਸਤਾ ਸੀ ਵੀ ਤੇਰਾ ਮਾਲਕ ਹਰਾਮੀ ਐ ਸਾਲਾ।"

"ਫੇਰ ਹੋਰ ਕੀ ਕਰਦੇ ਬਾਈ ਦਿਨ ਤਾਂ ਕੱਢਣੇ ਈ ਤੀ।" ਰਾਜੂ ਨੇ ਬੇਵਸੀ ਜ਼ਾਹਰ ਕੀਤੀ।

"ਇੱਕ ਮਿੰਟ ਮੈਂ ਚਾਹ ਬਣਾ ਲਿਆਮਾਂ।" ਰਾਜੂ ਅਚਾਨਕ ਯਾਦ ਆ ਜਾਣ ਤੇ ਉੱਠ ਕੇ ਤੁਰ ਪਿਆ।

"ਚਾਹ ਨੂੰ ਕੀ ਸੀ ਯਾਰ...।" ਕਾਲੇ ਦੀ ਗੱਲ ਅਣਸੁਣੀ ਕਰਕੇ ਰਾਜੂ ਚਾਹ ਨੂੰ ਕਹਿਣ ਤੁਰ ਗਿਆ।

ਜਦੋਂ ਰਾਜੂ ਵਾਪਸ ਆਇਆ ਤਾਂ ਕਾਲੇ ਨੇ ਫਿਰ ਗੱਲ ਤੋਰੀ, "ਰੋਟੀ ਟੁੱਕ ਦਾ ਕਿਮੇਂ ਕਰਦੈ ਫੇਰ?"

"ਆਹ ਦੇ ਦਿੰਦੇ ਨੇ ਗੁਆਂਢੀ।" ਰਾਜੂ ਨੇ ਸਾਤੇ ਕੇ ਘਰ ਵੱਲ ਇਸ਼ਾਰਾ ਕੀਤਾ।

"ਠੀਕ ਦੇਈਂ ਜਾਂਦੇ ਨੇ?"

"ਠੀਕ ਤਾਂ ਕਿਹੜੈ ਬਾਈ। ਪਹਿਲਾਂ ਇੱਕ ਦੋ ਦਿਨ ਤਾਂ ਠੀਕ ਦਿੱਤੀ, ਹੁਣ ਤਾਂ ਸੌ ਨੱਕ-ਬੁੱਲ੍ਹ ਕੱਢਦੇ ਨੇ। ਕਈ ਵਾਰੀ ਤਾਂ ਮੇਰੀ ਰੋਟੀ ਪਿੱਛੇ, ਮੈਂ ਆਪ ਗਾਲਾਂ ਦਿੰਦੀ ਸੁਣੀ ਐ ਘਰੇਂ। ਕਦੇ-ਕਦੇ ਤਾਂ ਸਾਲਾ ਜੀਅ ਕਰਦੈ, ਮਰ ਕੇ ਇਹ ਕੁੱਤੇ ਆਲੀ ਜੂਨ ਤੋਂ ਖਹਿੜਾ ਈ ਛੁਡਾ ਜੀਏ। ਹੁਣ ਤਾਂ ਨਰਕ ਈ ਐ, ਥੋੜ੍ਹਾ ਭੋਗਿਆ ਕਿ ਵਾਹਲਾ ਭੋਗਿਆ।"

"ਚਲ ਕੋਈ ਨਾ ਸਭ ਕੁਛ ਠੀਕ ਹੋਜੂ ਹੌਲੀ-ਹੌਲੀ।" ਕਾਲੇ ਨੇ ਰਾਜੂ ਦੇ ਮੋਢੇ 'ਤੇ ਵਿਸ਼ਵਾਸ ਦਾ ਹੱਥ ਰੱਖਿਆ।

ਕੁਝ ਚਿਰ ਦੋਵੇਂ ਉਦਾਸ ਬੈਠੇ ਰਹੇ ਜਿਵੇਂ ਉਦਾਸੀ ਦੋਵਾਂ ਤੇ ਹੀ ਭਾਰੂ ਹੋ ਗਈ ਹੋਵੇ। ਸਾਤੇ ਦਾ ਮੁੰਡਾ ਦੋ ਗਲਾਸਾਂ 'ਚ ਚਾਹ ਰੱਖ ਕੇ ਮੁੜ ਗਿਆ ਸੀ।

"ਬਾਈ ਜੇ ਇੱਕ ਕੰਮ ਕਰਦੇਂ ਤੇਰਾ ਸਾ...ਸਾਰੀ ਉਮਰ ਦੇ...ਣਾ ਨਾ ਦੇ ਸਕਾਂ।" ਰਾਜੂ ਨੇ ਤਰਲਾ ਲੈਣ ਵਾਂਗ ਕਾਲੇ ਅੱਗੇ ਹੱਥ ਜੋੜ ਲਏ।

"ਦੇਣਾ ਦੇਣ ਆਲੀ ਕਿਹੜੀ ਗੱਲ ਕਰਦੈ ਬਾਈ! ਤੂੰ ਦੱਸ ਮੈਂ ਆਪਣੇ ਜੋਕਰਾ ਸਾਰਾ ਕਰੂੰ।" ਕਾਲੇ ਨੇ ਮਿੱਠੀ ਘੂਰੀ ਦੇ ਕੇ ਦੋਸਤਾਂ ਵਾਲਾ ਵਿਸ਼ਵਾਸ ਦਵਾਇਆ।

"ਬਾਈ ਜੀ, ਮ.... ਮੈ..... ਤੈਥੋਂ ਹੁਣ ਤੱਕ ਇੱਕ...... ਗੱਲ ਲੁਕੋ ਕੇ ਰੱਖੀ..... ਐ।" ਰਾਜੂ ਨੇ ਵਿਚਾਰਾ ਜਿਹਾ ਬਣੇ ਨੇ ਗੁਨਾਹ ਕਬੂਲਣ ਵਾਂਗ ਕਿਹਾ।

"ਕਿਹੜੀ ਗੱਲ? ਤੂੰ ਦੱਸ ਦੇ ਬੇਫ਼ਿਕਰ ਹੋ ਕੇ।"

"ਬਾ.....ਅ......ਈ! ਜਿਹੜੀ ਤੇਰੇ ਪਿੰਡ, ਸਾਡੇ ਪਿੰਡੋਂ ਤੀਮੀਂ ਗਈ ਹੋਈ ਐ। ਉ..... ਉਹ....... ਉਹ....... ਮੇਰੀ ਮਾਂ ਐ ਓਏ...... ਬਾਈ.....! ਮੈਨੂੰ ਬੱਸ ਕੇਰਾਂ ਮਿਲਾਦੇ ਓਏ...... ਵੀਰ

ਮੇ....ਰਿ.....ਆ!" ਰਾਜੂ ਲੇਰ ਮਾਰ ਕੇ ਕਾਲੇ ਦੇ ਪੈਰਾਂ ਵਿੱਚ ਡਿੱਗ ਪਿਆ।

"ਤੂੰ ਸੰਭਲ ਬਾਈ! ਇਹ ਕੀ ਕਰੀ ਜਾਨੈ!" ਕਾਲੇ ਨੇ ਉਸਨੂੰ ਮੋਢਿਓਂ ਫੜਕੇ ਖੜ੍ਹਾ ਕਰਨਾ ਚਾਹਿਆ ਪਰ ਉਹ ਅੱਖਾਂ 'ਚੋਂ ਮੀਂਹ ਵਰਾਉਂਦਾ, ਬੱਸ ਇੱਕੋ ਗੱਲ ਕਹੀ ਜਾ ਰਿਹਾ ਸੀ, "ਬਾ....ਅ.....ਈ! ਬੱਸ.... ਬੱਸ ਮੇਰੀ ਆਖ਼ਰੀ ਤਮੰਨਾ ਪੂਰੀ ਕਰਦੇ ਓ.....ਏ! ਮੇ....ਰੀ ਮਾਂ..... ਹਾਏ! ਮੇਰੀ ਮਾਂ ਨੂੰ ਮਿਲਾਦੇ ਓ.....ਏ!"

ਕਾਲੇ ਨੂੰ ਪਤਾ ਸੀ ਅਜਿਹੇ ਭਾਵੁਕ ਸਮੇਂ ਉਸ ਤੀਵੀਂ ਬਾਰੇ ਕਿਉਂ? ਕਿਵੇਂ? ਪੁੱਛਣਾ ਵਿਅਰਥ ਸੀ। ਕਾਫ਼ੀ ਹੱਦ ਤੱਕ ਉਹ ਗੱਲ ਸਮਝ ਵੀ ਚੁੱਕਿਆ ਸੀ। ਕਾਲੇ ਨੇ ਉਸਦਾ ਜੱਫਾ ਭਰ ਕੇ ਮੰਜੇ ਉੱਤੇ ਬਿਠਾ ਲਿਆ। ਮਿੱਟੀ ਨਾਲ ਲਿੱਬੜੇ ਕੱਪੜੇ ਝਾੜ ਦਿੱਤੇ, "ਬਾਈ ਕਿਹੜੀ ਸੱਤ ਬੇਗਾਨਿਆਂ ਆਲੀ ਗੱਲ ਕਰਦੈਂ। ਨਾਲੇ ਇਹ ਕਿਹੜਾ ਕੋਈ ਵੱਡੀ ਗੱਲ ਐ। ਮੈਂ ਅੱਜ ਈ ਪਿੰਡ ਜਾਊਂ। ਤੇਰੀ ਮਾਂ ਨੂੰ ਛੇਤੀ ਤੋਂ ਛੇਤੀ ਭੇਜਣ ਦੀ ਕੋਸ਼ਿਸ਼ ਕਰੂੰਗਾ।"

"ਬਾ....ਈ।" ਅਗਲੇ ਸ਼ਬਦ ਰਾਜੂ ਦੇ ਗਲ ਵਿੱਚ ਹੀ ਅਟਕ ਗਏ। ਅਗਲੀ ਗੱਲ ਉਸਨੇ ਭਰੇ ਮਨ ਨਾਲ ਹੱਥ ਜੋੜ ਕੇ ਹੀ ਸਮਝਾ ਦਿੱਤੀ।

"ਤੈਨੂੰ ਰਾਜੂ ਕੇਰਾਂ ਕਹਿ ਤਾ ਯਾਰ! ਤੈਨੂੰ ਮੇਰੇ ਤੇ ਯਕੀਨ ਨੀ?" ਕਾਲੇ ਨੇ ਰਾਜੂ ਦੇ ਦੋਵੇਂ ਜੋੜੇ ਹੱਥ ਆਪਨੇ ਹੱਥਾਂ ਵਿੱਚ ਘੁੱਟ ਲਏ।

"ਏਸ ਦੁਨੀਆਂ 'ਚ ਮੇਰਾ ਤਾਂ ਸਿਰਫ਼ ਤੂੰ ਹੀ ਐਂ ਬਾਈ ਸਭ ਕੁਝ।" ਰਾਜੂ ਹੁਣ ਥੋੜ੍ਹਾ ਜਿਹਾ ਸੁਰਤ ਸਿਰ ਹੋ ਗਿਆ ਸੀ।

"ਚੰਗਾ ਫੇਰ ਮੈਂ ਜਾਵਾਂ ਹੁਣ?" ਕਾਲੇ ਨੇ ਜਾਣ ਦੀ ਇਜਾਜ਼ਤ ਮੰਗੀ।

"ਮੈਂ ਤਾਂ ਕਹਿੰਦਾ ਤੀ ਕਾਲੇ ਤੂੰ ਅੱਜ ਰਹਿੰਦਾ।"

"ਬਾਈ ਅੱਜ ਜ਼ਰੂਰੀ ਕੰਮ ਐ। ਮੈਂ ਦਸ ਪੰਦਰਾਂ ਦਿਨਾਂ ਤੱਕ ਤੇਰੇ ਕੋਲੇ ਫੇਰ ਗੇੜਾ ਮਾਰੂੰਗਾ।" ਕਾਲੇ ਨੇ ਰਾਜੂ ਦੇ ਮੋਢੇ 'ਤੇ ਹੱਥ ਰੱਖਿਆ।

"ਚੰਗਾ ਇੱਕ ਕੰਮ ਹੋਰ ਕਰਕੇ ਜਾਹ।"

"ਕਿਹੜਾ?"

ਮੈਥੋਂ ਆਪਤੋਂ ਤਾਂ ਤੁਰ ਕੇ ਐਡੀ ਦੂਰ ਜਾਇਆ ਨੀ ਜਾਂਦਾ। ਨਾ ਕੋਈ ਜਵਾਕ ਆਖੇ ਲੱਗੇ। ਮੈਨੂੰ ਤਾਂ ਖਾਸੀਆਂ ਸਾਰੀਆਂ ਨੀਂਦ ਦੀਆਂ ਗੋਲੀਆਂ ਲਿਆ ਕੇ ਦੇਹ ਡਾਕਟਰ ਦਿਓਂ। ਦਿਨ ਰਾਤ ਔਚਵੀ ਲੱਗੀ ਰਹਿੰਦੀ ਐ। ਰਾਤ ਨੂੰ ਵੀ ਭੋਰਾ ਨੀਂਦ ਨੀ ਆਉਂਦੀ। ਗੋਲੀ ਨਾਲ ਚਲ ਨੀਂਦ ਆਜਿਆ ਕਰੂ।" ਰਾਜੂ ਨੇ ਜੇਬ 'ਚੋਂ ਸੌ ਰੁਪਈਆ ਕੱਢ ਕੇ ਕਾਲੇ ਵੱਲ ਵਧਾ ਦਿੱਤਾ।

"ਇਹ ਤੂੰ ਆਪਨੇ ਕੋਲੇ ਰੱਖ। ਦੁਕਾਨ ਦੱਸ ਕਿੱਧਰ ਨੂੰ ਐ।"

"ਆਹ ਬੀਹੀ ਜਾ ਕੇ ਸੱਜੇ ਮੁੜ ਜੀਂ। ਸਾਹਮਣੇ ਖੰਭੇ ਦੇ ਕੋਲੇ ਐ।"

ਕਾਲਾ ਜਦੋਂ ਗੋਲੀਆਂ ਲੈ ਕੇ ਮੁੜਿਆ, ਉਹ ਕਿੰਨੀ ਦੇਰ ਫਿਰ ਗੱਲਾਂ ਕਰਦੇ ਰਹੇ। ਤਿੰਨ ਚਾਰ ਵਜੇ ਕਾਲਾ ਰਾਜੂ ਨੂੰ ਹੌਸਲਾ ਦੇ ਕੇ ਬੱਸ ਚੜ੍ਹ ਗਿਆ।

ਜਿਸ ਦਿਨ ਕਾਲਾ ਗੱਗੜਪੁਰ ਤੋਂ ਗਿਆ ਸੀ ਉਸ ਦਿਨ ਤੋਂ ਹੀ ਝੜੀ ਲੱਗ ਗਈ ਸੀ। ਕਦੇ ਕਾਲੀਆਂ ਘਟਾਵਾਂ ਸਾਰੇ ਅਸਮਾਨ ਨੂੰ ਕਾਲੀ ਚਾਦਰ ਵਾਂਗ ਢਕ ਲੈਂਦੀਆਂ। 'ਗਰੜ ਗਰੜ' ਦੀ ਗੂੰਗੀ ਜਿਹੀ ਅਵਾਜ਼ ਨਾਲ ਮੀਂਹ ਦੇ ਛਰਾਟੇ ਤੇਜ਼ ਹੋ ਜਾਂਦੇ ਤੇ ਕਦੇ ਮਛਰੀ ਵਰਗੀਆਂ ਬਰੀਕ-ਬਰੀਕ ਕਣੀਆਂ ਡਿੱਗਣ ਲੱਗਦੀਆਂ। ਬਰੀਕ ਕਣੀ ਦਾ ਮੀਂਹ ਕੱਚੀਆਂ ਛੱਤਾਂ ਵਿੱਚ ਰਚ ਗਿਆ ਸੀ ਤੇ ਹੁਣ ਛੱਤਾਂ ਤਿਪਕਣ ਲੱਗ ਪਈਆਂ ਸਨ। ਰਾਜੂ ਕੁੱਤਿਆਂ ਤੋਂ ਡਰਕੇ ਲੁਕੇ ਬੈਠੇ ਸਹੇ ਵਾਂਗ ਸਵਾਤ ਦੇ ਖੂੰਜੇ ਲੱਗਿਆ ਬੈਠਾ ਸੀ। ਕੋਠੇ 'ਤੇ ਕਣੀਆਂ ਦੀ ਹੁੰਦੀ ਗੂੰਗੀ ਜਿਹੀ ਠੱਕ-ਠੱਕ ਉਸਦੇ ਦਿਲ ਨੂੰ ਧੂ ਪਾ ਰਹੀ ਸੀ। ਰਾਜੂ ਕਾ ਬਰਾਂਡਾ ਤਾਂ ਪਹਿਲਾਂ ਹੀ ਥਾਂ-ਥਾਂ ਤੋਂ ਤਿੱਪ-ਤਿੱਪ ਚੋ ਰਿਹਾ ਸੀ। ਹੁਣ ਪੇਟੀ ਉਪਰੋਂ ਸਵਾਤ ਵੀ ਤਿਪਕਣ ਲੱਗ ਪਈ ਸੀ, ਜਿੱਥੇ ਉਸਨੇ ਬਾਲਟੀ ਲਿਆ ਰੱਖੀ ਸੀ।



ਭੁੱਖ ਰਾਜੂ ਦਾ ਅੰਦਰ ਆਰੀ ਵਾਂਗ ਵੱਢ ਰਹੀ ਸੀ। ਪਿਛਲੀ ਰਾਤ ਵੀ ਉਹ ਬਿਨਾਂ ਰੋਟੀ ਖਾਧੇ ਸਿਰਫ਼ ਪਾਣੀ ਪੀ ਕੇ ਹੀ ਪੈ ਗਿਆ ਸੀ। ਉਹ ਦੇਰ ਰਾਤ ਤੱਕ ਰੋਟੀ ਨੂੰ ਉਡੀਕਦਾ ਰਿਹਾ ਸੀ ਪਰ ਉਸਦੀ ਰੋਟੀ ਲੈ ਕੇ ਕੋਈ ਨਹੀਂ ਸੀ ਆਇਆ। ਆਉਂਦਾ ਵੀ ਕਿਉਂ? ਰਾਜੂ ਨੇ ਉਨ੍ਹਾਂ ਦੀ ਮੂੰਹੋਂ ਨਿਕਲੀ ਗੱਲ 'ਸੱਤ ਬਚਨ' ਕਹਿ ਕੇ ਬੋਚੀ ਨਹੀਂ ਸੀ। ਜੇ ਰਾਜੂ ਸਾਤੇ ਦੇ ਘਰ ਵਾਲੀ ਦੀ ਗੱਲ ਮੰਨ ਲੈਂਦਾ ਤਾਂ ਉਸਦੀ ਇਸ ਪਿੰਡ 'ਚੋਂ ਰਹਿੰਦੀ ਥੋੜ੍ਹੀ ਬਹੁਤੀ ਸਾਂਝ ਵੀ ਮੁੱਕ ਜਾਣੀ ਸੀ। ਫੇਰ ਇਹ ਵੀ ਨਹੀਂ ਪਤਾ ਸੀ ਕਿ ਕੋਈ ਕਦੋਂ ਘਰੋਂ ਨਿਕਾਲੇ ਦਾ ਹੁਕਮ ਦੇ ਦੇਵੇ। ਇਹ ਸੋਚਦਾ ਹੀ ਉਹ ਆਪਨੀ ਗੱਲ 'ਤੇ ਅੜਿਆ ਰਿਹਾ ਸੀ। ਰਾਜੂ ਦੇ ਤਾਂ ਕਦੇ ਇਹ ਗੱਲ ਚਿੱਤ-ਚੇਤੇ ਵੀ ਨਹੀਂ ਸੀ ਕਿ ਦੋ ਟਾਇਮ ਦੀ ਰੋਟੀ ਦੇਣ ਬਦਲੇ ਉਸ ਤੋਂ ਘਰ ਖੋਹਣ ਦੀਆਂ ਤਿਆਰੀਆਂ ਹੋ ਰਹੀਆਂ ਸਨ। ਪਰਸੋਂ ਰਾਜੂ ਸਾਤੇ ਦੀ ਘਰਵਾਲੀ ਦੀ ਗੱਲ ਸੁਣ ਕੇ ਹੱਕਾ-ਬੱਕਾ ਰਹਿ ਗਿਆ ਸੀ ਜਦ ਉਸਨੇ ਇਹ ਗੱਲ ਰਾਜੂ ਦੇ ਇੱਟ ਵਾਂਗ ਮੱਥੇ ਵਿੱਚ ਆ ਮਾਰੀ ਸੀ।

"ਰਾਜੂ ਜੇ ਤੂੰ ਇਹ ਘਰ ਸਾਨੂੰ ਵੇਚਦੇਂ।" ਪਰਸੋਂ ਆਪ ਰੋਟੀ ਲੈ ਕੇ ਆਈ ਨੇ ਬਿਨਾਂ ਭੂਮਿਕਾ ਦੇ ਹੀ ਇਹ ਗੱਲ ਕਹਿ ਦਿੱਤੀ ਸੀ।

ਇੱਕ ਵਾਰ ਤਾਂ ਰਾਜੂ ਸੁਣ ਕੇ ਤ੍ਰਬਕ ਗਿਆ। ਉਸਦਾ ਜੀਅ ਕੀਤਾ ਸੀ ਰੋਟੀਆਂ ਵਾਲਾ ਪੋਣਾ ਵਿਹੜੇ ਵਿੱਚ ਚਲਾ ਮਾਰੇ। ਇਹਨੂੰ ਗੁੱਤੋਂ ਫੜਕੇ ਸੁਹਾਗੇ ਵਾਂਗ ਘੜੀਸ ਲਵੇ। ਪਰ ਸਰਵਣ ਬਾਬੇ ਦਾ 'ਦੇਣ' ਉਸਦੇ ਹੱਥ ਅਤੇ ਜ਼ਬਾਨ ਬੰਨ੍ਹੀ ਖੜ੍ਹਾ ਸੀ। ਉਹ ਸਮਾਧੀ 'ਤੇ ਬੈਠੇ ਮਹਾਂਪੁਰਸ਼ ਵਾਂਗ ਨੀਵੀਂ ਪਾਈ ਚੁੱਪ ਬੈਠਾ ਰਿਹਾ। ਰਾਜੂ ਨੂੰ ਡੁੰਨ-ਵੱਟਾ ਹੋਇਆ ਵੇਖ ਕੇ ਉਹ ਅੱਗੇ ਘਰ ਲੈਣ ਦੀ ਲੋੜ ਦੇ ਵਿਸਥਾਰ ਵਿੱਚ ਜਾ ਉਤਰੀ।

"ਤੂੰ ਤਾਂ ਦੇਖ ਹੁਣ ਟਰੱਕਾਂ ਤੇ ਈ ਵਗਜੇਂਗਾ। ਉਰੇ ਢਹੀ ਜਾਊ ਏਹੇ। ਨਾਲੇ ਸਾਨੂੰ ਸੌਖਾ ਹੋਜੂ ਲਵੇ ਮਾਲ-ਪਸ਼ੂ ਦਾ। ਜੇ ਅਸੀਂ ਕਿਤੇ ਬਾਹਰ ਲਮਾਂਗੇ ਫੇਰ ਉਥੇ ਪੈਣ ਦਾ ਔਖੈ। ਚਲ ਊਂ ਤੂੰ ਜਿੰਨਾ ਚਿਰ ਰਹਿਣੈ ਇਥੇ ਰਹੀ ਜਈਂ।"

"ਚਾਚੀ ਊਂ ਕਿਹੜਾ ਮੈਂ ਸੋਨੂੰ ਇਥੇ ਮਾਲ ਬੰਨ੍ਹਣੋਂ ਰੋਕਿਐ। ਬੰਨ੍ਹੀ ਜਾਓ। ਇਹ ਵੀ ਥੋਡਾ ਘਰ ਈ ਐ।" ਰਾਜੂ ਨੂੰ ਚਾਚੀ ਦੀ ਗੱਲ ਜ਼ਹਿਰ ਵਰਗੀ ਲੱਗੀ ਸੀ ਪਰ ਫਿਰ ਵੀ ਆਪਨੇ-ਆਪ ਨੂੰ ਸੰਭਾਲਦਾ ਪਿਆਰ ਨਾਲ ਬੋਲਿਆ ਸੀ।

"ਐਂ ਨੀ, ਤੂੰ ਸੌਦਾ ਈ ਕਰਲੈ।" ਚਾਚੀ ਨੂੰ ਕੋਈ ਹੋਰ ਵਲ-ਵਲੇਵੇਂ ਵਾਲੀ ਗੱਲ ਸੁੱਝੀ ਨਹੀਂ ਸੀ। ਉਹ ਸਿੱਧੀ ਹੀ ਹੋ ਗਈ।

"ਚਾਚੀ ਏਸ ਪਿੰਡ 'ਚ ਮੇਰਾ ਆਹ ਘਰ ਘਰ ਰਹਿੰਦੈ ਕੱਲਾ। ਜੇ ਇਹ ਵੀ ਵੇਚਤਾ, ਮੇਰਾ ਏਸ ਪਿੰਡ 'ਚੋਂ ਜਮੀਂ ਸੀਰ ਮੁੱਕਜੂ। ਅਵਦੇ ਮਰਨ ਤੱਕ ਤਾਂ ਮੈਂ ਵੇਚਦਾ ਨੀ। ਉਸ ਤੋਂ ਬਾਅਦ ਜਿਹੜਾ ਮਰਜੀ ਸਾਂਭੀ ਜਾਵੇ।" ਰਾਜੂ ਨੇ ਘਰ ਨਾਲ ਜੁੜੀਆਂ ਆਪਨੀਆਂ ਭਾਵਨਾਵਾਂ ਦੀ ਗਠੜੀ ਚਾਚੀ ਅੱਗੇ ਖੋਲ੍ਹ ਦਿੱਤੀ।

"ਚਲ ਕੋਈ ਨਾਂ!" ਉਹ ਰਾਜੂ ਦੀਆਂ ਭਾਵਨਾਵਾਂ ਨੂੰ ਲੱਤ ਮਾਰਦੀ, ਸੱਪਣੀ ਵਾਂਗ 'ਫੂੰ ਫੂੰ' ਕਰਦੀ ਉਥੋਂ ਉੱਠ ਕੇ ਤੁਰ ਗਈ। ਘਰ ਜਾ ਕੇ ਗਾਲਾਂ ਦਾ ਤਵਾ ਧਰ ਲਿਆ। ਫਿਰ ਜਿਹੜਾ ਵੀ ਮੂੰਹ 'ਚ ਆਇਆ ਉਸਨੇ ਉਗਲ ਦਿੱਤਾ। ਕਾਕਾ, ਬਸ਼ੀਰਾਂ, ਰੋਹੀ, ਸਿੰਦੂ, ਰੋਡੀ, ਰਾਜੂ ਤੇ ਉਸਦੀ ਮਾਂ ਦੇਵਕੀ ਬਾਰੇ ਪਤਾ ਨਹੀਂ ਕੀ-ਕੀ ਗੰਦ ਮੱਧਿਆ। ਅੰਦਰੋਂ ਅੰਤਾਂ ਦੇ ਦੁਖੀ ਹੋਏ ਰਾਜੂ ਦਾ ਜੀਆ ਕੀਤਾ ਉਹ ਆਪ ਕੁਝ ਖਾ ਕੇ ਮਰ ਜਾਵੇ। ਸਾਰਾ ਕੁਝ ਇਨ੍ਹਾਂ ਨੂੰ ਇਥੇ ਹੀ ਛੱਡ ਜਾਵੇ। ਪਰ ਆਪਨੀ ਮਾਂ ਦੇਵਕੀ ਨੂੰ ਮਿਲਣ ਦੀ ਅਖ਼ੀਰੀ ਆਸ ਨੇ ਉਸਨੂੰ ਰੋਕੀ ਰੱਖਿਆ ਸੀ।

ਪਰ ਹੁਣ ਤਾਂ ਉਸਦੀ ਇਹ ਆਸ ਵੀ ਕੱਚੇ ਰੰਗ ਵਾਂਗ ਫਿੱਕੀ ਪੈਂਦੀ ਜਾਂਦੀ ਸੀ। ਉਸਦੇ ਮਨ 'ਚ ਕਿੰਨੇ ਹੀ ਖ਼ਿਆਲ ਢਹਿੰਦੇ ਉਸਰਦੇ ਰਹਿੰਦੇ। 'ਕਿੰਨੇ ਦਿਨ ਹੋ ਗਏ ਕਾਲੇ ਨੂੰ ਗਿਆਂ ਪਰ ਅਜੇ ਤੱਕ ਮਾਂ ਕਿਉਂ ਨਹੀਂ ਆਈ? ਹੋ ਸਕਦੈ ਉਹ ਭੱਲ ਗਿਆ ਹੋਵੇ। ਨਹੀਂ! ਐਂ ਉਹ ਭੁੱਲਣ ਆਲਾ ਨੀ ਹੈਗਾ।' ਉਹ ਆਪ ਹੀ ਆਪਨੇ ਮਨ 'ਚ ਆਏ ਵਿਰੋਧੀ ਵਿਚਾਰ ਪਰ੍ਹਾਂ ਵਗਾਹ ਮਾਰਦਾ। ਪਰ ਉਹ ਹੀ ਵਿਚਾਰ ਦੂਸਰਾ ਰੂਪ ਲੈ ਕੇ ਫਿਰ ਉਸਦਾ ਅੱਗਾ ਮੱਲ ਲੈਂਦੇ। 'ਹੋ ਸਕਦੈ ਮਾਂ ਨੇ ਹੀ ਆਉਣ ਤੋਂ ਜਵਾਬ ਦੇ ਦਿੱਤਾ ਹੋਵੇ। ਉਸਨੂੰ ਵੀ

ਮੇਰਾ ਮੋਹ ਨਾ ਰਿਹਾ ਹੋਵੇ। ਮੇਰੇ ਨਾਲੋਂ ਵੱਧ ਮੋਹ ਉਸਦਾ ਛੋਟੇ ਬੱਚਿਆਂ ਵਿੱਚ ਪੈ ਗਿਆ ਹੋਵੇ। ਨਾਲੇ ਉਹ ਆਪਣੇ ਪਤੀ ਤੋਂ ਚੋਰੀਓਂ ਐਡੀ ਦੂਰ ਕਿਮੇਂ ਆ ਸਕਦੀ ਹੈ? ਮਾਂ! ਕੀ ਤੂੰ ਮੈਨੂੰ ਇੱਕ ਵਾਰ ਵੀ ਨੀ ਦੇਖਣਾ ਚਾਹੁੰਦੀ? ਇੱਕ ਵਾਰ ਤਾਂ ਦੇਖ ਲੈਂਦੀ ਮੇਰੀਏ ਮਾਏ। ਮੇਰੀ ਜਾਨ ਸੌਖੀ ਨਿਕਲ ਜਾਂਦੀ।'

'ਹਾ....ਏ! ਮਾਂ! ਇਹ ਆਪਣੀ ਜ਼ਿੰਦਗੀ ਕਿਹੋ-ਜਿਹੀ ਐ? ਇੱਕੋ ਦੇਸ਼ ਵਿੱਚ, ਇੱਕੋ ਪੰਜਾਬ ਵਿੱਚ ਪੁੱਤ ਨੂੰ ਮਾਂ ਨਹੀਂ ਮਿਲ ਸਕਦੀ। ਖ਼ੂਨ ਨੂੰ ਖ਼ੂਨ ਨਹੀਂ ਮਿਲ ਸਕਦਾ। ਆਪਣੀ ਇਹ ਹੋਣੀ ਕਿਉਂ ਹੈ? ਕੈਲੇ ਕੇ ਸਮਸ਼ੇਰ ਦੀ ਕਿਉਂ ਨਹੀਂ? ਨਾਜ਼ਰ ਕੇ ਕੋਚੀ ਦੀ ਕਿਉਂ ਨਹੀਂ? ਉਹ ਤਾਂ ਆਪਣੀਆਂ ਮਾਵਾਂ ਦੇ ਹੱਥਾਂ ਦੀਆਂ ਪੱਕੀਆਂ ਰੋਟੀਆਂ ਖਾ ਰਹੇ ਨੇ। ਕੈਲੇ ਕਾ ਸਮਸ਼ੇਰ ਆਪਣੀ ਮਾਂ ਨੂੰ ਹਰ ਰੋਜ਼ ਵੇਖ ਸਕਦੈ। ਜੇ ਮੈਂ ਤੇਰੀ ਕਿਸੇ ਕੋਲ ਗੱਲ ਵੀ ਛੇੜ ਲਵਾਂ ਤਾਂ ਲੋਕ ਹੋਰੀਂ-ਹੋਰੀਂ ਗੱਲਾਂ ਕਰਦੇ ਨੇ। ਏਸ ਡਰ ਦਾ ਮਾਰਿਆ ਮੈਂ ਤੇਰੀਆਂ ਕਿਸੇ ਨਾਲ ਗੱਲਾਂ ਵੀ ਨਹੀਂ ਕਰ ਸਕਦਾ। ਬੱਸ, ਆਪਣੇ ਮਨ ਨਾਲ ਕਰਦਾ ਹਾਂ।'

ਉਹ ਕਿੰਨੀ ਹੀ ਦੇਰ ਸਵਾਤ ਵਿੱਚ ਬੈਠਾ ਆਪਣੀ ਹੋਣੀ ਬਾਰੇ ਸੋਚਦਾ ਰਿਹਾ। ਫੇਰ ਉਹ ਸੋਟੀ ਦੇ ਸਹਾਰੇ ਹੌਲੀ-ਹੌਲੀ ਤੁਰਦਾ ਬਰਾਂਡੇ ਵਿੱਚ ਆ ਗਿਆ। ਬਾਹਰ ਨਿਗ੍ਹਾ ਮਾਰੀ। ਖੱਲ-ਖੂੰਜਿਆਂ 'ਚੋਂ ਨਿਕਲਿਆ ਹਨ੍ਹੇਰਾ ਵਿਹੜੇ ਵਿੱਚ ਫੈਲ ਗਿਆ ਸੀ। ਮੀਂਹ ਹਟ ਗਿਆ ਸੀ ਪਰ ਬੱਦਲਵਾਈ ਨੇ ਅਜੇ ਵੀ ਅਸਮਾਨ ਢੱਕਿਆ ਹੋਇਆ ਸੀ। ਪੰਛੀ ਕਦੋਂ ਦੇ ਆਪਣੇ ਆਲ੍ਹਣਿਆਂ ਨੂੰ ਪਰਤ ਗਏ ਸਨ।

ਰਾਜੂ ਅੰਦਰ ਆਇਆ। ਦੁਪਹਿਰੇ ਸਾਤੇ ਦੇ ਮੁੰਡੇ ਤੋਂ ਵਡਿਆ ਕੇ ਚੱਕੀ ਤੋਂ ਮੰਗਵਾਇਆ ਆਟੇ ਵਾਲਾ ਲਫ਼ਾਫ਼ਾ ਚੁੱਕ ਲਿਆ। ਥੋੜ੍ਹਾ ਜਿਹਾ ਆਟਾ ਪਰਾਂਤ ਵਿੱਚ ਪਾ ਕੇ ਗੁੰਨ ਲਿਆ। ਆਟਾ ਤਾਂ ਗੁੰਨ ਲਿਆ ਸੀ ਪਰ ਉਸਨੂੰ ਬਰਾਂਡੇ ਵਿਚਲੇ ਚੁੱਲ੍ਹੇ ਤੱਕ ਲੈ ਕੇ ਜਾਣ ਦੀ ਮੁਸ਼ਕਲ ਆ ਖੜ੍ਹੀ ਸੀ। ਪਹਿਲਾਂ ਤਾਂ ਉਸਨੇ ਪਰਾਂਤ ਖੱਬੀ ਬਾਂਹ ਉਪਰ ਟਿਕਾ ਕੇ ਤੁਰਨ ਦੀ ਕੋਸ਼ਿਸ਼ ਕੀਤੀ ਪਰ ਸੋਟੀ ਦੇ ਸਹਾਰੇ ਇਸ ਤਰ੍ਹਾਂ ਤੁਰਨਾ ਸਫ਼ਲ ਨਾ ਹੋਇਆ। ਉਸਨੇ ਪਰਾਤ ਹੇਠਾਂ ਰੱਖ ਦਿੱਤੀ ਤੇ ਆਪ ਸੋਟੀ ਦੇ ਸਹਾਰੇ ਕੋਡਾ ਹੋ ਕੇ ਪਰਾਤ ਰਿਸਕਾ ਕੇ ਅੱਗੇ ਕਰ ਦਿੱਤੀ। ਫਿਰ ਉਸਨੇ ਪਰਾਂਤ ਤੱਕ ਪੁਲਾਂਘ ਪੁੱਟੀ, ਪਰਾਤ ਦੇ ਉਪਰ ਝੁਕ ਕੇ ਪਰਾਤ ਹੋਰ ਅੱਗੇ ਖਿਸਕਾ ਦਿੱਤੀ। ਪਰਾਤ ਚੁੱਲ੍ਹੇ ਕੋਲ ਰੱਖ ਕੇ ਉਹ ਅੰਦਰੋਂ ਡੱਬੀ ਤੇ ਤਵਾ ਲੈ ਗਿਆ।

"ਹੈਂ! ਬਾਲਣ?" ਉਹ ਤ੍ਰਬਕ ਗਿਆ ਜਿਵੇਂ ਕਿਸੇ ਨੇ ਰੋਟੀ ਦੀ ਬੁਰਕੀ ਉਸਦੇ ਮੂੰਹ ਕੋਲ ਲੈ ਜਾ ਕੇ ਵਾਪਸ ਖਿੱਚ ਲਈ ਹੋਵੇ। ਬਾਲਣ ਤਾਂ ਹੈ ਨਹੀਂ ਸੀ। ਬਾਲਣ ਬਿਨਾਂ ਅੱਗ ਕਿਵੇਂ ਬਲਦੀ। ਉਹ ਆਪਣੇ-ਆਪ ਤੇ ਖਿੱਝਿਆ, 'ਮੈਨੂੰ ਬਾਲਣ ਦਾ ਖ਼ਿਆਲ ਪਹਿਲਾਂ ਕਿਉਂ ਨਾ ਆਇਆ? ਹੁਣ ਕੀ ਹੋ ਸਕਦੈ!' ਉਹ ਕੁਝ ਸੋਚਦਾ ਅੰਦਰ ਆਇਆ। ਅਲਮਾਰੀ ਵਿੱਚੋਂ ਅਚਾਰ ਦੀ ਪੀਪੀ ਕੱਢੀ। ਮਿਰਚਾਂ ਦਾ ਅਚਾਰ ਸੁੱਕਿਆ ਪਿਆ ਸੀ। ਉਹ ਸੁੱਕੇ ਅਚਾਰ ਦੀ ਮੁੱਠੀ ਭਰਕੇ ਪਰਾਤ ਕੋਲ ਲੈ ਆਇਆ। ਮਿਰਚਾਂ ਨੂੰ ਬਰੀਕ-ਬਰੀਕ ਤੋੜ ਕੇ ਆਟੇ ਵਿੱਚ ਗੁੰਨ ਲਿਆ। ਅੰਦਰੋਂ ਤੌੜੀ 'ਚੋਂ ਪਾਣੀ ਦਾ ਗਲਾਸ ਭਰ ਲਿਆਇਆ। 'ਤੱਿਪ-ਤੱਿਪ' ਤਿਪਕਦੇ ਬਰਾਂਡੇ ਵਿੱਚ ਹੀ ਪਏ ਮੰਜੇ 'ਤੇ ਉਹ ਹੱਥਾਂ ਵਿੱਚ ਮਿਰਚਾਂ ਵਾਲਾ ਆਟਾ ਲਈਂ ਬੈਠ ਗਿਆ। ਪਹਿਲਾਂ ਤਾਂ ਉਹ ਕੁਝ ਚਿਰ ਹੱਥਾਂ 'ਚ ਫੜੇ ਆਟੇ ਨੂੰ ਕਿਸੇ ਅਦਭੁਤ ਚੀਜ਼ ਵਾਂਗ ਨਿਹਾਰਦਾ ਰਿਹਾ ਫਿਰ ਉਹ ਝਵਟ ਮਾਰਨ ਵਾਂਗ ਇੱਕੋ ਦਮ ਕੱਚੇ ਆਟੇ ਦੀਆਂ ਦੋ-ਤਿੰਨ ਗਰਾਹੀਆਂ ਤੋੜ ਕੇ 'ਚਪਲ-ਚਪਲ' ਕਰਦਾ ਖਾ ਗਿਆ। ਉਪਰੋਂ ਦੀ ਅੱਧਾ ਗਲਾਸ ਪਾਣੀ ਦਾ ਅੰਦਰ ਸੁੱਟ ਲਿਆ। ਜਦ ਆਟਾ ਗਲੋਂ ਹੇਠਾਂ ਉਤਰ ਗਿਆ ਤਾਂ ਉਸਨੇ ਚਾਰ-ਪੰਜ ਗਰਾਹੀਆਂ ਹੋਰ ਖਾ ਕੇ ਪਾਣੀ ਨਾਲ ਹੇਠਾਂ ਕਰ ਲਈਆਂ। ਬਾਕੀ ਬਚਦਾ ਆਟਾ ਉਸਨੇ ਵਿਹੜੇ ਵਿੱਚ ਵਗਾਹ ਮਾਰਿਆ।

ਵਿਹੜੇ ਵਿੱਚੋਂ ਉਸਦੀ ਮੱਲੋ-ਮੱਲੀ ਤਿਲਕਦੀ ਨਜ਼ਰ ਸਾਹਮਣੇ ਜੱਗੇ ਕੇ ਚੁਬਾਰੇ ਉਪਰ ਜਾ ਟਿਕੀ। ਰਾਣੀ ਕੋਠੇ 'ਤੇ ਖੜ੍ਹੀ ਰਾਜੂ ਨੂੰ ਕਹਿ ਰਹੀ ਸੀ, "ਚਲ ਪਕਾ ਕੇ ਦੇਮਾਂ ਤਾਜੀਆਂ।"

ਉਸਨੇ ਸਿਰ ਝਟਕਿਆ, ਅੱਖਾਂ ਫਰਕਾਈਆਂ। ਜੱਗੇ ਕੇ ਚੁਬਾਰੇ 'ਤੇ ਕੋਈ ਨਹੀਂ ਸੀ। ਚੁਬਾਰੇ ਦੀ ਖਿੜਕੀ ਵੀ ਬੰਦ ਪਈ ਮੂੰਹ ਚਿੜਾ ਰਹੀ ਸੀ, "ਹੈਂ! ਮੇਰੇ ਦਿਮਾਗ਼ ਨੂੰ ਕੀ ਹੋ ਗਿਆ? ਰਾਣੀ ਹੁਣੇ ਖੜ੍ਹੀ ਤੀ 'ਤੇ ਹੁਣੇ ਹੈ ਨਹੀਂ।"



"ਮੈਂ ਤਾਂ ਕਹਿਣੀ ਆਂ ਇਹ ਮਰ ਜਾਣ ਸਾਰੇ ਕੁੱਤੇ, ਜਿਨ੍ਹਾਂ ਨੇ ਮੇਰੇ ਰਾਜੂ ਨੂੰ..........।" ਰਾਣੀ ਦੇ ਬੋਲ ਰਾਜੂ ਦੇ ਕੰਨਾਂ ਵਿੱਚ ਗੂੰਜੇ।

"ਸਾਰੇ ਭਰਮ ਤੀ ਰਾਣੀ! ਕੋਈ ਨਹੀਂ ਮਰਿਆ। ਹੁਣ ਤਾਂ ਤੇਰਾ ਰਾਜੂ.......!" ਉਹ ਪਤਾ ਨਹੀਂ ਕੀ ਕੁਝ ਸੋਚਦਾ ਅੰਦਰ ਸਵਾਤ ਵਿੱਚ ਜਾ ਬੈਠਿਆ।

"ਹਾਏ...... ਮਾਂ...... ਤੂੰ ਆਈ ਕਿਉਂ ਨਹੀਂ? ਇੱਕ ਵਾਰ ਆ ਜਾਂਦੀ। ਤੈਨੂੰ ਆਪਣੀਆਂ ਅੱਖਾਂ ਨਾਲ ਵੇਖ ਲੈਂਦਾ। ਤੇਰਾ ਮੋਹ ਭਰਿਆ ਹੱਥ ਇੱਕ ਵਾਰ ਮੇਰੇ ਸਿਰ 'ਤੇ ਫਿਰਦਾ, ਮੈਨੂੰ ਸਾਰੇ ਦੁੱਖ ਭੁੱਲ ਜਾਂਦੇ। ਤੇਰੀ ਗੋਦੀ 'ਚ ਸਿਰ ਧਰ ਕੇ ਮਰ ਜਾਂਦਾ। ਦੇਖ! ਤੇਰਾ ਰਾਜੂ ਜ਼ਿੰਦਗੀ ਮਗਰ ਕਿੰਨਾ ਭੱਜਿਆ ਹੈ ਪਰ ਉਸਨੇ ਉਂਗਲ ਨਹੀਂ ਫੜਾਈ ਮਾਂ.......! ਹੁ..... ਹੁਣ ਤਾਂ ਮਾਂ...... ਮੈਂ ਥੱਕ ਗਿਆ। ਮਾਂ...... ਸਾਹ ਉਖੜ ਗਿਆ ਹੈ ਮੇਰਾ!"

"ਹੈਂ! ਤੂੰ ਆ ਗੀ ਮਾਂ? ਪਰ ਹੈਂ! ਆਹ ਕੀ ਮਾਂ? ਤੂੰ ਅੱਧੀ ਕਿਉਂ ਐਂ? ਤੇਰੀ ਇੱਕ ਲੱਤ, ਇੱਕ ਬਾਂਹ, ਇੱਕ ਅੱਖ ਕਿੱਥੇ ਐ?"

"ਹੈਂ..... ਕੀ ਕਿਹਾ? ਅੱਧੀ ਤੂੰ ਕੁਸਲੇ ਐ....... ਕੀ? ਅੱਧੀ ਬਿਹਾਰ? ਤੂੰ ਐਨੇ ਹਿੱਸਿਆਂ 'ਚ ਕਿਮੇਂ ਜਿਉਂਦੀ ਐ ਮੇਰੀ ਮਾਂ? ਚੰਗਾ ਲੈ ਫੇਰ ਮੈਨੂੰ ਗੋਦੀ 'ਚ ਲੈ।"

"ਕੀ ਕਿਹਾ.....? ਤੇਰੀ ਗੋਦੀ ਹੋਰ ਜਵਾਕ ਐ! ਹੁਣ ਤਾਂ ਮੇਰੀ ਗੋਦੀ ਜਵਾਕ ਹੋਣ ਦੀ ਰੁੱਤ ਤੀ ਮਾਂ!"

"ਮਾਂ ਤੂੰ ਇੱਕ ਘੜੀ ਰੁਕ ਤਾਂ ਸਈ। ਕੀ ਕਾਹਲੀ ਐ ਮਾਂ......!"

ਰਾਜੂ ਦੀ ਸੁਰਤ ਪਰਤ ਆਉਂਦੀ ਹੈ, "ਹੈਂ ਮੇਰੇ ਦਿਮਾਗ਼ ਨੂੰ ਕੀ ਹੋ ਗਿਆ? ਮੈਨੂੰ ਇਸ ਤਰ੍ਹਾਂ ਖ਼ਿਆਲ ਕਿਉਂ ਆਈ ਜਾਂਦੇ ਨੇ! ਪਤਾ ਨਹੀਂ ਮੇਰਾ ਦਿਮਾਗ਼ ਸੌਂ ਗਿਆ ਤੀ ਜਾਂ ਨੀਂਦ ਆ ਗਈ ਤੀ। ਨਾਂਹ, ਨੀਂਦ ਤਾਂ ਨੀ ਆਈ ਤੀ।" ਉਹ ਮੰਜੇ 'ਚੋ ਉੱਠ ਕੇ ਪੇਟੀ ਕੋਲ ਜਾ ਖੜ੍ਹਿਆ।

"ਮਾਂ ਮੈਨੂੰ ਪਤਾ ਹੈ ਤੂੰ ਹੁਣ ਕਦੇ ਨਹੀਂ ਆਉਣੀ...... ਕਦੇ ਨੀ...... ਜਮੀਂ ਨੀ......ਕਦੇ ਨੀ...... ਕਦੇ ਨੀ......!" ਉਹ ਪੇਟੀ ਨਾਲ ਸਿਰ ਮਰਨ ਲੱਗ ਪਿਆ ਜਿਵੇਂ ਉਸ ਵਿੱਚ ਓਪਰੀ ਕਸਰ ਆ ਵੜੀ ਹੋਵੇ।

"ਮੈਂ ਲੰਗੜੀ ਜ਼ਿੰਦਗੀ ਕਿਮੇਂ ਜਿਉਂਵਾਂ ਓਏ ਲੋਕੋ..... ਓ........!" ਉਸਦੇ ਅੰਦਰੋਂ ਲੇਰ ਨਿਕਲ ਗਈ। ਫਿਰ ਉਸਨੂੰ ਕੁਝ ਸੁੱਝਿਆ, ਉਸਨੇ ਤੌੜੀ ਵਿੱਚੋਂ ਪਾਣੀ ਦਾ ਗਲਾਸ ਭਰ ਕੇ ਪੇਟੀ ਉਪਰ ਲਿਆ ਰੱਖਿਆ। ਲਫ਼ਾਫ਼ੇ ਵਿੱਚੋਂ ਨੀਂਦ ਦੀਆਂ ਗੋਲੀਆਂ ਦੇ ਸਾਰੇ ਪੱਤੇ ਕੱਢ ਲਏ। ਇੱਕ-ਇੱਕ ਕਰਕੇ ਪੱਤਿਆਂ ਵਿੱਚੋਂ ਸਾਰੀਆਂ ਗੋਲੀਆਂ ਕੱਢ ਕੇ ਆਪਣੀ ਮੁੱਠੀ ਵਿੱਚ ਭਰ ਲਈਆਂ। ਅੱਖਾਂ ਮੀਟ ਕੇ ਸਾਰੀਆਂ ਗੋਲੀਆਂ ਦਾ ਫੱਕਾ ਮਾਰ ਗਿਆ। ਪਾਣੀ ਨਾਲ ਗੋਲੀਆਂ ਸੰਘੋਂ ਹੇਠਾਂ ਕਰ ਲਈਆਂ।


ਉਹ ਦੁਬਾਰਾ ਮੰਜੇ ਉਪਰ ਆ ਪਿਆ ਜਿਵੇਂ ਆਪਣੇ ਹਿੱਸੇ ਦੇ ਸਾਰੇ ਕੰਮ ਨਿਬੇੜ ਕੇ ਸੁਰਖ਼ਰੂ ਹੋ ਗਿਆ ਹੋਵੇ। ਰੋਡੀ, ਰਾਣੀ, ਦੇਵਕੀ ਤੇ ਹੋਰ ਕਿੰਨੇ ਹੀ ਚਿਹਰੇ ਫ਼ਿਲਮ ਦੇ ਵੱਖ-ਵੱਖ ਦ੍ਰਿਸ਼ਾਂ ਵਾਂਗ ਉਸਦੀਆਂ ਅੱਖਾਂ ਅੱਗੇ ਜਗਦੇ-ਬੁਝਦੇ ਰਹੇ। ਫਿਰ ਹੌਲੀ-ਹੌਲੀ ਇਹ ਸਭ ਕੁਝ ਮੱਧਮ ਹੁੰਦਾ-ਹੁੰਦਾ ਅਲੋਪ ਹੋ ਗਿਆ। ਬਾਹਰ ਗਲੀਆਂ ਦੇ ਕੁੱਤੇ ਭੌਂਕਣੋਂ ਹਟ ਗਏ। ਰਾਤ ਹੋਰ ਡੂੰਘੀ ਹੋ ਗਈ।

**ਪਤਾ-ਪਿੰਡ ਸਤੌਜ, ਡਾਕ. ਧਰਮਗੜ੍ਹ ਜ਼ਿਲ੍ਹਾਂ ਸੰਗਰੂਰ 148028 ,**

**ਮੋ. 9592274200, 9417241787**

# ਪ੍ਰੋ. ਹਰਭਜਨ ਸਿੰਘ ਦੀ ਕਹਾਣੀ ਕਲਾ ਦੀ ਵਿਲੱਖਣਤਾ

**- ਪ੍ਰੋ. ਮਾਨ ਸਿੰਘ ਢੀਂਡਸਾ**




ਪ੍ਰੋ. ਹਰਭਜਨ ਸਿੰਘ ਦੀ ਕਹਾਣੀ ਸਾਧਨਾ ਨੂੰ ਸਮਝਣ ਲਈ ਉਸ ਸੰਦਰਭ ਨੂੰ ਸਮਝਣਾ ਬਹੁਤ ਜ਼ਰੂਰੀ ਹੈ ਜਿਸ ਸੰਦਰਭ ਵਿਚੋਂ ਪੰਜਾਬੀ ਦਾ ਇਹ ਗਲਪ ਲੇਖਕ ਪੰਜਾਬੀ ਸਾਹਿਤ ਵਿਚ ਪ੍ਰਵੇਸ਼ ਕਰਦਾ ਹੈ ਅਤੇ ਵਿਕਸਤ ਹੁੰਦਾ ਹੈ। ਇਸ ਸੰਦਰਭ ਦੇ ਦੋ ਪੱਖ ਹਨ ਇਕ ਵਿਅਕਤੀਗਤ ਅਤੇ ਦੂਜਾ ਸਮੁੱਚਾ ਇਤਿਹਾਸਕ ਸੰਦਰਭ। ਪ੍ਰੋ. ਹਰਭਜਨ ਸਿੰਘ ਪੰਜਾਬੀ ਦੇ ਬਹੁਤ ਹੀ ਉਨ੍ਹਾਂ ਥੋੜ੍ਹੇ ਜਿਹੇ ਸਾਹਿਤਕਾਰਾਂ ਅਤੇ ਪੰਜਾਬੀ ਗਲਪਕਾਰਾਂ ਵਿਚੋਂ ਹੈ ਜਿਹੜੇ ਨਿਰੰਤਰ ਇਨਕਲਾਬੀ ਅਤੇ ਰਾਜਨੀਤਿਕ ਸਰਗਰਮੀਆਂ ਨਾਲ ਵਿਹਾਰਕ ਤੌਰ ਤੇ ਜੁੜੇ ਰਹੇ ਹਨ। ਇਹ ਨਿਰੰਤਰਤਾ ਲੱਗਭਗ ਚਾਲੀ ਸਾਲਾਂ ਤੋਂ ਜਾਰੀ ਹੈ। ਪ੍ਰੋ. ਹਰਭਜਨ ਸਿੰਘ ਦੇ ਇਸ ਨਿਰੰਤਰ ਸੰਘਰਸ਼ ਦਾ ਆਧਾਰ ਉਸ ਦੇ ਮਾਰਕਸਵਾਦੀ ਚਿੰਤਨ ਵਿਚ ਹੈ ਜੋ ਉਸ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਾਇੰਸ ਦੀ ਐਮ. ਐਸ. ਸੀ. ਫਿਜੀਕਸ ਦੀ ਪੜ੍ਹਾਈ ਸਮੇਂ ਹੀ ਆਪਨਾ ਲਿਆ ਸੀ। ਇਸੇ ਲਈ ਹਰਭਜਨ ਸਿੰਘ ਜੀਵਨ ਦੀ ਗਤੀਸ਼ੀਲਤਾ, ਸੰਘਰਸ਼ ਅਤੇ ਲੋਕਪੱਖੀ ਪਰਿਵਰਤਨ ਦਾ ਪ੍ਰਤੀਬੱਧ ਚਿੰਤਕ ਅਤੇ ਲੇਖਕ ਹੈ। ਹਰਭਜਨ ਸਿੰਘ ਨੇ ਆਪਣੇ ਜੀਵਨ ਦੇ ਇਸ ਸਮੁੱਚੇ ਜੀਵਨ ਕਾਲ ਵਿਚ ਬਹੁਤੇ ਮਾਰਕਸਵਾਦੀ ਲੇਖਕਾਂ / ਚਿੰਤਕਾਂ ਵਾਂਗ ਆਪਣੇ ਅਕੀਦੇ ਨਹੀਂ ਬਦਲੇ, ਉਹ ਕਿਤੇ ਥਿੜਕਿਆ ਨਹੀਂ, ਉਸ ਨੂੰ ਅਤੇ ਉਸ ਦੇ ਸਮੁੱਚੇ ਪਰਿਵਾਰ ਨੂੰ ਅਨੇਕ ਕੁਰਬਾਨੀਆਂ ਦੇਣੀਆਂ ਪਈਆਂ, ਪਰੰਤੂ ਪੰਜਾਬੀ ਦਾ ਇਹ ਸਾਹਿਤਕਾਰ ਨਿੱਜੀ ਸਮਰੱਥਾ, ਸਮੇਂ ਸਥਾਨ ਅਤੇ ਸਥਿਤੀ ਅਨੁਸਾਰ ਅਡੋਲ ਹੋ ਕੇ ਮਨੁੱਖੀ ਸਮਾਜ ਦੀਆਂ ਵਿਭਿੰਨ ਜਮਾਤਾਂ ਦੀ ਬਰਾਬਰਤਾ ਅਤੇ ਜਮਾਤੀ ਸਮਾਜ ਦੀ ਬਰਬਰਤਾ ਵਿਰੁੱਧ ਯਥਾ-ਸੰਭਵ ਸੰਘਰਸ਼ਸੀਲ ਹੈ। ਹਰਭਜਨ ਸਿੰਘ ਦੀ ਵਿਲੱਖਤਾ ਅਤੇ ਮਹੱਤਵ ਇਸ ਗੱਲ ਵਿਚ ਹੈ ਕਿ ਉਸ ਨੇ ਵਿਹਾਰਕ ਸੰਘਰਸ਼ ਰਾਹੀਂ ਵਿਗਿਆਨਕ ਮਾਰਕਸਵਾਦੀ ਚਿੰਤਨ ਨੂੰ ਵਿਕਸਤ ਕੀਤਾ ਹੈ ਅਤੇ ਆਪਣੀਆਂ ਸਮੁੱਚੀਆਂ ਰਚਨਾਵਾਂ ਵਿਚ ਆਪਣੇ ਪ੍ਰਮਾਣਕ ਅਨੁਭਵ ਨੂੰ ਸਾਹਿਤ ਸਿਰਜਨਾਵਾਂ ਦਾ ਆਧਾਰ ਬਣਾਇਆ ਹੈ। ਜਦੋਂ ਕੋਈ ਸਾਹਿਤ ਸਿਰਜਕ ਆਪਣੇ ਪ੍ਰਮਾਣਿਕ ਅਨੁਭਵ ਨੂੰ ਵਿਗਿਆਨਕ ਚਿੰਤਨ ਰਾਹੀਂ ਸਿਰਜਨਾ ਵਿਚ ਢਾਲ ਲੈਂਦਾ ਹੈ ਤਾਂ ਉਸ ਸਮੇਂ ਵਿੱਲਖਣ ਅਤੇ ਮਹੱਤਵਪੂਰਨ ਸਾਹਿਤ ਹੋਂਦ ਵਿਚ ਆਉਂਦਾ ਹੈ। ਪ੍ਰੋ. ਹਰਭਜਨ ਸਿੰਘ ਅਜਿਹਾ ਹੀ ਇਕ ਸਾਹਿੱਤਕਾਰ ਹੈ ਜੋ ਆਪਣੀਆਂ ਰਚਨਾਵਾਂ ਵਿਚ ਹੱਡੀਂ ਹੰਢਾਏ ਅਨੁਭਵ ਤੋਂ ਪਾਸੇ ਨਹੀਂ ਜਾਂਦਾ। ਕਬੀਰ ਦਾ ਇਹ ਸ਼ਲੋਕ ਪੰਜਾਬੀ ਦੇ ਇਸ ਲੇਖਕ ਉਤੇ ਪੂਰਨ ਰੂਪ ਵਿਚ ਢੁੱਕਦਾ ਹੈ,

"ਤੁਮ ਕਹੋ ਪੁਸਤਕ ਕੀ ਲੇਖੀ
ਮੈਂ ਕਹੂੰ ਆਖਨ ਕੀ ਦੇਖੀ



ਪ੍ਰੋ. ਹਰਭਜਨ ਸਿੰਘ ਦੀ ਸਮੁੱਚੀ ਰਚਨਾ ਦਾ ਆਧਾਰ ਨਕਸਲਬਾੜ੍ਹੀ ਲਹਿਰ ਤੋਂ ਸ਼ੁਰੂ ਹੋ ਕੇ ਵਿਸ਼ਵੀਕਰਨ ਤੋਂ ਪੈਦਾ ਹੋਏ 2008-2009 ਦੇ ਮੰਦਵਾੜੇ ਤੱਕ ਦੇ ਇਤਿਹਾਸ ਤੱਕ ਫੈਲਿਆ ਹੋਇਆ ਹੈ, ਹਰਭਜਨ ਸਿੰਘ ਦੀ ਕਹਾਣੀ ਰਚਨਾ ਵਿਚੋਂ ਇਸ ਚਾਲੀ ਸਾਲਾ ਇਤਿਹਾਸਕ ਦੇ ਤਿੰਨ ਪੜਾਅ ਉਸਾਰੇ ਗਏ ਹਨ। ਪਹਿਲਾ ਪੜਾਅ ਲੋਕ ਲਹਿਰਾਂ ਦੀ ਚੜ੍ਹਤ ਦਾ ਹੈ। ਪਹਿਲਾਂ ਸਮਾਂ ਉਹ ਹੈ ਜਦੋਂ ਸੋਵੀਅਤ ਸੰਘ, ਚੀਨ ਅਤੇ ਦੁਨੀਆਂ ਦੇ ਕਈ ਮੁਲਕਾਂ ਵਿਚ ਸਮਾਜਵਾਦੀ ਕ੍ਰਾਂਤੀਆਂ ਹੋ ਚੁੱਕੀਆਂ ਸਨ। ਭਾਰਤ ਆਦਿ ਤੀਜੀ ਦੁਨੀਆਂ ਦੇ ਕਈ ਮੁਲਕਾਂ ਵਿਚ ਲੋਕ ਕ੍ਰਾਂਤੀਆਂ ਲਈ ਲੋਕ ਸੰਘਰਸ਼ਾਂ ਦਾ ਦੌਰ ਚੱਲ ਰਿਹਾ ਸੀ। ਇਸ ਦੌਰ ਵਿਚ ਵਿਸ਼ਵ ਦੀ ਸਮੁੱਚੀ ਸੋਸ਼ਿਤ ਧਿਰ ਦੀ ਅਗਵਾਈ ਵਾਲੇ ਚਿੰਤਕ ਅਤੇ ਕ੍ਰਾਂਤੀਕਾਰੀਆਂ ਲਈ ਸਮਾਜਵਾਦੀ ਕ੍ਰਾਂਤੀ ਅਦਰਸ਼ ਰੂਪ ਵਿਚ ਸਮਾਈ ਹੋਈ ਸੀ। ਦੂਜਾ ਪੜਾਅ ਸਮਾਜਵਾਦੀ ਕੈਂਪ ਦਾ ਢਹਿਣਾ, ਸਮਾਜਵਾਦੀ ਕ੍ਰਾਂਤੀ ਦੇ ਸੁਪਨੇ ਦਾ ਭੰਜਨ ਅਤੇ ਇਕ ਧਰੁੱਵੀ ਸੰਸਾਰ ਦਾ ਹੋਂਦ ਵਿਚ ਆਉਣਾ ਹੈ। ਇਸ ਇਤਿਹਾਸਕ ਪਰਿਵਰਤਨ ਨਾਲ ਇਕ ਪਾਸੇ ਤਕਨੀਕੀ ਵਿਸਫੋਟ, ਉਦਾਰੀਕਰਨ, ਵਪਾਰੀਕਰਨ ਉਪਭੋਗਤਾਵਾਦ ਆਦਿ ਦੀਆਂ ਅਲਾਮਤਾ ਵਿਚ ਸਮੁੱਚਾ ਵਿਸ਼ਵ ਗ੍ਰਸਿਆ ਜਾਂਦਾ ਹੈ। ਇਹ ਉਤਰ ਆਧੁਨਿਕ ਦੌਰ ਹੈ ਜਿਸ ਵਿਚ ਵਿਚਾਰਧਾਰਾ ਅਤੇ ਇਤਿਹਾਸ ਦੇ ਅੰਤ ਦਾ ਐਲਾਨ ਕਰ ਦਿੱਤਾ ਜਾਂਦਾ ਹੈ। ਇਸ ਐਲਾਨਨਾਮੇ ਦਾ ਨਤੀਜਾ ਇਹ ਨਿਕਲਦਾ ਹੈ ਕਿ ਵਿਸ਼ਵ ਦੇ ਸਾਧਨ ਸੰਪਨ ਕਾਰਪੋਰੇਟ ਖੇਤਰ ਅਤੇ ਉਪਰਲਾ ਮੱਧ ਵਰਗ ਦੇ ਲੋਕ ਮਾਇਆ ਦੇ ਅੰਬਾਰ ਇਕੱਠੇ ਕਰਦੇ ਹਨ ਅਤੇ ਦੂਜੇ ਪਾਸੇ ਅੱਸੀ ਪ੍ਰਤੀਸ਼ਤ ਤੋਂ ਵੱਧ ਵਿਸ਼ਵ ਦੀ ਵਸੋਂ ਸਮੁੱਚੇ ਰੂਪ ਵਿਚ ਸੰਕਟਗ੍ਰਤ ਹੁੰਦੀ ਹੋਈ ਅਨੇਕ ਪ੍ਰਕਾਰ ਦੀਆਂ ਨਿਰਾਸ਼ਾ ਜਨਕ ਸਥਿਤੀਆਂ ਦਾ ਸ਼ਿਕਾਰ ਹੁੰਦੀ ਹੈ। ਸਮੁੱਚੇ ਸਭਿਆਚਾਰਕ, ਰਾਜਨੀਤਕ, ਨਿਆਇਕ ਅਤੇ ਨੈਤਿਕ ਆਦਿ ਆਦਰਸ਼ਕ ਕੀਮਤ ਪ੍ਰਬੰਧ ਤਹਿਸ-ਨਹਿਸ ਹੋ ਜਾਂਦਾ ਹੈ ਅਤੇ ਇਕੋ ਕੀਮਤ ਪ੍ਰਬੰਧ 'ਪੂੰਜੀ ਦੀ ਪ੍ਰਭੂਸੱਤਾ' ਸਥਾਪਤ ਹੋ ਜਾਂਦਾ ਹੈ। ਵਿਸ਼ਵੀਕਰਨ ਦੀਆਂ ਸੰਚਾਲਕ ਸ਼ਕਤੀਆਂ ਉਪਭੋਗਤਾਵਾਦ ਨੂੰ ਵਿਸ਼ਵ ਸਭਿਅਤਾ ਅਤੇ ਸਭਿਆਚਾਰ ਦੀ ਇਕੋ ਇਕ ਕੀਮਤ ਬਣਾਉਣ ਲਈ ਸਮੁੱਚੀ ਤਕਨਾਲੋਜੀ ਦਾ ਪ੍ਰਯੋਗ ਕਰਦੀਆਂ ਹਨ। ਵਿਸ਼ਵ ਉਤੇ ਰਾਜ ਕਰਨ ਵਾਲੀਆਂ ਸਾਮਰਾਜੀ ਸ਼ਕਤੀਆਂ ਜਿਸ ਦੀ ਅਗਵਾਈ ਅਮਰੀਕਾ ਕਰਦਾ ਹੈ, ਸਮੁੱਚੇ ਵਿਸ਼ਵ ਪ੍ਰਬੰਧ ਨੂੰ ਆਪਣੇ ਸ਼੍ਰੈਣਿਕ ਆਰਥਿਕ ਹਿੱਤਾਂ ਅਨੁਸਾਰ ਚਲਾਉਣ ਦਾ ਪੁਰਜ਼ੋਰ ਯਤਨ ਕਰਦਾ ਹੋਇਆ ਨਵ-ਬਸਤੀਵਾਦ ਵੱਲ ਵੱਧਦਾ ਹੈ। ਪਰੰਤੂ ਵਿਸ਼ਵ ਇਤਿਹਾਸ ਨੂੰ ਇਹੋ ਵਰਗ ਦੇ ਹਿੱਤਾਂ ਅਨੁਸਾਰ ਚਲਾਉਣਾ ਸੰਭਵ ਨਹੀਂ। ਤੀਜਾ ਪੜਾਅ ਉਸ ਸਮੇਂ ਆਰੰਭ ਹੁੰਦਾ ਹੈ ਜਦੋਂ ਅਮਰੀਕੀ ਸਾਮਰਾਜ ਦੀ ਤਾਕਤ ਦੇ ਪ੍ਰਤੀਕ ਟਵਿਨ ਟਾਵਰ ਢਹਿ ਢੇਰੀ ਹੋ ਜਾਂਦੇ ਹਨ। 2003-04 ਅਤੇ ਉਸ ਪਿਛੋਂ 2007-08 ਦਾ ਮੰਦਵਾੜਾ ਵਿਸ਼ਵੀਕਰਨ, ਉਦਾਰੀਕਰਨ ਦੀਆਂ ਨੀਤੀਆਂ ਅਤੇ ਇਕ ਧਰੁੱਵੀ ਸੰਸਾਰਕ ਪ੍ਰਬੰਧ ਉਤੇ ਪ੍ਰਸ਼ਨ ਚਿੰਨ੍ਹ ਲਗਾ ਦੇਂਦਾ ਹੈ। ਪ੍ਰੋ. ਹਰਭਜਨ ਦਾ ਗਲਪ ਸਾਹਿਤ ਉਪਰੋਕਤ ਤਿੰਨੇ ਪੜਾਵਾਂ ਤੋਂ ਪ੍ਰਾਪਤ ਅਨੁਭਵ ਦਾ ਸਿਰਜਣ ਅਤੇ ਵਿਸ਼ਲੇਸ਼ਣ ਕਰਦਾ ਹੋਇਆ ਭਵਿੱਖਾਰਥੀ ਰਾਹਾਂ ਦੀ ਤਲਾਸ਼ ਕਰਦਾ ਹੈ।

ਸਮਕਾਲ ਵਿਚ ਬੁੱਢੇ ਪੂੰਜੀਵਾਦੀ ਨਵ-ਬਸਤੀਵਾਦੀ ਪ੍ਰਬੰਧ ਨੇ ਸਮੁੱਚੇ ਵਿਸ਼ਵ-ਭਾਈਚਾਰੇ, ਵਿਭਿੰਨ ਸਭਿਆਚਾਰਾਂ, ਕੌਮਾਂ, ਨਸਲਾਂ, ਬਹੁਸੰਖਿਅਕ ਜਨ ਸਾਧਾਰਨ, ਵਾਤਾਵਰਣ ਅਤੇ ਜੀਵਾਂ ਆਦਿ ਸਭ ਲਈ ਸੰਕਟ ਮਈ ਸਥਿਤੀਆਂ ਪੈਦਾ ਕੀਤੀਆਂ ਹੋਈਆਂ ਹਨ। ਪ੍ਰੋ. ਹਰਭਜਨ ਸਿੰਘ ਦੀਆਂ ਚਰਚਾ ਅਧੀਨ ਕਹਾਣੀਆਂ ਇਸੇ ਸੰਕਟਮਈ ਯਥਾਰਥ ਨੂੰ ਪ੍ਰਮਾਣਿਕ ਰੂਪ ਵਿਚ ਸਿਰਜਣ ਦਾ ਯਤਨ ਕਰਦੀਆਂ ਹਨ।

ਪ੍ਰੋ. ਹਰਭਜਨ ਸਿੰਘ ਜਦੋਂ ਸਰਗਰਮ (ਨਕਸਲਬਾੜ੍ਹੀ ਕ੍ਰਾਂਤੀ ਦਾ ਫੇਲ ਹੋਣਾ) ਅਤੇ ਵਿਅਕਤੀਗਤ ਕਾਰਨਾਂ ਕਰਕੇ ਸਰਗਰਮ ਸੰਘਰਸ਼ ਤੋਂ ਪਾਸੇ ਹੋ ਕੇ ਜਾਂਦਾ ਹੈ ਤਾਂ ਉਹ ਆਪਣੇ ਜੀਵਨ ਦਾ ਮਨੋਰਥ ਸਾਹਿਤ ਸਿਰਜਣਾ ਰਾਹੀਂ ਪੂਰਾ ਕਰਨ ਦੇ ਰਾਹ ਪੈਂਦਾ ਹੈ। ਲੇਖਕ ਪਕੇਰੀ ਉਮਰ ਵਿਚ ਆਪਣੇ ਕ੍ਰਾਂਤੀਕਾਰੀ ਜੀਵਨ ਅਨੁਭਵ ਅਤੇ ਅਮਰੀਕਾ ਵਿਚ ਪਰਵਾਸੀ ਜੀਵਨ ਦੀਆਂ ਦੁਸ਼ਵਾਰੀਆਂ, ਬੁੱਢੇ ਪੂੰਜੀਵਾਦੀ ਪ੍ਰਬੰਧ ਦੇ ਮਨੁੱਖ ਵਿਰੋਧੀ ਰੂਪ ਦੇ ਨੇੜਲੇ ਅਨੁਭਵ ਨੂੰ ਵਿਭਿੰਨ ਕੌਮਾਂ, ਨਸਲਾਂ, ਮੁਲਕਾਂ ਦੇ ਪਾਤਰਾਂ ਰਾਹੀਂ ਵਧੇਰੇ ਅੰਤਰ-ਰਾਸ਼ਟਰੀ ਪਰਿਪੇਖ ਵਿਚ ਸਿਰਜਣ ਲਈ ਯਤਨਸ਼ੀਲ ਹੈ। ਪੰਜਾਬੀ ਕਹਾਣੀ ਖੇਤਰ ਵਿਚ ਹਰਭਜਨ ਸਿੰਘ ਦਾ ਕ੍ਰਾਂਤੀਕਾਰੀ ਅਨੁਭਵ ਅਤੇ ਉਚ ਵਿੱਦਿਆ ਪ੍ਰਾਪਤ ਹੋਣਾ ਹੀ ਉਸ ਦੇ ਕਥਾ-ਸਾਹਿਤ ਨੂੰ

ਨਿਵੇਕਲੀ ਪਛਾਣ ਦੇਂਦਾ ਹੈ। ਉਸ ਦੀ ਇਸ ਨਿਵੇਕਲੀ ਸਾਹਿੱਤਕ ਪਛਾਣ ਨੂੰ ਸਮਝਣ ਅਤੇ ਪ੍ਰਗਟਾਉਣ ਲਈ ਉਸ ਦੇ ਦੋ ਮਹੱਤਵਪੂਰਣ ਕਹਾਣੀ ਸੰਗ੍ਰਹਿ 'ਬਿਨ ਸਿੰਗੇ ਸਾਨ੍ਹ' ਅਤੇ 'ਰੇਸ, ਕਲਾਸ ਜੇ ਜੰਗ' ਮਹੱਤਵ ਪੂਰਨ ਹਨ। ਇਨ੍ਹਾਂ ਪੁਸਤਕਾਂ ਨੂੰ ਆਧਾਰ ਬਣਾਉਣ ਦਾ ਕਾਰਨ ਇਹ ਹੈ ਕਿ ਇਨ੍ਹਾਂ ਵਿਚ ਅਜੋਕੇ ਯੁੱਗ ਅਤੇ ਵਿਸ਼ਵ ਪ੍ਰਬੰਧ ਬਾਰੇ ਪ੍ਰਮਾਣਿਕ ਅੰਤਰ-ਦ੍ਰਿਸ਼ਟੀਆਂ ਪ੍ਰਾਪਤ ਹੁੰਦੀਆਂ ਹਨ। ਇਨ੍ਹਾਂ ਕਹਾਣੀਆਂ ਦਾ ਮਹੱਤਵ ਇਸ ਗੱਲ ਵਿਚ ਹੈ ਕਿ ਇਹ ਪੰਜਾਬੀ ਕਹਾਣੀ ਸਾਹਿਤ ਵਿਚ ਸ਼ਾਇਦ ਪਹਿਲੀ ਵਾਰ ਵਿਭਿੰਨ ਕੌਮਾਂ, ਨਸਲਾਂ ਦੇਸ਼ਾਂ ਦੇ ਪਾਤਰਾਂ ਨੂੰ ਵਡੇਰੇ ਮਨੁੱਖਵਾਦੀ ਪ੍ਰਗਤੀਸ਼ੀਲ ਰਾਜਨੀਤਿਕ ਦ੍ਰਿਸ਼ਟੀਕੋਣ ਤੋਂ ਯਥਾਰਥ ਰੂਪ ਵਿਚ ਪੇਸ਼ ਕਰਦੀਆਂ ਹਨ। ਅਜੋਕੀ ਪੰਜਾਬੀ ਕਹਾਣੀ ਦੇ ਪ੍ਰਸੰਗ ਵਿਚ ਮੈਨੂੰ ਇਨ੍ਹਾਂ ਕਹਾਣੀਆਂ ਦਾ ਸਿਰਜਤ ਸੰਸਾਰ ਅਜੋਕੇ ਯੁੱਗ ਵਿਚ ਬੁੱਢੇ ਪੂੰਜੀਵਾਦੀ ਨਵ-ਬਸਤੀਵਾਦੀ ਪ੍ਰਬੰਧ ਦੇ ਹਿਤਾਂ ਤੋਂ ਉਪਜੇ ਮਾਨਵੀ ਸੰਕਟ ਦੇ ਸਿਰਜਣ ਕਾਰਨ ਮਹੱਤਵਪੂਰਨ ਜਾਪਦਾ ਹੈ।

ਹਰਭਜਨ ਸਿੰਘ ਜਦੋਂ ਇਤਿਹਾਸਕ (ਨਕਸਲਬਾੜੀ ਕ੍ਰਾਂਤੀ ਦੇ ਫੇਲ ਹੋਣ ਉਪਰੰਤ) ਅਤੇ ਵਿਅਕਤੀਗਤ ਕਾਰਨਾਂ ਕਰਕੇ ਸਰਗਰਮ ਕ੍ਰਾਂਤੀਕਾਰੀ ਸੰਘਰਸ਼ ਤੋਂ ਨਿਖੜ ਜਾਂਦਾ ਹੈ ਤਾਂ ਉਹ ਸਾਹਿਤ ਸਿਰਜਣਾ ਨੂੰ ਆਪਣਾ ਜੀਵਨ ਮਨੋਰਥ ਮਿਥ ਲੈਂਦਾ ਹੈ। ਲੇਖਕ ਆਪਣੀ ਉਮਰ ਦੇ ਪ੍ਰੋਢ ਜੀਵਨ-ਕਾਲ ਵਿਚ ਕ੍ਰਾਂਤੀਕਾਰੀ ਜੀਵਨ ਅਨੁਭਵ, ਅਮਰੀਕੀ ਪਰਵਾਸ ਸਮੇਂ ਦੀਆਂ ਦੁਸ਼ਵਾਰੀਆਂ ਬੁੱਢੇ ਵਿਕਸਤ ਪੂੰਜੀਵਾਦੀ ਪ੍ਰਬੰਧ ਦੇ ਮਨੁੱਖ ਵਿਰੋਧੀ ਰੂਪ ਦੇ ਨੇੜਲੇ ਅਨੁਭਵ ਨੂੰ ਵਿਭਿੰਨ ਕੌਮਾਂ, ਨਸਲਾਂ ਮੁਲਕਾਂ ਦੇ ਪਾਤਰਾਂ ਰਾਹੀਂ ਵਡੇਰੇ ਕ੍ਰਾਂਤੀਕਾਰੀ ਅਨੁਭਵ ਅਤੇ ਉਚ ਵਿੱਦਿਆ ਪ੍ਰਾਪਤ ਹੋਣਾ ਉਸ ਦੇ ਕਥਾ-ਸਾਹਿਤ ਨੂੰ ਵਿਲੱਖਣ ਬਣਾਉਣ ਵਿਚ ਸਹਾਈ ਹੁੰਦਾ ਹੈ। ਉਸ ਦੇ ਦੋ ਕਹਾਣੀ ਸੰਗ੍ਰਹਿ 'ਬਿੰਨ ਸਿੰਗੇ ਸਾਨ੍ਹ' ਅਤੇ 'ਰੇਸ ਕਲਾਸ ਤੇ ਜੰਗ' ਦੇ ਅਧਿਐਨ ਰਾਹੀਂ ਉਸ ਦੀ ਕਹਾਣੀ ਕਲਾ ਦੇ ਵਿਸ਼ੇਸ਼ ਗੁਣਾਂ ਅਤੇ ਊਣਤਾਈਆਂ ਨੂੰ ਸਮਝਿਆ ਜਾ ਸਕਦਾ ਹੈ। ਇਨ੍ਹਾਂ ਕਹਾਣੀਆਂ ਦੇ ਪਾਠ ਉਪਰੰਤ ਇਨ੍ਹਾਂ ਵਿਚੋਂ ਅਜੋਕੇ ਯੁੱਗ ਦੇ ਵਿਸ਼ਵ-ਪ੍ਰਬੰਧ ਬਾਰੇ ਪ੍ਰਣਾਨਿਕ ਅੰਤਰ ਦ੍ਰਿਸ਼ਟੀਆਂ ਪ੍ਰਾਪਤ ਹੁੰਦੀਆਂ ਹਨ। ਪੰਜਾਬੀ ਕਹਾਣੀ ਦੇ ਪ੍ਰਸੰਗ ਵਿਚ ਇਨ੍ਹਾਂ ਕਹਾਣੀਆਂ ਦਾ ਸਿਰਜਤ ਸੰਸਾਰ ਵਿਲੱਖਣ ਅਤੇ ਤਾਜਾ ਜਾਪਦਾ ਹੈ। ਪ੍ਰੋ. ਹਰਭਜਨ ਸਿੰਘ ਦੀਆਂ ਇਹ ਕਹਾਣੀਆਂ ਪਹਿਲੀ ਪਰਵਾਸੀ ਪੰਜਾਬੀ ਕਹਾਣੀ ਜੋ ਝੂਰੇਰਵਾ, ਨਸਲਵਾਦ, ਅੰਤਰਾ ਅਤੇ ਅੰਤਰ ਸਭਿਆਚਾਰਕ ਮਸਲਿਆਂ ਤੱਕ ਸੀਮਤ ਸੀ ਉਸ ਤੋਂ ਪਾਰ ਜਾ ਕੇ ਵਡੇਰੇ ਮਨੁੱਖੀ ਮਸਲਿਆਂ ਨੂੰ ਫੋਕਸ ਵਿਚ ਲਿਆਉਂਦੀ ਹੈ।

ਪ੍ਰੋ. ਹਰਭਜਨ ਸਿੰਘ ਦੇ ਇਨ੍ਹਾਂ ਕਹਾਣੀ ਸੰਗ੍ਰਹਿਆਂ ਦੇ ਪਹਿਲੇ ਵਰਗ ਵਿਚ ਉਹ ਕਹਾਣੀਆਂ ਆਉਂਦੀਆਂ ਹਨ ਜੋ ਕ੍ਰਾਂਤੀਕਾਰੀ ਪ੍ਰਤੀਬੱਧਤਾ, ਆਦਰਸ਼ ਅਤੇ ਗ੍ਰਹਿਸਤ ਜੀਵਨ ਦੇ ਸੁਖਾਂ ਦੇ ਦਵੰਦ ਅਤੇ ਮੱਧਵਰਗੀ ਦੁਚਿੱਤੀ ਨੂੰ ਪ੍ਰਗਟਾਉਂਦੀਆਂ ਹਨ। ਇਹ ਕਹਾਣੀਆਂ ਅਜੋਕੇ ਵਿਕਸਤ ਪੂੰਜੀਵਾਦੀ ਪ੍ਰਬੰਧ ਦੇ ਅਣਮਨੁੱਖੀ ਸਰੂਪ ਅਤੇ ਮਨੁੱਖੀ ਹੋਣੀ ਦੇ ਸੰਕਟ ਨੂੰ ਤਾਂ ਪੇਸ਼ ਕਰਦੀਆਂ ਹੀ ਹਨ, ਪਰ ਨਾਲ ਹੀ ਇਨਕਲਾਬੀ ਵਿਹਾਰ ਤੋਂ ਟੁੱਟੇ ਮੱਧਵਰਗੀ ਕ੍ਰਾਂਤੀਕਾਰੀ ਦੀ ਮਾਨਸਿਕਤਾ ਟੁੱਟ-ਭੱਜ ਨੂੰ ਵੀ ਪੇਸ਼ ਕਰਦੀਆਂ ਹਨ। ਉਪਰੋਕਤ ਵਰਗ ਵਿਚ ਆਉਣ ਵਾਲੀ ਕਹਾਣੀ 'ਬਿਨ ਸਿੰਘੇ ਸਾਨ੍ਹ' ਇਸ ਵਰਗ ਦੀ ਪ੍ਰਤੀਨਿੱਧ ਰਚਨਾ ਜਾਪਦੀ ਹੈ। ਇਸ ਕਹਾਣੀ ਦੇ ਪ੍ਰਮੁੱਖ ਪਰਵਾਸੀ ਪਾਤਰ ਮਿੰਦਰ ਦੀ ਮਾਨਸਿਕ ਟੁੱਟ ਭੱਜ ਅਤੇ ਮਾਨਸਿਕ ਦੁਫੇੜ ਨੂੰ ਪ੍ਰਗਟਾਉਂਦੀ ਹੈ। ਮਿੰਦਰ ਦਾ ਮਾਨਸਿਕ ਦੁਫੇੜ ਕਹਾਣੀ ਦਾ ਕੇਂਦਰੀ ਤਨਾਉ ਹੈ। ਇਹ ਕੇਂਦਰੀ ਤਨਾਉ ਵਿਕਸਤ ਸਾਮਰਾਜੀ ਵਿਵਸਥਾ ਵਾਲੇ ਮੁਲਕ ਦੇ ਪ੍ਰਬੰਧ ਬਾਰੇ ਮੱਧਵਰਗੀ ਪਰਵਾਸੀ ਪੰਜਾਬੀ ਪਾਤਰ ਦੇ ਭ੍ਰਮਕ ਸੁਪਨੇ ਦੇ ਭੰਜਨ ਦਾ ਸਿਰਜਨ ਹੈ। ਜਦੋਂ ਪ੍ਰਮੁੱਖ ਪਰਵਾਸੀ ਪਾਤਰ ਮਿੰਦਰ ਦਾ ਚੰਗੇ ਜੀਵਨ ਹਾਲਾਤ ਦਾ ਸੁਪਨਾ ਟੁੱਟਦਾ ਹੈ ਤਾਂ ਉਹ ਅਸਭਿਅਕ ਵਿਵਹਾਰ ਰਾਹੀਂ ਮਾਨਸਿਕ ਟੁੱਟ-ਭੱਜ ਦੀ ਪੂਰਤੀ ਕਰਨ ਦਾ ਯਤਨ ਕਰਦਾ ਹੈ। ਕਹਾਣੀਕਾਰ ਦਾ ਮਨੋਰਥ ਇਹ ਯਥਾਰਥ ਸਿਰਜਦਾ ਹੈ ਕਿ ਮਨੁੱਖ ਆਪਣੇ ਪਰਿਵਾਰ, ਭਾਈਚਾਰੇ ਅਤੇ ਸਭਿਆਚਾਰ ਤੋਂ ਬਿਨਾ ਸਿਰਫ ਪਦਾਰਥਕ ਸੁੱਖ ਸਾਧਨਾ ਰਾਹੀਂ ਜੀਵਨ ਬਸਰ ਨਹੀਂ ਕਰ ਸਕਦਾ। ਇਸ ਪ੍ਰਕ੍ਰਿਆ ਵਿਚ ਇਹ ਪਾਤਰ ਮਾਨਵੀਂ ਹੋਂਦ ਦੀ ਥਾਂ ਮਸ਼ੀਨ ਦਾ ਪੁਰਜਾ ਹੀ ਬਣ ਕੇ ਰਹਿ ਜਾਂਦਾ ਹੈ, "...ਮੈਂ ਤਾਂ ਇਕ ਜੰਗ ਦਾ ਐਲਾਨ ਕਰ ਰਿਹਾ... ਆਪਣੇ ਹੀ ਅੰਦਰ



ਮਰਦੇ ਜਾ ਰਹੇ ਮਨੁੱਖ ਦੇ ਵਿਰੁੱਧ ਬਿੰਦੂ ਬਣ ਕੇ ਆਪਣੇ ਹੀ ਇਰਦ ਗਿਰਦ ਘੁੰਮ ਰਹੇ ਇਨਸਾਨ ਦੀ ਸੋਚ ਦੇ ਵਿਰੁੱਧ ਡਾਲਰਾਂ ਦੀ ਉਸ ਹਮਕ ਦੇ ਵਿਰੁੱਧ ਜਿਸ ਨੇ ਸਾਨੂੰ ਮਸ਼ੀਨ ਦੇ ਪੁਰਜ਼ੇ ਬਣਾ ਦਿੱਤਾ ਏ... ਤੇ ਹੋਰ ਬਹੁਤ ਕੁਝ ਦੇ ਵਿਰੁੱਧ ਜੋ ਤੂੰ ਹਾਲੇ ਨਹੀਂ ਸਮਝਦਾ...।"

ਵਿਕਸਤ ਪੂੰਜੀਵਾਦੀ ਵਿਵਸਥਾ ਦੇ ਯਾਂਤਰਿਕ ਅਣ ਮਨੁੱਖੀ ਸਭਿਆਚਾਰ ਨੂੰ ਕਹਾਣੀ ਦਾ ਕੇਂਦਰੀ ਥੀਮ ਬਣਾਇਆ ਗਿਆ ਹੈ। ਕਹਾਣੀ ਦਾ ਪ੍ਰਮੁੱਖ ਪਰਵਾਸੀ ਪਾਤਰ ਮਿੰਦਰ ਇਨਕਲਾਬੀ ਵਿਹਾਰ ਅਤੇ ਆਪਣੇ ਸਭਿਆਚਾਰ ਤੋਂ ਵਿਛੁੰਨਿਆ ਹੋਇਆ ਹੈ। ਇਸ ਪਾਸੇ ਉਸ ਦੇ ਅਚੇਤ ਮਨ ਵਿਚ ਇਨਕਲਾਬ ਦੇ ਫੇਲ੍ਹ ਹੋ ਜਾਣ ਦੇ ਜ਼ਖ਼ਮ ਹਨ, ਜਿਸ ਨੂੰ ਛੱਡ ਉਹ ਅਮਰੀਕਾ ਪਹੁੰਚ ਗਿਆ ਹੈ ਤਾਂ ਦੂਜੇ ਪਾਸੇ ਆਪਣੇ ਸਮੁੱਚੇ ਸਭਿਆਚਾਰ ਤੋਂ ਟੁੱਟਣ ਕਾਰਨ ਪੈਦਾ ਹੋਇਆ ਹੋਂਦ ਦਾ ਸੰਕਟ। ਇਸ ਪਾਤਰ ਦੇ ਪੂੰਜੀਵਾਦੀ ਵਿਵਸਥਾ ਪ੍ਰਤੀ ਕਰਮ-ਪ੍ਰਤੀਕਰਮ ਪ੍ਰੋਢ ਇਨਕਲਾਬੀ ਚਿੰਤਕ ਵਾਲੇ ਹਨ ਜੋ ਵਿਵਸਥਾ ਦੇ ਮਨੁੱਖ ਵਿਰੋਧੀ ਰੂਪ ਨੂੰ ਸਿਰਜਦੇ ਹਨ, ਪਰੰਤੂ ਇਸ ਪਾਤਰ ਦਾ ਅਸਭਿਅਕ ਵਿਵਹਾਰ ਇਨਕਲਾਬੀ ਸੰਭਾਵਨਾਵਾਂ ਦੀ ਅਣਹੋਂਦ ਵਿਚ ਇਕ ਪ੍ਰਤੀਕਿਰਿਆਵਾਦੀ ਦੇ ਰੂਪ ਨੂੰ ਹੀ ਸਿਰਜਦਾ ਹੈ। ਕਹਾਣੀ ਦਾ ਦੂਜਾ ਪਾਤਰ ਬਿੰਦਾ ਪ੍ਰਮੁੱਖ ਪਾਤਰ ਮਿੰਦਰ ਦਾ ਹੀ ਪ੍ਰਤੀਰੂਪ ਹੈ ਜੋ ਕਹਾਣੀ ਦੇ ਕੇਂਦਰੀ ਥੀਮ ਨੂੰ ਵਿਸਥਾਰ ਦੇਂਦਾ ਹੈ। ਇਸ ਕਹਾਣੀ ਦੇ ਸਿਰਜਤ ਸੰਸਾਰ ਦੇ ਪ੍ਰਮੁੱਖ ਥੀਮ ਨੂੰ ਕਹਾਣੀ ਦੇ ਆਰੰਭ ਵਿਚ 'ਮੈਂ ਪਾਤਰ' ਦੇ ਸਵੈਕਥਨ ਰਾਹੀਂ ਸਮਝਿਆ ਜਾ ਸਕਦਾ ਹੈ,

"ਇਕ ਪਾਸੇ ਮਨ ਇਸ ਵਿਸਫੋਟਕ ਸਥਿਤੀ ਵਿਚੋਂ ਗੁਜ਼ਰ ਰਿਹਾ ਸੀ ਅਤੇ ਦੂਜੇ ਪਾਸੇ ਦਿਮਾਗ ਸਾਰੇ ਹੱਦਾਂ-ਬੰਨ੍ਹੇ, ਬੰਦਸ਼ਾਂ-ਰੋਕਾਂ ਦੀਵਾਰਾਂ ਤੋੜ ਕੇ ਕਿਸੇ ਆਜ਼ਾਦ ਪੰਛੀ ਵਾਂਗ ਅਸਮਾਨ ਵਿਚ ਉੱਡਣ ਲਈ ਬੇਤਾਬ। ਮੈਂ ਆਪਣੀ ਹੋਂਦ ਦੇ ਅਣਹੋਂਦ ਵਰਗੇ ਸੰਤਾਪ ਬੋਧ ਵਿੱਚੋਂ ਨਿਕਲਣ ਲਈ ਸਿਰਤੋੜ ਯਤਨ ਕਰ ਰਿਹਾ ਸਾਂ।"

'ਬਿੰਨ ਸਿੰਗੇ ਸਾਨ੍ਹ' ਕਹਾਣੀ ਮੱਧਵਰਗੀ ਆਦਰਸ਼ਵਾਦੀ ਕ੍ਰਾਂਤੀਕਾਰੀ ਦੀ ਹੋਂਦ ਦੇ ਨਿਰਹੋਂਦ ਹੋ ਜਾਣ ਦੀ ਪ੍ਰਕਿਰਿਆ, ਵਿਕਸਤ ਪੂੰਜੀਵਾਦੀ ਪ੍ਰਬੰਧ ਦੇ ਮਨੁੱਖ ਵਿਰੋਧੀ ਰੂਪ ਅਤੇ ਪਰਵਾਸ ਦੇ ਸੰਤਾਪ ਨੂੰ ਪ੍ਰਮਾਣਕ ਰੂਪ ਵਿਚ ਸਿਰਜਦੀ ਹੈ।

'ਨਿਮੋਸ਼ੀ' ਇਸ ਸੰਗ੍ਰਹਿ ਦੀ ਇਕ ਹੋਰ ਮੱਹਤਵਪੂਰਨ ਕਹਾਣੀ ਹੈ ਜੋ ਜੀਵਨ ਪ੍ਰਤੀ ਸੰਤੁਲਿਨ ਜੀਵਨ ਦ੍ਰਿਸ਼ਟੀ ਦੇ ਮਹੱਤਵ ਨੂੰ ਉਜਾਗਰ ਕਰਦੀ। ਸ਼ਿਆਰ 'ਨਾ ਖੁਦਾ ਹੀ ਮਿਲਾ ਨਾ ਵਸਾਲੇ ਸਨਮ, ਨਾ ਇਧਰ ਕੇ ਰਹੇ, ਨਾ ਉਧਰ ਕੇ' ਦੇ ਅਰਥਾਂ ਨੂੰ ਕਹਾਣੀ ਦੋਵੇਂ ਇਸਤਰੀ-ਮਰਦ ਪਾਤਰ (ਜੀਤੀ ਅਤੇ ਆਤਮਾ ਰਾਮ) ਹੰਢਾਉਂਦੇ ਹਨ। ਦੋਵੇਂ ਪਾਤਰ ਆਦਰਸ਼ ਅਤੇ ਵਿਹਾਰਕਤਾ (ਪਦਾਰਥਵਾਦ) ਦੇ ਤਨਾਉ ਕਾਰਨ ਦੁਚਿੱਤੀ ਅਤੇ ਮਾਨਸਿਕ ਸੰਕਟ ਵਿਚ ਹਨ। ਆਤਮਜੀਤ ਆਦਰਸ਼ਕ, ਇਨਕਲਾਬੀ ਅਤੇ ਸ਼ੁੱਧਵਾਦੀ ਹੈ, ਜੀਤੀ ਪਦਾਰਥਵਾਦੀ ਅਤੇ ਵਿਹਾਰਕ। ਦੋਵੇਂ ਅਤਿ ਦੇ ਦੋਹਾਂ ਸਿਰਿਆ ਉਤੇ ਖੜੇ ਹਨ। ਇਕ ਦੂਜੇ ਨੂੰ ਚਾਹੁੰਦੇ, ਦੁਚਿੱਤੀ ਅਤੇ ਨਮੋਸ਼ੀ ਦੀ ਸਥਿਤੀ ਭੋਗ ਰਹੇ ਹਨ। ਕਹਾਣੀ ਟੇਢੇ ਢੰਗ ਨਾਲ ਗੁਰਮਤਿ ਦੀ ਵਿਚਾਰਧਾਰਾ ਨੂੰ ਪਰਪੱਕ ਕਰਦੀ ਜਾਪਦੀ ਹੈ ਕਿ ਆਦਰਸ਼ ਅਤੇ ਵਿਹਾਰਕਤਾ ਦਾ ਸੁਮੇਲ ਹੀ ਜੀਵਨ ਦਾ ਸਤੁਲਿਨ ਮਾਰਗ ਹੈ। ਨੈਤਿਕਤਾ ਤੋਂ ਵਿਹੂਣੀ ਵਿਹਾਰਕਤਾ (ਪਦਾਰਥਵਾਦ, ਉਪਭੋਗਤਾਵਾਦ), ਵਿਹਾਰਕਤਾ ਤੋਂ ਊਣੀ ਸ਼ੁਧ ਨੈਤਿਕਤਾ ਅਰਥਹੀਣ ਹੈ। 'ਮੌਤ ਇਕ ਡੀ. ਐਨ. ਏ.' ਦੀ ਪੱਛਮੀ ਜੀਵਨ-ਜਾਂਚ ਵਿਕਸਤ ਪੂੰਜੀਵਾਦੀ ਸਭਿਆਚਾਰ ਦੀ ਜਿਨਸੀ ਖੁਲ੍ਹ ਅਤੇ ਯਾਂਤਰਿਕ ਪ੍ਰਣਾਲੀ ਦੇ ਮਨੁੱਖੀ ਵਿਰੋਧੀ ਸਰੂਪ ਨੂੰ ਉਸਾਰੂ ਸਭਿਆਚਾਰਕ ਮੁੱਲਾਂ ਸਾਹਵੇਂ ਨਿਰਰਾਥਕ ਰੂਪ ਵਿਚ ਪੇਸ਼ ਕਰਦੀ ਹੈ। ਖੁਲ੍ਹ ਆਧਾਰਤ ਉਦਾਰਵਾਦੀ ਪੱਛਮੀ ਸਭਿਆਚਾਰ ਪਹਿਲਾਂ ਔਰਤ-ਮਰਦ ਨੂੰ ਬੇਲੋੜੀ ਜਿਨਸੀ ਖੁਲ੍ਹ ਦੇਂਦਾ ਹੈ ਤੇ ਪਿਛੋਂ ਇਸ ਖੁਲ੍ਹ ਤੋਂ ਉਪਜੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਨਵੀਆਂ ਖੋਜਾਂ ਦੇ ਰਾਹ ਪੈਂਦਾ ਹੈ। ਕਹਾਣੀ ਇਕ ਸ਼ਕਤੀਸ਼ਾਲੀ ਮੈਟਾਫਰ ਸਿਰਜਦੀ ਹੈ ਜੋ ਇਹ ਸੰਚਾਰ ਕਰਦੀ ਹੈ ਕਿ ਬਾਇਓਲਾਜੀਕਲ ਮਾਂ ਬਾਪ ਪਸ਼ੂਆਂ ਵਾਂਗ ਔਲਾਦ ਜੰਮ ਕੇ ਛੱਡ ਜਾਂਦੇ ਹਨ ਅਤੇ ਸਭਿਆਚਾਰਕ ਮਾਂ ਬਾਪ ਉਨ੍ਹਾਂ ਦਾ ਮਨੁੱਖੀ ਪੱਧਰ ਦੇ ਪਾਲਣ-ਪੋਸ਼ਣ ਕਰਦੇ ਹਨ। ਵਿਕਸਤ ਅਜੋਕੀ ਪੂੰਜੀਵਾਦੀ ਪੱਛਮੀ ਸਭਿਅਤਾ ਜਾਂਗਲੀ ਯੁੱਗ ਦੀ ਇਸ ਪਾਸ਼ਵਿਕਤਾ ਨੂੰ

ਅਖੌਤੀ ਆਜ਼ਾਦੀ ਦੇ ਨਾਮਾ ਉਤੇ ਸਵੀਕਾਰਨ ਦੇ ਰਾਹ ਪਈ ਹੋਈ ਹੈ।

'ਵਿਦਿਆ ਵਪਾਰੀ' ਅਤੇ 'ਚਿੰਤਕ' ਦੋਵੇਂ ਕਹਾਣੀਆਂ ਸਾਮਰਾਜੀ ਵਿਵਸਥਾ ਦੇ ਵਿਦਿਅਕ ਪ੍ਰਬੰਧ ਅਤੇ ਆਰਥਿਕ ਪ੍ਰਬੰਧ ਦੀਆਂ ਮੂਲ ਧਾਰਨਾਵਾਂ ਦਾ ਵਿਸ਼ਲੇਸ਼ਣ ਪੇਸ਼ ਕਰਦੀਆਂ ਹਨ।'ਵਿਦਿਆ ਵਪਾਰੀ' ਪੱਛਮੀ ਅਤੇ ਪੂਰਬੀ ਦੋਵੇਂ ਮਾਨਤਾਵਾਂ ਦੀ ਤੁਲਨਾ ਰਾਹੀਂ ਕਹਾਣੀ ਦੇ ਥੀਮ ਨੂੰ ਉਸਾਰਦੀ ਹੈ। ਪੱਛਮੀ ਵਿਦਿਅਕ ਪ੍ਰਬੰਧ ਅਨੁਸਾਰ ਪਦਾਰਥਵਾਦੀ ਦ੍ਰਿਸ਼ਟੀ ਅਨੁਸਾਰ ਵਿਦਿਆ ਪ੍ਰਬੰਧ ਨੂੰ ਵੀ ਮੰਡੀ ਦੀ ਵਸਤ ਬਣਾ ਦਿੱਤਾ ਗਿਆ ਹੈ। ਪਰੰਪਰਕ ਭਾਰਤੀ ਪਰੰਪਰਾ 'ਵਿਚਾਰੀ' ਤਾਂ ਪਰਉਪਕਾਰੀ ਦੀ ਧਾਰਨਾ ਉਤੇ ਆਧਾਰਤ ਹੈ। ਦੂਜੀ ਪਰੰਪਰਾ ਗੁਰੂ ਸਿਸ਼ ਪਰੰਪਰਾ ਉਤੇ ਆਧਾਰਤ ਹੈ ਜਿਸ ਵਿਚ ਗੁਰੂ ਵਿਦਿਆਰਥੀ ਨੂੰ ਸਿਖਿਅਤ ਕਰਨ ਲਈ ਸਖਤੀ ਤੋਂ ਵੀ ਕੰਮ ਲੈ ਲੈਂਦਾ ਹੈ ਭਾਵ 'ਮੁੰਡੇ ਅਤੇ ਖੁਰਪੇ ਨੂੰ ਜਿੰਨਾ ਚੰਡੋ ਓਨਾ ਹੀ ਤਿੱਖਾ ਹੁੰਦਾ ਹੈ।' ਭਾਵ ਵਿਦਿਆਰਥੀ ਨੂੰ ਸਖ਼ਤੀ ਅਤੇ ਪ੍ਰੇਰਨਾ ਰਾਹੀਂ ਸਿਖਿਅਤ ਕਰਨਾ ਪੈਂਦਾ ਹੈ।

ਅਜੋਕੇ ਯੁੱਗ ਵਿਚ ਵਿਦਿਆ ਦਾ ਵਪਾਰੀਕਰਨ ਇਕ ਬਹੁਤ ਹੀ ਮਹੱਤਵਪੂਰਨ ਵਿਸ਼ਾ ਹੈ ਕਿਉਂਕਿ ਵਿਸ਼ਵੀਕਰਨ, ਨਿੱਜੀਕਰਨ ਅਤੇ ਉਦਾਰੀਕਰਨ ਦੇ ਰਾਹ ਪਿਆ ਸਮੁੱਚਾ ਵਿਸ਼ਵ ਪ੍ਰਬੰਧ ਵਿਸ਼ਵ ਵੀ ਬਹੁਗਿਣਤੀ ਜਨ ਸੰਖਿਆ ਨੂੰ ਵਿਦਿਆ ਤੋਂ ਵਿਰਵਾ ਰੱਖ ਰਿਹਾ ਹੈ। ਕਹਾਣੀ ਪੱਛਮੀ ਦ੍ਰਿਸ਼ਟੀ ਅਨੁਸਾਰ ਵਿਦਿਆ ਦੇ ਵਾਪਰ ਬਾਰੇ ਪ੍ਰਮਾਣਕ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕਰਦੀ ਹੈ। ਕਹਾਣੀ ਇਸ ਤੱਥ ਨੂੰ ਪ੍ਰਮਾਣਤ ਕਰਦੀ ਹੈ ਅਜੋਕੇ ਯੁੱਗ ਵਿਚ ਪੂੰਜੀਵਾਦੀ ਲੀਹਾਂ ਤੇ ਉਸਰੀ ਆਧੁਨਿਕ ਵਿਦਿਆ ਪ੍ਰਣਾਲੀ ਵਿਦਿਆਰਥੀ ਨੂੰ ਸਮਾਜ ਵਿਗਿਆਨਕ ਸੋਝੀ ਤੋਂ ਊਣੇ ਰੱਖਣ ਦੇ ਯਤਨ ਵਿਚ ਹੈ। ਕਹਾਣੀ 'ਬੱਚੇ ਦੇ ਬੱਚੇ ਦੀ ਮਾਂ ਵਾਲੀ ਅਧਿਆਪਕਾ' ਅਤੇ ਟੀਨ ਏਜ਼ਰ ਬੱਚੇ ਦੇ ਸਕੂਲ ਵਿਚ ਗੋਲੀ ਨਾਲ ਬੱਚਿਆਂ ਨੂੰ ਮਾਰ ਦੇਣ' ਦੀਆਂ ਘਟਨਾਵਾਂ ਰਾਹੀਂ ਵਿਦਿਅਕ ਪ੍ਰਬੰਧ ਦੇ ਮਨੁੱਖ ਵਿਰੋਧੀ ਰੂਪ ਨੂੰ ਸਿਰਜਿਆ ਗਿਆ ਹੈ। ਭਾਰਤ ਵਰਗੇ ਵਿਕਸਿਤ ਹੋ ਰਹੇ ਮੁਲਕ ਵੀ ਇਸੇ ਵਿਦਿਅਕ ਨੀਤੀ ਨੂੰ ਆਪਣਾ ਚੁੱਕੇ ਹਨ। ਕਹਾਣੀ ਪਰੰਪਰਕ ਅਤੇ ਅਜੋਕੇ ਯੁੱਗ ਦੇ ਜਮਾਤੀ ਪ੍ਰਬੰਧ ਤੋਂ ਉਤਪੰਨ ਭਾਰਤੀ ਵਿਦਿਆਕ ਪ੍ਰਣਾਲੀ ਦੇ ਸਰੂਪ ਬਾਰੇ ਸੰਕੇਤ ਜਾਂ ਵਿਅੰਗ ਕਰਨ ਤੋਂ ਉਕ ਜਾਂਦੀ ਹੈ। ਪਰੰਪਰਾਵਾਦੀ ਗੁਰੂ ਸ਼ਿਸ਼ ਪਰੰਪਰਾ ਵਿਚ ਵੀ ਏਕਲਵਯਾ ਨੂੰ ਆਪਣਾ ਅੰਗੂਠਾ ਵੱਢ ਕੇ ਸ਼ਾਸ਼ਕ ਪੱਖੀ ਗੁਰੂ ਦੀ ਭੇਂਟ ਕਰਨਾ ਪੈਂਦਾ ਹੈ।

ਇਸ ਸੰਗ੍ਰਹਿ ਦੀ ਕਹਾਣੀ 'ਚਿੰਤਕ' ਵਿਸ਼ਵੀਕਰਨ ਦੇ ਅਜੋਕੇ ਦੌਰ ਵਿਚ ਆਰਥਿਕ ਮੰਦਵਾੜਾ ਅਤੇ ਉਸ ਦੇ ਪ੍ਰਭਾਵ ਅਧੀਨ ਮੱਧਵਰਗ ਅਤੇ ਉਚ ਮੱਧ ਵਰਗ ਦੇ ਮਾਨਸਿਕ ਅਤੇ ਪਦਾਰਾਥਕ ਸੰਕਟ ਨੂੰ ਸਿਰਜਦੀ ਹੋਈ ਵਰਤਮਾਨ ਪ੍ਰਬੰਧ ਦੇ ਆਰਥਿਕ ਮੰਦਵਾੜੇ ਦੀ ਅਟੱਲਤਾ ਦੇ ਤਰਕ ਨੂੰ ਪੇਸ਼ ਕਰਦੀ ਹੈ। ਕਹਾਣੀ ਵਿਸ਼ਵੀਕਰਨ, ਨਿਜੀਕਰਨ ਅਤੇ ਵਪਾਰੀਕਰਨ ਤੋਂ ਪੈਦਾ ਹੋਏ ਉਪਭੋਗਤਾਵਾਦ ਨੂੰ ਕੇਂਦਰ ਵਿੱਚ ਰੱਖਦੀ ਹੈ। ਕਹਾਣੀ ਐਮ. ਐਨ. ਸੀ. ਦੇ ਚੀਫ ਐਗਜੈਕਟਿਵ ਦੀ ਚਲਾਕੀ ਅਤੇ ਬੇਈਮਾਨੀ ਦੀ ਉਸਾਰੀ ਰਾਹੀਂ ਇਸ ਤਰਕ ਨੂੰ ਉਸਾਰਦੀ ਹੈ ਕਿ ਲਾਭ ਕਮਾਉਣ ਵਾਲੀਆਂ ਕੰਪਨੀਆਂ ਕਿਸ ਰੂਪ ਵਿਚ ਆਪਣੇ ਸ਼ੇਅਰ ਹੋਲਡਰਾਂ ਨੂੰ ਮੂਰਖ ਬਣਾਉਂਦੀਆਂ ਹਨ। ਇਸ ਪ੍ਰਕਾਰ ਹੀ ਦੂਜੇ ਪਾਸੇ ਉਚ ਤਕਨੀਕੀ ਸਿੱਖਿਆ ਪ੍ਰਾਪਤ ਪਰਵਾਸੀ ਭਾਰਤੀ ਸਮਾਜ-ਆਰਥਿਕ ਸਮਾਜ ਵਿਗਿਆਨ ਸੋਝੀ ਦੀ ਅਣਹੋਂਦ ਅਤੇ ਉਪਭੋਗਤਾਵਾ ਦਾ ਸ਼ਿਕਾਰ ਹੋਣ ਕਾਰਨ ਸੰਕਟ ਵਿਚ ਘਿਰ ਜਾਂਦਾ ਹੈ। ਕਹਾਣੀ ਦਾ ਪ੍ਰਮੁੱਖ ਪਾਤਰ 'ਚਿੰਤਕ' ਇਸ ਤਰਕ ਦੀ ਉਸਾਰੀ ਕਰਦਾ ਹੈ।2003-04 ਦੇ ਮੰਦਵਾੜੇ ਵਿਚ ਕੰਪਨੀਆਂ ਅਤੇ ਮੁਲਾਜ਼ਮ ਵਿਕੇ ਸਨ, 2007-08 ਦੇ ਮੰਦਵਾੜੇ ਵਿਚ ਇਕੱਲੀਆਂ ਕੰਪਨੀਆਂ ਵਿਕੀਆਂ ਸਨ ਅਤੇ ਭਵਿੱਖ ਵਿਚਲੇ ਮੰਦਵਾੜੇ ਸਮੇਂ ਕੰਪਨੀਆਂ ਨੂੰ ਖਰੀਦਣ ਵਾਲਾ ਵੀ ਕੋਈ ਨਹੀਂ ਰਹੇਗਾ। ਇਹ ਕਹਾਣੀ ਆਰਥਿਕ ਮੰਦਵਾੜੇ ਦੀ ਅਟੱਲਤਾ ਅਤੇ ਮੱਧਵਰਗ ਦੀ ਚਲਾਕੀ, ਬੇਈਮਾਨੀ, ਉਪਭੋਗਤਾਵਾਦ ਅਤੇ ਅਗਿਆਨਤਾ ਨੂੰ ਪ੍ਰਮਾਣਕ ਰੂਪ ਵਿਚ ਸਿਰਜਣ ਦਾ ਮਹੱਤਵਪੂਰਨ ਕਾਰਜ ਨਿਭਾਉਂਦੀ ਹੈ।

'ਇਕ ਭੁੱਖ ਦੀ ਆਤਮ ਕਥਾ' ਕਹਾਣੀ ਵਿਕਸਤ ਪੂੰਜੀਵਾਦੀ ਪ੍ਰਬੰਧ ਦੇ ਸਭਿਆਚਾਰ ਦੀਆਂ ਧਾਰਨਾਵਾਂ ਤੋਂ ਪੈਦਾ ਹੋਏ ਔਰਤ-ਮਰਦ ਜਿਨਸੀ ਸੰਬੰਧ, ਮਨੁੱਖੀ ਸਬੰਧ ਅਤੇ ਰਾਜਨੀਤੀ ਵਿਚ ਜਿਨਸੀ ਸਬੰਧਾਂ ਦੇ ਵਿਭਚਾਰੀ ਰੂਪ ਨੂੰ ਪ੍ਰਗਟਾਉਂਦੀ ਹੈ। ਕਹਾਣੀ ਦੀ ਸਿਰਜਣਾ ਰਾਹੀਂ ਇਹ ਤਰਕ ਉਸਾਰਿਆ



ਗਿਆ ਹੈ ਕਿ ਵਿਕਸਤ ਪੂੰਜੀਵਾਦੀ ਪ੍ਰਬੰਧ ਔਰਤ-ਮਰਦ ਦੇ ਖੁਲ੍ਹੇ ਜਿਨਸੀ ਸੰਬੰਧਾਂ ਨੂੰ ਫਾਨ ਗੇਮਜ਼ ਹੀ ਸਮਝਦਾ ਹੈ। ਇਨ੍ਹਾਂ ਧਾਰਨਾਵਾਂ ਦਾ ਅਧਾਰ ਇਸ ਗੱਲ ਵਿਚ ਹੈ ਕਿ ਔਰਤ-ਮਰਦ ਨੂੰ ਜਿਨਸੀ ਕ੍ਰਿਆਵਾਂ ਕਰਨ ਵਾਲਾ ਇਕ ਯੰਤਰ ਹੀ ਬਣਾਉਣਾ ਹੈ ਤਾਂ ਜੋ ਉਹ ਜਿਨਸੀ ਆਨੰਦ ਵਿਚ ਡੁੱਬੇ ਰਹਿਣ ਅਤੇ ਸਾਮਰਾਜੀ ਪ੍ਰਬੰਧ ਆਪਣੀ ਲੁੱਟ ਜਾਰੀ ਰੱਖ ਸਕੇ। ਇਸ ਪ੍ਰਕ੍ਰਿਆ ਰਾਹੀਂ ਸਦੀਆਂ ਤੋਂ ਸਥਾਪਤ ਮਨੁੱਖੀ ਸਭਿਆਚਾਰਕ ਮੁੱਲਾਂ ਨੂੰ ਨਿਰਰਾਥਕ ਬਣਾਉਣ ਦਾ ਯਤਨ ਹੈ ਅਤੇ ਮੁਲਾਂ ਤੋਂ ਮੁਕਤ ਸਭਿਆਚਾਰ ਉਸਾਰਨ ਦਾ ਯਤਨ ਹੈ ਤਾਂ ਜੋ ਔਰਤ-ਮਰਦ ਦੇ ਕੁਦਰਤੀ ਜਿਨਸੀ ਸੰਬੰਧਾਂ ਨੂੰ ਵੀ ਇਕ ਵਸਤ ਹੀ ਬਣਾ ਦਿੱਤਾ ਜਾਵੇ। ਇਹ ਕਹਾਣੀ ਖੁਲ੍ਹੇ ਜਿਨਸੀ ਸੰਬੰਧਾਂ ਦੀ ਕੁਰਹਿਤ, ਪਾਸ਼ਵਿਕਤਾ ਅਤੇ ਕਚਿਆਣ ਨੂੰ ਅਣਮਨੁੱਖੀ ਰੂਪ ਵਿਚ ਸਾਰਥਿਕ ਸਭਿਆਚਾਰਕ ਮੁੱਲਾਂ ਦੇ ਵਿਰੋਧ ਵਿਚ ਸਿਰਜਣ ਦੀ ਨੀਤੀ ਦੇ ਖੋਖਲੇਪਣ ਦੇ ਸੱਚ ਨੂੰ ਉਜਾਗਰ ਕਰਦੀ ਹੈ।

ਚਰਚਾ ਅਧੀਨ ਦੋਵੇਂ ਕਹਾਣੀਆਂ 'ਮੂਸਾ ਭਜਿਆ ਮੌਤ ਤੋਂ', 'ਬਗ', 'ਪਾਗਲ ਮੌਸਮ ਠੱਗ ਨਿਜ਼ਾਮ' ,'ਕਾਲੇਪਾਣੀ' ਅਤੇ 'ਸੋਨ ਚਿੜ੍ਹੀ ਦੇ ਖੰਭ' ਆਦਿ ਕਹਾਣੀਆਂ ਵਿਕਸਤ ਸਾਮਰਾਜੀ ਸੁਪਰ ਪਾਵਰ ਮੁਲਕ ਅਮਰੀਕਾਂ ਵਿਚਲੇ ਵਿਭਿੰਨ ਵਰਗਾਂ, ਮੁਲਕਾਂ, ਮੂਲਵਾਸੀ, ਪਰਵਾਸੀਆਂ ਅਤੇ ਨਸਲਾਂ ਦੇ ਵਿਭਿੰਨ ਪਾਤਰਾਂ ਦੇ ਸਮੁੱਚੇ ਸੰਕਟ ਰਾਹੀਂ ਮੌਜੂਦਾ ਪ੍ਰਬੰਧ ਦੇ ਵਿਭਿੰਨ ਪਾਸਾਰਾਂ ਦੇ ਮਨੁੱਖ ਵਿਰੋਧੀ ਰੂਪ ਨੂੰ ਪ੍ਰਗਟਾਉਂਦੀਆਂ ਹਨ। 'ਮੂਸਾ ਭੱਜਿਆ ਮੌਤ ਤੋਂ' ਕਹਾਣੀ ਪੂੰਜੀਵਾਦੀ ਜਮਾਤੀ ਬਣਤਰ ਕਾਰਨ ਪੰਜਾਬੀ ਅਤੇ ਪਰਵਾਸੀ ਪੰਜਾਬੀ ਦੇ ਸਮੁੱਚੇ (ਆਰਥਿਕ ਸਮਾਜਕ ਮਨੋ) ਸੰਕਟ ਨੂੰ ਤੁਲਨਾਤਮਕ ਪੱਧਰ ਤੇ ਪ੍ਰਗਟਾਉਂਦੀ ਹੈ ਇਸ ਰੂਪ ਵਿਚ ਇਹ ਕਹਾਣੀ ਪਰਵਾਸੀ ਦੇ ਆਰਥਿਕ ਸੰਪੰਨਤਾ ਦੇ ਭਰਮ ਨੂੰ ਤੋੜਦੀ ਹੈ। ਕਹਾਣੀ 'ਬਗ' ਉਚ ਮੱਧ ਵਰਗੀ ਮੂਲਵਾਸੀ ਔਰਤ / ਮਰਦ ਦੇ ਸਿਰਜਨ ਰਾਹੀਂ ਭ੍ਰਮਕ ਖੂਬਸੂਰਤੀ ਅਤੇ ਚਮਕ ਦੇ ਹੇਠਾਂ ਕੁਰਹਿਤ ਦੇ ਚੱਲਦਿਆਂ ਔਰਤ / ਮਰਦ ਜਿਨਸੀ ਕ੍ਰਿਆਵਾਂ ਦੇ ਚਿਤਰਾਂ ਰਾਹੀਂ ਵੇਸ਼ਵਾਗਮਨੀ ਦੇ ਉਚ ਵਰਗੀ ਵਿਸ਼ੇਸ਼ ਰੂਪ ਨੂੰ ਪੇਸ਼ ਕੀਤਾ ਗਿਆ ਹੈ। ਕਹਾਣੀ 'ਸੋਨ ਚਿੜ੍ਹੀ ਦੇ ਖੰਭ' ਵੀ ਐਮ. ਐਨ. ਸੀ. ਵਿਚ ਕੰਮ ਕਰਦੇ ਔਰਤ ਮਰਦ ਤਕਨੀਕੀ ਮਾਹਰਾਂ ਦੇ ਕੰਪਨੀ ਵਿਚ ਉਚ ਅਤੇ ਪ੍ਰਮੁੱਖ ਸਥਾਨ ਪ੍ਰਾਪਤ ਕਰਨ ਲਈ ਖੇਡੀਆਂ ਜਾਂਦੀਆਂ ਜਿਨਸੀ ਸੰਬੰਧਾਂ ਦੀਆਂ ਚਾਲਾਂ ਦੀ ਪੇਸ਼ਕਾਰੀ ਰਾਹੀਂ ਅਜੋਕੇ ਪ੍ਰਬੰਧ ਦੀ ਵੇਸ਼ਵਾਗਮਨੀ ਦੇ ਵਿਸ਼ੇਸ਼ ਰੂਪ ਦੀ ਪੇਸ਼ਕਾਰੀ ਕੀਤੀ ਗਈ ਹੈ।

'ਪਾਗਲ ਮੌਸਮ ਠੱਗ ਨਿਜ਼ਾਮ' ਕਹਾਣੀ ਵਿਚ ਸਕਿਉਰਟੀ ਦੀ ਜੌਬ ਕਰਨ ਵਾਲੇ ਹੇਠਲੇ ਮੱਧਵਰਗ ਦੇ ਪਰਵਾਸੀ ਪੰਜਾਬੀ ਦੇ ਸੰਕਟ ਗ੍ਰਸਤ ਸਥਿਤੀਆਂ ਨੂੰ ਭੋਗਣ ਦੇ ਯਥਾਰਥ ਨੂੰ ਪੇਸ਼ ਕੀਤਾ ਗਿਆ ਹੈ। ਕਹਾਣੀ ਦਾ ਸਮੁੱਚਾ ਬਿਰਤਾਂਤ ਇਸ ਗੱਲ ਉਤੇ ਕੇਂਦਰਤ ਹੈ ਕਿ ਵਿਕਸਤ ਪੂੰਜੀਵਾਦੀ ਮੁਲਕ ਵਿਚ ਵੀ ਆਰਥਿਕ ਤੌਰ ਤੇ ਹੇਠਲਾ ਵਰਗ ਅਣਮਨੁੱਖੀ ਸਥਿਤੀ ਹੀ ਭੋਗਦਾ ਹੈ। 'ਕਾਲੇਪਾਣੀ' ਕਹਾਣੀ ਇਸ ਕਾਰਨ ਇਕ ਸ਼ਕਤੀਸ਼ਾਲੀ ਕਹਾਣੀ ਹੈ ਕਿਉਂਕਿ ਆਜ਼ਾਦੀ ਉਪਰੰਤ ਭਾਰਤ ਦੇ ਪੂੰਜੀਵਾਦੀ ਲੋਕਤਾਂਤਰਿਕ ਪ੍ਰਬੰਧ ਅਤੇ ਵਿਕਸਤ ਸਾਮਰਾਜੀ ਮੁਲਕ ਅਮਰੀਕਾ ਦੇ ਲੋਕਤਾਂਤਰਿਕ ਪ੍ਰਬੰਧ ਦੇ ਮਨੁੱਖੀ ਅਜ਼ਾਦੀਆਂ ਵਿਰੋਧੀ ਰੂਪ ਨੂੰ ਤੁਲਨਾਤਮਕ ਪੱਧਰ ਉਤੇ ਪ੍ਰਮਾਣਕ ਰੂਪ ਵਿਚ ਸਿਰਜਦੀ ਹੈ। ਅਮਰੀਕੀ ਨਿਜ਼ਾਮ ਅਜੋਕੇ ਵਿਸ਼ਵ ਵਿਚ ਮਨੁੱਖ ਆਜ਼ਾਦੀਆਂ ਦਾ ਠੇਕੇਦਾਰ ਹੋਣ ਦੇ ਬਹਾਨੇ ਵਿਸ਼ਵ ਦੇ ਘੱਟ ਵਿਕਸਤ ਮੁਲਕਾਂ ਵਿਚ ਸਾਸ਼ਕ ਜਮਾਤਾਂ ਦੇ ਆਰਥਿਕ ਰਾਜਨੀਤਿਕ ਹਿੱਤਾਂ ਲਈ ਦਖਲ ਅੰਦਾਜੀ ਕਰਦਾ ਹੈ। ਇਹ ਕਹਾਣੀ ਮਾਨਸਿਕ ਸੰਕਟ ਵਿਚ ਘਿਰੇ ਮੀਡੀਆ ਕਰਮੀ ਕੇਂਦਰੀ ਪਾਤਰ ਦੇ ਬਿਰਤਾਂਤ ਰਾਹੀਂ ਇਸ ਯਥਾਰਥ ਦਾ ਸਿਰਜਣ ਕਰਦੀ ਹੈ ਕਿ ਸਾਮਰਾਜ ਕਿਸ ਰੂਪ ਵੀ ਮੀਡੀਏ ਨੂੰ ਆਪਣੇ ਹਿੱਤਾਂ ਦਾ ਗੁਲਾਮ ਬਣਾ ਘੱਟ ਵਿਕਸਤ ਮੁਲਕਾਂ ਦੇ ਜਨ ਸਮੂਹ ਉਤੇ ਜ਼ੁਲਮ ਕਰਦਾ ਹੈ। ਮੀਡੀਆ ਕਰਮੀਆਂ ਨੂੰ ਅਣਮਨੁੱਖੀ ਵਰਤਾਅ ਲਈ ਮਜ਼ਬੂਰ ਹੋਣ ਕਾਰਨ ਮਾਨਸਿਕ ਸੰਕਟ ਵਿਚੋਂ ਗੁਜ਼ਰਨਾ ਪੈਂਦਾ ਹੈ। ਮੀਡੀਆ ਕਰਮੀ ਕੇਂਦਰੀ ਪਾਤਰ ਗਦਰੀ ਬਾਬਿਆਂ ਵਾਂਗ ਸਾਮਰਾਜ ਲਈ ਅਣਮਨੁੱਖੀ ਫਰਜ਼ ਨਿਭਾਉਂਦਾ ਹੋਇਆ ਕਾਲੇਪਾਣੀ ਦੀ ਸਜਾ ਹੀ ਭੁਗਤ ਰਿਹਾ ਹੈ।

ਹਰਭਜਨ ਸਿੰਘ ਦੀ ਕਹਾਣੀ ਸਿਰਜਣ ਦਾ ਇਕ ਪੱਖ ਅਜੋਕੇ ਪੂੰਜੀਵਾਦੀ ਯੁੱਗ ਵਿਚ ਔਰਤ ਦੀ

ਸਥਿਤੀ ਵੀ ਹੈ। ਉਂਝ ਤਾਂ ਔਰਤ ਦੀ ਪੂੰਜੀਵਾਦੀ ਜਮਾਤੀ ਸਮਾਜ ਵਿਚ ਸਥਿਤੀ ਲੇਖਕ ਦੀਆਂ ਸਮੁੱਚੀਆਂ ਕਹਾਣੀਆਂ ਵਿਚ ਸਮੁੱਚੀ ਸੋਸ਼ਿਤ ਧਿਰ ਦੇ ਨਾਲ ਕਿਸੇ ਨਾ ਕਿਸੇ ਰੂਪ ਵਿਚ ਵਿਅਕਤ ਹੋਈ ਹੈ। ਪਰੰਤੂ 'ਘੋੜੇ ਦੇ ਸੁਮਾਂ ਦਾ ਖੜਾਕ', 'ਹਿੱਪ ਹੌਪ', 'ਕਾਲਾ ਨਾਚ' ਅਤੇ 'ਹੱਡਾਂ 'ਚ ਖੁਰ ਗਿਆ ਚੰਦਰਮਾ' ਇਸ ਪੱਖੋਂ ਮਹੱਤਵਪੂਰਨ ਕਹਾਣੀਆਂ ਹਨ। ਕਹਾਣੀ 'ਘੋੜੇ ਦੇ ਸੁਮਾਂ ਦਾ ਖੜਾਕ' ਵਿਸ਼ਵ ਦੀ ਔਰਤ ਦੇ ਵਿਭਿੰਨ ਨਸਲਾਂ ਅਤੇ ਸਭਿਆਚਾਰਾਂ ਵਿਚਲੀ ਸਥਿਤੀ ਨੂੰ ਤੁਲਨਾਤਮਕ ਪੱਧਰ ਉੱਤੇ ਸਹਿਜ ਤੇ ਸੁਭਾਵਕ ਜੀਵੰਤ ਗਲਪ ਬਿੰਬ ਰਾਹੀਂ ਸਿਰਜਦੀ ਹੈ। ਔਰਤ ਪ੍ਰਤੀ ਵਿਭਿੰਨ ਸਭਿਆਚਾਰਾਂ ਦੀਆਂ ਮਾਨਤਾਵਾਂ ਨੂੰ ਕਹਾਣੀ ਵਿਚ ਔਰਤ ਮਰਦ ਦੇ ਰਿਸ਼ਤੇ ਵਿਚਲੇ ਤਨਾਉ ਰਾਹੀਂ ਪ੍ਰਗਟਾਇਆ ਗਿਆ ਹੈ। ਪੂਰਬੀ ਸਭਿਆਚਾਰ ਨਾਲ ਸਬੰਧਤ (ਪਾਕਿਸਤਾਨੀ ਮੁਸਲਮ ਅਤੇ ਪੰਜਾਬੀ ਸਿੱਖ) ਪਰਵਾਸੀ ਪੂਰਬੀ ਔਰਤਾਂ ਦੀ ਗੁਲਾਮੀ ਅਤੇ ਤ੍ਰਾਸਦ ਸਥਿਤੀ ਰਾਹੀਂ ਮਰਦ ਪ੍ਰਧਾਨ ਸਭਿਆਚਾਰ ਦੀਆਂ ਔਰਤ ਵਿਰੋਧੀ ਮਾਨਤਾਵਾਂ ਪੇਸ਼ ਹੁੰਦੀਆਂ ਹਨ, ਪਰੰਤੂ ਪੱਛਮੀ ਆਧੁਨਿਕ ਸਭਿਆਚਾਰ ਵਿਚ ਔਰਤ ਦੀ ਸਥਿਤੀ ਪੂਰਬੀ ਸਭਿਆਚਾਰਾਂ ਦੇ ਮੁਕਾਬਲੇ ਵਧੇਰੇ ਆਜ਼ਾਦ ਸਿਰਜੀ ਗਈ ਹੈ। ਲੇਖਕ ਨੇ ਪੂਰਬ ਪੱਛਮ ਦੀਆਂ ਔਰਤ ਸੰਬੰਧੀ ਮਾਨਤਾਵਾਂ ਨੂੰ ਅਫਰੀਕਨ ਗੁਲਾਮ ਪ੍ਰਥਾ ਅਤੇ ਮੈਕਸੀਕਨ ਕੁੜੀਆਂ ਦੀ ਤ੍ਰਾਸਦਕ ਸਥਿਤੀ ਦੇ ਸਿਰਜਨ ਰਾਹੀਂ ਸੰਦਰਭ ਪ੍ਰਦਾਨ ਕੀਤਾ ਹੈ। ਕਹਾਣੀ ਪੂਰਬੀ ਔਰਤਾਂ ਦੇ ਪੱਛਮੀ ਔਰਤਾਂ ਤੋਂ ਪ੍ਰੇਰਨਾ ਲੈ ਕੇ ਆਜ਼ਾਦ ਹੋਣ ਦੀਆਂ ਸੰਭਾਵਨਾਵਾਂ ਵੱਲ ਸੰਕੇਤ ਕਰਕੇ ਸਮਾਪਤ ਹੁੰਦੀ ਹੈ। ਔਰਤ ਕਹਾਣੀ 'ਹਿੱਪ ਹੌਪ' ਨਸਲਵਾਦ, ਔਰਤ ਅਤੇ ਮਨੁੱਖੀ ਅਜ਼ਾਦੀ ਦੇ ਪ੍ਰਸੰਗ ਵਿਚ ਵਿਕਸਤ ਪੂੰਜੀਵਾਦੀ ਪ੍ਰਬੰਧ ਉਤੇ ਵਿਅੰਗ ਸਿਰਜਦੀ ਹੈ। ਕਹਾਣੀ ਵਿਚ ਪਹਿਲਾ ਕੇਂਦਰੀ ਮਸਲਾ ਔਰਤ ਦੀ ਆਜ਼ਾਦੀ ਦਾ ਹੈ। ਕਹਾਣੀ ਇਹ ਪ੍ਰਸ਼ਨ ਪੈਦਾ ਕਰਦੀ ਹੈ ਕਿ ਕੀ ਵਿਕਸਤ ਪੂੰਜੀਵਾਦੀ ਸਭਿਆਚਾਰ ਔਰਤ ਨੂੰ ਚੁਲ੍ਹੇ (ਮਰਦ ਦੇ ਢਿੱਡ ਦੀ ਭੁੱਖ) ਅਤੇ ਮਰਦ ਦੀ ਕਾਮ ਭੁੱਖ ਤੋਂ ਅਜ਼ਾਦ ਕਰਦਾ ਹੈ? ਕਹਾਣੀ ਕੇਂਦਰੀ ਔਰਤ ਚੰਦਾ ਦੀ ਘਰ ਤੋਂ ਬਾਹਰ ਖੁਸ਼ੀ ਅਤੇ ਆਨੰਦ ਦੀ ਚਾਹ ਵਿਵਸਥਾ ਦੀ ਕਠੋਰਤਾ ਅਤੇ ਮਸ਼ੀਨੀਕਰਨ ਕਰਨ ਅਸੰਭਵ ਹੋ ਜਾਂਦੀ ਹੈ। ਕਹਾਣੀ ਇਸ ਭਰਮ ਨੂੰ ਤੋੜਦੀ ਹੈ ਪੂੰਜੀਵਾਦੀ ਵਿਕਸਤ ਸਮਾਜ ਔਰਤ ਨੂੰ ਆਜ਼ਾਦੀ ਪ੍ਰਦਾਨ ਕਰਦਾ ਹੈ। ਕਹਾਣੀ ਦੀਆਂ ਘਟਨਾਵਾਂ ਰਾਹੀਂ ਇਹ ਅਰਥ ਸਿਰਜੇ ਗਏ ਹਨ ਕਿ ਪੂੰਜੀਵਾਦੀ ਕਲਾ (ਹਾਲੀਵੁੱਡ ਦੀ ਫਿਲਮ) ਨਸਲਵਾਦ ਨੂੰ ਪ੍ਰਫੁਲਤ ਹੀ ਕਰਦੀ ਹੈ ਅਤੇ ਇਸ ਵਿਵਸਥਾ ਵਿਚ ਜਦੋਂ ਮਨੁੱਖ ਹੀ ਆਰਥਿਕ ਸਮਾਜਕ ਤੌਰ ਤੇ ਅਜ਼ਾਦ ਨਹੀਂ ਤਾਂ ਔਰਤ ਕਿਵੇਂ ਅਜ਼ਾਦੀ ਮਾਣ ਸਕਦੀ ਹੈ? ਕਾਲਿਆਂ ਪ੍ਰਤੀ ਚੰਦਾ ਅਤੇ ਦੂਜੀਆਂ ਨਸਲਾਂ ਦਾ ਪ੍ਰਤੀਕਰਮ ਸਭਿਆਤਾਵਾਂ ਵਿਚਲੀ ਅਤੇ ਨਸਲੀ ਅਤੀਤ ਦੇ ਯਥਾਰਥ ਨੂੰ ਪ੍ਰਗਟਾਉਂਦਾ ਹੈ। ਇਹ ਕਹਾਣੀ ਅਮਰੀਕਾ ਦੇ ਅਜੋਕੇ ਸਭਿਆਚਾਰ ਦੇ ਮਸ਼ੀਨੀ ਸਰੂਪ ਦੀ ਤੁਲਨਾ ਵਿਚ ਪਰੰਪਰਾਵਾਦੀ ਸਮਾਜਾਂ ਦੇ ਸਭਿਆਚਾਰ ਨੂੰ ਮਨੁੱਖੀ ਪੱਖੀ ਰੂਪ ਵਿਚ ਸਿਰਜਦੀ ਹੈ ਜੋ ਮਨੁੱਖ ਨੂੰ ਮਨੁੱਖ ਨਾਲ ਜੋੜਦੇ ਹਨ। ਕਹਾਣੀ ਦਾ ਅੰਤ ਮਸ਼ੀਨੀਕਰਨ ਤੋਂ ਉਪਜੀ ਸਥਿਤੀ ਨੂੰ ਬਹੁਤ ਭਾਵਪੂਰਤ ਰੂਪ ਵਿਚ ਪ੍ਰਗਟਾਉਂਦਾ ਹੈ, "ਇਹਨੇ ਫਿਰ ਜ਼ੋਰ ਦੀ ਛਿੱਕ ਮਾਰੀ ਹੈ ਤਾਂ ਮੈਂ ਕਹਿ ਰਿਹਾ ਹੈ, "ਚੰਦਾ, ਤੈਨੂੰ ਦਰਅਸਲ ਠੰਢ ਲਗ ਗਈ ਐ ਬਰਾਂਡੀ ਦਾ ਡਰਿੰਕ ਬਣਾ ਕੇ ਦਿਨਾਂ ਪੀਂਦੇ ਸਾਰ ਇਹ ਛਿਕਾਂ ਵੀ ਬੰਦ ਹੋ ਜਾਣੀਆਂ ਤੇ ਆਹ ਨੱਕ ਮੂੰਹ ਵੀ ਠੀਕ ਹੋ ਜਾਂਦੈ। ਇਕ ਮੁੱਦਤ ਬਾਅਦ ਤਾਂ ਅੱਜ ਤੇਰਾ ਏਨਾ ਚੰਗਾ ਮੂਡ ਬਣਿਆ... ਹਨੀਮੂਨ ਮਨਾ ਕੇ ਹੀ ਸੌਵਾਂਗੇ।"

"ਮੇਰਾ ਹਨੀਮੂਨ ਤਾਂ, ਹੁਣ ਸਵੇਰੇ ਕੰਮ ਤੇ ਹੀ ਮੰਨੂ!"

ਇਸ ਸੰਗ੍ਰਹਿ ਦੀ ਹੀ ਅਗਲੀ ਕਹਾਣੀ 'ਕਾਲਾ ਨਾਚ' ਉਪਰੋਕਤ ਕਹਾਣੀ ਨੂੰ ਹੋਰ ਵਿਸਥਾਰ ਦੇਂਦੀ ਹੈ। ਇਹ ਕਹਾਣੀ ਵੀ ਪਹਿਲੀ ਕਹਾਣੀਆਂ ਵਾਂਗ ਵਿਸਕਤ ਪੂੰਜੀਵਾਦੀ ਪ੍ਰਬੰਧ ਵਿਚ ਆਮ ਕੰਮ-ਕਾਜੀ ਮਨੁੱਖ ਦੀ ਜੀਵਨ ਦੇ ਮਸ਼ੀਨੀਕਰਨ ਵਿਚੋਂ ਪੈਦਾ ਹੋਈ ਘੁੱਟਣ ਅਤੇ ਖੜੌਤ ਨੂੰ ਪੇਸ਼ ਕਰਦੀ ਹੈ। ਨਾਵਲ ਦੀ ਪ੍ਰਮੁੱਖ ਇਸਤਰੀ ਪਾਤਰ ਆਪਣੀ ਘੁੱਟਣ ਦਾ ਹੱਲ ਉਪਭੋਗਤਾਵਾਦ ਅਤੇ ਘਰੋਂ ਬਾਹਰ ਘੁੰਮਣ ਫਿਰਨ ਵਿਚ ਲੱਭਣ ਦਾ ਯਤਨ ਕਰਦੀ ਹੈ ਪਰੰਤੂ ਪਤੀ ਦੇ ਵਿਵਸਥਾ ਵਿਚੋਂ ਉਪਜੇ ਅਕੇਵੇਂ, ਥਕੇਵਾਂ ਅਤੇ ਕਾਲੀ ਔਰਤ ਵੱਲ ਹੋਏ ਆਕਰਸ਼ਣ ਕਾਰਨ ਉਸਨੂੰ ਨਿਰਾਸ਼ਤਾ ਹੀ ਪ੍ਰਾਪਤੀ ਹੁੰਦੀ ਹੈ? ਚੰਦਾ ਪਰਵਾਸੀ ਔਰਤ ਦੀ ਨਿਰਾਸ਼ਤਾ, ਇਕੱਲਤਾ ਅਤੇ ਇਨ੍ਹਾਂ ਦੀ ਪੂਰਤੀ ਕਰਨ ਦੇ ਯਤਨ ਦੇ ਯਥਾਰਥ ਨੂੰ ਪੇਸ਼ ਕਰਦੀ ਹੈ। ਦੂਜੇ ਪਾਸੇ



ਪ੍ਰਮੁੱਖ ਉਤਮ ਪੁਰਖੀ ਮੈਂ ਪਾਤਰ ਦੀ ਮਨੋਬਚਨੀ ਰਾਹੀਂ ਉਸਦੀ ਸਾਥਣ ਅਤੇ ਪਤਨੀ ਦੇ ਸੰਘਰਸ਼ਮਈ, ਪ੍ਰਕਿਰਤੀ ਨਾਲ ਜੁੜੇ ਆਨੰਦ ਨੂੰ ਸਿਰਜਿਆ ਗਿਆ ਹੈ, "ਕੀ ਇਹ ਜਵਾਨ ਲੱਗਣਾ ਚਾਹੁੰਦੀ ਹੈ ਤੇ ਇਸ ਲਈ ਇਨ੍ਹਾਂ ਵਾਂਗ ਹਰ ਵਕਤ ਨੱਚਦੀ ਟੱਪਦੀ ਰਹਿਣਾ ਚਾਹੁੰਦੀ ਹੈ?' ਇਹ ਵਿਚਾਰ ਮਨ ਵਿਚ ਉਭਰਦੇ ਹੀ ਅੱਖਾਂ ਸਾਹਮਣੇ ਵੀਹ ਪੱਚੀ ਵਰ੍ਹੇ ਪਹਿਲਾਂ ਵਾਲੀ ਉਹ ਅਲੜ੍ਹ ਚੰਦਾ ਆ ਖੜੋਈ ਹੈ ਜੋ ਅਲਕ ਨੰਦ ਵਾਂਗ ਨਿਰਛਲ ਵਗਦੀ ਸੀ ਅਤੇ ਸਿਮਰਤੀ ਕੇਂਦਰ ਵਿਚ ਇਕ ਫਿਲਮ ਚੱਲਣੀ ਸ਼ੁਰੂ ਹੋ ਗਈ ਹੈ, "ਉਨ੍ਹਾਂ ਸਮਿਆਂ ਦੀ ਫਿਲਮ ਜਦੋਂ ਸਾਡਾ ਪਿਆਰ ਸਮੁੰਦਰ ਦੀਆਂ ਛੱਲਾਂ ਵਾਂਗ ਠਾਠਾਂ ਮਾਰਦਾ ਸੀ ਅਤੇ ਇਸ ਦਾ ਇਕ ਵੱਡਾ ਰੂਪ, ਮਨੁੱਖਤਾ ਨਾਲ ਪਿਆਰ ਸਾਡੀ ਹਰ ਧੜਕਣ ਵਿਚ ਵਸਿਆ ਹੋਇਆ ਸੀ।

ਇਸ ਕਹਾਣੀ ਦਾ ਦੂਜਾ ਫੋਕਸ ਕਾਲੀ ਅਫਰੀਕਨ ਨਸਲ ਅਤੇ ਵਿਸ਼ੇਸ਼ ਤੌਰ ਤੇ ਕਾਲੀ ਔਰਤ ਦੇ ਕਸ਼ਟਪੂਰਣ ਗੁਲਾਮੀ ਭਰੇ ਇਤਿਹਾਸ, ਵਰਤਮਾਨ ਪ੍ਰਬੰਧ ਅਤੇ ਗੋਰੀ ਨਸਲ ਦੇ ਉਨ੍ਹਾਂ ਪ੍ਰਤੀ ਨਸਲਵਾਦੀ ਰਵੱਈਏ ਉਤੇ ਹੈ। ਕਹਾਣੀ ਦਾ ਸਮੁੱਚਾ ਬਿਰਤਾਂਤ 'ਇਨਵਿਜੀਬਲ' ਤੋਂ 'ਵਿਜੀਬਲ' ਹੋਣ ਅਤੇ 'ਬਲੈਕ ਇਜ਼ ਬੋਲਡ ਐਂਡ ਬਿਊਟੀਫਲ' ਦੀਆਂ ਧਾਰਨਾਵਾਂ ਦੇ ਆਧਾਰ ਵਿਚ ਪਏ ਨਸਲਵਾਦੀ, ਆਰਥਿਕ ਸਮਾਜਿਕ ਅਤੇ ਇਤਿਹਾਸਕ ਕਾਰਨਾਂ ਨੂੰ ਸਿਰਜਨ ਦੇ ਸਮਰੱਥ ਹੈ। ਕਹਾਣੀ ਸਮੁੱਚੇ ਰੂਪ ਵਿਚ ਕਾਲੀ ਔਰਤ ਦੀ ਹੋਣੀ ਦੇ ਸੰਕਟਮਈ ਵਰਤਮਾਨ ਉਤੇ ਕੇਂਦਰਤ ਹੈ ਜੋ ਇਤਿਹਾਸਕ ਸੰਦਰਭ ਵਿਚ ਪ੍ਰਮਾਣਕ ਰੂਪ ਵਿਚ ਸਿਰਜਿਆ ਗਿਆ ਹੈ। ਕਹਾਣੀ ਵਿਚ ਇਕ ਸੰਕੇਤ ਵੀ ਹੈ ਕਿ ਵਰਤਮਾਨ ਸਾਮਰਾਜੀ ਪ੍ਰਬੰਧ ਹਰ ਪ੍ਰਕਾਰ ਦੀ ਕਲਾ ਨੂੰ ਆਪਣੇ ਹਿੱਤ ਵਿਚ ਵਰਤਦਾ ਹੈ। 'ਹੱਡਾਂ 'ਚ ਖੁਰ ਗਿਆ ਚੰਦਰਮਾ' ਕਹਾਣੀ ਵਿਚ ਪ੍ਰਕਿਰਤੀ ਅਤੇ ਮਨੁੱਖ ਦੇ ਦਵੰਦਾਤਮਕ ਰਿਸ਼ਤੇ ਨੂੰ ਸਿਰਜਣਾਤਮਕ ਪੱਧਰ ਉੱਤੇ ਸਮਝਣ ਸਮਝਾਉਣ ਦਾ ਯਤਨ ਕੀਤਾ ਗਿਆ ਹੈ। ਕਹਾਣੀ ਦੀ ਪ੍ਰਮੁੱਖ ਇਸਤਰੀ ਪਾਤਰ ਚੰਦਾ ਪ੍ਰਕਿਰਤੀ ਵਾਂਗ ਨਿਰਛਲ, ਅਣਭੋਲ ਅਤੇ ਸਜੀਵ ਹੈ ਜੋ ਪ੍ਰਕਿਰਤੀ ਨਾਲੋਂ ਟੁੱਟ ਕੇ ਨਿਰਜੀਵ ਹੋ ਜਾਂਦੀ ਹੈ। ਇਸ ਪਾਤਰ ਨੂੰ ਪ੍ਰਕਿਰਤੀ ਨਾਲ ਇਕਸੁਰਤਾ ਅਤੇ ਸੰਘਰਸ਼ ਵਿਚੋਂ ਜੀਵਨ ਆਨੰਦ ਪ੍ਰਾਪਤ ਹੁੰਦਾ ਹੈ। ਇਸ ਕਹਾਣੀ ਦਾ ਪ੍ਰਮੁੱਖ ਮਰਦ ਪਾਤਰ 'ਅਜੋਕੇ ਮਨੁੱਖ' ਦਾ ਪ੍ਰਤੀਕ ਹੈ ਜੋ ਪ੍ਰਕਿਰਤੀ ਨੂੰ ਔਰਤ ਵਾਂਗ ਬਿਨਾਂ ਸਮਝੇ ਆਪਣੀ ਮਰਜ਼ੀ ਅਨੁਸਾਰ ਵਰਤਣਾ ਚਾਹੁੰਦਾ ਹੈ। ਮਨੁੱਖ ਦੀ ਇਸ ਹਵਸ ਅਤੇ ਪਦਾਰਥਕ ਚਾਹਤ ਵਿਚੋਂ ਉਸ ਨੂੰ 'ਘੁਰਨੇ ਦੀ ਹਵਾੜ', ਇਕੱਲਤਾ, ਯਾਂਤਰਿਕ ਜੀਵਨ ਅਤੇ ਸੰਤਾਪ ਹੀ ਪ੍ਰਾਪਤ ਹੁੰਦਾ ਹੈ। ਇਸ ਕਹਾਣੀ ਵਿਚੋਂ ਪ੍ਰਮੁੱਖ 'ਮੈਂ' ਮਰਦ ਪਾਤਰ ਰਾਹੀਂ 'ਮਨੁੱਖ ਦੇ ਦੂਸਰੇ ਚੇਤਨ ਰੂਪ ਦੀ ਵੀ ਸਿਰਜਣਾ ਹੋਈ ਹੈ ਜੋ 'ਹਨੇਰੀ ਰਾਤ' ਅਤੇ ਜੀਵਨ ਦੀ ਹੁੰਮਸ ਵਿਚੋਂ ਜੀਵਨ ਦੇ ਨਵੇਂ ਨਕਸ਼ ਖੋਜਣ ਲਈ ਯਤਨਸ਼ੀਲ ਹੈ।

ਪਰ ਮੇਰੇ ਅਚੇਤ ਵਿਚ ਸੁਲਘ ਰਹੀ ਹੈ। ਨਵ-ਚਿੰਤਨ ਦੀ ਇਕ ਨਵੀਂ ਚਿਣਗਾਰੀ ਅਤੇ ਮੈਂ ਲੜ ਰਿਹਾ ਇਸ ਵਕਤ ਆਪਣੇ ਹੀ ਵਰਤਮਾਨ ਨਾਲ ਇਕ ਅੰਦਰੂਨੀ ਯੁੱਧ ਅਤੇ ਉਨ੍ਹਾਂ ਸੋਨ ਸੁਨਹਿਰੀ ਯਾਦਾਂ ਦਾ ਇਕ ਪਰਛਾਵਾਂ ਮੰਡਰਾਅ ਰਿਹਾ ਹੈ ਇਸ ਸਮੇਂ ਵੀ ਮੇਰੇ ਸਿਰ ਉਪਰ ਪਤਾ ਨਹੀਂ, ਇਹ ਪੰਛੀ ਵਿਚਾਰਾ ਭੁੱਖਾ ਭਾਣਾ ਨਿਕਲਿਆ ਹੈ ਸ਼ਿਕਾਰ ਯੁੱਧ ਲਈ ਜਾਂ ਭਟਕ ਰਿਹਾ ਹੈ ਮੇਰੇ ਹੀ ਵਾਂਗ ਬੇਚੈਨ, ਬੇਆਬਰੂ ਅਤੇ ਦਿਸ਼ਾਹੀਨ... ਕੀ ਪਤਾ ਇਹ ਤਨਹਾ ਪੰਛੀ ਵੀ ਭਾਲ ਰਿਹਾ ਹੋਵੇ ਇਸ ਵਕਤ ਝੀਲ ਦੇ ਪਾਣੀ ਵਿਚੋਂ ਆਪਣੇ ਵਿਛੜੇ ਮਹਿਬੂਬ ਨੂੰ ਜਾਂ ਫਿਰ ਤਲਾਸ਼ ਰਿਹਾ ਹੋਵੇ ਕਿਸੇ ਸੁਨਹਿਰੀ ਯਾਦ ਦਾ ਕੋਈ ਸੱਜਰਾ ਅਕਸ।

ਇਸ ਪ੍ਰਕਾਰ ਇਹ ਕਹਾਣੀ 'ਮਨੁੱਖ' ਦੇ ਦੋ ਰੂਪਾਂ ਦੀ ਸਿਰਜਣਾ ਕਰਦੀ ਹੈ। ਪਹਿਲਾ ਰੂਪ ਚੰਦਾ (ਪ੍ਰਕਿਰਤੀ) ਦੇ ਪਤੀ (ਮਾਲਕ) ਦਾ ਹੈ ਜੋ ਮਨੁੱਖਤਾ ਅਤੇ ਪ੍ਰਕਿਰਤੀ ਵਿਰੋਧੀ ਹੈ ਅਤੇ ਦੂਜਾ ਰੂਪ ਚਿੰਤਕ ਅਤੇ ਇਨਕਲਾਬੀ ਦਾ ਹੈ ਕਹਾਣੀ ਮਰਦ ਪਾਤਰ ਦੀ ਦੂਹਰੀ ਸ਼ਖ਼ਸ਼ੀਅਤ ਦੀ ਉਸਾਰੀ ਕਰਦੀ ਹੈ। ਕਹਾਣੀ ਦਾ ਪ੍ਰਮੁੱਖ ਇਸਤਰੀ ਪਾਤਰ ਚੰਦਾ ਪ੍ਰਕਿਰਤੀ ਦਾ ਪ੍ਰਤੀਕ ਹੈ। ਪ੍ਰਮੁੱਖ ਮਰਦ ਪਾਤਰ ਦੇ ਸਵੈ ਕਥਨ ਰਾਹੀਂ ਇਸ ਕਹਾਣੀ ਦੇ ਅਰਥਾਂ ਤੱਕ ਪਹੁਚਿਆ ਜਾ ਸਕਦਾ ਹੈ,

"ਇਹ ਜ਼ਿੰਦਗੀ ਸੁੰਗੜ ਕੇ ਇੰਨੀ ਨਿੱਕੀ ਜਿਹੀ ਕਦੋਂ ਕੁ ਹੋ ਗਈ, ਸਿਰਫ ਇਕ ਖਾਲੀ ਖੋਲ ਵਰਗੀ ਇਹਨੂੰ ਬਾਹਲੀ ਉਮਰ ਦਾ ਲਕਵਾ ਮਾਰ ਗਿਆ ਜਾਂ ਸੰਘਰਸ਼ ਤੋਂ ਪਿੱਠ ਮੋੜਨ ਦਾ ਝੋਰਾ ਖਾ ਗਿਆ?"

"ਕਿੱਥੇ ਉਹ ਜ਼ਿੰਦਗੀ, ਜੋ ਅੰਗਿਆਰਾਂ ਉੱਤੇ ਵੀ ਨੱਚਦੀ ਸੀ ਤੇ ਕਿੱਥੇ ਆਹ ਜ਼ਿੰਦਗੀ? ਜ਼ਿੰਦਗੀ ਦਾ

ਸਿਰਫ਼ ਕਲੋਨ, ਜਿਸ ਦਾ ਰਿਮੋਟ ਕੰਟਰੋਲ ਵੀ ਕਿਸੇ ਹੋਰ ਦੇ ਹੱਥ ਵਿਚ ਹੈ।"

ਹਰਭਜਨ ਸਿੰਘ ਦੇ ਚਰਚਾ ਅਧੀਨ ਵਿਚਾਰੇ ਗਏ ਕਹਾਣੀ ਸੰਗ੍ਰਹਿਆਂ ਦੀਆਂ ਉਪਰੋਕਤ ਕਹਾਣੀਆਂ ਵੀ ਭਾਵੇਂ ਵਰਤਮਾਨ ਇਤਿਹਾਸਕ ਅੰਤਰ-ਵਿਰੋਧਾਂ ਨੂੰ ਹੀ ਸਿਰਜਨ ਦਾ ਕਾਰਜ ਕਰਦੀਆਂ ਹਨ। ਪਰੰਤੂ 'ਸਟਾਪ ਇੱਟ', 'ਗਰਾਉਂਡ ਜ਼ੀਰੋ', 'ਰੇਸ, ਕਲਾਸ ਤੇ ਜੰਗ' ਅਤੇ 'ਮਜ਼ਮਾ' ਕਹਾਣੀਆਂ ਸਮਕਾਲੀ ਇਤਿਹਾਸਕ ਘਟਨਾਵਾਂ ਦੇ ਪ੍ਰਸੰਗ ਵਿਚ ਸਾਮਰਾਜੀ ਮਨੁੱਖੀ ਵਿਰੋਧੀ ਨੀਤੀ ਅਤੇ ਮਨੁੱਖਤਾ ਦੇ ਸੰਕਟ ਨੂੰ ਵਧੇਰੇ ਪ੍ਰਭਾਵਸ਼ਾਲੀ ਰੂਪ ਵਿਚ ਸਮਝਣ / ਸਮਝਾਉਣ ਦਾ ਕਾਰਜ ਕਰਦੀਆਂ ਹਨ।

ਮਨੁੱਖੀ ਤ੍ਰਾਸਦਕ ਹੋਣੀ ਨੂੰ ਕਹਾਣੀ 'ਗਰਾਊਂਡ ਜ਼ੀਰੋ' ਵਿਚ ਸਰ ਸਕਾਟ ਸਾਈਮਨ ਅਤੇ ਉਸ ਦੀ ਪਤਨੀ ਗਲੋਰੀਆਂ ਸਾਈਮਨ ਅਤੇ ਵਿਭਿੰਨ ਪਰਵਾਸੀਆਂ ਦੇ ਨਸਲਵਾਦ ਤੋਂ ਉਪਜੇ ਸੰਕਟ ਰਾਹੀਂ ਪ੍ਰਗਟਾਇਆ ਗਿਆ ਹੈ। ਅਮਰੀਕੀ ਜੋੜੇ ਦੇ ਨੂੰਹ-ਪੁੱਤ ਟਵਿਨ ਟਾਵਰ ਦੇ ਢਹਿਣ ਸਮੇਂ ਮਾਰੇ ਜਾਂਦੇ ਹਨ। ਕਹਾਣੀ ਦੇ ਉੱਤਮ ਪੁਰਖੀ ਪਾਤਰ ਪੰਨੂੰ ਅਤੇ ਸ਼ਿਬੋ ਰਾਹੀਂ ਹੇਟ ਕਰਾਈਮ ਭਾਵ ਨਸਲਵਾਦੀ ਭੈਅ ਨੂੰ ਪ੍ਰਗਟਾਇਆ ਗਿਆ ਹੈ। ਟਵਿਨ ਟਾਵਰ ਦੀ ਘਟਨਾ ਕਾਰਨ ਮਨੁੱਖਤਾ ਦੀ ਉਦਾਸੀ, ਭੈਅ ਅਤੇ ਸੰਤਾਪ ਨੂੰ ਹੇਠ ਲਿਖੇ ਵਾਰਤਾਲਾਪ ਵਿਚੋਂ ਵੇਖਿਆ ਜਾ ਸਕਦਾ ਹੈ,

"ਇਹ ਆਵਾਜ਼ ਮੇਰੇ ਕੰਨ ਪਾੜਦੀ ਕਲੇਜਾ ਲੂੰਹਦੀ, ਮੇਰੇ ਵਜੂਦ ਨੂੰ ਝੁਠਲਾਉਂਦੀ, ਮੈਨੂੰ ਖਤਮ ਕਰਦੀ ਜਾ ਰਹੀ ਹੈ ਅਤੇ ਅੱਗ ਦਾ ਇਕ ਗੋਲਾ ਮੇਰੇ ਜ਼ਿਹਨ ਅੰਦਰ ਧਸਦਾ ਜਾ ਰਿਹਾ ਹੈ ਅਤੇ ਮੇਰਾ ਸਾਰਾ ਵਜੂਦ ਅੱਗ ਦੀਆਂ ਲਪਟਾਂ ਬਣਕੇ, ਗਰਕ ਜਾਣ ਲਈ ਗਰਾਉਂਡ ਜ਼ੀਰੋ ਭਾਲ ਰਿਹਾ ਹੈ ਪਰ ਉਹ ਗਰਾਉਂਡ ਜ਼ੀਰੋ, ਕਿਤੇ ਨਜ਼ਰ ਨਹੀਂ ਆ ਰਿਹਾ ਅਤੇ ਮੈਂ ਪਾਤਾਲ ਵਿਚ ਡੂੰਘਾ ਹੋਰ ਡੂੰਘਾ ਨਿਘਰਦਾ ਜਾਂਦਾ, ਘਰ ਵੱਲ ਨੂੰ ਉੱਡਦਾ ਹੋਇਆ ਆ ਰਿਹਾ ਹਾਂ।"

ਕਹਾਣੀ 'ਹੇਟ ਕਰਾਈਮ' ਨੂੰ ਪ੍ਰਮਾਨਿਕ ਰੂਪ ਵਿਚ ਪ੍ਰਗਟਾਉਂਦੀ ਹੋਈ ਅਜੋਕੇ ਦੌਰ ਦੀਆਂ ਸ਼ਾਸ਼ਕ ਜਮਾਤਾਂ ਵਲੋਂ ਪੈਦਾ ਕੀਤੀ ਮਨੁੱਖੀ ਵਿਰੋਧੀ ਸਥਿਤੀ ਵਿਚ ਪਰਿਵਰਤਨ ਲਈ ਸੰਘਰਸ਼ੀਲ ਭਵਿੱਖਆਰਥੀ ਸ਼ਕਤੀਆਂ ਵੱਲ ਵੀ ਸੰਕੇਤ ਕਰਦੀ ਹੈ। ਲੇਖਕ ਇਨ੍ਹਾਂ ਸ਼ਕਤੀਆਂ ਨੂੰ ਹੀ ਅਸਲ ਗਰਾਉਂਡ ਜ਼ੀਰੋ ਆਖਦਾ ਹੈ। ਕਹਾਣੀ 'ਹੇਟ ਕਰਾਈਮ' ਅਤੇ ਨਸਲਵਾਦ ਦੇ ਆਧਾਰ ਵਿਚ ਪਈ ਆਮ ਲੋਕਾਂ ਦੀ ਘੱਟ ਵਿਕਸਤ ਚੇਤਨਾ ਦੇ ਯਥਾਰਥ ਨੂੰ ਪ੍ਰਗਟਾਉਂਦੀ ਹੋਈ ਇਸ ਦੇ ਲੋਕ ਵਿਰੋਧੀ ਰੂਪ ਨੂੰ ਪ੍ਰਗਟਾਉਂਦੀ ਹੈ। ਪਰੰਤੂ ਇਸ ਲੋਕ ਵਿਰੋਧੀ ਰੂਪ ਦੇ ਯਥਾਰਥ ਸਿਰਜਣ ਦੇ ਆਧਾਰਤ ਕਾਰਨਾ ਦੇ ਵਿਗਿਆਨਕ ਵਿਸ਼ਲੇਸ਼ਣ ਰਾਹੀਂ ਲੇਖਕ ਨੇ ਲੋਕ ਪੱਖੀ ਚੇਤਨਾ ਦੇ ਮਨੁੱਖਤਾ ਪੱਖੀ ਰੂਪ ਨੂੰ ਦ੍ਰਿੜਾਇਆ ਹੈ। ਹਰਭਜਨ ਸਿੰਘ ਦੀ ਇਸ ਕਹਾਣੀ ਦਾ ਵਿਸ਼ੇਸ਼ ਮਹੱਤਵ ਇਸ ਗੱਲ ਵਿਚ ਹੈ ਕਿ ਇਹ ਅਜੋਕੇ ਸਮਕਾਲੀ ਵਿਸ਼ਵੀਕਰਨ ਦੇ ਸੰਦਰਭ ਵਿਚ ਵੱਡੀ ਇਤਿਹਾਸਕ ਘਟਨਾ ਨੂੰ ਆਧਾਰ ਬਣਾ ਕੇ, ਇਸ ਯੁੱਗ ਦੇ ਮੂਲ ਤਨਾਉ ਅਤੇ ਟਕਰਾਉ ਨੂੰ ਸਭਿਆਚਾਰਾਂ ਦੇ ਭੇੜ, ਨਸਲਵਾਦ, ਅਤਿਵਾਦ ਨੂੰ ਸਾਮਰਾਜੀ ਨੀਤੀ ਦੇ ਪ੍ਰਸੰਗ ਵਿਚ ਸਿਰਜਨਾਤਮਕ ਪੱਧਰ ਤੇ ਵਿਸ਼ਲੇਸ਼ਣ ਕਰਨ ਦੇ ਸਮਰੱਥ ਹੋਈ ਹੈ। ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਇਸ ਕਹਾਣੀ ਦਾ ਵਿਸ਼ੇਸ਼ ਸਥਾਨ ਰਹੇਗਾ।

'ਰੇਸ ਕਲਾਸ ਅਤੇ ਜੰਗ' ਕਹਾਣੀ ਵੀ ਥੀਮ ਪੱਖੋ 'ਗਰਾਊਂਡ ਜ਼ੀਰੋ' ਨਾਲ ਹੀ ਮਿਲਦੀ ਹੈ। ਇਹ ਕਹਾਣੀ ਵੀ ਅਜੋਕੇ ਇਤਿਹਾਸਕ ਯੁੱਗ ਵਿਚ ਵਾਪਰੀਆਂ ਘਟਨਾਵਾਂ ਦੇ ਪੁਨਰ ਸਿਰਜਣ ਰਾਹੀਂ ਮਨੁੱਖਤਾ ਦੇ ਦੁਖਾਂਤ ਲਈ ਜ਼ਿੰਮੇਵਾਰ ਸਾਮਰਾਜੀ ਆਰਥਿਕ ਰਾਜਨੀਤਿਕ ਨੀਤੀ ਦਾ ਵਿਸ਼ਲੇਸ਼ਣ ਕਰਦੀ ਹੈ। ਦੋਵੇਂ ਕਹਾਣੀਆਂ ਇਸ ਨੀਤੀ ਕਾਰਨ ਵਾਪਰ ਰਹੇ ਮਨੁੱਖੀ ਦੁਖਾਂਤ ਉਤੇ ਫੋਕਸ ਕਰਦੀਆਂ ਹਨ। ਪਹਿਲੀ ਕਹਾਣੀ ਵਿਚ ਸਤੰਬਰ ਗਿਆਰਾਂ ਦੀਆਂ ਅਤਿਵਾਦੀ ਘਟਨਾਵਾਂ ਨੂੰ ਆਧਾਰ ਬਣਾਇਆ ਗਿਆ ਹੈ, ਇਸ ਕਹਾਣੀ ਵਿਚ ਅਮਰੀਕਾ ਵੱਲੋਂ ਦੁਨੀਆਂ ਦੇ ਦੂਜੇ ਦੇਸ਼ਾਂ ਦੀਆਂ ਧਰਤੀਆਂ ਉਤੇ ਛੇੜੀਆਂ ਜੰਗਾਂ (ਵਿਸ਼ੇਸ਼ ਤੌਰ ਤੇ ਇਰਾਕ ਅਤੇ ਅਫਗਾਨਿਸਤਾਨ ਵਿਚ) ਅਤੇ ਹਰੀਕੇਨ ਕੈਟਰੀਨਾ ਦੀ ਘਟਨਾ ਨੂੰ ਆਧਾਰ ਬਣਾ ਕੇ ਰੇਸ ਕਲਾਸ ਅਤੇ ਜੰਗ ਦੇ ਸੰਕਲਪਾਂ ਦੇ ਅਰਥਾਂ ਦਾ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਗਿਆ ਹੈ। ਕਹਾਣੀ ਵਿਚ ਸਿਰਜਤ ਪ੍ਰੈਜੀਡੈਂਟ ਬੁੱਸ਼ ਦਾ ਪਾਤਰ ਅਮਰੀਕੀ ਸਾਮਰਾਜੀ ਨੀਤੀ ਦਾ ਪ੍ਰਤੀਨਿੱਧ



ਪਾਤਰ ਹੈ। ਕਹਾਣੀ ਦੇ ਆਰੰਭ ਵਿਚ ਹੀ ਇਨਕਲਾਬੀ ਪਾਤਰ ਸ਼ਿੰਨੀ ਸ਼ੀਆਨ ਦੇ ਵਾਰਤਾਲਾਪ ਰਾਹੀਂ ਕਹਾਣੀ ਦੇ ਥੀਮ ਵੱਲ ਸੰਕੇਤ ਕੀਤਾ ਗਿਆ ਹੈ।

"ਮੈਂ ਉਹਦੀਆਂ (ਪ੍ਰੈਜੀਡੈਂਟ ਦੀਆਂ) ਅੱਖਾਂ ਵਿਚ ਝਾਕ ਕੇ , ਇਹ ਪੁੱਛਣਾ ਚਾਹੁੰਦੀ ਹਾਂ ਕਿ ਤੇਰੀਆਂ ਅੱਖਾਂ ਵਿੱਚ ਨੱਚਦੀ ਵਹਿਸ਼ਤ ਦਾ ਮਕਸਦ ਕੀ ਹੈ? ਮੈਂ ਇਹ ਜਾਨਣਾ ਚਾਹੁੰਨੀ ਹਾਂ ਕਿ ਇਕ ਝੂਠਾ ਬੰਦਾ ਆਪਣੇ ਅੰਦਰ ਕਿਸ ਤਰ੍ਹਾਂ ਮਹਿਸੂਸ ਕਰਦੈ? ਜਿਸ ਦੇ ਝੂਠ ਨਾਲ ਹਜ਼ਾਰਾਂ ਜਾਨਾਂ ਲਾਸ਼ਾਂ ਬਣ ਚੁਕੀਆਂ ਹਨ...।"

ਕਹਾਣੀ ਇਹ ਥੀਮ ਉਸਾਰਦੀ ਹੈ ਕਿ ਸਾਮਰਾਜ ਅਤੇ ਕਾਰਪੋਰੇਟ ਘਰਾਣਿਆਂ ਦੇ ਆਰਥਿਕ ਪੂੰਜੀਵਾਦੀ ਹਿੱਤਾਂ ਕਾਰਨ ਸਮੁੱਚੇ ਵਿਸ਼ਵ ਨੂੰ ਨਸਲਵਾਦ, ਅਤਿਵਾਦ, ਲੋਕਤੰਤਰ ਦੇ ਬਹਾਨੇ ਨਾਲ ਸਮੁੱਚੇ ਵਿਸ਼ਵ ਵਿਚ ਜੰਗਾਂ ਛੇੜਕੇ ਸਮੁੱਚੀ ਮਨੁੱਖਤਾ ਨੂੰ ਤਹਿਸ ਨਹਿਸ ਕਰਕੇ ਦੁਖਾਂਤਕ ਸਥਿਤੀਆਂ ਭੋਗਣ ਲਈ ਮਜਬੂਰ ਕਰ ਰਿਹਾ ਹੈ। ਕਹਾਣੀ ਇਹ ਥੀਮ ਉਸਰਾਦੀ ਹੈ ਕਿ ਰੇਸ ਦਾ ਅਰਥ ਰੰਗ ਭੇਦ ਜਾਂ ਸਭਿਆਚਾਰਕ ਪਿਛੋਕੜ ਰਾਹੀਂ ਨਹੀਂ ਸਮਝਿਆ ਜਾ ਸਕਦਾ ਹੈ ਕਿਉਂਕਿ ਸਾਮਰਾਜੀ ਜੰਗਾਂ ਯੁੱਧਾਂ ਵਿਚ ਫੌਜੀ ਅਤੇ ਆਮ ਲੋਕ ਹੀਂ ਮਾਰੇ ਜਾਂਦੇ ਹਨ ਉਪਰਲੀਆਂ ਜਮਾਤਾਂ ਦੇ ਲੋਕ ਨਹੀਂ। ਕਹਾਣੀ ਯਥਾਰਥ ਨੂੰ ਸਿਰਜਦੀ ਹੈ ਕਿ ਪੱਛੜੇ ਮੁਲਕਾਂ ਦਾ ਆਮ ਮਨ ਸਮੂਹ ਅਤੇ ਨਸਲਾਂ ਸੋਸ਼ਿਤ ਜਮਾਤ ਹੀ ਬਣ ਜਾਂਦੇ ਹਨ। ਹਰੀਕੇਨ ਕੈਟਰੀਨਾ ਦੀ ਘਟਨਾ ਰਾਹੀਂ ਧਾਰਨਾ ਨੂੰ ਪ੍ਰਗਟਾਇਆ ਗਿਆ ਹੈ। ਨਸਲ ਸੰਬੰਧੀ ਕਹਾਣੀ ਇਸ ਯਥਾਰਥ ਨੂੰ ਸਿਰਜਦੀ ਹੈ ਕਿ ਪੱਛੜੀਆਂ ਹੋਈਆਂ ਨਸਲਾਂ ਅਤੇ ਦੇਸ਼ਾਂ ਦੇ ਲੋਕ ਹੀ ਜੰਗ ਦੀ ਅੱਗ ਦਾ ਬਾਲਣ ਬਣਦੇ ਹਨ।

"ਇਕ ਪਾਸੇ ਕਾਲੇ ਗਰੀਬ ਲੋਕਾਂ ਨੂੰ ਹਮਲਾਵਰ ਪਾਗਲ ਫ਼ੌਜੀ ਮੁਹਿੰਮਾਂ ਲਈ ਤੋਪ ਦੇ ਚਾਰੇ ਵਜੋਂ ਵਰਤਿਆ ਜਾ ਰਿਹਾ ਹੈ ਅਤੇ ਦੂਜੇ ਪਾਸੇ, ਹਰੀਕੇਨ ਕਟਰੀਨਾ ਦੇ ਪਾਣੀ ਵਿਚ ਡੁੱਬ-ਡੁੱਬ ਕੇ ਮਰਨ ਲਈ ਖੁੱਲ੍ਹਾ ਛੱਡ ਦਿੱਤਾ ਗਿਆ ਹੈ। ਇਨ੍ਹਾਂ ਪਾਗਲ ਫ਼ੌਜੀ ਮੁਹਿੰਮਾ ਉਪਰ ਸਾਡੀ ਟੈਕਸ ਮਨੀ ਦੇ ਬਲੀਅਨ ਟ੍ਰਿਲੀਅਨ ਡਾਲਰ ਖਰਚੇ ਜਾ ਰਹੇ ਆ ਪਰ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਸਾਧਨਾਂ ਦੀ ਕਮੀ ਦੀ ਦੁਹਾਈ ਦਿੱਤੀ ਜਾ ਰਹੀ ਹੈ।" "ਇਕੀਵੀਂ ਸਦੀ ਵਿਚ ਕੀ ਕਾਲਾ ਰੰਗ, ਗੁਲਾਮੀ ਦਾ ਸਿੰਬਲ ਬਣਿਆ ਹੋਇਆ ਹੈ। ਕਾਲੇ ਲੋਕਾਂ ਨਾਲ ਹਾਲੇ ਵੀ ਗੁਲਾਮਾਂ ਵਾਲਾ ਸਲੂਕ ਹੋ ਰਿਹਾ ਹੈ।" ਨਸਲਵਾਦ ਸਬੰਧੀ ਭ੍ਰਾਂਤੀ ਨੂੰ ਕਹਾਣੀ ਵਿਚ 'ਬੱਲੀ' ਦੇ ਪਾਤਰ ਰਾਹੀਂ ਤੋੜਿਆ ਗਿਆ ਹੈ ਕਿ ਜਦੋਂ ਵਿਭਿੰਨ ਨਸਲਾਂ ਦੇ ਲੋਕ ਸਾਂਝੇ ਜਨਤਕ ਸੰਘਰਸ਼ ਵਿਚ ਪੈਂਦੇ ਹਨ ਤਾਂ ਸਾਸ਼ਕ ਜਮਾਤਾਂ ਵਲੋਂ ਨਸਲਵਾਦ ਸਬੰਧੀ ਪੈਦਾ ਕੀਤੀਆਂ ਲੋਕ ਵਿਰੋਧੀ ਧਾਰਨਾਵਾਂ ਨਿਰਰਾਥਕ ਬਣ ਜਾਂਦੀਆਂ ਹਨ। ਕਹਾਣੀ 'ਰੇਸ, ਕਲਾਸ ਤੇ ਜੰਗ' ਦੀਆਂ ਸਾਮਰਾਜ ਪੱਖੀ ਧਾਰਨਾਵਾਂ ਨੂੰ ਰੱਦ ਕਰਕੇ ਇਨ੍ਹਾਂ ਧਾਰਨਾਵਾਂ ਦਾ ਲੋਕ ਪੱਖੀ ਵਿਸ਼ਲੇਸ਼ਣ ਸਿਰਜਨਾਤਮਕ ਪੱਧਰ ਤੇ ਕਰਦੀ ਹੈ।

'ਮਜ਼ਮਾ' ਇਸ ਕਹਾਣੀ ਸੰਗ੍ਰਹਿ ਦੀ ਇਕ ਹੋਰ ਪ੍ਰਭਾਵਸ਼ਾਲੀ ਕਹਾਣੀ ਹੈ ਜੋ ਪੰਜਾਬੀ ਅਤੇ ਪਰਵਾਸੀ ਪੰਜਾਬੀ ਕਹਾਣੀ ਨੂੰ ਵੰਨ ਸੁਵੰਨਤਾ ਅਤੇ ਬੌਧਿਕਤਾ ਪ੍ਰਦਾਨ ਕਰਦੀ ਹੈ। ਕਹਾਣੀ ਵਿਚ ਸਿਰਜੇ ਵਿਭਿੰਨ ਮੁਲਕਾਂ, ਨਸਲਾਂ ਦੇ ਪਾਤਰ ਅਤੇ ਇਨ੍ਹਾਂ ਦੀ ਸਿਰਜਣਾ ਪਾਠਕ ਦੇ ਮਨ ਉਤੇ ਸਦੀਵੀ ਛਾਪ ਛੱਡਣ ਦੇ ਯੋਗ ਹੈ। ਇਨ੍ਹਾਂ ਪਾਤਰਾਂ ਦੇ ਸਿਰਜਣ ਦੀ ਪ੍ਰਮਾਣਿਕਤਾ ਇਨ੍ਹਾਂ ਦੇ ਪ੍ਰਤੀਨਿੱਧ ਅਤੇ ਬੌਧਿਕ ਸਿਰਜਣ ਵਿਚ ਹੈ। ਕਹਾਣੀ ਦੇ ਕੇਂਦਰ ਵਿਚ ਦੋ ਹਜ਼ਾਰ ਸੱਤ-ਅੱਠ ਦਾ ਆਰਥਿਕ ਮੰਦਵਾੜਾ, ਅਮਰੀਕਾ ਦਾ ਇਰਾਕ ਅਤੇ ਅਫਗਾਨਿਸਤਾਨ ਵਿਚ ਫੌਜੀ ਹਮਲਾ, ਅਮਰੀਕੀ ਪ੍ਰੈਜੀਡੈਂਟ ਦੀ ਚੋਣ ਆਦਿ ਇਤਿਹਾਸਕ ਘਟਨਾਵਾਂ ਹਨ। ਇਨ੍ਹਾਂ ਇਤਿਹਾਸਕ ਘਟਨਾਵਾਂ ਉਤੇ ਵਿਭਿੰਨ ਪਾਤਰਾਂ ਦੇ ਵਾਦ ਵਿਵਾਦ ਰਾਹੀਂ ਅਜੋਕੇ ਮਸਲਿਆਂ ਉਤੇ ਰਾਜਨੀਤਿਕ ਦਾਰਸ਼ਨਿਕ ਦ੍ਰਿਸ਼ਟੀ ਤੋਂ ਵਿਸ਼ਲੇਸ਼ਣ ਕੀਤਾ ਗਿਆ ਹੈ। ਕਹਾਣੀ ਵਿਚ ਓਬਾਮਾ ਦੇ ਪ੍ਰੈਜੀਡੈਂਟ ਬਣ ਜਾਣ ਦੀ ਸੰਭਾਵਨਾ ਉਪਰੰਤ ਵਾਪਰਨ ਵਾਲੀ ਸਮੁੱਚੀ ਤਬਦੀਲੀ ਦਾ ਵਿਸ਼ਲੇਸ਼ਣ ਕਰਨ ਦਾ ਵੀ ਯਤਨ ਕੀਤਾ ਗਿਆ ਹੈ। ਕਾਲੀਆਂ ਗੁਲਾਮ ਨਸਲਾਂ ਬਾਰਕ ਉਬਾਮਾਂ ਦੀ ਚੋਣ ਤੋਂ ਪਹਿਲਾਂ ਇਹ ਆਸ ਲਾਈ ਬੈਠੀਆਂ ਸਨ ਕਿ ਚੋਣ ਜਿੱਤਣ ਉਪਰੰਤ ਇਨ੍ਹਾਂ ਨੂੰ 'ਹੇਟ ਕਰਾਈਮ' ਤੋਂ ਰਾਹਤ ਮਿਲੇਗੀ। ਇਹ ਕਹਾਣੀ ਇਕ ਪਾਸੇ ਇਨ੍ਹਾਂ ਗੁਲਾਮ ਨਸਲਾਂ ਦੀ ਇਸ ਭ੍ਰਾਂਤੀ ਦਾ ਭੰਜਨ ਕਰਦੀ ਹੈ ਤਾਂ ਦੂਜੇ ਪਾਸੇ ਸਾਸ਼ਕ

ਜਮਾਤਾਂ ਵਲੋਂ ਨਸਲਵਾਦ ਤੋਂ ਉਤਪੰਨ ਭ੍ਰਮਕ ਮਾਨਸਿਕਤਾ ਨੂੰ ਆਪਣੇ ਹੱਕ ਵਿਚ ਵਰਤ ਲੈਣ ਦੀ ਰਾਜਨੀਤੀ ਦੇ ਯਥਾਰਥ ਨੂੰ ਪ੍ਰਮਾਣਕ ਰੂਪ ਵਿਚ ਪੇਸ਼ ਕਰਦੀ ਹੈ। ਕਹਾਣੀ ਵਿਚ ਸਿਰਜਿਆ ਇਹ ਯਥਾਰਥ ਬਾਰਕ ਉਬਾਮਾ ਅਤੇ ਅਮਰੀਕਨ ਰਾਜ ਦੀ 2011 ਤੱਕ ਦੀਆਂ ਦੂਜੇ ਮੁਲਕਾਂ ਉਤੇ ਹਮਲੇ ਦੀ ਕਾਰਜ ਸ਼ੈਲੀ ਰਾਹੀਂ ਸੱਚ ਸਾਬਤ ਹੋਇਆ ਹੈ। ਥੀਮਕ ਪੱਧਰ ਉਤੇ ਇਹ ਕਹਾਣੀ ਇਸ ਇਤਿਹਾਸਕ ਦੌਰ ਦੀਆਂ ਕੁਝ ਧਾਰਨਾਵਾਂ ਸਪਸ਼ਟ ਕਰਨ ਦਾ ਯਤਨ ਕਰਦੀ ਹੈ ਜੋ ਲੇਖਕ ਦੀਆਂ ਸਮੁੱਚੀ ਕਹਾਣੀ ਰਚਨਾ ਵੱਲ ਸਾਂਝੀਆਂ ਵੀ ਹਨ ਅਤੇ ਵੱਖਰੀਆਂ ਵੀ ਹਨ। ਪਹਿਲੀ ਇਸ ਯੁੱਗ ਵਿਚ ਸਮੁੱਚੀ ਮਾਨਵਤਾ ਦੀ ਤਬਾਹੀ ਲਈ ਅਮਰੀਕੀ ਸਾਮਰਾਜ ਦੀ ਸਰਦਾਰੀ ਅਤੇ ਪ੍ਰਬੰਧ ਜ਼ਿੰਮੇਵਾਰ ਹੈ। ਦੂਜੀ ਵਿਸ਼ਵ ਮੰਦਵਾੜੇ ਲਈ ਅਮਰੀਕਾ ਵਲੋਂ ਛੇੜੀਆਂ ਜੰਗ ਅਤੇ ਪ੍ਰਬੰਧ ਦੋਸ਼ੀ ਹਨ। ਇਸ ਕਹਾਣੀ ਦੇ ਥੀਮ ਦੀ ਮਹੱਤਵਪੂਰਨ ਧਾਰਨਾ ਇਹ ਹੈ ਕਿ ਕਾਲੇ ਅਮਰੀਕੀ ਡੈਮੋਕਰੈਟਿਕ ਪ੍ਰੈਜੀਡੈਂਟ ਬਣਨ ਉਪਰੰਤ ਅਮਰੀਕਨ ਅਤੇ ਸਾਮਰਾਜੀ ਨੀਤੀ ਵਿਚ ਕੋਈ ਵਿਸ਼ੇਸ਼ ਅੰਤਰ ਆਉਣ ਵਾਲਾ ਨਹੀਂ ਇਸ ਕਹਾਣੀ ਦੀ ਇਹੋ ਕਮਜ਼ੋਰੀ ਜਾਪਦੀ ਹੈ ਕਿਉਂਕਿ ਕਹਾਣੀ ਦੇ ਵਿਚਾਰਧਾਰਕ ਵਿਵਾਦ ਨੂੰ ਖੁੱਲ੍ਹਾ ਛੱਡਣ ਦੀ ਬਜਾਇ ਕੱਟੜ ਮਾਰਕਸਵਾਦੀ ਦ੍ਰਿਸ਼ਟੀ ਰਾਹੀਂ ਨਿਸ਼ਚਤ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਗੱਲ ਵਿਚ ਸੰਦੇਹ ਨਹੀਂ ਕਿ ਵਿਅਕਤੀ ਪਰਿਵਰਤਨ ਨਾਲ ਕੋਈ ਮੁਲਕੀ ਪਰਿਵਰਤਨ ਵਾਪਰਨਾ ਸੰਭਵ ਨਹੀਂ, ਪਰੰਤੂ ਕੁੱਝ ਮੁੱਦਿਆ ਆਧਾਰਤ ਚੋਣ ਵਿਚ ਕਾਲੀ ਨਸਲ ਦੇ ਵਿਅਕਤੀ ਦਾ ਪ੍ਰੈਜ਼ੀਡੈਂਟ ਬਣਨਾ ਵੀ ਭਵਿੱਖ ਵਿਚ ਵਾਪਰਨ ਵਾਲੀ ਤਬਦੀਲੀ ਦਾ ਸੰਕੇਤ ਕਰਦਾ ਹੈ।

ਸਮੁੱਚੇ ਰੂਪ ਵਿਚ ਪ੍ਰੋ. ਹਰਭਜਨ ਸਿੰਘ ਦੀ ਕਹਾਣੀ ਸਿਰਜਣਾ ਬਾਰੇ ਕਿਹਾ ਜਾ ਸਕਦਾ ਹੈ ਕਿ ਇਹ ਕਹਾਣੀਆਂ ਅਜੋਕੇ ਵਿਸ਼ਵ ਦੇ ਉਸ ਇਤਿਹਾਸ ਦੀਆਂ ਮਹੱਤਵ ਪੂਰਨ ਘਟਨਾਵਾਂ ਸਿਰਜਣ ਅਤੇ ਵਿਸ਼ਲੇਸ਼ਤ ਕਰਨ ਦਾ ਯਤਨ ਕਰਦੀਆਂ ਹਨ ਜੋ ਅਜੋਕੇ ਮਨੁੱਖ ਦੀ ਹੋਣੀ, ਸਾਮਰਾਜੀ ਪ੍ਰਬੰਧ ਦੀ ਮਨੁੱਖ ਵਿਰੋਧੀ ਨੀਤੀ ਅਤੇ ਤਕਨਾਲੌਜੀ ਦੇ ਸੰਕਟ ਨਾਲ ਸੰਬੰਧਤ ਹਨ। ਵਿਸ਼ਵੀਕਰਨ ਦੇ ਜਮਾਤੀ ਪ੍ਰਬੰਧ ਦੇ ਇਸ ਦੌਰ ਵਿਚ ਕਿਉਂਕਿ ਇਹ ਸਮੱਸਿਆ ਬਹੁਤ ਗੁੰਝਲਦਾਰ ਹੈ ਇਸ ਲਈ ਇਹ ਕਹਾਣੀਆਂ ਕਈ ਥਾਈਂ ਬੌਧਿਕ ਚਿੰਤਨ, ਸਿਧਾਂਤਕ ਚਰਚਾ ਅਤੇ ਸਮਕਾਲੀ ਇਤਿਹਾਸਕ ਘਟਨਾਵਾਂ ਦੇ ਦੁਹਰਾਓ ਅਤੇ ਵਿਆਖਿਆ ਕਾਰਨ ਬੋਝਲ ਵੀ ਹੋ ਜਾਂਦੀਆਂ ਹਨ। ਪਰੰਤੂ ਵਿਭਿੰਨ ਨਸਲਾਂ, ਸਭਿਆਚਾਰਾਂ, ਜਮਾਤਾਂ ਦੇ ਪਾਤਰਾਂ ਦੇ ਅੰਤਰ ਅਤੇ ਪਾਰ ਸਭਿਆਚਾਰਕ ਸੰਵਾਦ ਤੇ ਮਸਲਿਆਂ ਬਾਰੇ ਲੇਖਕ ਦੇ ਸਪਸ਼ਟ ਵਿਗਿਆਨਕ ਦ੍ਰਿਸ਼ਟੀ ਤੋਂ ਉਸਰੇ ਪ੍ਰਵਚਨ ਕਾਰਨ ਇਹ ਕਹਾਣੀ ਸਿਰਜਣਾ ਪੰਜਾਬੀ ਕਹਾਣੀ ਲਈ ਵੱਡਮੁਲਾ ਯੋਗਦਾਨ ਪਾਉਂਦੀ ਹੈ। ਇਨ੍ਹਾਂ ਕਹਾਣੀਆਂ ਬਾਰੇ ਇਕ ਹੋਰ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਰਚਨਾਵਾਂ ਪੰਜਾਬੀ ਪਰਵਾਸੀ ਪਾਤਰਾਂ ਦੇ ਸੰਕਟ ਦੇ ਪ੍ਰਤੀਨਿੱਧ ਸਿਰਜਦੀ ਪਰਵਾਸ ਬਾਰੇ ਪ੍ਰਮਾਣਕ ਸਿਧਾਂਤਕ ਵਿਸ਼ਲੇਸ਼ਣ ਪ੍ਰਸਤੁਤ ਕਰਦੀ ਹੈ।

**ਉਤਮ, ਮਿਆਰੀ, ਸੁੰਦਰ ਦਿੱਖ ਵਿਚ ਪੁਸਤਕਾਂ ਪ੍ਰਕਾਸ਼ਤ ਕਰਨ ਵਾਲਾ ਨਵਾਂ ਪ੍ਰਕਾਸ਼ਨ ਘਰ, ਜਿਸ ਨੇ ਪ੍ਰਕਾਸ਼ਨ ਦੇ ਖੇਤਰ ਵਿਚ ਸਾਹਿਤਕ ਪੁਸਤਕਾਂ ਨਾਲ ਆਪਣੀ ਪਹਿਲੀ ਪਰਵਾਜ਼ ਭਰੀ ਹੈ। ਇਹ ਪ੍ਰਕਾਸ਼ਨ ਘਰ ਪੰਜਾਬੀ ਸਾਹਿਤ ਦੀ ਹਰ ਵਿਧਾ ਦੀਆਂ ਪੁਸਤਕਾਂ ਦੇ ਨਾਲ ਨਾਲ ਦੂਜੀਆਂ ਭਾਸ਼ਾਵਾਂ ਦੀਆਂ ਅਨੁਵਾਦ ਪੁਸਤਕਾਂ ਵੀ ਪ੍ਰਕਾਸ਼ਤ ਕਰੇਗਾ।**

**ਪਰਵਾਜ਼ ਪ੍ਰਕਾਸ਼ਨ**
e.mail:parwazparkashan@gmail.com
Vill. Dharampur, P.O. Khamber,
Distt. Jalandhar-144026,Mob. 94170-64350



# ਪਰਵਾਸੀ ਪੰਜਾਬੀ ਕਹਾਣੀ: ਮਸ਼ੀਨੀ ਸਭਿਆਚਾਰ ਅਤੇ ਰਿਸ਼ਤੇ

**-ਡਾ ਰਵਿੰਦਰ ਸਿੰਘ**

ਪੂਰਵ ਆਧੁਨਿਕ ਜੁਗ ਵਿਚ ਮਨੁੱਖ ਦਸਤ-ਸੰਦਾਂ ਦੀ ਸਹਾਇਤਾ ਨਾਲ ਉਤਪਾਦਨਾ ਕਰਦਾ ਸੀ, ਪਰ ਅੱਜ ਕੰਪਿਊਟਰੀ ਕ੍ਰਿਤ ਮਸ਼ੀਨਾਂ ਇਕ ਨਿਸ਼ਚਿਤ ਪ੍ਰੋਗ੍ਰਾਮਿੰਗ ਤਹਿਤ, ਸਵੈ-ਚਾਲਿਤ ਉਤਪਾਦਨ ਕਰਦੀਆਂ ਹਨ। ਇਹ ਮਸ਼ੀਨੀਕਰਨ ਦੇ ਖੇਤਰ ਵਿੱਚ ਇਕ ਕ੍ਰਾਂਤੀ ਤੋਂ ਘੱਟ ਨਹੀਂ ਹੈ। ਵਿਸ਼ਵੀਕਰਨ ਨੇ ਸਮੇਂ, ਸਥਾਨ, ਗਤੀ, ਉਪਰ ਵਿਜੈ ਪ੍ਰਾਪਤ ਕਰ ਲਈ ਹੈ। ਗੱਲ ਕੀ ਅੱਜ ਜੀਵਨ ਨਾਲ ਜੁੜੀ ਹਰ ਕਿਰਿਆ ਕਿਸੇ ਨਾ ਕਿਸੇ ਮਸ਼ੀਨ ਉੱਪਰ ਨਿਰਭਰ ਕਰ ਰਹੀ ਹੈ। ਭਾਵੇਂ ਉਹ ਰਸੋਈ ਨਾਲ ਜੁੜੀਆਂ ਕਿਰਿਆਵਾਂ ਹੋਣ ਜਾਂ ਦਫਤਰ/ਫੈਕਟਰੀਆਂ ਵਿੱਚ ਗਤੀਮਾਨ ਪ੍ਰਕ੍ਰਿਆ। ਇਸਦਾ ਬੁਰਾ ਪ੍ਰਭਾਵ ਜਿੱਥੇ ਮਾਨਵੀ ਸਿਹਤ, ਮਾਨਵੀ-ਸੋਚ, ਮਾਨਸਿਕਤਾ ਉੱਪਰ ਪਿਆ ਹੈ, ਉੱਥੇ ਮਾਨਵੀ ਸਮਾਜ/ਮਾਨਵੀ-ਰਿਸ਼ਤੇ/ਮਾਨਵੀ ਸਥਿਤੀ ਅਤੇ ਮਾਨਵੀ ਹੋਂਦ ਵੀ ਇਸ ਤੋਂ ਅਛੂਤੀ ਨਹੀਂ ਰਹੀ। ਹਰ ਸਮੇਂ ਮਸ਼ੀਨਾਂ ਨਾਲ ਵਾਹ-ਬਸਤਾ ਸਭਿਆਚਾਰ, ਮਨੁੱਖੀ ਲੋੜ ਨੂੰ ਮਨਫ਼ੀ ਕਰਦਾ ਜਾ ਰਿਹਾ ਹੈ ਅਤੇ ਕਿਸੇ ਨਾ ਕਿਸੇ ਤਕਨੀਕੀ-ਜੁਗਤ ਦੇ ਰੂਪ ਵਿੱਚ ਮਸ਼ੀਨ ਹੀ ਮਾਨਵੀ ਬਦਲ ਬਣਦੀ ਜਾ ਰਹੀ ਹੈ। ਇਸ ਮਾਨਵੀ ਵਿਨਾਸ਼ ਦੀ ਸਹੀ ਅਸੀਂ ਇਸ ਵਿਵੇਕ ਦੇ ਆਧਾਰ 'ਤੇ ਕਰ ਸਕਦੇ ਹਾਂ ਕਿ ਅੱਜ ਦਾ ਮਨੁੱਖ ਸਮੇਂ ਦੀ ਘਾਟ ਕਾਰਨ ਟੈਲੀਵਿਜ਼ਨ, ਲੈਪਟਾਪ ਅਤੇ ਮੋਬਾਈਲ ਨਾਲ ਮਨੁੱਖ ਨਾਲੋਂ ਵੱਧ ਜੁੜ ਚੁੱਕਾ ਹੈ। ਵਿਗਿਆਨੀ ਅਜਿਹੇ ਰਾਬਰਟ ਦੀ ਸੰਰਚਨਾ ਵਿਚ ਰੁਝੇ ਹੋਏ ਹਨ ਜਿਸ ਵਿੱਚ ਮਾਨਵੀ ਭਾਵਨਾਵਾਂ ਨੂੰ ਪ੍ਰੋਗਰਾਮ ਕਰਕੇ, ਉਸਤੋਂ ਮਨੁੱਖੀ ਵਿਰੋਧੀ-ਲਿੰਗ (Opposite sex) ਦੀ ਭੂਮਿਕਾ ਅਦਾ ਕਰਾਈ ਜਾ ਸਕੇ। ਜੇਕਰ ਇਹ ਖੋਜ ਸੰਭਵ ਹੋ ਗਈ ਤਾਂ ਮਨੁੱਖੀ ਸਾਥ ਇਤਿਹਾਸ ਦੀਆਂ ਗੱਲਾਂ ਬਣ ਕੇ ਰਹਿ ਜਾਣਗੀਆਂ।

ਪੂੰਜੀਵਾਦੀ ਜੁੱਗ ਨੇ ਮਸ਼ੀਨਾਂ ਨੂੰ ਜਨਮ ਦਿੱਤਾ ਹੈ ਅਤੇ ਮਸ਼ੀਨੀਕਰਨ ਨੇ ਮਨੁੱਖ ਦੀ ਖ਼ੁਦ ਤੋਂ, ਕੰਮ ਤੋਂ, ਦੂਜੇ ਮਨੁੱਖਾਂ ਤੋਂ ਅਤੇ ਮਨੁੱਖੀ ਸਮਾਜ ਤੋਂ ਵਿਤਰੇਕਤਾ ਨੂੰ ਪੈਦਾ ਕੀਤਾ ਹੈ। ਮਨੁੱਖ/ਕਿਰਤੀ ਨੂੰ ਖ਼ਪਤ ਕਲਚਰ ਵਿੱਚ ਖ਼ਪਤ ਕਰਨਾ ਹੀ ਇਸਦਾ ਮੂਲ-ਪ੍ਰਯੋਜਨ ਰਿਹਾ ਹੈ। ਮਨੁੱਖ-ਮਸ਼ੀਨ ਨੇ ਨਾ ਸਿਰਫ਼ ਜਿਣਸ/ਵਸਤ- ਸਭਿਆਚਾਰ ਉਸਾਰਿਆ ਹੈ ਬਲਕਿ ਮਨੁੱਖ ਨੂੰ ਗਲੋਬਲ ਮੰਡੀ ਵਿੱਚ ਇਕ ਜਿਣਸ ਰੂਪ ਵਿੱਚ ਪ੍ਰਸਤੁਤ ਵੀ ਕੀਤਾ ਹੈ। ਮਨੁੱਖ ਆਪਣੇ ਉਤਪਾਦਨ ਨਾਲ ਭਾਵੁਕ ਤੌਰ 'ਤੇ ਉੱਨਾ ਠੋਸ ਰੂਪ ਵਿੱਚ ਨਹੀਂ ਜੁੜ ਸਕਿਆ ਜਿੰਨਾ ਮੱਧਕਾਲ ਦਾ ਕਿਰਤੀ ਸਬੰਧਤ ਰਿਹਾ ਹੈ। ਇਸਦਾ ਮੁੱਖ ਕਾਰਨ ਦੋਹਾਂ: ਮਨੁੱਖ ਅਤੇ ਉਤਪਾਦਨ ਦੇ ਵਿਚਕਾਰ ਕਿਸੇ ਨਾ ਕਿਸੇ ਰੂਪ ਵਿੱਚ ਮਸ਼ੀਨ ਦੀ ਵਿਚੋਲਗੀ ਹੈ। ਨਤੀਜਾ ਭਾਵਨਾਵਾਂ ਦਾ ਮਨਫ਼ੀ ਹੋਣਾ ਅਤੇ ਸਿਰਜਕ ਸਿਰਜਨਾ ਵਿੱਚ ਅਲਹਿਦਗੀ ਉਤਪੰਨ ਹੋਣਾ ਹੈ। ਇਸ ਨਤੀਜੇ ਨੇ ਅੱਗੋਂ ਹੋਰ ਭਿਆਨਕ ਨਤੀਜੇ, ਮਾਨਵੀ ਰਿਸ਼ਤਿਆਂ ਵਿਚਲੀ ਸਿਥਲਤਾ, ਵਿਛੁੰਨਤਾ, ਟੁੱਟ-ਭੱਜ ਅਤੇ ਮੋਹ-ਭੰਜਨ, ਆਦਿ ਵਿਵਿਧ-ਪੱਖਾਂ ਤੋਂ ਮਾਨਵੀ ਸਮਾਜ ਦੇ ਰੂ-ਬਰੂ ਪ੍ਰਸਤੁਤ ਕੀਤੇ।

ਪੰਜਾਬੀ ਪਰਵਾਸੀ ਨੂੰ ਅਮਰੀਕਾ-ਕਨੇਡਾ ਦੀ ਧਰਤੀ 'ਤੇ ਪੈਰ ਟਿਕਾਇਆਂ ਇਕ ਸਦੀ ਤੋਂ ਉੱਪਰ ਦਾ ਸਮਾਂ ਹੋ ਚੁੱਕਾ ਹੈ। ਇਨ੍ਹਾਂ ਧਰਤੀਆਂ ਉੱਪਰ ਪਰਵਾਸ ਲਈ ਆਰਥਿਕ ਕਾਰਨ ਪ੍ਰਮੁੱਖ ਹੈ ਅਤੇ ਆਰਥਿਕਤਾ ਨੇ ਪੰਜਾਬੀ ਪਰਵਾਸੀ ਨੂੰ ਮਜਬੂਰ ਕਰ ਦਿੱਤਾ। ਇਸ ਮਜਬੂਰੀ ਖਾਤਰ ਪੰਜਾਬੀ ਮਨੁੱਖ ਨੇ ਦੋਹਾਂ ਧਰਤੀਆਂ: ਇੱਕ ਪੰਜਾਬ ਦੀ ਧਰਤੀ 'ਤੇ, ਦੋ ਪੱਛਮੀ ਧਰਤੀ 'ਤੇ ਲਗਾਤਾਰ ਸੰਘਰਸ਼ ਕੀਤਾ। ਪਹਿਲਾਂ ਇੱਥੇ ਪੰਜਾਬ ਵਿਚ ਏਜੰਟਾਂ ਦੇ ਮਾਧਿਅਮ ਰਾਹੀਂ ਕਾਨੂੰਨੀ/ਗੈਰ-ਕਾਨੂਨੀ ਢੰਗਾਂ ਨਾਲ ਅਮਰੀਕਾ ਕਨੇਡਾ ਪਹੁੰਚਣਾ ਫਿਰ ਉੱਥੇ ਹੱਡ ਭੰਨਵੀ ਮਿਹਨਤ ਦੁਆਰਾ ਪੈਸੇ ਕਮਾ ਕੇ ਪਿੱਛੇ ਚੁੱਕੇ ਕਰਜਿਆਂ ਦੇ ਬੋਝ ਨੂੰ ਲਾਹੁਣਾ। ਮੁਢਲੀ ਸੰਘਰਸ਼ੀ ਬਿਰਤੀ ਨੇ ਉਸਨੂੰ ਦਿਨ-ਰਾਤ ਕੰਮ ਵਿੱਚ ਰੁਝੇਵਾਂ ਪ੍ਰਦਾਨ ਕੀਤਾ। ਮਸ਼ੀਨੀ-ਸਭਿਆਚਾਰ ਨੇ ਉਸ ਵਿੱਚ ਮਸ਼ੀਨੀ-ਤੱਤ ਪ੍ਰਵਾਹਤ ਕਰ, ਉਸ ਵਿਚੋਂ ਮਾਨਵੀ-ਤੱਤ ਖਾਰਜ ਕਰ ਦਿੱਤੇ। ਇਹ ਸਭ ਕੁਝ ਇੰਨੀ ਸਹਿਜ ਪ੍ਰਕਿਰਿਆ ਅਧੀਨ ਵਾਪਰਿਆ ਕਿ ਸਭ ਕੁਝ ਅਚੇਤ ਹੀ ਉਸਦੀ ਹੋਂਦ ਦੇ ਸਮਾਨਾਂਤਰ ਖਲੋ ਗਿਆ। ਮਸ਼ੀਨੀ ਵਰਤਾਰੇ ਨੇ ਪੰਜਾਬੀ ਪਰਵਾਸੀ ਨੂੰ ਪੈਸੇ ਨਾਲ ਬਜ਼ਾਰ ਵਿੱਚੋਂ ਖਰੀਦੀ ਜਾ ਸਕਣ ਵਾਲੀ ਹਰ ਸਹੂਲਤ ਦਾ ਮਾਲਕ ਤਾਂ ਬਣਾ ਦਿੱਤਾ ਪਰ ਪਰਿਵਾਰ ਰੂਪੀ ਖਜ਼ਾਨਾ ਉਸਤੋਂ ਖੋਹ ਲਿਆ। ਇਹੀ

ਮਸ਼ੀਨੀ ਪ੍ਰਕਿਰਤੀ ਹੈ ਕਿ ਇਸ ਵਿਚ ਤਕਨੀਕੀ -ਗੁਣ ਤਾਂ ਹਨ ਪਰ ਪੈਸ਼ਨ ( ਨਹੀਂ ਹੈ, ਜਿਸ ਵਿੱਚੋਂ ਮੋਹ ਉਤਪੰਨ ਹੁੰਦਾ ਹੈ। ਅਜਿਹੇ ਪਰਿਵੇਸ਼/ਮਾਹੌਲ ਵਿੱਚੋਂ ਉਤਪੰਨ ਤ੍ਰਾਸਦੀ ਨੂੰ ਪੇਸ਼ ਕਰਦੀ ਰਵਿੰਦਰ ਰਵੀ ਦੀ ਕਹਾਣੀ 'ਕੰਪਿਊਟਰ ਕਲਚਰ' ਹੈ। ਇਕ ਘਰ ਵਿੱਚ ਚਾਰ ਮੈਂਬਰ ਰਹਿੰਦੇ ਹਨ। ਕਹਿਣ ਨੂੰ ਉਹ ਚਾਰ ਮੈਂਬਰ ਇੱਕੋ ਪਰਿਵਾਰ ਦੇ ਹਨ, ਪਰ ਉਹ ਆਪਣੇ-ਆਪਣੇ ਕਮਰਿਆਂ ਵਿੱਚ ਹੀ ਆਪੋ-ਆਪਣੀ ਜੀਵਨ ਵਿਧੀ ਉਸਾਰ ਚੁੱਕੇ ਹਨ। ਦੰਪਤੀ ਅਤੇ ਉਹਨਾਂ ਦੇ ਦੋ ਬੱਚੇ ਜੋ ਕਿ ਹਮੇਸ਼ਾਂ ਕੰਪਿਊਟਰ ਦੇ ਸਾਥ ਵਿੱਚ ਹੀ ਆਨੰਦ ਮਹਿਸੂਸ ਕਰਦੇ ਹਨ, ਉਹਨਾ ਨੂੰ ਮਾਂ-ਪਿਉ ਦੀ ਲੋੜ ਨਹੀਂ। ਇਹੀ ਮਾਂ-ਪਿਉ ਲਈ ਤ੍ਰਾਸਦੀ ਹੈ ਕਿ ਪਦਾਰਥਵਾਦੀ ਮਾਹੌਲ ਵਿੱਚ ਪਦਾਰਥਵਾਦੀ ਸੋਚ, ਪਦਾਰਥਵਾਦੀ ਲੋੜਾਂ ਅਤੇ ਪਦਾਰਥਵਾਦੀ ਰਿਸ਼ਤੇ ਹੀ ਜਨਮ ਲੈ ਸਕਦੇ ਹਨ। ਇਸੇ ਕਾਰਨ ਉਹਨਾਂ ਦੀ ਚਾਹਤ ਵੀ ਪਦਾਰਥ/ਮਸ਼ੀਨ ਹੈ ਅਤੇ ਕਾਰਜ ਕਲਾਪ ਵੀ ਮਸ਼ੀਨੀ ਦਾਇਰੇ ਦੁਆਰਾ ਨਿਯਤ ਕੀਤਾ ਹੋਇਆ ਹੈ। ਪੂੰਜੀਵਾਦੀ/ਤਕਨਾਲੋਜੀਕ੍ਰਿਤ ਸਮਾਜ ਵਿੱਚ ਮਨੁੱਖ ਕਿਸੇ ਹੋਰ ਮਨੁੱਖ ਦੀ ਸ਼ਮੂਲੀਅਤ ਬਿਨਾਂ ਹੀ ਹਰ ਕਾਰਜ ਨੇਪਰੇ ਚਾੜ੍ਹਨ ਲਈ ਜਤਨਸ਼ੀਲ ਹੁੰਦਾ ਹੈ, ਕਿਸੇ ਮਨੁੱਖ ਨੂੰ ਤੰਗ ਨਹੀਂ ਕਰਨਾ ਚਾਹੁੰਦਾ/ਉਹਨਾਂ ਦਾ ਸੋਲਾਂ ਵਰ੍ਹਿਆਂ ਦਾ ਬੇਟਾ ਆਪਣੇ ਲਈ ਇੱਕ ਵੱਖ ਟੈਲੀਵਿਜਨ ਦੀ ਮੰਗ ਕਰਦਾ ਹੈ ਤਾਂ ਕਿ ਆਪਣੀ ਮਰਜ਼ੀ ਅਨੁਸਾਰ ਟੀ ਚੈਨਲਾਂ ਦੀ ਹਾਜ਼ਰੀ ਲੁਆ ਸਕੇ। ਉਹ ਕਹਿ ਉੱਠਦਾ ਹੈ:

ਡੈਡ ਸਾਰਿਆਂ ਕੋਲ ਏਥੇ ਇਕ ਤੋਂ ਵਧੇਰੇ ਟੀ ਸੈੱਟ ਹਨ। ਤੁਸੀ ਵੀ ਹੋਰ ਬਾਈ ਕਰੋ। ਆਈ ਡੌਂਟ ਵਾਂਟ ਟੂ ਬਾਦਰ ਯੂ ਡੈਡ, ਬਟ ਆਈ ਵਾਂਟ ਮਾਈ ਫਰੀਡਮ।[1]

ਵਾਸਤਵ ਵਿੱਚ ਵੱਖਰੇ ਟੈਲੀਵਿਜਨ ਦੇ ਰੂਪ ਵਿੱਚ ਉਹਨਾਂ ਦਾ ਬੇਟਾ ਆਜ਼ਾਦੀ ਦੀ ਮੰਗ ਕਰ ਰਿਹਾ ਹੈ। ਇਹ ਇਕ ਕੁਦਰਤੀ ਵਰਤਾਰਾ ਹੈ। ਇਸਦੇ ਵਾਪਰਨ ਦੇ ਦੋ ਕਾਰਨ ਹੋ ਸਕਦੇ ਹਨ: ਇਕ ਅਮਰੀਕਾ ਕਨੇਡਾ ਵਿੱਚ ਮਨੁੱਖ ਸਭਿਆਚਾਰਕ, ਸਮਾਜਕ, ਨੈਤਿਕ ਅਤੇ ਕਾਨੂੰਨੀ ਆਜ਼ਾਦੀ ਭੋਗਦਾ ਹੈ। ਮਨੁੱਖੀ ਸੁਤੰਤਰਤਾ ਨੂੰ ਲਾਗੂ ਕਰਨ ਲਈ ਕਾਨੂੰਨ ਇਕ ਸ਼ਕਤੀ ਬਣ ਕੇ ਖੜ੍ਹਾ ਹੈ। ਦੂਜਾ: ਮੁੰਡਾ ਹੁਣ ਜਆਨ-ਉਮਰ ਨੂੰ ਛੋਹ ਚੁੱਕਾ ਹੈ, ਹੁਣ ਉਸਦੀ ਚੈਨਲ/ਪ੍ਰੋਗਰਾਮ ਚੋਣ ਆਪਣੇ ਮਾਂ ਪਿਉ ਤੋਂ ਵੱਖਰੀ ਹੋਣੀ ਸੁਭਾਵਕ ਹੈ ਕਿਉਂਕਿ ਇਸ ਉਮਰ ਉਸਦੀ ਸਰੀਰਕ ਅਤੇ ਮਾਨਸਿਕ ਲੋੜ ਵਿੱਚ ਵੀ ਤਬਦੀਲੀ ਆਮਦ ਦੇ ਚੁੱਕੀ ਹੈ।

ਇਸ ਕਹਾਣੀ ਵਿੱਚ ਚਾਰ ਮਨੁੱਖਾਂ ਦੇ ਚਾਰ ਮਕਾਨਾਂ ਵਿੱਚ ਪਰਿਵਰਤਿਤ ਹੋਣ ਦੀ ਤਸਵੀਰ ਬਹੁਤ ਬਾਖੂਬੀ ਚਿੱਤਰੀ ਗਈ ਹੈ। ਇਕ ਛੱਤ ਥੱਲੇ ਰਹਿ ਕੇ ਵੀ ਹਰੇਕ ਮੈਂਬਰ ਦਾ ਆਪਣਾ ਜੀਵਨ ਹੈ, ਕਿਸੇ ਦਾ ਦੂਜੇ ਮੈਂਬਰ ਨਾਲ ਸਿੱਧਾ ਸਬੰਧ ਨਹੀਂ, ਬਸ ਲੋੜ/ਜ਼ਰੂਰਤ/ਸੁਆਰਥ ਵਿੱਚੋਂ ਪੈਦਾ ਹੋਇਆ ਇਕ ਦਿਖਾਵਾ ਹੈ। ਦੇਖੋ: ਘਰ ਵਿੱਚ ਚਾਰ ਜੀ ਸਾਂ ਅਸੀਂ। ਚਾਰੇ ਜਣੇ ਆਪੋ-ਆਪਣੀ ਆਜ਼ਾਦੀ ਲੈ ਕੇ ਆਪੋ-ਆਪਣੇ ਅੰਦਰ ਵੜ ਗਏ। ਕੱਲੇ-ਕੱਲੇ ਕਮਰੇ ਵਿੱਚ ਵੰਡ ਹੋ ਗਏ। ਇਕੋ ਘਰ ਦੇ ਚਾਰ ਕਮਰੇ ਚਾਰ ਵੱਖਰੇ-ਵੱਖਰੇ, ਉੱਚੀਆਂ ਦੀਵਾਰਾਂ ਤੇ ਰੌਸ਼ਨਦਾਨਾਂ ਤੇ ਖਿੜਕੀਆਂ ਤੋਂ ਵਾਂਜੇ ਗੁੰਬਦ-ਨੁਮਾ ਘਰ ਬਣ ਗਏ। [2]

ਇਸ ਤਰ੍ਹਾਂ ਮਨੁੱਖੀ ਰਿਸ਼ਤਿਆਂ ਵਿਚ ਪੱਸਰ ਚੁੱਕੀ ਵਿਛੁੰਨਤਾ ਦੀ ਨਿਸ਼ਾਨਦੇਹੀ ਕਰ ਜਾਂਦੀ ਹੈ ਇਹ ਕਹਾਣੀ। ਮਸ਼ੀਨੀ ਕਲਚਰ, ਆਧੁਨਿਕ ਪੱਛਮੀ ਪੂੰਜੀਵਾਦ ਦੀ ਹੀ ਦੇਣ ਹੈ। ਮਸ਼ੀਨ ਅਸਲ ਵਿੱਚ ਮਨੁੱਖ ਦੀ ਸਹਾਇਤਾ ਲਈ ਈਜਾਦ ਹੋਈ ਸੀ, ਪਰ ਹੌਲੀ-ਹੌਲੀ ਮਨੁੱਖੀ-ਕਲਚਰ ਉੱਪਰ ਮਸ਼ੀਨ ਨੇ ਆਪਣਾ ਅਜਿਹਾ ਪ੍ਰਭੂਤਵ ਸਥਾਪਤ ਕੀਤਾ ਕਿ ਮਨੁੱਖੀ ਬਦਲ ਵੱਜੋਂ ਸਥਾਪਤ ਹੋ ਗਈ। ਮਨੁੱਖੀ-ਸਮਾਜ ਨੇ ਇਸਨੂੰ ਤਕਨਾਲੋਜੀਕ੍ਰਿਤ-ਪ੍ਰਗਤੀ ਦਾ ਨਾਮ ਦਿੱਤਾ, ਪਰ ਉਸਨੇ ਮਨੁੱਖ ਦੀ ਸਮਰੱਥਾ, ਸਿਰਜਣਸ਼ੀਲਤਾ, ਸ਼ਕਤੀ ਅਤੇ ਨਿਪੁੰਨਤਾ 'ਤੇ ਸ਼ੰਕਾ ਉਭਾਰ ਦਿੱਤੀ। ਨਤੀਜਾ ਮਨੁੱਖੀ-ਹੋਂਦ ਦੀ ਅਰਥਹੀਣਤਾ ਵਿਚ ਨਿਕਲਿਆ। ਇਸੇ ਕਾਰਨ ਇਸ ਕਹਾਣੀ ਦੇ ਦੰਪਤੀ ਜੋੜੇ ਦੇ ਜੀਵਨ ਵਿੱਚ ਇੱਕ ਕੰਪਿਊਟਰੀ ਆਵਾਜ਼ 'ਟਿਕ ਟਿਕ ਟੂੰ ਟੂੰ' ਘਰ ਕਰ ਗਈ ਹੈ, ਜਿਸਨੇ ਓਹਨਾਂ ਦੇ ਜੀਵਨ ਵਿੱਚ ਸ਼ੂੰਨਅਤਾ 'ਤੇ ਖਲ੍ਹਾਰ ਦਿੱਤਾ ਹੈ।

ਮਨੁੱਖੀ-ਕਲਚਰ ਦੀ ਬਹੁਤ ਠੋਸ ਅਤੇ ਬਾਰੀਕੀ ਨਾਲ ਨਿਸ਼ਾਨਦੇਹੀ ਕੀਤੀ ਗਈ ਹੈ। ਇਕ ਕੁਦਰਤੀ ਸਿਧਾਂਤ ਅਨੁਸਾਰ ਜਾਨਦਾਰ ਚੀਜਾਂ, ਜਾਨਦਾਰ ਵਸਤਾਂ ਪੈਦਾ ਕਰਦੀਆਂ ਹਨ ਅਤੇ ਨਿਰਜੀਵ ਚੀਜਾਂ ਬੇਜਾਨ ਵਸਤਾਂ ਦਾ ਉਤਪਾਦਨ ਕਰਦੀਆਂ ਹਨ। ਸੋ ਸੁਭਾਵਕ ਹੈ ਕਿ ਮਸ਼ੀਨ ਦੀ ਤਰ੍ਹਾਂ ਕੰਮ ਕਰਦੇ ਜਾਂ ਹਰ ਸਮੇਂ ਮਸ਼ੀਨਾਂ ਨਾਲ ਘੁਲਦੇ ਹੋਏ ਮਨੁੱਖ ਨੇ ਮਸ਼ੀਨਾਂ ਨੂੰ ਹੀ ਜਨਮ ਦੇਣਾ ਹੈ। ਇਸ ਤਰ੍ਹਾਂ ਇਹ ਕਹਾਣੀ



ਸੁਭਾਵਕ ਹੀ ਭਵਿੱਖ ਵਿੱਚ ਮਨੁੱਖ ਦੇ ਖਾਤਮੇ ਦਾ ਐਲਾਨ ਵੀ ਕਰ ਜਾਂਦੀ ਹੈ। ਇਸ ਪਰਿਪੇਖ ਵਿੱਚ ਇਹ ਕਹਾਣੀ ਰਵਿੰਦਰ ਰਵੀ ਦੀ ਹੀ ਨਹੀਂ ਪੰਜਾਬੀ ਕਹਾਣੀ ਦੀ ਵੀ ਇਕ ਵਡਮੁੱਲੀ ਪ੍ਰਾਪਤੀ ਬਣ ਨਿੱਬੜਦੀ ਹੈ। ਇਸ ਕਹਾਣੀ ਵਿਚਲੇ ਬੱਚੇ ਹਰ ਸਮੇਂ ਕੰਪਿਊਟਰ ਦੇ ਸੰਪਰਕ ਵਿੱਚ ਹੀ ਰਹਿੰਦੇ ਹਨ। ਉਹਨਾਂ ਦੇ ਮਾਂ-ਪਿਉ ਉਹਨਾਂ ਦੇ ਵਿਆਹ ਅਤੇ ਫਿਰ ਆਪਣੇ ਪੋਤੇ-ਪੋਤੀਆਂ ਦੇ ਜਨਮ ਲੈਣ 'ਤੇ ਸ਼ੱਕ ਜ਼ਾਹਰ ਕਰਦਿਆਂ ਕਹਿ ਜਾਂਦੇ ਹਨ ਕਿ ਅਜਿਹੇ ਕੰਪਿਊਟਰੀਕ੍ਰਿਤ ਬੱਚੇ ਕੰਪਿਊਟਰ ਹੀ ਜੰਮਣਗੇ। ਇਸਦਾ ਇੱਕ ਕਾਰਨ ਇਹ ਹੈ ਕਿ ਇਸ ਨਵੀਂ ਜੰਮੀ ਪੀੜ੍ਹੀ ਦਾ ਜੀਵਨ-ਸਿਧਾਂਤ ਤਕਨਾਲੋਜੀ ਦੁਆਰਾ ਸੰਚਾਰਿਤ ਅਤੇ ਸੇਧਿਤ ਹੈ:

ਨਹੀਂ ਇਹਨਾਂ ਦੇ ਸਿਰਫ ਕੰਪਿਊਟਰ ਹੋਣਗੇ।[3]

ਇਸ ਤਰ੍ਹਾਂ ਮਸ਼ੀਨੀ-ਸਭਿਆਚਾਰ ਨੇ ਪੂੰਜੀਵਾਦੀ ਖ਼ਪਤ ਸਭਿਆਚਾਰ ਦੇ ਰੂਪ ਵਿੱਚ ਮਾਨਵੀ-ਰਿਸ਼ਤਿਆਂ/ਮਾਨਵੀ ਹੋਂਦ ਦੀ ਤਬਾਹੀ ਵੱਲ ਇਸ਼ਾਰਾ ਕਰ ਦਿੱਤਾ ਹੈ ਅਤੇ ਭਵਿੱਖ ਵਿੱਚ ਮਨੁੱਖੀ ਧਰਤੀ ਉੱਪਰ ਮਸ਼ੀਨਾਂ ਦੇ ਪ੍ਰਭੂਤਵ ਸਥਾਪਤ ਕਰਨ ਵੱਲ ਲੱਗੇ ਮਨੁੱਖੀ ਜਤਨਾਂ 'ਤੇ ਠੱਲ੍ਹ ਪਾਉਣ ਲਈ ਇਕ ਨਵੀਂ ਸੋਚ ਆਪਣਾਉਣ ਵੱਲ ਜ਼ੋਰ ਦਿੱਤਾ ਹੈ।

ਜਰਨੈਲ ਸਿੰਘ ਦੀ ਕਹਾਣੀ 'ਗੁਆਚੇ ਲੋਕ' ਸਾਡੇ ਰਿਸ਼ਤਿਆਂ ਵਿੱਚ ਰਮ ਚੁੱਕੇ ਪਦਾਰਥਵਾਦੀ ਝੁਕਾਵਾਂ ਨੂੰ ਅਭਿਵਿਅਕਤ ਕਰਦੀ ਇੱਕ ਸ਼ਕਤੀਸ਼ਾਲੀ ਕਹਾਣੀ ਹੈ। ਕਹਾਣੀ ਦਾ ਨਾਇਕ ਸ਼ਮਸ਼ੇਰ ਸਿੰਘ ਪੈਸੇ ਦੀ ਅੰਨ੍ਹੀ-ਦੌੜ ਵਿਚ ਗੁਆਚ ਚੁੱਕੇ ਰਿਸ਼ਤਿਆਂ ਦੀ ਤਲਾਸ਼ ਕਰਦਾ ਹੈ। ਨਾਇਕ ਆਪਣੇ ਪੂਰੇ ਪਰਿਵਾਰ ਸਮੇਤ ਕਨੇਡਾ ਵੱਸ ਚੁੱਕਾ ਹੈ ਆਪਣੇ ਦੋਵੇਂ ਮੁੰਡਿਆਂ – ਮਨਜਿੰਦਰ ਅਤੇ ਸੁਹਿੰਦਰ ਨੂੰ ਪੜ੍ਹਾ ਲਿਖਾ ਕੇ ਉਹਨਾਂ ਦੇ ਬਿਜ਼ਨਸ ਸੈੱਟ ਕਰਨ ਵਿਚ ਪੂਰੀ ਵਾਹ ਲਾਉਂਦਾ ਹੈ ਫਿਰ ਦੋਹਾਂ ਦੇ ਵਿਆਹ ਪੁੱਜ ਕੇ ਸੁਹਣੀਆਂ ਅਤੇ ਪੜ੍ਹੀਆਂ-ਲਿਖੀਆਂ ਕੁੜੀਆਂ ਨਾਲ ਕਰਦਾ ਹੈ। ਦੋਵੇਂ ਮੁੰਡੇ ਆਪੋ-ਆਪਣੇ ਕੰਮਾਂ ਵਿੱਚ ਇੰਨਾ ਰੁਝ ਜਾਂਦੇ ਹਨ ਕਿ ਆਪਣੇ ਮਾਂ-ਪਿਓ ਨੂੰ ਭੁੱਲ ਜਾਂਦੇ ਹਨ, ਨਤੀਜਾ ਸ਼ਮਸ਼ੇਰ ਵਿੱਚ ਇਕੱਲਤਾ ਦਾ ਅਹਿਸਾਸ ਉਸਨੂੰ ਬੇਚੈਨੀ ਅਤੇ ਤਣਾਓ ਨਾਲ ਭਰ ਦਿੰਦਾ ਹੈ, ਫਿਰ ਕੁਝ ਸਮੇਂ ਦਾ ਉਲਟਾ ਗੇੜ ਉਸਦੇ ਮੁੰਡਿਆਂ ਦੇ ਬਿਜ਼ਨਸ ਨੂੰ ਢਾਅ ਲਾ ਦਿੰਦਾ ਹੈ ਅਤੇ ਉਹਨਾਂ ਦੇ ਵਿਆਹੁਤਾ ਜੀਵਨ ਵਿਚ ਵੀ ਤ੍ਰੇੜ ਪੈ ਜਾਂਦੀ ਹੈ। ਸੈਂਡੀ ਮਨਜਿੰਦਰ ਨੂੰ ਛੱਡ ਆਪਣੇ ਪੇਕੇ ਘਰ ਪਹੁੰਚ ਜਾਂਦੀ ਹੈ। ਨਤੀਜਾ ਪਰਿਵਾਰ ਖੇਰੂੰ-ਖੇਰੂੰ ਹੋ ਹਵਾ ਵਿਚ ਉੱਡ ਜਾਂਦਾ ਹੈ।

ਮਸ਼ੀਨੀਕਰਨ ਦੇ ਦੌਰ ਵਿਚ ਪੈਸੇ ਦਾ ਲੋਭ ਮਨੁੱਖ ਨੂੰ ਬੌਧਿਕ ਪੱਖੋਂ ਤਾਂ ਬਲਵਾਨ ਵਧੇਰੇ ਤਰਕਸ਼ੀਲ ਬਣਾ ਰਿਹਾ ਹੈ, ਪਰ ਨੈਤਿਕ, ਭਾਵੁਕ ਪੱਖੋਂ ਨਿਗੂਣਾ ਅਤੇ ਥੋਥਾ ਬਣਾ ਰਿਹਾ ਹੈ। ਇਸੇ ਕਾਰਨ ਦੰਪਤੀ-ਵਿਜੋਗ ਦਾ ਕਾਰਨ ਬੁੱਧੀ-ਹਉਂ ਅਤੇ ਸ਼ੱਕ ਲਗਾਤਾਰ ਬਣਦੇ ਰਹਿੰਦੇ ਹਨ। ਇਸ ਕਹਾਣੀ ਦੇ ਦੋ ਅੰਗਰੇਜ਼ ਪਾਤਰ ਜੇਮਜ਼ ਅਤੇ ਜੂਲੀ ਇਕੱਠੇ ਰਹਿੰਦੇ ਹਨ ਉਹਨਾਂ ਵਿਚਲੇ ਪਾੜ ਦਾ ਕਾਰਨ ਵੇਖੋ:

"ਜੂਲੀ! ਤੇਰੀ ਜੇਮਜ਼ ਨਾਲ ਕਿਉਂ ਨਾ ਨਿਭੀ?" ਜੇਮਜ਼ ਦੇ ਗਿਆਨ ਤੇ ਉੱਚ-ਬੁੱਧੀ ਨੇ ਉਸਨੂੰ ਅਭਿਮਾਨੀ ਬਣਾ ਦਿੱਤਾ ਏ...ਉਸਦੀ ਅਗਲੇ 'ਤੇ ਭਾਰੂ ਹੋਣ ਦੀ ਬਿਰਤੀ ਤੋਂ ਮੈਂ ਅੱਕ ਗਈ ਸਾਂ।"[4]

ਬਿਜ਼ਨਸ ਕਰਦੇ ਮਨੁੱਖ ਉੱਪਰ ਵਪਾਰਕ-ਰੁਚੀਆਂ ਇੰਨੀਆਂ ਭਾਰੂ ਹੋ ਜਾਂਦੀਆਂ ਹਨ ਕਿ ਉਹ ਹਰ ਰਿਸ਼ਤੇ ਹਰ ਸ਼ੈਅ ਨੂੰ ਲਾਭ-ਦ੍ਰਿਸ਼ਟੀ ਦੇ ਅੰਤਰਗਤ ਹੀ ਵਾਚਦਾ ਹੈ। ਫਲਸਰੂਪ ਬੱਚੇ ਦੇ ਜਨਮ-ਦਿਨ ਦਾ ਸਮਾਗਮ ਵੀ ਵਪਾਰਕ-ਸਮਾਗਮ ਦਾ ਰੂਪ ਲੈ ਜਾਂਦਾ ਹੈ। ਮਨਜਿੰਦਰ – ਸੈਂਡੀ ਦੀ ਬੇਟੀ ਗੋਲਡੀ ਦਾ ਪਹਿਲਾ ਜਨਮ ਦਿਨ ਮਨਾਏ ਜਾਣ ਸਮੇਂ ਬੁਲਾਏ ਗਏ ਸਬੰਧੀਆਂ ਵਿੱਚ ਵਿੱਚ ਰਿਸ਼ਤੇਦਾਰਾਂ ਦੇ ਸਥਾਨ 'ਤੇ ਵਪਾਰਕ-ਪਾਰਟੀਆਂ ਦੀ ਭਰਮਾਰ ਵੱਧ ਸੀ। ਵਾਸਤਵ ਵਿਚ ਇਹ ਬਿਜ਼ਨਸ ਪਾਰਟੀਆਂ/ਸਮਾਗਮ ਖੁਸ਼ੀ ਮਨਾਣ ਲਈ ਘੱਟ ਪਰ ਬਿਜ਼ਨਸ ਸਬੰਧ ਵਧਾਉਣ ਲਈ ਵੱਧ ਹੁੰਦੀਆਂ ਹਨ। ਇਸ ਨਾਲ ਦੋਵੇਂ ਕਾਰਜ ਵਪਾਰਕ-ਸਬੰਧ ਅਤੇ ਟਾਈਮ-ਪਾਸ ਦੋਵੇਂ ਜੁਗਤਾਂ ਇਕੋ ਸਮੇਂ ਨਿਭਦੀਆਂ ਹਨ:

ਗੋਲਡੀ ਦਾ ਪਹਿਲਾ ਜਨਮ-ਦਿਨ ਇਕ ਖੁੱਲ੍ਹੇ ਬੈਂਕੁਇਟ ਹਾਲ ਵਿਚ ਪੂਰੀ ਸਜ-ਧਜ ਨਾਲ ਮਨਾਇਆ ਗਿਆ। ਰਿਸ਼ਤੇਦਾਰ ਤਾਂ ਘੱਟ ਹੀ ਸਨ। ਜ਼ਿਆਦਾ ਗਿਣਤੀ ਬਿਜ਼ਨਸਮੈਨਾਂ, ਉਨ੍ਹਾਂ ਦੇ ਪਰਿਵਾਰਾਂ, ਸਿਆਸਤਦਾਨਾਂ ਤੇ ਮੀਡੀਏ ਵਾਲਿਆਂ ਦੀ ਸੀ।

ਬਾਰ ਵਿਚ ਬੀਅਰਾਂ, ਵਾਈਨਾਂ ਤੇ ਵਿਸਕੀਆਂ ਦੀ ਵੰਨਗੀ ਦਾ ਪਤਾ ਨਹੀਂ ਸੀ ਲਗਦਾ। ਬਾਰ ਦੇ ਦੂਜੇ ਪਾਸੇ ਦਾ ਕਾਊਂਟਰ ਵੰਨ-ਸੁਵੰਨੇ ਖਾਨਿਆਂ ਨਾਲ ਭਰਿਆ ਪਿਆ ਸੀ।[5]

ਮਨੁੱਖੀ-ਰਿਸ਼ਤਿਆਂ ਬਾਰੇ ਗੈਰ-ਯਕੀਨੀ ਅੱਜ ਦੇ ਮਸ਼ੀਨੀ-ਜੁਗ ਦਾ ਹੀ ਹਾਸਲ ਹੈ। ਇਸ ਕਹਾਣੀ ਵਿੱਚ ਮਨਜਿੰਦਰ ਅਤੇ ਸੈਂਡੀ ਵਿੱਚ ਵਿੱਥ ਦਾ ਕਾਰਨ ਵੀ ਇਹੀ ਹੈ ਅਤੇ ਜੇਮਜ਼ ਅਤੇ ਜੁੱਲੀ ਵਿਚਕਾਰ ਤ੍ਰੇੜ ਦਾ ਕਾਰਨ ਵੀ ਇਹੀ ਗੈਰ-ਯਕੀਨੀ ਸੀ। ਇੱਥੋਂ ਤੱਕ ਕਿ ਸ਼ਮਸ਼ੇਰ ਸਿੰਘ ਨੂੰ ਆਪਣੀ ਪਤਨੀ ਜਸਬੀਰ ਕੌਰ 'ਤੇ ਵੀ ਸੰਦੇਹ ਹੈ ਕਿ ਉਹ ਉਸ ਨਾਲੋਂ ਮੁੰਡਿਆਂ ਦੇ ਪਰਿਵਾਰਾਂ ਵਿੱਚ ਰਹਿਣਾ ਵੱਧ ਜ਼ਰੂਰੀ ਸਮਝਦੀ ਹੈ। ਫਲਸਰੂਪ ਉਹ ਘੋਰ ਸੰਤਾਪ ਭੋਗਦਾ ਆਪਣੇ-ਆਪ ਨੂੰ ਠਗਿਆ ਮਹਿਸੂਸ ਕਰਦਾ ਹੈ ਇਸ ਵਿਚ ਸਥਾਨਕ-ਪ੍ਰਸਥਿਤੀਆਂ ਆਪਣਾ ਨਿਰਨਾਇਕ ਰੋਲ ਨਿਭਾਉਂਦੀਆਂ ਹਨ:

ਸ਼ਾਮਾਂ ਨੂੰ ਬੇਚੈਨ ਹੋਇਆ ਸ਼ਮਸ਼ੇਰ ਸਿੰਘ ਕਦੀਂ ਸ਼ਰਾਬ ਪੀਣ ਬੈਠ ਜਾਂਦਾ ਤੇ ਕਦੀ ਖਪਦਾ ਖਿਝਦਾ ਬੇਹਾ-ਥੇਹਾ ਖਾ ਕੇ, ਜਸਬੀਰ ਨੂੰ ਉਡੀਕੇ ਬਿਨਾਂ ਬੈੱਡ 'ਤੇ ਜਾ ਕੇ ਪੈਂਦਾ। ਪਰ ਸੋਚਾਂ 'ਚ ਉੱਠਦੀ ਖਲਬਲੀ ਕਾਰਨ ਨੀਂਦ ਨਾ ਆਉਂਦੀ। ਤਣਾਅ 'ਚ ਧੁਖਦਾ ਉਹ ਇੰਜ ਮਹਿਸੂਸ ਕਰਦਾ ਜਿਵੇਂ ਸੁਖ ਦੀ ਤਲਾਸ਼ ਵਿਚ ਉਹ ਸਮੇਂ ਕੋਲੋਂ ਠਗਿਆ ਗਿਆ ਹੋਵੇ। ਪਰ ਫਿਰ ਉਹ ਸੋਚਦਾ ਕਿ ਉਹ ਸਮੇਂ ਤੋਂ ਨਹੀਂ, ਕਿਸੇ ਬਿਗਾਨੇ ਤੋਂ ਨਹੀਂ, ਖਾਸ ਆਪਣਿਆਂ ਕੋਲੋਂ ਹੀ ਠਗਿਆ ਗਿਆ ਸੀ......... ਜਿਨ੍ਹਾਂ ਦੀ ਖਾਤਰ ਸੱਤ ਸਮੁੰਦਰ ਪਾਰ ਆ ਕੇ ਉਹ ਅਤਿ ਔਖੇ, ਕਰੜੇ ਅਤੇ ਦੁਖਦਾਈ ਵਕਤਾਂ ਨਾਲ ਗਿਆਰਾਂ ਸਾਲ ਜੂਝਦਾ ਰਿਹਾ ਸੀ।[6]

ਰਿਸ਼ਤਿਆਂ ਦੀ ਅਣਦੇਖੀ ਉਸਨੂੰ ਬੇਸਮੈਂਟ ਦੀ ਇਕੱਲਤਾ ਵਿਚ ਧੱਕ ਦਿੰਦੀ ਹੈ, ਪਛਾਣੇ ਚਿਹਰੇ/ਰਿਸ਼ਤੇ ਹੁਣ ਬੇਪਛਾਣੇ ਚਿਹਰਿਆਂ/ਰਿਸ਼ਤਿਆਂ ਵਿਚ ਰੂਪਾਂਤਰਿਤ ਹੋ ਜਾਂਦੇ ਹਨ ਇਹੀ ਮਾਨਸਿਕ ਸਥਿਤੀ ਬੇਗਾਨਗੀ ਦੀ ਆਮਦ ਕਰਾ ਜਾਂਦੀ ਹੈ:

ਮਨਜਿੰਦਰ ਗਿੱਲ ਤੇ ਸੈਂਡੀ ਗਿੱਲ ਨੇ ਆਪਣੀ ਹਿੰਮਤ, ਮਿਹਨਤ ਤੇ ਦਿਆਨਤਦਾਰੀ ਨਾਲ ਥੋੜ੍ਹੇ ਕੁ ਸਮੇਂ 'ਚ ਹੀ ਕਮਿਊਨਿਟੀ ਵਿਚ ਆਪਣੀ ਵਿਸ਼ੇਸ਼ ਪਛਾਣ ਬਣਾ ਲਈ ਹੈ। ਮਨਜਿੰਦਰ ਹੁਰਾਂ ਦੇ ਵੱਡੇ ਵੀਰ ਸੁਹਿੰਦਰ ਸਿੰਘ ਗਿੱਲ ਨੇ ਆਟੋ ਰਿਪੇਅਰ ਬਿਜ਼ਨਸ 'ਚ ਆਪਣੇ ਪੈਰ ਜਮਾ ਲਏ ਹਨ।......... ਸ਼ਮਸ਼ੇਰ ਸਿੰਘ ਅੰਦਰ ਖੁਸ਼ੀ ਪਤਾ ਨਹੀਂ ਉੱਠੀ ਹੀ ਨਹੀਂ ਸੀ ਜਾਂ ਸ਼ਾਇਦ ਉਸ ਤੋਂ ਪਛਾਣੀ ਨਹੀਂ ਸੀ ਗਈ। ਕੀ ਕਹਿਣੇ ਸਾਡੇ ਟੱਬਰ ਦੀ ਪਛਾਣ ਦੇ। ਸਾਰੇ ਜੀਅ ਆਪਸ 'ਚ ਬੇਪਛਾਣ ਹੋਏ ਪਏ ਆ।[7]

ਵਪਾਰਕ-ਬਿਰਤੀ ਹਮੇਸ਼ਾਂ ਵਪਾਰ ਦੀ ਤਲਾਸ਼ ਵਿਚ ਜਤਨਸ਼ੀਲ ਹੁੰਦੀ ਹੈ। ਗਲੋਬਲ ਮਨੁੱਖ, ਗਲੋਬਲ ਵਰਤਾਰਾ, ਗਲੋਬਲ ਮੰਡੀ, ਗਲੋਬਲ ਵਿਚਾਰ ਸਭ ਗਲੋਬਲਾਈਜੇਸ਼ਨ ਦੀ ਦੇਣ ਹੈ। ਫਲਸਰੂਪ ਗਲੋਬਲ ਰਿਸ਼ਤਿਆਂ ਦਾ ਸੰਕਲਪ ਵੀ ਸਾਹਮਣੇ ਆਇਆ ਹੈ। ਰਿਸ਼ਤਿਆਂ ਨੂੰ ਗਲੋਬਲ ਮੰਡੀ ਦੇ ਨੁਕਤੇ ਤੋਂ ਗ੍ਰਹਿਣ ਅਤੇ ਪ੍ਰਸਾਰਿਤ ਕੀਤਾ ਜਾ ਰਿਹਾ ਹੈ। ਹਰ ਰਿਸ਼ਤੇ ਦੀ ਉਮਰ, ਉਸ ਰਿਸ਼ਤੇ ਵਿਚੋਂ ਹੋਣ ਵਾਲੇ ਫਾਇਦੇ/ਪ੍ਰਾਪਤ ਹੋਣ ਵਾਲੀਆਂ ਸਹੂਲਤਾਂ ਜਾਂ ਪ੍ਰਾਪਤ ਸੁਰੱਖਿਆ ਨਿਰਧਾਰਤ ਕਰਦੀ ਹੈ। ਵਪਾਰਕ-ਮੰਡੀ ਵਿਚ ਮਾਨਵੀ-ਰਿਸ਼ਤਿਆਂ ਦੇ ਲਹੂ ਜਾਂ ਅਲਹੂ ਆਧਾਰ ਨੂੰ ਬਿਆਨ ਗੋਚਰੇ ਰੱਖਣ ਦੀ ਬਜਾਏ ਪਦਾਰਥਕ-ਲਾਭ ਵੱਧ ਮਹੱਤਵਪੂਰਨ ਸਾਬਤ ਹੁੰਦਾ ਹੈ। ਇਸੇ ਲਈ ਮਨੁੱਖੀ ਕਿਰਿਆਵਾਂ ਗੁੱਡ ਡੀਅਲ ਦੀ ਦ੍ਰਿਸ਼ਟੀ ਤੋਂ ਨਿਭਾਈਆਂ ਜਾਂਦੀਆਂ ਹਨ। ਅਮਨਪਾਲ ਸਾਰਾ ਦੀ ਕਹਾਣੀ 'ਗੁੱਡ ਡੀਅਲ' ਵੀ ਅਜਿਹੀ ਪ੍ਰਕਿਰਤੀ ਦੀ ਧਾਰਨੀ ਹੈ। ਮਨੁੱਖ ਆਪਣੀ ਦਿਹਾੜੀ ਭੰਨ ਕੇ ਕੋਈ ਕਾਰਜ ਨਹੀਂ ਸੰਪੂਰਨ ਕਰਨਾ ਚਾਹੁੰਦਾ। ਇਸ ਕਹਾਣੀ ਵਿੱਚ ਗੇਜੂ ਜੋ ਕਿ ਕਨੇਡਾ ਵਿੱਚ ਟਰੱਕ ਚਲਾਉਂਦਾ ਹੈ। ਉਸਦੇ ਪਿਤਾ ਸਾਧੂ ਸਿੰਘ ਦੀ ਅਚਾਨਕ ਮੌਤ ਹੋ ਜਾਂਦੀ ਹੈ। ਇਸ ਭਾਵੁਕ ਮੌਕੇ ਉੱਪਰ ਮਨੁੱਖ ਦੀ ਮਸ਼ੀਨੀ-ਪ੍ਰਕਿਰਤੀ ਦ੍ਰਿਸ਼ਟੀਗੋਚਰ ਹੁੰਦੀ ਹੈ ਜਦੋਂ ਉਹਨਾਂ ਨੂੰ ਵੱਧ ਫ਼ਿਕਰ ਬੇਸਮੈਂਟ ਵਿੱਚ ਰਹਿੰਦਿਆਂ ਮਰੇ ਪਿਉ ਤੋਂ ਖਾਲੀ ਹੋਏ ਬੇਸਮੈਂਟ ਦੇ ਸਮਾਨ ਨੂੰ ਵੇਚਣ, ਬੇਸਮੈਂਟ ਕਿਰਾਏ 'ਤੇ ਚੜ੍ਹਾਉਣ ਅਤੇ ਬਾਪੂ ਦੀ ਫਿਊਨਰਲ-ਰਸਮ ਨੂੰ ਘੱਟ ਪੈਸੇ ਖਰਚ ਕੇ ਨਿਭਾਉਣ ਦੀ ਚਿੰਤਾ ਵੱਧ ਹੈ, ਸ਼ਾਇਦ ਇਸੇ ਕਾਰਨ ਉਹ ਫਿਊਨਰਲ ਵੀਕ ਡੇਅਜ਼ (ਸ਼ੁੱਕਰਵਾਰ ਨੂੰ) ਵਿਚ ਰੱਖਦੇ ਹਨ। ਇੱਥੋਂ ਤੱਕ ਕਿ ਉਹ ਵੇਚੇ ਸਮਾਨ ਨੂੰ ਟਰੱਕ ਵਿੱਚ ਲੱਦ ਕੇ, ਗੇਜੂ, ਗੋਰੇ ਦੇ ਮਕਾਨ ਤੱਕ ਤੱਡਣ ਗਿਆ ਹੈ ਤਾਂ ਕਿ ਕੁਝ ਡਾਲਰ ਹੋਰ ਕਮਾਏ ਜਾ ਸਕਣ। ਇਸ ਕਹਾਣੀ ਦੁਆਰਾ ਇਕ ਵਿਚਾਰ ਉੱਭਰਦਾ ਹੈ ਕਿ ਮਸ਼ੀਨੀ ਕਾਰਜ ਵੀ ਲਾਭ-ਹਿਤ ਕੀਤਾ ਜਾਂਦਾ ਹੈ ਅਤੇ ਪੂੰਜੀਵਾਦੀ ਮਨੁੱਖੀ ਕਾਰਜ ਵੀ ਇਸ ਤੋਂ ਹੀ ਪ੍ਰਭਾਵਿਤ ਅਤੇ



ਪ੍ਰੇਰਿਤ ਹੁੰਦਾ ਹੈ। ਇਕ ਸੱਚਾਈ ਇਹ ਵੀ ਹੈ ਕਿ ਮਨੁੱਖ ਅਤਿ ਦੇ ਭਾਵੁਕ/ਸੰਵੇਦਨਸ਼ੀਲ ਭਾਵੇਂ ਉਹ ਪਿਉ ਦੀ ਮੌਤ ਤੋਂ ਬਾਦ ਨਿਭਾਈ ਜਾਣ ਵਾਲੀ ਕਸਮ ਹੀ ਕਿਉਂ ਨਾ ਹੋਵੇ, ਆਪਣੇ ਰੋਜ਼ਾਨਾ ਧੰਦੇ ਨੂੰ ਡਿਸਟਰਬ ਕੀਤੇ ਬਿਨਾਂ ਹੀ ਨਿਭਾਉਣਾ ਚਾਹੁੰਦਾ ਹੈ। ਇਹ ਪੂੰਜੀਵਾਦੀ ਸਭਿਆਚਾਰ ਦੀ ਇੱਕ ਬਹੁਤ ਹੀ ਕਠੋਰ/ਵਹਿਸ਼ੀ ਪ੍ਰਕਿਰਤੀ ਹੈ। ਇਸ ਕਹਾਣੀ ਵਿਚ ਵੀ ਮੁੰਡੇ (ਗੇਜੂ), ਪੋਤੇ (ਰੋਜ਼ਰ) ਨੂੰ ਸਾਧੂ ਸਿੰਘ ਦੇ ਮਰਨ ਦਾ ਰੱਤਾ ਭਰ ਵੀ ਗਮ ਨਹੀਂ ਬਲਕਿ ਓਹ (ਪੋਤਾ) ਤਾਂ ਬੜੇ ਹੀ ਸਹਿਜ ਢੰਗ ਨਾਲ; ਅਫਸੋਸ ਕਰਨ ਆਏ ਅੰਕਲ (ਗੁਰਨਾਮ ਸਿੰਘ) ਨਾਲ ਵਾਰਤਾਲਾਪ ਕਰ ਰਿਹਾ ਹੈ ਜਿਵੇਂ ਉਸਦੇ ਦਾਦੇ ਦੀ ਮੌਤ ਇਕ ਰੋਜ਼ਾਨਾ ਵਾਪਰਨ ਵਾਲੀ ਗੈਰ-ਮਹੱਤਵਪੂਰਨ ਘਟਨਾ ਹੋਵੇ। ਇਸ ਤਰ੍ਹਾਂ ਅਮਨਪਾਲ ਸਾਰਾ ਦੀ ਇਹ ਕਹਾਣੀ ਲਹੂ-ਰਿਸ਼ਤਿਆਂ ਵਿਚਕਾਰ ਅਣ-ਮਨੁੱਖੀ ਹਕੀਕਤਾਂ ਨਾਲ ਇਕ ਵਿਵੇਕਮਈ ਸੰਵਾਦ ਰਚਾਉਂਦੀ ਹੈ। ਵਾਸਤਵ ਵਿੱਚ ਪੱਛਮੀ ਮਸ਼ੀਨੀ ਜੀਵਨ ਦੀ ਕਠੋਰਤਾ ਪਦਾਰਥ ਦੇ ਧੁਰੇ ਦੁਆਲੇ ਘੰਮਦੀ ਹੋਈ ਆਪਣੇ ਹੀ ਜਾਲ ਵਿੱਚ ਫਸ ਚੁੱਕੀ ਹੈ। ਫਾਇਦੇ ਦੇ ਸੌਦੇ ਸਾਹਮਣੇ ਮਨੁੱਖਤਾ/ਮਨੁੱਖੀ ਰਿਸ਼ਤੇ ਬਹੁਤ ਹੀ ਬੌਣੇ ਸਾਬਤ ਹੋ ਚੁੱਕੇ ਹਨ। ਪਿਉ ਦੀ ਮੌਤ ਸਮੇਂ ਵੀ ਗੇਜੂ ਇਸ ਸੰਘਰਸ਼ ਵਿੱਚ ਜੇਤੂ ਸਾਬਤ ਹੋਇਆ ਸੀ:-

ਗੇਜੂ ਬਾਰੇ ਆਮ ਮਸ਼ਹੂਰ ਸੀ ਕਿ ਉਸਨੇ ਕਦੇ ਵੀ ਘਾਟੇ ਦਾ ਸੌਦਾ ਨਹੀਂ ਸੀ ਕੀਤਾ।[8]

ਮਸ਼ੀਨਾਂ ਦੇ ਸੰਸਾਰ ਵਿਚ, ਨਵੀਂਆਂ ਖੋਜਾਂ ਨਵੀਂਆਂ ਤਕਨੀਕਾਂ, ਨਵੀਂਆਂ ਮਸ਼ੀਨਾਂ ਈਜਾਦ ਕਰਦੀਆਂ ਹਨ। ਹਰ ਨਵੀਂ ਮਸ਼ੀਨ ਪਹਿਲਾਂ ਨਾਲੋਂ ਵੱਧ ਸਮਰੱਥ ਅਤੇ ਤੇਜ਼ੀ ਲਾਲ ਉਤਪਾਦਨ ਕਰਨ ਦੇ ਯੋਗ ਹੁੰਦੀ ਹੈ। ਪੁਰਾਣੀ-ਸਮਾਂ ਵਿਹਾ ਚੁੱਕੀ ਮਸ਼ੀਨ ਦੀ ਹੋਂਦ ਛੇਤੀ ਹੀ ਫਜ਼ੂਲ ਅਤੇ ਅਰਥਹੀਣ ਹੋ ਜਾਂਦੀ ਹੈ। ਕੁਝ ਨਵੇਂ ਦੀ ਤਲਾਸ਼/ਇੱਛਾ ਮਨੁੱਖੀ ਹੋਂਦ ਜਿੰਨੀ ਹੀ ਪੁਰਾਣੀ ਹੈ। ਇਸ ਇੱਛਾ ਵਿਚੋਂ ਹੀ ਨਵੀਨੀਕਰਨ ਜਨਮ ਲੈਂਦਾ ਹੈ। ਉਤਪਾਦਨ ਕਰਤਾ ਰੋਜ਼ ਕੁਝ ਨਾਲ ਕੁਝ ਨਵਾਂ ਮਾਰਕੀਟ ਵਿੱ ਪਰੋਸ ਰਹੇ ਹਨ, ਇਸ ਵਿੱਚ ਕੁਝ ਉਹ ਵੀ ਹੁੰਦਾ ਹੈ ਜਿਹੜਾ ਬੇਲੋੜਾ ਹੈ, ਪਰ ਉਪਭੋਗਤਾ ਉਸਨੂੰ ਵੀ ਨਵੇਂ ਦੀ ਚਾਹਤ ਦੇ ਅੰਤਰਗਤ ਖਰੀਦ ਬੈਠਦਾ ਹੈ। ਮਰਦੋਖ਼ ਅਜਿਹੀਆਂ ਬੇਲੋੜੀਆਂ ਲੋੜਾਂ ਨੂੰ 'ਗਿਜ਼ਮੋ' (ਭਜਠੰਰ) ਕਹਿੰਦਾ ਹੈ। ਅੱਗੇ ਇਹ ਵੀ ਸਪਸ਼ਟ ਕਰਦਾ ਹੈ ਕਿ ਇਹ ਬੇਲੋੜੀਆਂ ਲੋੜਾਂ ਜਿੰਨੀ ਜਲਦੀ ਮਨੁੱਖੀ ਲੋੜ ਬਣ ਉੱਭਰਦੀਆਂ ਹਨ, ਉੱਨੀ ਜਲਦੀ ਹੀ ਮਾਰਕੀਟ ਵਿੱਚੋਂ ਅਲੋਪ ਵੀ ਹੋ ਜਾਂਦੀਆਂ ਹਨ। ਮਰਦੋਖ਼ ਦਾ ਇਹ ਸਿਧਾਂਤ ਸਾਡੇ ਜੀਵਨ-ਫਲਸਫੇ 'ਤੇ ਵੀ ਭਾਰੂ ਹੈ। ਮਾਨਵੀ ਰਿਸ਼ਤਿਆਂ ਵਿੱਚ ਉਕਤਾਹਟ ਅਤੇ ਨਵੇਂ ਰਿਸ਼ਤਿਆਂ ਦੀ ਹੋਂਦ ਉਤਪੰਨ ਲੋੜਾਂ ਵੀ ਅਜਿਹਾ ਹੀ ਇਕ ਵਰਤਾਰਾ ਹੈ। ਇਸ ਅਧੀਨ ਪਿਆਰ, ਮੁਹੱਬਤ, ਚਾਹਤ ਆਦਿ ਸੰਕਲਪ ਵੀ ਪਰਿਵਰਤਿਤ ਹੋਏ ਹਨ। ਲੈਸਬੀਅਨ ਰਿਸ਼ਤੇ ਇਸੇ ਦੀ ਹੀ ਉਤਪਾਦਨਾ ਹੈ। ਅਜਿਹੇ ਵਿਚਾਰ ਨੂੰ ਲੈਕੇ ਪਰਵੇਜ਼ ਸੰਧੂ ਦੀ ਕਹਾਣੀ 'ਸੈਂਡੀ ਫਿਰ ਉਦਾਸ ਹੈ' ਰਚੀ ਗਈ ਹੈ।

ਇਸ ਕਹਾਣੀ ਦੀ ਨਾਇਕਾ, ਇਕ ਨਾਇਕ (ਮਰਦ) ਵਾਂਗ ਸਮਾਜ ਵਿਚ ਵਿਚਰਦੀ ਹੈ। ਉਸਦੀ ਸੰਗਤ ਵਿੱਚ ਬਹੁਤੇ ਮਰਦ ਹਨ, ਸਰੀਰਕ ਤੌਰ 'ਤੇ ਵੀ ਮਰਦਾਂ ਦੀ ਬਰਾਬਰੀ ਕਰਦੀ ਹੈ ਭਾਵੇਂ ਕੰਮ (ਜਾਬ) ਦੇ ਸੰਦਰਭ ਵਿੱਚ ਦੇਖਿਆ ਜਾਵੇ। ਪਰ ਉਸਦਾ ਪਿਆਰ-ਸਬੰਧ ਇਕ ਔਰਤ ਨਾਲ ਹੈ। ਉਸਦੇ ਚਿਹਰੇ 'ਤੇ ਖ਼ੁਸ਼ੀ ਜਾਂ ਉਦਾਸੀ, ਉਸ ਕੁੜੀ ਨਾਲ ਨਿਭ ਰਹੇ ਸਬੰਧਾਂ 'ਤੇ ਹੀ ਨਿਰਭਰ ਹੈ। ਉਸਦਾ ਅਠਾਰਾਂ ਵਰ੍ਹਿਆਂ ਦੀ ਉਮਰ ਵਿੱਚ ਇਕ ਬੁਆਏ ਫਰੈਂਡ ਵੀ ਸੀ, ਜਿਸਤੋਂ ਇਕ ਔਲਾਦ ਵੀ ਹੈ। ਪਰ ਹੌਲੀ-ਹੌਲੀ ਮਰਦਾਂ ਦੀ ਚਾਹਤ, ਔਰਤਾਂ ਵਿੱਚ ਤਬਦੀਲ ਹੋ ਗਈ। ਉਸ ਅਨੁਸਾਰ:

ਬੱਸ ਬੰਦੇ ਮੈਨੂੰ ਐਕਸਾਈਟ ਨਹੀਂ ਕਰਦੇ ਮੇਰੇ ਮਨ ਨੂੰ ਖਿੱਚਦੇ ਨਹੀਂ

ਮਸ਼ੀਨੀ-ਸੋਚ ਨੇ ਰਿਸ਼ਤਿਆਂ ਵਿਚ ਬਦਲ ਤਾਂ ਪ੍ਰਸਤੁਤ ਕੀਤਾ ਹੈ, ਪਰ ਮਾਨਵੀ-ਰਿਸ਼ਤਿਆਂ ਦੇ ਪ੍ਰਸੰਗ ਵਿੱਚ ਇਹ ਨੀਤੀ ਵਧੇਰੇ ਕਾਰਗਰ ਨਹੀਂ ਹੋ ਸਕਦੀ ਕਿਉਂਕਿ ਇਹਨਾਂ ਰਿਸ਼ਤਿਆਂ ਦੇ ਸੰਜੋਗ ਵਿਚੋਂ ਉਤਪਾਦਨ (ਸਿਰਜਣਾ) ਸੰਭਵ ਨਹੀਂ ਹੋ ਸਕਦੀ। ਮਾਨਵੀ-ਸਮਾਜ ਦੀ ਇਹੀ ਤ੍ਰਾਸਦੀ ਹੈ ਕਿ ਅਸੀਂ ਮਸ਼ੀਨੀ ਸਿਧਾਂਤ ਇੰਨ-ਬਿੰਨ ਲਾਗੂ ਕਰਨ ਦੇ ਚੱਕਰ ਵਿੱਚ ਇਕ ਦਿਨ ਮਾਨਵੀ-ਸਭਿਆਤਾ ਤੋਂ ਹੱਥ ਧੋ ਬੈਠਾਂਗੇ। ਇਹ ਕਹਾਣੀ ਮਨੁੱਖ ਨੂੰ ਇਸ ਤੱਥ ਪ੍ਰਤੀ ਚੇਤੰਨ ਵੀ ਕਰ ਕਰ ਜਾਂਦੀ ਹੈ ਅਤੇ ਇਸ ਵਿਰੁੱਧ ਲਾਮਬੱਧ ਹੋਣ ਪ੍ਰਤੀ ਪ੍ਰੇਰਿਤ ਵੀ ਕਰਦੀ ਹੈ। ਦੂਜੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾ ਕਿ ਲੈਸਬੀਅਨ ਕਲਚਰ, ਨਵੇਂ ਸਭਿਆਚਾਰ-ਮੁੱਲ ਵਿਧਾਨ ਦੀ ਉਸਾਰੀ ਤਾਂ ਕਰ ਰਿਹਾ ਹੈ, ਪਰ ਸਭਿਆਤਾ ਦੀ ਉਸਾਰੀ

ਉਸਦੇ ਵੱਸੋਂ ਬਾਹਰ ਹੈ। ਇਸ ਤਰ੍ਹਾਂ ਇਹ ਕਹਾਣੀ ਇਕ ਗਲੋਬਲ ਮਸਲੇ ਨੂੰ ਛੋਂਹਦੀ ਹੋਈ ਨਵੀਂ ਚੇਤਨਾ ਵੱਲ ਵੀ ਇਸ਼ਾਰਾ ਕਰਦੀ ਹੈ।

ਸਾਧੂ ਰਚਿਤ 'ਬਰਫ ਦਾ ਗੀਤ' ਕਹਾਣੀ ਵਿਚ ਪੂੰਜੀਵਾਦ ਆਪਣੇ ਪੂਰੇ ਜਲੌਅ ਵਿਚ ਨਜ਼ਰੀਂ ਪੈਂਦਾ ਹੈ। ਕਨੇਡਾ-ਅਮਰੀਕਾ ਵਿਚ ਇਕ ਕਹਾਵਤ ਮਸ਼ਹੂਰ ਹੈ ਕਿ ਅੰਗਰੇਜ਼ ਬਜ਼ੁਰਗਾਂ ਦੇ ਕੰਮ ਤੋਂ ਰਿਟਾਇਰ ਹੋਣ ਦੀ ਉਮਰ 65 ਸਾਲ ਹੈ ਪਰ ਪੰਜਾਬੀ ਬਜ਼ੁਰਗਾਂ ਦੇ ਕੰਮ ਕਰਨ ਦੀ ਹਦ ਇਸ ਉਮਰ ਤੋਂ ਆਰੰਭ ਹੁੰਦੀ ਹੈ। ਇਸ ਕਹਾਣੀ ਵਿਚ ਬਜ਼ੁਰਗ ਮਾਂ-ਪਿਉ ਚਰਨ ਸਿੰਘ/ਬਲਵੰਤ ਕੌਰ ਪੂੰਜੀਵਾਦੀ-ਮਸ਼ੀਨੀਕਰਨ ਦੀ ਪ੍ਰਕਿਰਿਆ ਵਿਚ ਪਿਸਦੇ ਚਲੇ ਜਾਂਦੇ ਹਨ। ਚਰਨ ਸਿੰਘ ਖੇਤਾਂ ਵਿੱਚ ਕੰਮ ਕਰਦਾ ਹੈ ਬਲਵੰਤ ਕੌਰ ਘਰ ਵਿਚ ਆਪਣੇ ਪੁੱਤ-ਨੂੰਹ ਅਤੇ ਬੱਚਿਆਂ ਨੂੰ ਸਾਂਭਣ ਦਾ ਕਾਰਜ-ਭਾਰ ਸੰਭਾਲੀ ਬੈਠੀ ਹੈ। ਪੂੰਜੀਵਾਦੀ ਖ਼ਪਤੀ ਬਿਰਤੀ ਇਕ ਵਾਰ ਆਪਣਾ ਅਚੁੱਕ ਵਾਰ ਕਰਨ ਦਾ ਜਤਨ ਤਾਂ ਕਰਦੀ ਹੈ, ਪਰ ਤ੍ਰਾਸਦੀ ਕਿਸੇ ਤਰ੍ਹਾਂ ਟਲ ਜਾਂਦੀ ਹੈ। ਜਦੋਂ ਜਸਵੰਤ ਆਪਣੀ ਮਾਂ ਬਲਵੰਤ ਕੌਰ ਨੂੰ ਵੀ ਆਪਣੇ ਪਿਉ ਚਰਨ ਸਿੰਘ ਵਾਂਗ ਖੇਤਾਂ ਵਿੱਚ ਕੰਮ ਕਰਨ ਲਈ ਭੇਜਣ ਦਾ ਇਛੁੱਕ ਹੋ ਜਾਂਦਾ ਹੈ, ਪਰ ਬਲਵੰਤ ਕੌਰ ਦੁਆਰਾ ਆਪਣੇ-ਆਪ ਨੂੰ ਉਸਦੇ ਬੱਚਿਆਂ ਦੇ ਖਿਡਾਵੇ ਦੇ ਰੂਪ ਵਿੱਚ ਪ੍ਰਸਤੁਤੀ, ਜਸਵੰਤ ਨੂੰ ਵੱਧ ਅਹਿਮ ਪ੍ਰਤੀਤ ਹੁੰਦੀ ਹੈ। ਇਕ ਮਾਰਮਿਕ ਦ੍ਰਿਸ਼ ਪ੍ਰਸਤੁਤ ਕਰਦੀ ਹੈ: "ਵੇ ਦੀਪਿਆ ਦੇਖ ਲੈ ਤੇਰਾ ਪਿਉ ਮੈਨੂੰ ਫਾਰਮਾਂ ਨੂੰ ਭੇਜਣ ਲੱਗਿਐ;ਜਾਇਆ ਕਰਾਂ ਮੈਂ ਵੀ ਤੇਰੇ ਬਾਬੇ ਨਾਲ, ਤੂੰ ਸਾਂਭ ਲਏਂਗਾ ਨਾ ਕੱਲਾ ਈ ਆਪਣੀ ਭੈਣ ਨੂੰ?"[10]

ਮਾਂ-ਪਿਉ ਦੀਆਂ ਬੁੱਢੀਆਂ ਹੱਡੀਆਂ ਨੂੰ ਵੀ ਪੈਸੇ ਵਿਚ ਪਰਿਵਰਤਿਤ ਕਰ ਲੈਣ ਦੀ ਇੱਛਾ ਸਾਡੀ ਸਮਾਜਕ-ਸੋਚ ਨੂੰ ਵਲੂੰਧਰ ਜਾਂਦੀ ਹੈ। ਬਜ਼ੁਰਗਾਂ ਤੋਂ ਕੰਮ ਵੀ ਕਰਾਇਆ ਜਾਂਦਾ ਹੈ ਤੇ ਰਹਿਣ ਲਈ ਬੇਸਮੈਂਟ ਦੀਆਂ ਅਣ-ਸਹੂਲਤਾਂ ਨਾਲ ਲੈਸ ਸਥਿਤੀਆਂ ਵਿੱਚ ਰਹਿਣ ਲਈ ਮਜਬੂਰ ਵੀ ਕੀਤਾ ਜਾਂਦਾ ਹੈ। ਕੰਮ ਦੀ ਸਖਤਾਈ/ਕਠੋਰਤਾ ਦਾ ਵਰਣਨ ਚਰਨ ਸਿੰਘ ਦੀ ਜ਼ਬਾਨੀ ਸੁਣੋ:

"ਫਾਰਮਾਂ 'ਚ ਸਟਰਾਅ ਬੇਰੀ ਦੀਆਂ ਰੋਲਾਂ 'ਚ ਘਿਸੜਨਾ ਪੈਂਦਾ ਆ, ਜਿੱਦਾਂ ਨਿਆਣੇ ਢੇਰ 'ਤੇ ਘੀਸੀ ਕਰਦੇ ਹੁੰਦੇ ਆ।"[11]

ਪੈਸੇ ਦੀ ਨਾ ਮੁੱਕਣ ਵਾਲੀ ਦੌੜ ਵਿਚ ਮਨੁੱਖ ਮੁੱਕ ਤਾਂ ਸਕਦਾ ਹੈ, ਪਰ ਪੈਸੇ ਵਾਲਾ ਸਫਰ ਮੁੱਕਣ ਵਾਲੀ ਬਿਰਤੀ ਦਾ ਧਾਰਨੀ ਨਹੀਂ ਹੁੰਦਾ। ਜਸਵੰਤ/ਸੁਰਜੀਤ ਇਸ ਦੌੜ ਦੇ ਦੌੜਾਕ ਹਨ। ਉਸਨੂੰ ਮਾਂ ਪਿਉ ਪਿੰਡ ਫੇਰਾ ਮਾਰ ਲੈਣ ਦੀ ਇੱਛਾ ਨੂੰ ਮਨਸੂਖ਼ ਕਰ ਦਿਆਂ ਕਈ ਵਰ੍ਹੇ ਹੋ ਗਏ। ਉਹ ਜ਼ਮੀਨ ਲੈ ਕੇ, ਉਸ 'ਤੇ ਮਕਾਨ ਬਣਾ ਕੇ ਵੇਚਣ ਦਾ ਬਿਜ਼ਨਸ ਆਰੰਭ ਕਰਦਾ ਹੈ, ਪਰ ਜਿਸ ਲਾਹੇਵੰਦ ਵਪਾਰਕ ਚੱਕਰ ਵਿੱਚ ਇੱਕ ਪੈਸਾ ਬਣਾਉਣ ਵਾਲੀ ਮਸ਼ੀਨ ਵਿਚ ਹੀ ਤਬਦੀਲ ਹੋ ਜਾਂਦਾ ਹੈ, ਪੈਸੇ/ਪੂੰਜੀ ਦਾ ਖਰ੍ਹਵਾਪਨ, ਉਸਦੇ ਸੁਭਾਅ ਵਿੱਚ ਪ੍ਰਵੇਸ਼ ਕਰ ਜਾਂਦਾ ਹੈ:

ਪੈਸੇ ਤਾਂ ਮੰਨਿਆ ਬਣ ਜਾਣਗੇ, ਪਰ ਮੁੰਡੇ ਦਾ ਤਾਂ ਸੁਭਾਅ ਈ ਬੜਾ ਖਰ੍ਹਵਾ ਜਿਹਾ ਹੋਈ ਜਾਂਦਾ ਆ, ਜਦੋਂ ਵੀ ਬੋਲਦਾ ਖਿਝ ਕੇ ਬੋਲਦਾ ਆ। ਮੈਂ ਕੱਲ੍ਹ ਕਹਿ ਬੈਠੀ ਪਈ ਛੋਟੀ ਕੁੜੀ ਨੂੰ ਬੁਖਾਰ ਜਿਹਾ ਹੋਇਆ ਲਗਦਾ ਆ, ਤੂੰ ਇਹਨੂੰ ਡਾਕਟਰ ਦੇ ਈ ਦਿਖਾਲ ਲਿਆ ਕਿਸੇ ਵੇਲੇ, ਤਾਂ ਅੱਗਿਉਂ ਨੱਠ ਕੇ ਪਿਆ, ਅਖੇ ਮੇਰੇ ਕੋਲ ਤਾਂ ਮਰਨ ਦੀ ਵਿਹਲ ਨਈਂ, ਕੁੜੀ ਨੂੰ ਮੈਂ ਡਾਕਟਰ ਦੇ ਕਦੋਂ ਲੈ ਜਾਊਂਗਾ।[12]

ਇਸ ਤਰ੍ਹਾਂ ਇਹ ਕਹਾਣੀ ਵਿੱਚ ਬਜ਼ੁਰਗ ਪੰਜਾਬੀ ਮਾਪਿਆਂ ਦੁਆਰਾ ਖੇਤਾਂ ਜਿਹੇ ਸਖ਼ਤ ਕੰਮ ਕਰਨ/ ਇਸ ਕਠੋਰ ਕੰਮ ਤੋਂ ਬਚਾਅ ਖਾਤਰ ਆਪਣੇ ਪੋਤੇ-ਪੋਤੀਆਂ ਦੇ ਖਿਡਾਵੇ ਦੇ ਚਿਹਨ ਦੇ ਰੂਪ ਵਿੱਚ ਇਕ ਲੋੜ ਵੱਜੋਂ ਪ੍ਰਸਤੁਤੀ, ਇਕ ਸ਼ਕਤੀਸ਼ਾਲੀ ਮਸ਼ੀਨੀ ਸੰਸਥਾ ਵਿਚਲੀ ਘੋਰ ਪਦਾਰਥਕਤਾ ਦਾ ਮਾਰਮਿਕ ਚਿਤਰਨ ਪੇਸ਼ ਕਰਦੀ ਹੈ।


## ਹਵਾਲੇ ਤੇ ਟਿੱਪਣੀਆਂ


1. ਰਵਿੰਦਰ ਰਵੀ, ਕੰਪਿਊਟਰ ਕਲਚਰ, ਪੰਨਾ 13, 2. ਉਹੀ, ਪੰਨਾ 13, 3. ਉਹੀ, ਪੰਨਾ 14, 4. ਜਰਨੈਲ ਸਿੰਘ, ਟਾਵਰਜ਼, ਪੰਨਾ 83, 5. ਉਹੀ, ਪੰਨਾ 69 , 6. ਉਹੀ, ਪੰਨਾ 81 , 7. ਉਹੀ, ਪੰਨਾ 70, 8. ਅਮਨਪਾਲ ਸਾਰਾ, ਡਾਇਮੰਡ ਰਿੰਗ, ਪੰਨਾ 15 ,9. ਪਰਵੇਜ਼ ਸੰਧੂ, ਟਾਹਣੀਓਂ ਟੁੱਟੇ, ਪੰਨਾ 58 , 10. ਸਾਧੂ, ਲੀਹੋਂ ਲੱਥੇ, ਪੰਨਾ 51, 11. ਉਹੀ, ਪੰਨਾ 50, 12. ਉਹੀ, ਪੰਨਾ 56




# ਇਤਿਹਾਸਕ ਪਰਿਪੇਖ ਨੂੰ ਪੇਸ਼ ਕਰਦੀ ਗਲਪੀ ਰਚਨਾ

## 1857 ਦਿੱਲੀ, ਦਿੱਲੀ/ ਡਾ. ਮਿਨਾਕਸ਼ੀ ਰਾਠੌਰ




ਇਤਿਹਾਸ ਤੇ ਗਲਪ ਵਿਚ ਇਕ ਬਹੁਤ ਵੱਡਾ ਅੰਤਰ ਹੁੰਦਾ ਹੈ।ਗਾਲਪਨਿਕ ਵਰਤਾਰਾ ਕਾਲਪਨਿਕ ਘਟਨਾਵਾਂ ਤੇ ਪਾਤਰਾਂ ਦੇ ਰਾਹੀਂ ਅਰਥ ਗ੍ਰਹਿਣ ਕਰਦਾ ਹੈ ਤੇ ਇਤਿਹਾਸ ਉਹਨਾਂ ਘਟਨਾਵਾਂ ਦਾ ਵੇਰਵਾ ਹੁੰਦਾ ਹੈ ਜੋ ਬੀਤੇ ਵਿਚ ਵਾਪਰ ਚੁੱਕੀਆਂ ਹੁੰਦੀਆਂ ਹਨ।ਇਸ ਲਈ ਇਤਿਹਾਸਕ ਨਾਵਲ ਆਪਣੇ ਆਪ ਵਿਚ ਇਕ ਜਟਿਲ ਤੇ ਔਖਾ ਵਰਤਾਰਾ ਬਣ ਜਾਂਦਾ ਹੈ ਪਰ ਜੇ ਨੀਝ ਨਾਲ ਵੇਖੀਏ ਤਾਂ ਪਤਾ ਚਲਦਾ ਹੈ ਕਿ ਇਤਿਹਾਸ ਵੀ ਨਿਰੋਲ ਵਾਸਤਵਿਕਤਾ ਜਾਂ ਸੱਚ ਤੇ ਟਿਕਿਆ ਨਹੀਂ ਹੁੰਦਾ।ਕਿਉਂਕਿ ਇਤਿਹਾਸ ਜਿਹਨਾਂ ਪਲਾਂ ਤੇ ਛਿਣਾਂ ਦਾ ਉਲੇਖ ਕਰਦਾ ਹੈ ,ਉਸ ਨਾਲ ਇਤਿਹਾਸਕਾਰ ਦੇ ਕਿੰਨੇ ਹੀ ਅਜਿਹੇ ਕਲਪਨਾਤਮਕ ਵੇਰਵੇ ਹੋਰ ਜੁੜ ਜਾਂਦੇ ਹਨ, ਜਿਹਨਾਂ ਦਾ ਵਿਸ਼ਲੇਸ਼ਣ ਕਰਨ ਲੱਗਿਆਂ ਇਤਿਹਾਸਕਾਰ ਚਾਹੁੰਦਿਆਂ ਹੋਇਆ ਵੀ ਕਿਨਾਰਾਕਸ਼ੀ ਨਹੀਂ ਕਰ ਸਕਦਾ।

ਇਥੇ ਮੈਕਾਲੇ ਦਾ ਇਹ ਕਥਨ ਕਾਫ਼ੀ ਮਹਤੱਵਪੂਰਨ : ਕੋਈ ਵੀ ਇਤਿਹਾਸ ਸਾਨੂੰ ਸੰਪੂਰਨ ਸੱਚ ਪ੍ਰਦਾਨ ਨਹੀਂ ਸਕਦਾ।ਪਰੰਤੂ ਉਹ ਇਤਿਹਾਸ ਸਰਵੋਤਮ ਹਨ , ਜਿਹੜੇ ਸੱਚ ਦੇ ਕੁਝ ਇਕ ਖੰਡਾਂ ਦੇ ਪ੍ਰਯੋਗ ਦੁਆਰਾ ਹੀ ਸੰਪੂਰਨ ਸੱਚ ਸਿਰਜਣ ਦਾ ਪ੍ਰਭਾਵ ਪਾ ਸਕਦੇ ਹਨ।ਜਿਹੜਾ ਵਿਅਕਤੀ ਸੱਚ ਦੇ ਪ੍ਰਮਾਣਿਕ ਖੰਡਾਂ ਦੀ ਚੋਣ ਨਹੀਂ ਕਰ ਸਕਦਾ, ਭਾਵੇਂ ਉਹ ਸੱਚ ਹੀ ਲਿਖ ਰਿਹਾ ਹੋਵੇ ਉਸ ਦੀ ਲਿਖਤ ਦਾ ਪ੍ਰਭਾਵ ਮੁਕੰਮਲ ਝੂਠ ਵਾਲਾ ਹੀ ਪਵੇਗਾ।

ਇਸੇ ਤਰ੍ਹਾਂ ਹੀ ਕੋਈ ਵੀ ਸਾਹਿਤਕ ਵਰਤਾਰਾ ਸਿੱਧੇ ਤੌਰ ਤੇ ਇਤਿਹਾਸ ਨਾ ਹੁੰਦੇ ਹੋਏ ਵੀ ਕਿਸੇ ਵਿਸ਼ੇਸ਼ ਸਮੇਂ, ਸਥਾਨ ਜਾਂ ਸਮਾਜ ਦੇ ਇਤਿਹਾਸ ਤੋਂ ਟੁੱਟ ਨਹੀਂ ਸਕਦਾ।ਕਿਉਂਕਿ ਅਚੇਤ ਜਾਂ ਸੁਚੇਤ ਪੱਧਰ ਤੇ ਸਮਾਜਕ ਪ੍ਰਕ੍ਰਿਆ ਦਾ ਆਧਾਰ ਇਤਿਹਾਸ ਦੀ ਕੋਈ ਨਾ ਕੋਈ ਲੁਪਤ ਲਹਿਰ ਹੀ ਹੁੰਦੀ ਹੈ।ਇਸ ਲਈ ਜਦੋਂ ਅਸੀਂ ਕਿਸੇ ਸਾਹਿਤਕ ਵਰਤਾਰੇ ਦੇ ਇਤਿਹਾਸਮੁਖੀ ਹੋਣ ਦੀ ਗੱਲ ਕਰਦੇ ਹਾਂ ਤਾਂ ਉਸ ਦਾ ਅਰਥ ਕਿਸੇ ਅਜਿਹੀ ਵਿਸ਼ੇਸ਼ ਪ੍ਰਸਥਿਤੀ , ਪਾਤਰ ਤੇ ਵਿਸ਼ੇਸ਼ ਕਾਲ ਖੰਡ ਦੀ ਪੇਸ਼ਕਾਰੀ ਤੋਂ ਹੀ ਹੁੰਦਾ ਹੈ , ਜੋ ਕਿਸੇ ਦੇਸ਼ ਦੇ ਇਤਿਹਾਸ ਵਿਚ ਵੀ ਖ਼ਾਸ ਮਹਤੱਵ ਰੱਖਦੀ ਹੈ।ਇਸੇ ਸੰਦਰਭ ਵਿਚ ਮਨਮੋਹਨ ਬਾਵਾ ਦੀ ਗਾਲਪਨਿਕ ਰਚਨਾ '1857 ਦਿੱਲੀ ਦਿੱਲੀ' ਪਾਠਕ ਦਾ ਵਿਸ਼ੇਸ਼ ਰੂਪ ਵਿਚ ਧਿਆਨ ਆਕਰਸ਼ਿਤ ਕਰਦੀ ਹੈ।

ਮਨਮੋਹਨ ਬਾਵਾ ਪੰਜਾਬੀ ਗਲਪ ਸਾਹਿਤ ਵਿਚ ਉਭਰਵਾਂ ਨਾਂ ਹੈ।ਜੋ ਹੁਣ ਤੱਕ 4 ਨਾਵਲ, 6 ਕਹਾਣੀ ਸੰਗ੍ਰਹਿ ਅਤੇ ਕਿੰਨੇ ਹੀ ਯਾਤਰਾ ਸੰਸਮਰਣ ਲਿਖ ਚੁੱਕਾ ਹੈ। '1857 ਦਿੱਲੀ ਦਿੱਲੀ' ਉਸ ਦਾ 2011 ਵਿਚ ਛਪਿਆ ਨਵਾਂ ਨਾਵਲ ਹੈ।ਉਸ ਦੀ ਇਹ ਰਚਨਾ ਨਵੀਨ ਵੰਨਗੀ ਦੀ ਹੈ , ਜਿਸ ਵਿਚ ਉਸ ਨੇ 118 ਸਫ਼ਿਆਂ ਦਾ ਨਾਵਲ ਤੇ ਤਿੰਨ ਕਹਾਣੀਆਂ ਸੰਮਿਲਤ ਕੀਤੀਆਂ ਹਨ।ਮਨਮੋਹਨ ਬਾਵਾ ਦੇ ਇਸ ਗਾਲਪਨਿਕ ਵਰਤਾਰੇ ਵਿਚ ਪੇਸ਼ ਹੋਏ ਇਤਿਹਾਸ ਦਾ ਸਮਾਂ 19ਵੀਂ ਸਦੀ ਦੇ ਅੱਧ ਦਾ ਬਸਤੀਵਾਦੀ ਯੁੱਗ ਹੈ।1849 ਤੋਂ

ਉਪਰੰਤ ਸਿੱਖਾਂ ਨਾਲ ਦੂਜੀ ਵੱਡੀ ਜੰਗ ਤੋਂ ਬਾਅਦ ਅੰਗਰੇਜ਼ ਪੰਜਾਬ ਉੱਤੇ ਕਾਬਜ਼ ਹੋ ਸਾਰੇ ਹਿੰਦੁਸਤਾਨ ਦੀ ਪ੍ਰਬੰਧਕੀ ਸੱਤਾ ਹਥਿਆਉਣ ਵਿਚ ਸਫ਼ਲ ਹੋ ਜਾਂਦੇ ਹਨ।ਪੰਜਾਬ ਦੀ ਜਿਹੜੀ ਖ਼ੁਦਮੁਖਤਿਆਰ ਹੋਂਦ ਸਿੱਖ ਮਿਸਲਾਂ, ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਨਾਲ ਬਣੀ ਸੀ ,ਉਹ ਰਾਜਿਆਂ , ਵਜ਼ੀਰਾਂ ਤੇ ਨਵਾਬਾਂ ਦੀ ਆਂਤਰਿਕ ਖ਼ਾਨਾਜੰਗੀ, ਫ਼ੁੱਟ ਤੇ ਯੋਗ ਵਾਰਸਾਂ ਦੀ ਅਣਹੋਂਦ ਸਦਕਾ ਖ਼ਤਮ ਹੋ ਗਈ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਪੰਜਾਬ ਅੰਦਰ ਕੋਈ ਵੀ ਅਜਿਹਾ ਸ਼ਕਤੀਸ਼ਾਲੀ ਰਾਜਾ ਨਾ ਰਿਹਾ ਜੋ ਇਸ ਦੀ ਵਾਗਡੋਰ ਮਜ਼ਬੂਤੀ ਨਾਲ ਸੰਭਾਲ ਸਕਦਾ।ਛਿਹਿਢੇਰੀ ਹੋ ਰਹੇ ਰਾਜ ਨੂੰ ਮੁੜ ਸਥਾਪਤ ਕਰਨ ਲਈ ਸਿੱਖ ਵਾਰਸਾਂ ਵੱਲੋਂ ਕਈ ਤਰ੍ਹਾਂ ਦੇ ਵੱਖੋ-ਵੱਖਰੇ ਉਪਰਾਲੇ ਵੀ ਕੀਤੇ ਗਏ ।ਜਿਹਨਾਂ ਵਿਚ ਮਹਾਰਾਣੀ ਜ਼ਿੰਦਾ, ਨਾਮਧਾਰੀ ਕੂਕਿਆਂ ਤੇ ਮਹਾਰਾਜ ਦਲੀਪ ਸਿੰਘ ਦੇ ਵਿਕੋਲਿਤਰੇ ਸੰਦਰਭ ਵੇਖਣ ਨੂੰ ਮਿਲਦੇ ਹਨ।

1857 ਦਾ ਇਤਿਹਾਸਕ ਕਾਲ ਸੰਘਰਸ਼ ਤੇ ਸਥਿਤੀ ਦੇ ਸੰਕਟ ਦਾ ਕਾਲ ਸੀ ,ਜਿਸ ਵਿਚ ਮਾਨਵੀ ਹੋਂਦ ਤੇ ਗ਼ੁਲਾਮਦਾਰੀ ਦਾ ਮਸਲਾ ਬੜੀ ਸ਼ਿੱਦਤ ਨਾਲ ਉੱਭਰ ਕੇ ਸਾਹਮਣੇ ਆਉਂਦਾ ਹੈ।1857 ਦਾ ਵਿਦਰੋਹ ਕੋਈ ਅਜਿਹਾ ਵਿਦਰੋਹ ਨਹੀਂ ਸੀ ਜਿਸ ਨੂੰ ਥੋੜ੍ਹੇ ਸਮੇਂ ਵਿਚ ਹੀ ਦਬਾ ਦਿੱਤਾ ਗਿਆ ਹੋਵੇ।ਇਹ ਇੰਨਾ ਵਿਆਪਕ ਵਿਦਰੋਹ ਸੀ ਜੋ ਬੜੇ ਲੰਮੇ ਸਮੇਂ ਤੱਕ ਸੁਲਗਦਾ ਰਿਹਾ।ਇਸ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਸੰਤਬਰ 1857 ਦੇ ਦੇ ਆਖ਼ਰੀ ਹਫ਼ਤੇ ਵਿਚ ਵਿਦਰੋਹ ਦੇ ਕੇਂਦਰ ਦਿੱਲੀ ਉੱਤੇ ਅੰਗਰੇਜ਼ਾਂ ਦੇ ਕਬਜ਼ੇ ਦੇ ਬਾਵਜੂਦ ਫ਼ਿਰੰਗੀ 1860 ਦੇ ਅੰਤ ਤੱਕ ਇਸ ਵਿਦਰੋਹ ਨੂੰ ਦੇਸ਼ ਦੇ ਬਹੁਤ ਸਾਰੇ ਭਾਗਾਂ ਵਿਚ ਕੁਚਲ ਨਹੀਂ ਪਾਏ ਸਨ।ਜਿਸ ਵਿਚ ਸਿੰਘਾਂ ਦੀ ਹਿੱਸੇਦਾਰੀ ਵੀ ਬੜੀ ਸ਼ਲਾਘਾਯੋਗ ਰਹੀ।ਮਨਮੋਹਨ ਬਾਵਾ ਦਾ ਇਹ ਗਾਲਪਨਿਕ ਵਰਤਾਰਾ ਸਿੰਘਾਂ ਦੀ ਇਸ ਜੁਝਾਰੂ ਬਿਰਤੀ ਦਾ ਪ੍ਰਗਟਾਵਾ ਕਰਦਾ ਇਤਿਹਾਸ ਦੀਆਂ ਕਈ ਅਣਛੋਹੀਆਂ ਤੰਦਾਂ ਨੂੰ ਉਭਾਰਦਾ ਹੈ।

"ਅਸੀਂ ਦਿੱਲੀ ਦੇ ਵਿਦਰੋਹੀਆਂ ਵਿਚਕਾਰ ਇਸ ਤਰ੍ਹਾਂ ਜਿਵੇਂ ਆਟੇ 'ਚ ਲੂਣ।ਕੌਣ ਜਾਣੇਗਾ ਸੁਲਤਾਨ ਗੜ੍ਹੀ ਅਤੇ ਮੋਰੀ ਦਰਵਾਜ਼ੇ ਦੀ ਲੜਾਈ 'ਚ ਸਾਡੀਆਂ ਕੁਰਬਾਨੀਆਂ ਅਤੇ ਕਾਰਨਾਮਿਆਂ ਨੂੰ । ਸਾਡਾ ਨਾਮ ਤਾਂ ਸ਼ਾਇਦ ਇਤਿਹਾਸ ਦੇ ਹਾਸ਼ੀਏ ਤੇ ਵੀ ਨਾ ਆਵੇ...।ਬਸ ਐਵੇਂ ਹੀ ਗੁਆਚ ਜਾਵਾਂਗੇ...।"

ਮਨਮੋਹਨ ਬਾਵਾ ਨੇ ਗਾਲਪਨਿਕ ਕਥਾ ਨੂੰ ਬਿਜੈ ਸਿੰਘ ਦੇ ਜੀਵਨੀਪਰਕ ਪਰਿਪੇਖ ਤੋਂ ਆਰੰਭਿਆ ਹੈ । ਜੋ ਬਿਜੈ ਸਿੰਘ ਦੀ ਜੀਵਨਗਾਥਾ ਦੇ ਨਾਲ ਨਾਲ ਸਿੰਘਾਂ ਦੀ ਬਹਾਦਰੀ ਦੇ ਸੋਹਲੇ ਗਾਉਂਦਾ 1857 ਦੀ ਜੁਝਾਰੂ ਲਹਿਰ ਦੇ ਮਹਤੱਵਪੂਰਨ ਸੰਦਰਭ ਵੀ ਪੇਸ਼ ਕਰਦਾ ਹੈ।ਜਿਸ ਵਿਚ ਪਿਛਲੇ 150 ਸਾਲਾਂ ਦੇ ਰਾਸ਼ਟਰਵਿਆਪੀ ਵਿਦਰੋਹ ਦੇ ਸੰਬੰਧ ਵਿਚ ਅਨੇਕਾਂ ਹੀ ਗ਼ਲਤਫ਼ਹਿਮੀਆਂ ਨੂੰ ਵੀ ਦੂਰ ਕਰਦਾ ਹੈ।ਵਾਸਤਵ ਵਿਚ ਜਦੋਂ ਇਤਿਹਾਸ ਨੂੰ ਨਵੀਨ ਸੰਦਰਭਾਂ ਅਧੀਨ ਪੇਸ਼ ਕੀਤਾ ਜਾਂਦਾ ਹੈ ਜਾਂ ਉਸ ਦੀ ਪੁਨਰ ਸਿਰਜਣਾ ਕੀਤੀ ਜਾਂਦੀ ਹੈ ਤਾਂ ਅਜਿਹਾ ਕਾਰਜ ਬੜੀ ਤਿੱਖੀ ਇਤਿਹਾਸ ਚੇਤਨਾ ਦੀ ਮੰਗ ਕਰਦਾ ਹੈ ।ਇਤਿਹਾਸ ਤੇ ਗਲਪ ਵਿਚ ਇਕ ਮੂਲ ਅੰਤਰ ਇਹ ਹੁੰਦਾ ਹੈ ਕਿ ਇਤਿਹਾਸ ਤੱਥਾਂ ਤੇ ਤਰਕ ਨੂੰ ਆਧਾਰ ਬਣਾਉਂਦਾ ਹੈ । ਜਦੋਂ ਕਿ ਇਤਿਹਾਸਕ ਨਾਵਲਕਾਰ ਨੇ ਇਤਿਹਾਸ ਤੇ ਗਲਪ ਦੀਆਂ ਸੀਮਾਵਾਂ ਨੂੰ ਸੰਭਾਵਨਾਵਾਂ ਵਿਚ ਤਬਦੀਲ ਕਰਕੇ ਦੋਹਾਂ ਸੰਗਠਨਾਂ ਵਿਚਕਾਰ ਇਕ ਵਿਵੇਕ ਕਾਇਮ ਕਰ ਇਤਿਹਾਸਕ ਯਥਾਰਥ ਨੂੰ ਪ੍ਰਗਟਾਉਣਾ ਹੁੰਦਾ ਹੈ।ਬਿਰਤਾਂਤਕਾਰ ਇਤਿਹਾਸਕ ਤੱਥਾਂ ਤੇ ਗਾਲਪਨਿਕ ਤੱਤਾਂ ਵਿਚ ਸੰਤੁਲਨ ਕਾਇਮ ਕਰ ਇਤਿਹਾਸਕ ਘੋਲ ਨੂੰ ਇਸ ਤਰੀਕੇ ਨਾਲ ਪੇਸ਼ ਕਰਦਾ ਹੈ ਕਿ ਬਹੁਤ ਕੁਝ ਕਲਪਨਾਤਮਕ ਹੁੰਦੇ ਹੋਏ ਵੀ ਸੱਚ ਦਾ ਝਉਲਾ ਸਿਰਜਦਾ ਹੈ।ਇਸ ਪਰਿਪੇਖ ਤੋਂ ਜਦੋਂ ਅਸੀਂ '1857 ਦਿੱਲੀ ਦਿੱਲੀ ਦੇ' ਨਾਵਲੀ ਵਰਤਾਰੇ ਨੂੰ ਵਾਚਦੇ ਹਾਂ ਤਾਂ ਮਨਮੋਹਨ ਬਾਵਾ ਦੀ ਇਤਿਹਾਸ ਦ੍ਰਿਸ਼ਟੀ ਬੜੇ ਸਪਸ਼ਟ ਰੂਪ ਵਿੱਚ ਨਿੱਖਰ ਕੇ ਸਾਹਮਣੇ ਆਉਂਦੀ ਹੈ।ਜਿਸ ਵਿਚ ਉਹ 19ਵੀਂ ਸਦੀ ਦੇ ਸਮੇਂ ਨੂੰ ਵਾਹਣ ਬਣਾ ਅੰਗਰੇਜ਼ੀ ਸਾਮਰਾਜ ਦੇ ਸੱਤਾਧਾਰੀ ਪੈਂਤੜੇ ਦੀ ਨਿਸ਼ਾਨਦੇਹੀ ਕਰਦਾ ਸਾਮਰਾਜੀ ਜ਼ਬਰ ਵਿਰੁੱਧ ਉੱਠੇ ਵਿਦਰੋਹ ਦੀ ਸ਼ਾਨਦਾਰ ਤਸਵੀਰ ਪੇਸ਼ ਕਰਦਾ ਹੈ।ਸਿੱਖਾਂ ਨੇ ਕੇਵਲ ਪੰਜਾਬ ਵਿਚ ਹੀ ਨਹੀਂ ਸਗੋਂ ਪੰਜਾਬ ਤੋਂ ਬਾਹਰ ਵੀ ਵੱਡੀ ਗਿਣਤੀ ਵਿਚ ਵਿਦਰੋਹ ਵਿਚ ਹਿੱਸਾ ਲਿਆ।ਪਰ ਇਸ ਦੇ ਨਾਲ ਇਹ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਅੰਗਰੇਜ਼ੀ ਰਾਜ ਦੀਆਂ ਸਾਮਰਾਜੀ ਨੀਤੀਆਂ ਦੇ ਦਰਪੇਸ਼ ਭਾਰਤੀ ਜਨਤਾ ਦੀ



ਸਮਝੌਤਾਵਾਦੀ ਨੀਤੀ ਅਤੇ ਉਦਾਸੀਨਤਾ ਵੀ ਗ਼ੁਲਾਮਦਾਰੀ ਯੁੱਗ ਦੇ ਆਰੰਭ ਦੀ ਜ਼ਿੰਮੇਵਾਰ ਬਣਦੀ ਹੈ। ਵਾਸਤਵ ਵਿਚ ਲੰਮੇ ਸਮੇਂ ਤੋਂ ਜਗੀਰਦਾਰੀ ਅਰਥਚਾਰੇ ਦੀ ਗ਼ੁਲਾਮੀ ਹੰਢਾ ਰਹੇ ਹਾਸ਼ੀਆਗਤ ਲੋਕ ਜਗੀਰਦਾਰੀ ਤੇ ਗ਼ੁਲਾਮਦਾਰੀ ਦੇ ਜੂੱਲੇ ਤੋਂ ਛੁਟਕਾਰਾ ਪਾਉਣ ਦੇ ਪ੍ਰਯਤਨ ਵਿਚ ਨਜ਼ਰ ਆਉਂਦੇ ਹਨ।ਕਿਉਂਕਿ ਅੰਗਰੇਜ਼ੀ ਸਾਮਰਾਜ ਦੀ ਅਧੀਨਗੀ ਇੰਨੀ ਤ੍ਰਾਸਦਮਈ ਪ੍ਰਤੀਤ ਨਹੀਂ ਹੁੰਦੀ ਜਿੰਨੀ ਕਿ ਜਗੀਰਦਾਰਾਂ ਦੀ ਸੀ।

"ਇਹ ਆਜੜੀ ,ਜੋ ਆਪਣੇ ਜਨਮ ਤੋਂ ਇਸੇ ਤਰ੍ਹਾਂ ਡੰਗਰ ਚਾਰਦਾ ਅਤੇ ਲੋਕਾਂ ਦੇ ਖੇਤਾਂ 'ਚ ਦਿਨ ਰਾਤ ਕੰਮ ਕਰਦਿਆਂ ਆਪਣੇ ਬੱਚਿਆਂ -ਤੀਵੀਆਂ ਨੂੰ ਭੁੱਖ ਅਤੇ ਬਿਮਾਰੀ ਨਾਲ ਮਰਦਿਆਂ ਵੇਖਦਾ ਰਿਹਾ ਹੈ ।ਇਸ ਵੇਲੇ ਇਹ ਅਨੁਭਵ ਕਰਦਿਆਂ ਖ਼ੁਸ਼ ਹੋ ਰਿਹਾ ਹੈ ਕਿ ਉਸ ਦੇ ਮਾਲਕ ਨੇ ਵੱਛੀ ਗੁਆਚਣ ਦੇ ਦੋਸ਼ 'ਚ ਉਸ ਨੂੰ ਮਾਰਿਆ ਕੁੱਟਿਆ ਨਹੀਂ।"

ਇਸੇ ਲਈ ਅੰਗਰੇਜ਼ੀ ਸਾਮਰਾਜ ਦੇ ਪ੍ਰਭਾਵ ਅਧੀਨ ਜਾਤੀਗਤ ਵਿਤਕਰਿਆਂ ਦਾ ਸੰਤਾਪ ਹੰਢਾਉਂਦੇ ਕੰਮੀਂ/ਕੰਮੀਣ ਈਸਾਈ ਮੱਤ ਧਾਰਨ ਕਰਨ ਵੱਲ ਤੱਤਪਰ ਹੁੰਦੇ ਨਜ਼ਰ ਆਉਂਦੇ ਹਨ।

ਮਨਮੋਹਨ ਬਾਵਾ 19ਵੀਂ ਸਦੀ ਦੇ ਸੰਘਰਸ਼ ਕਾਲ ਨੂੰ ਸੰਸਕ੍ਰਿਤੀ ਦੇ ਤਣਾਉ ਦੇ ਰੂਪ ਵਿਚ ਵੀ ਪੇਸ਼ ਕਰਦਾ ਸਪਸ਼ਟ ਕਰਦਾ ਹੈ ਕਿ ਜਿਵੇਂ ਅਠਾਰ੍ਹਵੀਂ ਸਦੀ ਵਿਚ ਸਿੱਖਾਂ ਨੇ ਜੱਥੇਬੰਦੀਆਂ ਦੇ ਰੂਪ ਵਿਚ ਡਾਵਾਂਡੋਲ ਹੋਏ ਮੁਗ਼ਲ ਰਾਜ ਨੂੰ ਢਾਹ ਲਗਾ ਕੇ ਆਪਣੀ ਸ਼ਕਤੀ ਨੂੰ ਉਭਾਰਿਆ ਸੀ। ਉਸੇ ਤਰ੍ਹਾਂ ਹੀ 19ਵੀਂ ਸਦੀ ਦੇ ਮੱਧ ਵਿਚ ਜੇਕਰ ਸਿੱਖ ਸਰਦਾਰ ਤੇ ਰਜਵਾੜੇ ਮੇਮਣੇ ਨਾ ਬਣਦੇ ਤਾਂ ਦੇਸ਼ ਦਾ ਇਤਿਹਾਸ ਕੁਝ ਹੋਰ ਹੀ ਹੋਣਾ ਸੀ।ਇਸ ਗੱਲ ਦੀ ਪ੍ਰੋੜ੍ਹਤਾ ਪ੍ਰਸਿੱਧ ਇਤਿਹਾਸਕਾਰ ਸਮਸੁਲ ਇਸਲਾਮ ਵੀ ਕਰਦਾ ਲਿਖਦਾ ਹੈ:

ਜੇਕਰ ਪਟਿਆਲਾ ਅਤੇ ਜੀਂਦ ਦੇ ਰਾਜੇ ਸਾਡੇ ਮਿੱਤਰ ਨਾ ਹੁੰਦੇ ਅਤੇ ਜੇਕਰ ਸਿੱਖ ਸਾਡੀ ਸੈਨਾ ਵਿਚ ਭਰਤੀ ਨਾ ਹੋਏ ਹੁੰਦੇ ਅਤੇ ਪੰਜਾਬ ਵਿਚ ਹੀ ਸ਼ਾਂਤ ਬਣੇ ਨਾ ਰਹਿੰਦੇ ਤਾਂ ਦਿੱਲੀ ਦੀ ਘੇਰਾਬੰਦੀ ਕਰਨਾ ਸਾਡੇ ਲਈ ਬਿਲਕੁਲ ਸੰਭਵ ਨਹੀਂ ਸੀ।

ਬਿਰਤਾਂਤਕਾਰ ਵੀ ਇਸ ਦਾ ਹਵਾਲਾ ਦੇਂਦਾ ਆਖਦਾ ਹੈ:

ਘਮਸਾਨ ਦਾ ਯੁੱਧ ਸ਼ੁਰੂ ਹੋਇਆ।ਫ਼ਰੰਗੀ ਚਾਹੇ ਨਹਿਰ ਨੂੰ ਪਾਰ ਕਰਨ 'ਚ ਸਫ਼ਲ ਹੋ ਗਏ।ਪਰ ਉਨ੍ਹਾਂ ਦੀਆਂ ਤੋਪਾਂ ਨਹਿਰ 'ਚ ਫ਼ਸ ਗਈਆਂ।ਪਰ ਛੇਤੀ ਹੀ ਪਟਿਆਲਾ ਦੇ ਰਾਜੇ ਦੇ ਹਾਥੀਆਂ ਦੀ ਸਹਾਇਤਾ ਨਾਲ ਤੋਪਾਂ ਨਹਿਰ ਦੇ ਬਾਹਰ ਕੱਢ ਲਈਆਂ ਗਈਆਂ।ਨਹਿਰ ਦੇ ਪਾਰ ਆ ਕੇ ਫ਼ਰੰਗੀ ਫ਼ੌਜ ਕਤਾਰਾਂ ਬਣਾ ਕੇ ਠੀਕ ਢੰਗ ਨਾਲ ਅੱਗੇ ਵਧਣ ਲੱਗੀ।

"ਜੇ ਅੱਜ ਪਟਿਆਲੇ ਦੇ ਰਾਜੇ ਦੇ ਹਾਥੀ ਫ਼ਰੰਗੀਆਂ ਦੀਆਂ ਤੋਪਾਂ ਨਹਿਰ 'ਚੋਂ ਨਾ ਕੱਢਦੇ ਤਾਂ ਅਸਾਂ ਨਾ ਸਿਰਫ਼ ਇਹ ਲੜਾਈ ਜਿੱਤ ਲਈ ਹੁੰਦੀ ਬਲਕਿ ਇਸ ਪਾਸਿਉਂ ਫ਼ਰੰਗੀਆਂ ਦੇ ਛਾਉਣੀ ਤੇ ਹਮਲਾ ਕਰਕੇ ਸਮੁੱਚੀ ਲੜਾਈ ਦਾ ਰੁਖ ਹੀ ਮੋੜ ਦਿੱਤਾ ਹੁੰਦਾ..."

ਮਨਮੋਹਨ ਬਾਵਾ ਆਪਣੀਆਂ ਮਾਨਵੀ ਰੁੱਚੀਆਂ ਅਧੀਨ ਭਾਵੇਂ ਪਾੜੋ ਤੇ ਰਾਜ ਕਰੋ ਦੀਆਂ ਸਾਮਰਾਜੀ ਤਾਕਤਾਂ ਦੀਆਂ ਲੂੰਬੜ ਚਾਲਾਂ ਦਾ ਪਾਜ ਤਾਂ ਉਘਾੜਦਾ ਹੈ ਪਰ ਅਜਿਹਾ ਕਰਦਾ ਉਹ ਕਈ ਥਾਵਾਂ ਤੇ ਭਾਈ ਵੀਰ ਸਿੰਘ ਵਾਂਗ ਉਲਾਰ ਬਿਰਤੀ ਵੀ ਧਾਰਨ ਕਰ ਲੈਂਦਾ ਹੈ। ਇਸੇ ਲਈ ਬਿਜੈ ਸਿੰਘ ਤੇ ਬਘੇਲ ਸਿੰਘ ਨੂੰ ਜੁਝਾਰੂ ਸੂਰਮਿਆਂ ਦੇ ਰੂਪ ਵਿਚ ਪੇਸ਼ ਕਰ ਮਹਾਨਾਇਕ ਦੇ ਰੂਪ ਵਿਚ ਪੇਸ਼ ਕੀਤਾ ਹੈ ।ਜਿਸ ਤੋਂ ਪ੍ਰਭਾਵਿਤ ਹੋ 'ਅਨੂਪ ਚੰਦ' ਕਹਾਣੀ ਦਾ ਨਾਇਕ ਤੇ ਨਾਇਕਾ ਹਿੰਦੂ ਧਰਮ ਛੱਡ ਅੰਮ੍ਰਿਤ ਛੱਕ ਕੇ ਸਿੱਖੀ ਰੂਪ ਧਾਰਨ ਕਰ ਲੈਂਦੇ ਹਨ।

ਬਿਰਤਾਂਤਕਾਰ ਨੇ 1857 ਦੇ ਕ੍ਰਾਂਤੀਕਾਰੀ ਵਿਦਰੋਹ ਵਿਚ ਸਿੱਖਾਂ ਦੀ ਮਹਤੱਵਪੂਰਨ ਭੂਮਿਕਾ ਦੇ ਨਾਲ ਨਾਲ ਸਦੀਆਂ ਤੋਂ ਦਲਿਤਾਂ ਨਾਲ ਹੁੰਦੇ ਪੱਖਪਾਤੀ ਵਿਤਕਰਿਆਂ ਦਾ ਬਿਰਤਾਂਤ ਵੀ ਸਿਰਜਿਆ ਹੈ।ਇਸ ਦੀ ਪੇਸ਼ੀਨਗੋਈ ਬੜੇ ਸੰਖੇਪ ਸ਼ਬਦਾਂ ਵਿਚ ਕੀਤੀ ਮਿਲਦੀ ਹੈ।ਭਾਵੇਂ ਇਸ ਵਿਦਰੋਹ ਵਿਚ ਦਲਿਤਾਂ ਨੇ ਉੱਚ ਜਾਤੀ ਦੇ ਸਿੱਖਾਂ ਨਾਲ ਮਿਲ ਕੇ ਬਰਾਬਰ ਦੀ ਹਿੱਸੇਦਾਰੀ ਨਿਭਾਈ ਪਰ ਫ਼ਿਰ ਵੀ ਮਜਲਸ ਵਿਚ ਇਕੱਤਰ ਹੋਏ ਰਾਜੇ, ਜਿਮੀਂਦਾਰ ਤੇ ਨਵਾਬ ਦਲਿਤਾਂ ਨੂੰ ਕਿਸੇ ਤਰ੍ਹਾਂ ਨਾਲ ਬਰਾਬਰਤਾ ਦਾ ਅਧਿਕਾਰ ਦੇਣ ਨੂੰ ਤਿਆਰ ਨਹੀਂ।

ਇਸ ਬਗਾਵਤ ‘ਚ ਇਨ੍ਹਾਂ ਜੁਲਾਹਿਆਂ, ਤਰਖਾਣਾਂ ਅਤੇ ਹੋਰ ਨੀਵੀਂ ਜਾਤ ਵਾਲਿਆਂ ਦਾ ਹਿੱਸਾ ਲੈਣਾ ਤਾਂ ਠੀਕ ਹੈ ਪਰ ਇਹਨਾਂ ਦੇ ਸਰਗਣੇ ਸਾਡੇ ਬਰਾਬਰ ਸਾਡੀ ਸਭਾ ‘ਚ ਆ ਕੇ ਬੈਠਣ ,ਇਹ ਰਵਾਇਤ ਠੀਕ ਨਹੀਂ।ਮੈਨੂੰ ਵੀ ਘੁਮਾ ਫਿਰਾ ਕੇ ਪੁੱਛ ਰਹੇ ਸਨ ਕਿ ਮੇਰਾ ਪੇਸ਼ਾ, ਮੇਰੀ ਜਾਤ ਕੀ ਹੈ ਅਤੇ ਮੈਂ ਕਿਥੋਂ ਦਾ ਰਾਜਾ ਹਾਂ।”

ਇਸ ਸਥਿਤੀ ਵਿਚ ‘ਦਲਿਤ’ ਦਾ ਸੰਕਲਪ ਸਿਰਫ਼ ਜਾਤੀਗਤ ਵਿਤਕਰੇ ਤੱਕ ਹੀ ਮਹਿਦੂਦ ਨਹੀਂ ਰਹਿੰਦਾ ਸਗੋਂ ਹਾਸ਼ੀਆਗਤ ਹੋ ਦਮਨਕਾਰੀ ਸਥਿਤੀਆਂ ਹੰਢਾਉਂਦਾ ਹੈ।ਦਲਿਤਾਂ ਦਾ ਕਸ਼ੱਤਰੀਕਸਬ ਵਿਚ ਤਬਦੀਲ ਹੋਣਾ ਉਸ ਵੇਲੇ ਦੇ ਹਾਕਮਾਂ ਨੂੰ ਖਟਕਦਾ ਵੀ ਹੈ।ਵੇਲੇ ਦੀ ਨਜ਼ਾਕਤ ਨੂੰ ਸਮਝਦਿਆਂ ਬ੍ਰਾਹਮਣਵਾਦੀ ਅਹਿੰ ਦੇ ਸ਼ਿਕਾਰ ਰਾਜੇ, ਜ਼ਿੰਮੀਂਦਾਰ ਤੇ ਨਵਾਬ ਦਲਿਤਾਂ ਤੋਂ ਉਹਨਾ ਦਾ ਬਾਹੂਬਲ ਲੈਣ ਲਈ ਤਾਂ ਤਿਆਰ ਹਨ ਪਰ ਬਰਾਬਰਤਾ ਦਾ ਦਰਜਾ ਦੇਣ ਲਈ ਨਹੀਂ।

ਇਸ ਦੇ ਨਾਲ ਹੀ ਦਿੱਲੀ ਰਾਜ ਦੀ ਦਾਸਤਾਨ, ਗੁਰਦੁਆਰੇ ਸ਼ੀਸ਼ ਗੰਜ਼ ਦਾ ਇਤਿਹਾਸਕ ਵੇਰਵਾ, ਯੁੱਧ ਦੇ ਦੌਰਾਨ ਕਸਬਿਆਂ, ਮਹਿਲਾਂ , ਰਿਆਸਤਾਂ, ਖ਼ੰਡਰਾਂ, ਜੰਗਲਾਂ, ਦਰਿਆਵਾਂ ਆਦਿ ਦੇ ਹਵਾਲੇ ਬਿਰਤਾਂਤਕੀ ਵਰਤਾਰੇ ਵਿਚ ਯਥਾਰਥਕ ਰੰਗਣ ਭਰਦੇ ਹਨ।ਪਾਠ ਵਿਚ ਆਈਆਂ ਕਈ ਤਰ੍ਹਾਂ ਦੀਆਂ ਲੋਕ ਕਥਾਵਾਂ ਤੇ ਦੰਤ ਕਥਾਵਾਂ ਰੋਚਕਤਾ ਪੈਦਾ ਕਰਦੀਆਂ ਉਤਸਕਤਾ ਕਾਇਮ ਰੱਖਦੀਆਂ ਹਨ। ਨਾਵਲੀ ਬਿਰਤਾਂਤ ਵਿਚ ਹੀ ਪਾਠ ਵਿਚ ਬਿਜੈ ਸਿੰਘ ਤੇ ਸਤਵੰਤ ਕੌਰ , ਵਜੀਰਾ ਬੇਗਮ, ਸਮੂਰ ਬੇਗਮ, ਅਨੂਪ ਸਿੰਘ ਤੇ ਰੂਪਮਤੀ ਦੇ ਰੋਚਕ ਕਥਾ ਪ੍ਰਸੰਗਾਂ ਰਾਹੀਂ ਰੁਮਾਂਟਿਕ ਅੰਸ਼ ਭਰੇ ਹਨ।ਜਿਸ ਦੇ ਲਈ ਬਿਰਤਾਂਤਕਾਰ ਨੇ ਮੌਕਾ- ਮੇਲ ਦੀ ਜੁਗਤ ਵੀ ਵਰਤੀ ਹੈ।ਪਾਤਰਾਂ ਦੀ ਆਪਸੀ ਵਾਰਤਾਲਾਪ ਨਾਟਕੀ ਰੰਗਣ ਭਰ ਪਾਠ ਨੂੰ ਰੋਮਾਂਚਕਾਰੀ ਬਣਾਉਂਦੀ ਹੈ।ਹਰ ਇਕ ਚੈਪਟਰ ਦੇ ਆਰੰਭ ਵਿਚ ਆਈਆਂ ਟਿੱਪਣੀਆਂ ਵਿਲੱਖਣ ਰਚਨਾਤਮਕ ਵਿਧੀ ਵੱਲ ਸੰਕੇਤ ਕਰ ਬਿਰਤਾਂਤਕਾਰ ਦੀ ਗਹਿਰ ਗੰਭੀਰ ਸੋਚ ਅਤੇ ਸੂਖ਼ਮ ਸੂਹਜ ਦਾ ਪ੍ਰਗਟਾਵਾ ਕਰਦੀਆਂ ਹਨ।


ਨਾਵਲੀ ਵਰਤਾਰੇ ਵਿਚ ਇਤਿਹਾਸਕ ਪਰਿਪੇਖ ਨੂੰ ਉਭਾਰਨ ਲਈ ਕਈ ਤਰ੍ਹਾਂ ਦੀਆ ਗਲਪੀ ਜੁਗਤਾਂ ਦੀ ਵਰਤੋਂ ਵੀ ਕੀਤੀ ਗਈ ਹੈ।ਕਿਸੇ ਵੀ ਜਾਣੀ ਪਛਾਣੀ ਤੇ ਪ੍ਰਚਲੱਤ ਕਥਾ ਤੇ ਇਤਿਹਾਸਕ ਪਰਿਪੇਖ ਨੂੰ ਤਾਂ ਹੀ ਨਵਾਂ ਰੂਪ ਦਿੱਤਾ ਜਾ ਸਕਦਾ ਹੈ, ਜੇਕਰ ਕਥਾਕਾਰ ਕੋਲ ਗਲਪੀ ਜੁਗਤਾਂ ਸਿਰਜਣ ਦੀ ਸਮਰੱਥਾ ਹੋਵੇ।ਇਸ ਦੇ ਲਈ ਉਹ ਆਪਣੀ ਰਚਨਾ ਦੀ ਕੈਨਵਸ ਤੇ ਕਈ ਤਰ੍ਹਾਂ ਦੇ ਰੋਮਾਂਚਕਾਰੀ ਰੰਗ ਫ਼ੈਲਾਉਂਦਾ ਹੈ।ਜਿਸ ਵਿਚ ਬਿਜੈ ਸਿੰਘ ਦਾ ਪਾਤਰ ਇਕ ਅਜਿਹੇ ਸਾਹਸੀ,ਬਹਾਦਰ ਤੇ ਜੁਝਾਰੂ ਸਿੱਖ ਵਜੋਂ ਉਭਰਦਾ ਹੈ, ਜੋ ਮਹਾਂਕਾਵਿਕ ਬਿਰਤੀ ਦਾ ਮਾਲਕ ਹੈ।ਬਿਜੈ ਸਿੰਘ ਦੇ ਪਾਤਰ ਵਿਚ ਮੱਧਕਾਲੀ ਸਾਹਿਤ ਦੇ ਨਾਇਕਤੱਵ ਦੇ ਅੰਸ਼ ਦ੍ਰਿਸ਼ਟੀਗੋਚਰ ਹੁੰਦੇ ਹਨ।ਇਸ ਤਰ੍ਹਾਂ ਦੇ ਨਾਇਕਤੱਵ ਭਰਪੂਰ ਅੰਸ਼ ਮੁਢਲੇ ਪੰਜਾਬੀ ਨਾਵਲ ਵਿਚ ਵੀ ਵੇਖਣ ਨੂੰ ਮਿਲਦੇ ਹਨ।ਡਾ. ਹਰਦਰਸ਼ਨ ਸਿੰਘ ਅਨੁਸਾਰ ਮੁਢਲਾ ਪੰਜਾਬੀ ਨਾਵਲ ਇਕ ਤਰ੍ਹਾਂ ਵਾਰਤਕ ਵਿਚ ਲਿਖੀਆਂ ਹੋਈਆਂ ਲੰਮੀਆਂ ਵਾਰਾਂ ਹਨ।ਵਾਰਾਂ ਦੇ ਨਾਇਕ ਤੇ ਨਾਇਕਾਵਾਂ ਵਾਂਗ ਹੀ ਆਪਣੀ ਸੂਰਬੀਰਤਾ ਅਤੇ ਸਿਰੜ ਕਾਰਨ ਵਾਰ ਦੇ ਨਾਇਕ ਵਾਲੀ ਜਸ-ਭਾਵਨਾ ਉਪਜਾਉਂਦੇ ਹਨ।

ਇਸ ਤਰ੍ਹਾਂ ਬਿਰਤਾਂਤਕਾਰ ਨੇ ਪਾਠ ਵਿਚ ਬਾਗੀ ਸਿੱਖਾਂ ਦੇ ਜੱਥੇਬੰਦ ਹੋ ਫ਼ਰੰਗੀਆਂ ਨਾਲ ਟੱਕਰ ਲੈਣ ਦੇ ਬਿਰਤਾਂਤ ਨੂੰ ਕੇਂਦਰ ਵਿਚ ਰੱਖ ਕੇ ਅਫ਼ਰੀਦੀਆਂ ,ਖ਼ਰਲਾਂ,ਪਠਾਣਾਂ, ਪੂਰਬੀਆਂ ,ਜਗੀਰਦਾਰਾਂ ,ਵਿਦਰੋਹੀ ਨਵਾਬਾਂ ਦੀ ਹਿੱਸੇਦਾਰੀ ਨੂੰ ਸਲਾਹੁੰਦਿਆਂ ਉਹਨਾਂ ਦੇ ਭਰਪੂਰ ਯੋਗਦਾਨ ਸੰਬੰਧੀ ਵੀ ਤਿੱਖਾ ਸੰਵਾਦ ਛੇੜਿਆ ਹੈ।ਖ਼ੁਦਦਾਰੀ ਨਾਲ ਖ਼ੁਦਗਰਜ਼ੀ ਦੀ ਟੱਕਰ ਯੁੱਗ ਵਿਸ਼ੇਸ਼ ਵਿਚ ਰਚੇ ਗਏ ਇਤਿਹਾਸ ਦੀ ਨਿਸ਼ਾਨਦੇਹੀ ਕਰਦੀ ਸਮੇਂ ਦੇ ਸੱਚ ਨੂੰ ਉਜਾਗਰ ਕਰਦੀ ਹੈ।

ਵਾਸਤਵ ਵਿਚ ਮਨੁੱਖ ਜਦੋਂ ਵੀ ਵਰਤਮਾਨ ਵਿਚ ਖੜੋ ਕੇ ਬੀਤੇ ਵਿਚ ਘਟਿਤ ਨੂੰ ਵਾਚਦਾ ਹੈ ਤਾਂ ਉਸ ਦਾ ਪ੍ਰਤਿਕਰਮ ਬੀਤੇ ਨੂੰ ਉਦਰੇਵੇਂ ਵਜੋਂ ਵਾਚਣ ਦਾ ਜਾਂ ਭਵਿੱਖ ਵਿਚ ਵਾਪਰਨ ਵਾਲੇ ਕਿਸੇ ਸੰਕਟ ਤੋਂ ਅਗਾਊਂ ਸੂਚਿਤ ਕਰਨ ਦਾ ਹੁੰਦਾ ਹੈ।ਉਹ ਬੀਤੇ ਦੀ ਬਾਤ ਪਾ ਸੱਚੀਆਂ ਸੁੱਚੀਆਂ ਤੇ ਵੇਲਾ ਵਿਹਾ ਚੁੱਕੀਆਂ ਕਦਰਾਂ -ਕੀਮਤਾਂ ਨੂੰ ਪੁਨਰ ਜੀਵਿਤ ਕਰਨ ਦੇ ਆਹਰ ਵਿਚ ਹੈ।ਅੱਜ ਜਦੋਂ ਕਿ ਚਾਰੇ ਪਾਸੇ ਵਿਸ਼ਵੀਕਰਨ ਦਾ ਝੱਖੜ ਝੁੱਲ ਰਿਹਾ ਹੈ।ਖ਼ਪਤ ਮੰਡੀ ਦੀ ਮਾਰ ਹੇਠ ਪੰਜਾਬੀ ਸਭਿਆਚਾਰ ਦੇ ਨਾਲ ਪੰਜਾਬੀ ਮਨੁੱਖ ਤੇ ਪੰਜਾਬੀਅਤ ਦੀ ਵਿਚਾਰਧਾਰਾ ਵੀ ਦਮ ਤੋੜਦੀ ਨਜ਼ਰ ਆ ਰਹੀ ਹੈ।ਅਜਿਹੇ ਵਿਚ ‘1857 ਦਿੱਲੀ ਦਿੱਲੀ’ ਨਾਵਲੀ ਵਰਤਾਰਾ ਵਿਸ਼ੇਸ਼ ਮਹਤੱਵ ਦਾ ਧਾਰਨੀ ਹੈ।**ਸੰਪਰਕ-98720-22268**



## ਚਰਿੱਤਰ ਨਾਇਕ ਦੀ ਕਰਮ ਪ੍ਰਵਿਰਤੀ ਦਾ ਸੁਹਜਵੰਤ ਬਿਰਤਾਂਤ ਵਰਿਆਮ ਸੰਧੂ ਦੀ ਸਾਹਿਤਕ ਸ੍ਵੈ ਜੀਵਨੀ /-ਜੇ. ਬੀ. ਸੇਖੋਂ




ਵਰਿਆਮ ਸਿੰਘ ਸੰਧੂ ਪੰਜਾਬੀ ਕਹਾਣੀ ਦਾ ਮਹੱਤਵਪੂਰਨ ਹਸਤਾਖ਼ਰ ਹੈ। ਉਸਦਾ ਕਥਾ ਸਫ਼ਰ ਸੱਤਵੇਂ ਦਹਾਕੇ ਦੇ ਮੁੱਢ ਤੋਂ ਆਰੰਭ ਹੋ ਕੇ ਸਮਕਾਲੀ ਦੌਰ ਤੱਕ ਨਿਰਵਿਘਨ ਰੂਪ ਵਿਚ ਚਲਿਆ ਆ ਰਿਹਾ ਹੈ। ਨਿਰੋਲ ਪੰਜਾਬੀ ਕਹਾਣੀ ਨੂੰ ਸਮਰਪਿਤ ਹੋ ਕੇ ਉਸਨੇ ਨਾ ਸਿਰਫ ਇਸਦੇ ਦੀਰਘ ਆਕਾਰੀ ਸਰੂਪ ਨੂੰ ਤੇ ਇਸਦੀ ਸੁਹਜਵੰਤ ਪ੍ਰਕਿਰਤੀ ਨੂੰ ਬਰਕਰਾਰ ਰੱਖਿਆ ਹੈ ਬਲਕਿ ਪੰਜਾਬੀ ਸਮਾਜ ਦੇ ਬਦਲਦੇ ਵਲੇਵੇਂਦਾਰ ਯਥਾਰਥ ਨੂੰ ਪ੍ਰਤੀਬੱਧ ਚਿੰਤਨ ਦ੍ਰਿਸ਼ਟੀ ਦੇ ਮਾਧਿਅਮ ਨਾਲ ਚਿਤਰਿਆ ਹੈ।

ਵਿਚਾਰ ਅਧੀਨ ਪੁਸਤਕ ਵਰਿਆਮ ਸਿੰਘ ਸੰਧੂ ਦੀ ਸਾਹਿਤਕ ਸ੍ਵੈ ਜੀਵਨੀ ਹੈ ਜਿਸਦੀ ਰਚਨਾ ਪ੍ਰਕਿਰਿਆ ਦੇ ਪਿਛੋਕਣ ਵਿਚ ਲੇਖਕ ਦੇ ਪਰਿਵਾਰਕ ਸਮਾਜੀ ਮਾਹੌਲ, ਸਾਹਿਤਕ ਚੇਤਨਾ ਤੇ ਚਿੰਤਨ ਦਾ ਸਫ਼ਰ, ਵਿਚਾਰਧਾਰਕ ਪ੍ਰਤੀਬੱਧਤਾ, ਸਭਿਆਚਾਰਕ ਮੰਡਲ, ਤਵਾਰੀਖ਼ੀ ਤੱਥ, ਕਰਮ-ਖੇਤਰ ਨਾਲ ਜੁੜੇ ਦਵੰਦਵਾਦੀ ਵੇਰਵੇ, ਮਨੋਵਿਗਿਆਨਕ ਚੇਤੰਨਤਾ, ਆਤਮ-ਚਰਿਤ ਬਿਓਰੇ, ਵਿਅਕਤੀਤਵ ਦੀ ਅੰਤਰਮੁਖੀ / ਬਾਹਰਮੁਖੀ ਚੇਤਨਾ ਆਦਿ ਨੂੰ ਯੁਗ-ਬੋਧਕ ਪਰਿਪੇਖ ਤਹਿਤ ਪੁਨਰ ਸਿਰਜਣਾ ਭਰੇ ਸੁਹਜਵੰਤ ਬਿਰਤਾਂਤ ਦੁਆਰਾ ਪੇਸ਼ ਕਰਨ ਦਾ ਅਮਲ ਕਾਰਜਸ਼ੀਲ ਹੈ। ਪੁਸਤਕ ਵਿਚ ਲੇਖਕ ਨੇ ਆਪਣੇ ਸਾਹਿਤਕ ਵਿਕਾਸ ਤੇ ਜੀਵਨ-ਅਨੁਭਵਾਂ ਨੂੰ ਰੇਖਾਂਕਤ ਕਰਦਿਆਂ ਇਸ ਅੰਦਰ ਵਿਸ਼ਲੇਸ਼ਣੀ ਅਤੇ ਮੁਲਾਂਕਣੀ ਭਰਿਆ ਵਿਵੇਕ ਸ਼ਾਮਿਲ ਕਰਕੇ ਇਸਦੀ ਰੌਚਿਕਤਾ, ਸੁਪਾਠਯਤਾ, ਵਸਤੂ-ਨਿਸ਼ਠਤਾ ਅਤੇ ਸਾਤਵਿਕਤਾ ਨੂੰ ਬਰਕਰਾਰ ਰੱਖਿਆ ਹੈ। ਰਚਨਾਕਾਰ ਨੇ ਆਪਣੇ ਵਲੋਂ ਪੂਰਨ ਚੇਤੰਨਤਾ ਨਾਲ ਸਾਹਿਤਕ ਸ੍ਵੈ ਜੀਵਨੀ ਦੇ ਸਿਧਾਂਤਕ ਸਰੂਪ ਨੂੰ ਧਿਆਨ ਗੋਚਰੇ ਰੱਖਦਿਆਂ ਇਸਨੂੰ ਆਤਮ ਕਥਾ ਨਾਲ ਮਿਲਦੀਆਂ ਜੁਲਦੀਆਂ ਸਾਹਿਤ ਵਿਧਾਵਾਂ ਆਤਮ-ਚਰਿਤ, ਸੰਸਮਰਣ, ਰਿਪੋਰਤਾਜ ਰੇਖਾ ਚਿੱਤਰ ਆਦਿ ਤੋਂ ਨਿਖੇੜਨ ਦਾ ਯਤਨ ਕੀਤਾ ਹੈ ਪਰ ਆਤਮ ਕਥਾ ਦੇ ਸਿਧਾਂਤਗਤ ਦੋਸਾਂ ਕਾਰਨ ਵਿਚਾਰ ਅਧੀਨ ਪੁਸਤਕ ਵੀ ਗੈਰ ਨਿਰਲੇਪ ਦ੍ਰਿਸ਼ਟੀਕੋਣ ਤੇ ਵਿਅਕਤੀ ਮੁਖਤਾ ਦੀ ਸ਼ਿਕਾਰ ਹੁੰਦੀ ਹੈ। ਇਹ ਦੋਸ਼ ਲੇਖਕ ਦੀ ਸੁਹਜਪੂਰਨ ਕਥਾ-ਸ਼ੈਲੀ, ਵਿਸ਼ਵਾਸ ਯੋਗ ਘਟਨਾ-ਵਰਨਣਤਾ, ਮਨੋ-ਵਿਸ਼ਲੇਸ਼ਣਤਾ, ਸਿਲਸਿਲੇਵਾਰ ਤੱਥਮੂਲਕਤਾ ਅਤੇ ਕਾਲਗਤ ਘਟਨਾਕ੍ਰਮਾਂ ਦੀ ਸਜੀਵ ਤੇ ਗੋਂਦਪੂਰਨ ਪੇਸ਼ਕਾਰੀ ਕਾਰਨ ਸਧਾਰਨ ਪਾਠਕਾਂ ਦੇ ਚਿੰਤਨੀ ਘੇਰੇ ਦੀ ਪਕੜ ਵਿਚ ਨਹੀਂ ਆਉਂਦੇ।

ਪੁਸਤਕ ਦੇ ਪਹਿਲੇ ਚਾਰ ਕਾਂਡ ਲੇਖਕ ਦੇ ਮਝੈਲ ਪਿੰਡ ਸੁਰ ਸਿੰਘ ਦੇ ਭੁਗੋਲਿਕ, ਸਮਾਜਿਕ ਸਭਿਆਚਾਰਕ ਤੇ ਤਤਕਾਲੀ ਯੁਗ ਬੋਧਕ ਸਰੋਕਾਰਾਂ ਨੂੰ ਪੇਸ਼ ਕਰਦੇ ਹਨ। ਇਹਨਾਂ ਵਿਚ ਲੇਖਕ ਦੇ ਘਰੇਲੂ ਮਾਹੌਲ, ਪਰਿਵਾਰਕ ਜੀਵਨ-ਸ਼ੈਲੀ, ਆਰਥਿਕ ਚੇਤਨਾ ਤੇ ਤੱਥ ਮੂਲਕ ਘਟਨਾਕ੍ਰਮ ਵੱਖ-ਵੱਖ ਬਿਰਤਾਂਤ ਜੁਗਤਾਂ ਦੇ ਮਾਧਿਅਮ ਨਾਲ ਪੇਸ਼ ਹੋਏ ਹਨ। ਰਚਨਾਕਾਰ ਵਾਰਤਾਲਾਪੀ ਸ਼ੈਲੀ, ਵਰਨਣਾਤਮਕਤਾ ਤੇ

ਸੰਸਮਰਣ ਰੂਪੀ ਚੇਤੰਨਤਾ ਦੁਆਰਾ ਪਰਿਵਾਰ ਦੀ ਦਬੰਗ ਜੀਉਣ-ਸ਼ੈਲੀ ਪੇਸ਼ ਕਰਦਾ ਇਕ ਪਾਸੇ ਪੰਜਾਬੀ ਸਮਾਜ ਦੇ ਤਤਕਾਲੀ ਅਰਧ ਜਗੀਰੂ ਸੰਸਕਾਰ ਉਭਾਰਦਾ ਹੈ ਦੂਜੇ ਪਾਸੇ ਆਪਣੀ ਸਾਹਿਤਕਾਰੀ ਦੇ ਪਿਛਵਾੜੇ ਵਿਚ ਸੁਲਗਦੇ ਰਹੇ ਉਕਤ ਇਤਿਹਾਸਕ ਘਟਨਾਕ੍ਰਮਾਂ ਨੂੰ ਰੌਸ਼ਨੀ ਵਿਚ ਲਿਆਉਂਦਾ ਹੈ। ਲੇਖਕ ਆਪਣੇ ਦਾਦਾ ਚੰਦਾ ਸਿੰਘ ਤੇ ਮਾਤਾ ਦੀ ਦਲੇਰ ਜੀਵਨ ਦੇ ਨਾਲ ਨਾਲ ਪਿਤਾ ਦੀਦਾਰ ਸਿੰਘ, ਦਾਦੀ ਹਰਨਾਮ ਕੌਰ, ਧੰਨ ਕੌਰ ਸਮੇਤ ਪਿੰਡ ਦੇ ਬ੍ਰਹਮਚਾਰੀ ਨਾਂ ਦੇ ਬਜ਼ੁਰਗ ਨੂੰ ਵਿਸ਼ੇਸ਼ ਘਟਨਾਵੀਂ ਵੇਰਵਿਆਂ ਤਹਿਤ ਉਹਨਾਂ ਮੁਢਲੇ ਸਰੋਤਾਂ ਵਜੋਂ ਫੋਕਸੀਕ੍ਰਿਤ ਕਰਦਾ ਹੈ ਜਿਹਨਾਂ ਨੇ ਉਸ ਅੰਦਰਹ ਛੁਪੀ ਸਿਰਜਣਾਤਮਕ ਤੇ ਸੰਵੇਦਨਸ਼ੀਲ ਸ਼ਖ਼ਸੀਅਤ ਨੂੰ ਬਾਹਰ ਕੱਢਿਆ। ਮਗਰੋਂ ਸਕੂਲ ਮਾਸਟਰਾਂ ਦੀ ਪੜ੍ਹਾਉਣ ਸ਼ੈਲੀ ਤੇ ਆਪੇ ਦੀ ਜਗਿਆਸੂ ਬਿਰਤੀ ਨੇ ਲੇਖਕ ਨੂੰ ਅੱਠਵੀਂ ਜਮਾਤ ਵਿਚ ਪੰਜਾਬੀ ਸੂਬਾ ਮੋਰਚਾ ਨਾਲ ਸੰਬੰਧਤ ਕਵਿਤਾ ਲਿਖਣ ਲਈ ਪ੍ਰੇਰਿਆ, ਪਿਛੋਂ ਕਵਿਤਾ ਦੇ ਨਾਲ ਨਾਲ 'ਜਥੇਦਾਰ' ਅਖਬਾਰ ਵਿਚ 'ਭੈਣ-ਭਰਾ' ਨਾਂ ਦੀ ਪਹਿਲੀ ਕਹਾਣੀ ਤੇ 'ਨਵੀਂ ਦੁਨੀਆਂ' ਵਿਚ ਛਪੀਆਂ ਰਚਨਾਵਾਂ ਨੇ ਲੇਖਕ ਦੀ ਕਥਾਕਾਰੀ ਦੇ ਮੋਢੀ ਨਿਸ਼ਾਨ ਛੱਡੇ। ਸਵੈ ਜੀਵਨੀ ਦੇ ਇਸ ਹਿੱਸੇ 'ਤੇ ਲੇਖਕ ਦੀ ਗੈਰ ਨਿਆਂਇਕ ਨਾਇਕਤਵ ਚੇਤਨਾ ਭਾਰੂ ਹੋ ਜਾਂਦੀ ਹੈ, ਜਿਹੜੀ ਨਕਸਲਵਾੜੀ ਲਹਿਰ ਅਧੀਨ ਉਸ ਵਲੋਂ ਲਿਖੇ ਮੁੱਢਲੇ ਕਹਾਣੀ ਸੰਗ੍ਰਹਿ 'ਲੋਹੇ ਦੇ ਹੱਥ' ਦੇ ਪ੍ਰਕਾਸ਼ਤ ਹੋਣ ਪਿਛੋਂ ਜ਼ਰਬ ਖਾ ਜਾਂਦੀ ਹੈ। ਰਚਨਾਕਾਰ ਇਸ ਸੰਗ੍ਰਹਿ ਦੀਆਂ ਕਹਾਣੀਆਂ ਵਿਚ ਕਲਾ ਤੱਤਾਂ ਦੀ ਹੋਈ ਖੁਦਕੁਸ਼ੀ ਨੂੰ ਪੇਤਲੇ ਰੂਪ ਵਿਚ ਸਵੀਕਾਰਦਾ ਇਹਨਾਂ ਦੇ ਰਾਜਸੀ ਕਿਸਮ ਦੇ ਵਿਸ਼ਾਗਤ ਸਰੋਕਾਰਾਂ ਨੂੰ ਸਾਹਿਤ ਖੇਤਰ ਵਿਚ ਮਿਲੀ ਚੁਫੇਰੀ ਪ੍ਰਸ਼ੰਸਾ ਨੂੰ ਵਿਸ਼ਾਲ ਕੈਨਵਸ 'ਤੇ ਪੇਸ਼ ਕਰਦਾ ਹੈ। ਇੱਥੇ ਸ੍ਵੈ ਜੀਵਨੀਕਾਰ ਲੇਖਕ ਮਿਲਣੀਆਂ, ਗੋਸ਼ਟੀਆਂ, ਤਾਰੀਫ ਪੱਤਰਾਂ ਦਾ ਜ਼ਿਕਰ ਕਰਦਾ ਪੰਜਾਬੀ ਕਹਾਣੀ ਦੇ ਤਤਕਾਲੀ ਹੁੰਗਾਰਿਆਂ ਨੂੰ ਰੌਚਿਕ ਵਰਨਣ ਸ਼ੈਲੀ ਨਾਲ ਪੇਸ਼ ਕਰਦਾ ਹੈ।

ਆਪਣੀ ਕਹਾਣੀ ਦੇ ਵਸਤੂ-ਚੇਤਨਾ ਪੱਖੋਂ ਕਿਰਸਾਨੀ ਜੀਵਨ ਦੇ ਕਹਾਣੀਕਾਰ' ਵਾਲੇ ਦੂਜੇ ਪੜਾਅ ਵਿਚ ਰਚਨਾਕਾਰ ਕਮਿਊਨਿਸਟ ਵਿਚਾਰਧਾਰਾ ਦੇ ਦੁਫੇੜ, ਨਿੱਕੀ ਕਿਸਾਨੀ ਦੇ ਦੁਖਾਂਤ, ਰਿਸ਼ਤਿਆਂ ਦੀਆਂ ਖਿਲਰਦੀਆਂ ਤੰਦਾਂ, ਆਰਥਿਕ-ਸਮਾਜਿਕ ਸਰੋਕਾਰ ਆਦਿ ਪਹਿਲੂਆਂ ਨੂੰ ਵੀਹਵੀ ਸਦੀ ਦੇ ਅੱਠਵੇਂ ਨੌਂਵੇਂ ਦਹਾਕੇ ਦੀ ਯੁੱਗ-ਬੋਧਤਾ ਤਹਿਤ ਕੇਂਦਰੀਕ੍ਰਿਤ ਕਰਦਾ ਆਪਣੇ ਕਹਾਣੀ ਸੰਗ੍ਰਹਿ 'ਅੰਗ ਸੰਗ' ਦੀ ਸਿਰਜਣ-ਪ੍ਰਕਿਰਿਆ ਤੇ ਸਿਰਜਣ ਸਰੋਤਾਂ ਦੀ ਚਰਚਾ ਕਰਦਾ ਹੈ। ਲੇਖਕ ਇਨ੍ਹਾਂ ਕਹਾਣੀਆਂ ਨੂੰ ਬਦਲਦੇ ਯਥਾਰਥ ਦੀ ਆਲੋਚਨਾਤਮ ਪੇਸ਼ਕਾਰੀ ਦਸਦਾ ਇਹਨਾਂ ਦੇ ਪਾਤਰਾਂ ਦੀ ਘਾੜਤ, ਕਥਾਨਕ ਸੰਗਠਨਤਾ, ਤਤਕਾਲੀ ਪ੍ਰਭਾਵ, ਸਿਰਜਣ-ਪਲਾਂ ਆਦਿ ਸੰਬੰਧੀ ਕੋਈ ਗੰਭੀਰ ਚਿੰਤਨ ਨਹੀਂ ਕਰਦਾ ਪਰ ਪੰਜਾਬ ਸੰਕਟ' ਨਾਲ ਜੁੜੀਆਂ ਕਹਾਣੀਆਂ ਦੀ ਵਿਸ਼ੇਗਤ ਚੇਤਨਾ ਨੂੰ ਲੇਖਕ ਜਦੋਂ ਵਿਚਾਰਧਾਰਕ ਨਿਸ਼ਚੇਵਾਦ ਤੋਂ ਮੁਕਤ ਰੱਖਣ ਸੰਬੰਧੀ ਰਚਨਾ ਦ੍ਰਿਸ਼ਟੀ ਨਾਲ ਜੋੜਦਾ ਹੈ ਤਾਂ ਸ੍ਵੈ ਜੀਵਨੀ ਦੀ ਪੜਤ ਸਾਤਵਿਕ ਤੇ ਇਸਦੀ ਪੇਸ਼ਕਾਰੀ ਯਥਾਰਥਕ ਜਾਪਦੀ ਹੈ। ਇੱਥੇ ਲੇਖਕ ਪੰਜਾਬ ਦੇ ਰਾਜਸੀ ਸੰਕਟ, ਸਮਾਜਿਕ ਆਰਥਿਕ ਬਦਲਾਅ, ਸਟੇਟ ਦੇ ਦਮਨ, ਉਠਦੇ ਹਥਿਆਰਬੰਦ ਵਿਦਰੋਹ, ਪ੍ਰਗਤੀਸ਼ੀਲਾਂ ਦੇ ਸਿਧਾਂਤਕ ਮੋਰਚੇ ਸੰਬੰਧੀ ਤੱਥਮੂਲਕ ਬਿਓਰੇ ਪੇਸ਼ ਕਰਦਾ ਇਕ ਪਾਸੇ ਸਮਕਾਲੀ ਦੌਰ ਦੇ ਵਿਚਾਰਧਾਰਾਈ ਧੁੰਦਵਾਦ ਨੂੰ ਪੇਸ਼ ਕਰਦਾ ਹੈ ਦੂਜੇ ਪਾਸੇ ਆਪਣੀ ਸਾਹਿਤ ਸਿਰਜਣਾ ਦੇ ਪ੍ਰਸੰਗ ਵਿਚ ਹੋਈਆਂ ਗੋਸ਼ਟੀਆਂ ਸੈਮੀਨਾਰਾਂ, ਸਾਹਿਤ ਸਮਾਗਮਾਂ ਵਿਚ ਮਿਲੀ ਪ੍ਰਸੰਸਾ ਨੂੰ ਅਧਿਕ ਪਰ ਨਿੰਦਾ ਨੂੰ ਘੱਟ ਤੋਂ ਘੱਟ ਮਾਤਰਾ ਵਿਚ ਅਭਿਵਿਅਕਤ ਕਰਦਾ ਹੈ।

ਪੁਸਤਕ ਦਾ ਕਾਂਡ 'ਜਗਦੇ ਬੁਝਦੇ ਦੀਵੇ' ਲੇਖਕ ਦੇ ਸਕੂਲ ਮਾਸਟਰੀ ਪਿਛੋਂ ਕਾਲਜ ਲੈਕਚਰਾਰ ਲੱਗਣ ਦੀ ਇੱਛਾ ਦੌਰਾਨ ਹੋਈ ਇੰਟਰਵਿਊ ਵਿਚ ਕਿਸੇ ਆਲੋਚਕ ਸਾਹਿਤਕਾਰ ਨਾਲ ਹੋਈ ਵਿਚਾਰਧਾਰਕ ਮੁੱਠਭੇੜ ਨੂੰ ਪੇਸ਼ ਕਰਦਾ ਲੇਖਕਾਂ, ਵਿਦਵਾਨਾਂ, ਬੁੱਧੀਜੀਵੀਆਂ ਦੀ ਕਿਤਾਬੀ ਪ੍ਰਤੀਬੱਧਤਾ' ਤੇ ਸਵਾਲ ਖੜ੍ਹਾ ਕਰਦਾ ਹੈ। ਸਵੈ ਜੀਵਨੀ ਦਾ ਸਭ ਤੋਂ ਪ੍ਰਭਾਵਸ਼ਾਲੀ ਨਿਬੰਧ 'ਕਹਾਣੀਆਂ ਦੇ ਪਲਟ ਵਾਰ' ਹੈ ਜਿੱਥੇ ਲੇਖਕ ਦੀਆਂ 'ਆਪਣਾ ਆਪਣਾ ਹਿੱਸਾ' , 'ਨੌ ਬਾਰਾਂ ਦਸ' ਡੂੰਮ ਆਦਿ ਕਹਾਣੀਆਂ ਦੇ ਨਾਇਕ ਚਿਤਰਣ ਤੇ ਵਿਚਾਰਧਾਰਾਈ ਆਧਾਰ ਲੇਖਕ ਦੀ ਸਿਧਾਂਤਕ ਅਤੇ ਵਿਹਾਰਕ ਜ਼ਿੰਦਗੀ ਨੂੰ ਤੱਕੜੀ ਦੇ ਦੋਹਾਂ ਪੱਲਿਆਂ ਵਿਚ ਰੱਖ ਦਿੰਦੇ ਹਨ।



ਪੁਸਤਕ ਵਿਚ ਰਚਨਾਕਾਰ ਨੇ ਆਪਣੀਆਂ ਵਾਰਤਕ ਪੁਸਤਕਾਂ ਦੀ ਰਚਨਾ ਪ੍ਰਕਿਰਿਆ ਬਾਰੇ ਅੱਡਰੇ ਲੇਖਾਂ ਵਿਚ ਵਿਚਾਰ ਚਿੰਤਨ ਕਰਦਿਆਂ ਪੰਜਾਬੀ ਵਿਚ ਵਾਰਤਕ ਲਿਖਾਰੀਆਂ ਦੀ ਬੇਕਦਰੀ ਸੰਬੰਧੀ ਪ੍ਰਸ਼ਨ ਉਠਾਇਆ ਹੈ। ਲੇਖਕ ਆਪਣੀਆਂ ਸਾਹਿਤਕ ਰਚਨਾਵਾਂ ਨੂੰ ਮਿਲੇ ਇਨਾਮਾਂ ਸਨਮਾਨਾਂ ਨੂੰ 'ਝੋਲੀ ਵਿਚ ਡਿੱਗੇ ਬੇਰ' ਦੱਸਦਾ ਹੈ ਜਿਹਨਾਂ ਬਾਰੇ ਇਸ ਕਾਂਡ ਦੇ ਆਖਰ ਵਿਚ ਕੀਤੀ ਨਿਮਨ ਟਿੱਪਣੀ ਲੇਖਕ ਦੀ ਆਤਮ ਪ੍ਰਸੰਸਾ, ਸਵੈ ਉੱਚਤਾ ਦੀ ਸਥਾਪਨਾ ਤੇ ਨਿਜਮੁਖੀ ਮਾਨਸਿਕਤਾ ਨੂੰ ਪ੍ਰਗਟ ਕਰਦੀ ਹੈ। (ਨਿਰਮਲ ਸੰਧੂ ਵਲੋਂ ਅੰਗਰੇਜ਼ੀ ਟ੍ਰਿਬਿਊਨ ਵਿਚ ਲਿਖੇ ਇਸ ਆਰਟੀਕਲ ਨੂੰ ਲੇਖਕ ਸਭ ਤੋਂ ਵੱਧ ਤਸੱਲੀ ਦੇਣ ਵਾਲਾ ਵੀ ਕਹਿੰਦਾ ਹੈ।)

ਵਰਿਆਮ ਸਿੰਘ ਸੰਧੂ ਨੂੰ ਸਾਹਿਤ ਅਕਾਦਮੀ ਦੇ ਇਨਾਮ ਲਈ ਚੁਣ ਕੇ ਅਕਾਦਮੀ ਨੇ 'ਪੱਖਪਾਤੀ' ਦੀ ਥਾਂ ਪ੍ਰਤਿਭਾ' ਨੂੰ ਸਿਰ ਝੁਕਾਇਆ ਹੈ। ਸ਼ਾਇਦ ਅਕਾਦਮੀ ਕੋਲ ਉਸਨੂੰ ਇਨਾਮ ਦੇਣ ਤੋਂ ਸਿਵਾ ਕੋਈ ਚਾਰਾ ਨਹੀਂ ਸੀ। ਵਰਿਆਮ ਨਾਲੋਂ ਇਸ ਇਨਾਮ ਦਾ ਵੱਧ ਹੱਕਦਾਰ ਕੌਣ ਹੈ? ਉਸਨੂੰ ਇਨਾਮ ਦੇ ਕੇ ਅਕਾਦਮੀ ਨੇ ਆਪਣੇ ਡਿਗਦੇ ਹੋਏ ਮਿਆਰ ਨੂੰ ਹੀ ਉੱਚਾ ਚੁੱਕਣ ਦੀ ਕੋਸ਼ਿਸ਼ ਕੀਤੀ ਹੈ।"

ਪੁਸਤਕ ਦੇ ਆਖਰੀ ਕਾਂਡਾਂ ਵਿਚ ਲੇਖਕ ਆਪਣੀ ਕਹਾਣੀ ਦੇ ਨਿੱਕੇ ਵੱਡੇ ਆਕਾਰ ਨਾਲੋਂ ਇਸਦੀ ਵਸਤੂ-ਦ੍ਰਿਸ਼ਟੀ ਨੂੰ ਉੱਚੀ ਮੰਨਦਾ 'ਵਾਪਸੀ' ਕਹਾਣੀ ਨੂੰ ਆਪਣੀ ਪਸੰਦੀਦੀ ਕਹਾਣੀ ਮੰਨਦਾ ਹੈ। ਪੁਸਤਕ ਵਿੱਚ ਰਚਨਾਕਾਰ ਨੇ ਪ੍ਰਤੀਕਾਤਮਕ ਰੂਪ ਵਿਚ ਆਪਣੇ 'ਸ਼ਰੀਕੇਬਾਜ' ਲੇਖਕਾਂ, ਸਟੇਟ ਦੀ ਮਸ਼ੀਨਰੀ ਨਾਲ ਟਕਰਾਅ ਤੇ ਸਾਹਿਤ-ਸੰਸਾਰ ਦੇ ਲੁਕਵੇਂ ਪਹਿਲੂਆਂ 'ਤੇ ਵੀ ਝਾਤ ਪਾਈ ਹੈ। ਪਰ ਚੌਥੇ ਪੜਾਅ ਦੀ ਕਥਾਕਾਰੀ ਤੇ ਨਵੇਂ ਲੇਖਕਾਂ ਬਾਰੇ ਪੁਸਤਕ ਵਿਚ ਇਕ ਪੰਕਤੀ ਵੀ ਨਹੀਂ ਲਿਖੀ।

ਸਵੈ ਜੀਵਨੀ ਵਿਧਾ ਵਿਅਕਤੀ ਪਰਕ ਅਧਿਐਨ ਦੀਆਂ ਸੀਮਾਵਾਂ ਕਾਰਨ ਅਤੇ ਨਿੱਜਵਾਦੀ ਦ੍ਰਿਸ਼ਟੀਕੋਣ ਤੋਂ ਰਚੀ ਜਾਂਦੀ ਹੋਣ ਕਰਕੇ ਜ਼ਿੰਦਗੀ ਦਾ ਅਧੂਰਾ, ਅਨਿਰਣੀਤ ਅਤੇ ਅਸਾਵਾਂ ਚਿਤਰਣ ਪੇਸ਼ ਕਰਦੀ ਹੈ। ਵਰਿਆਮ ਸੰਧੂ ਦੀ ਸਾਹਿਤਕ ਆਤਮ ਕਥਾ ਵੀ ਉਕਤ ਦੋਸ਼ਾਂ ਤੋਂ ਨਿਰਲੇਪ ਨਹੀਂ ਰਹਿ ਸਕੀ ਬੇਸ਼ਕ ਲੇਖਕ ਦੀ ਰਚਨਾ-ਸ਼ੈਲੀ ਮੰਤਰਮੁਗਧ ਕਰਨ ਵਾਲੀ ਹੈ ਪਰ ਰਚਨਾ ਦ੍ਰਿਸ਼ਟੀ ਵਿਚ ਆਤਮ ਨਿਰੀਖਣ ਨਾਲੋਂ ਆਤਮ ਸਮਰਥਨ ਦੀ ਭਾਵਨਾ ਭਾਰੂ ਹੈ। ਇਸ ਤੋਂ ਇਲਾਵਾ ਪੁਸਤਕ ਵਿਚ ਜਿੱਥੇ ਜਿੱਥੇ ਲੇਖਕ ਦਾ ਨਿੱਜ ਉਸਦੀ ਆਪਣੀ ਸੀਮਾ ਵਿਚ ਲਘੂ ਦ੍ਰਿਸ਼ਟੀ ਦਾ ਲਖਾਇਕ ਬਣਨ ਤੋਂ ਨਿਰਲੇਪ ਰਿਹਾ ਹੈ। ਉੱਥੇ ਉੱਥੇ ਪੁਸਤਕ ਵਿਚ ਸਮਾਜ-ਸਭਿਆਚਾਰ ਤੇ ਤਤਕਾਲੀ ਸਮੇਂ ਦੀ ਗਤੀਸ਼ੀਲਤਾ ਮਾਨਵੀ ਸੰਵੇਦਨਾ ਦੇ ਅੰਗ ਸੰਗ ਰਹਿ ਕੇ ਪੇਸ਼ ਹੋਈ ਹੈ। **ਸੰਪਰਕ- 94175-86028**

**ਪਰਵਾਜ਼ ਪ੍ਰਕਾਸ਼ਨ, ਜਲੰਧਰ ਵੱਲੋਂ**

**ਨੇੜੇ ਭਵਿੱਖ ਵਿਚ ਛਪ ਰਹੀ**

**ਹਿੰਦੀ ਦੇ ਪ੍ਰਸਿੱਧ ਲੇਖਕ**

**ਸ਼ਿਓਰਾਜ ਸਿੰਘ ਬੇਚੈਨ**

**ਦੀ ਦਲਿਤ ਸਵੈ ਜੀਵਨੀ ਦਾ ਪੰਜਾਬੀ ਅਨੁਵਾਦ**


**ਮੇਰਾ ਬਚਪਨ ਮੇਰੇ ਮੋਢੇ**

**ਅਨੁਵਾਦ ਬਲਬੀਰ ਮਾਧੋਪੁਰੀ**

**ਪਰਵਾਜ਼ ਪ੍ਰਕਾਸ਼ਨ**

**e.mail:parwazparkashan@gmail.com**
**Vill. Dharampur, P.O. Khamber,**
**Distt. Jalandhar-144026,Mob. 94170-64350**

# ਕਾਲ ਚੱਕਰ : ਲਿਬਡੋ ਤੇ ਸੁਪਰਈਗੋ ਦਰਮਿਆਨ ਤਨਾਵਾਂ ਤੇ ਟਕਰਾਵਾਂ ਦਾ ਕਥਾ ਸਿਰਜਨ / - ਡਾ. ਸਤਿੰਦਰ ਸਿੰਘ




ਗਲਪਕਾਰ ਤਲਵਿੰਦਰ ਸਿੰਘ ਆਪਣੀ ਰਚਨਾ ਦ੍ਰਿਸ਼ਟੀ ਕਥਾ ਵਸਤੂ ਤੇ ਕਥਾਕਾਰੀ ਕਰਕੇ ਗਲਪ ਦੀਆਂ ਦੋਹਾਂ ਵਿਧਾਵਾਂ ਦਾ ਵਿਸ਼ੇਸ਼ ਤੇ ਵਿਲੱਖਣ ਹਸਤਾਖ਼ਰ ਹੈ। 'ਯੋਧੇ' ਜਿਹੇ ਸੁਪ੍ਰਸਿੱਧ ਨਾਵਲ ਤੋਂ ਇਲਾਵਾ ਰਾਤ ਚਾਨਣੀ, ਨਾਇਕ ਦੀ ਮੌਤ, ਵਿਚਲੀ ਔਰਤ, ਇਸ ਵਾਰ ਜਿਹੇ ਕਹਾਣੀ ਸੰਗ੍ਰਹਿ ਉਸਦੀ ਗਲਪ ਪ੍ਰਤਿਭਾ ਦੇ ਜਾਮਨ ਹਨ। ਮਨੁੱਖੀ ਮਨ ਦੇ ਦਮਿਤ ਭਾਵਾਂ ਦੀ ਹਰਕਤ ਦੇ ਮਨੁੱਖੀ ਵਿਹਾਰ ਵਿਚ ਢਲਣ ਅਤੇ ਇਸਦੇ ਸਮਾਜਿਕ ਮੁੱਲ ਪ੍ਰਬੰਧ ਨਾਲ ਤਨਾਓ ਤੇ ਟਕਰਾਓ ਨੂੰ ਸਿਰਜਣਾ ਤਲਵਿੰਦਰ ਦੀ ਗਲਪ-ਦ੍ਰਿਸ਼ਟੀ ਦਾ ਅਹਿਮ ਪਹਿਲੂ ਹੈ। ਇਹ ਦ੍ਰਿਸ਼ਟੀ ਉਸਦੇ ਨਵ-ਪ੍ਰਕਾਸ਼ਿਤ ਕਹਾਣੀ ਸੰਗ੍ਰਹਿ 'ਕਾਲ ਚੱਕਰ' ਵਿਚ ਵੀ ਕਈ ਪਰਤਾਂ ਤੇ ਪਾਸਾਰਾਂ ਸਹਿਤ ਹਾਜ਼ਰ ਹੋਈ ਹੈ। ਮਨੁੱਖੀ ਮਨ ਦੇ ਹਨੇਰੇ ਖੂੰਜਿਆਂ ਦੀਆਂ ਪਰਤਾਂ ਉਠਾਉਣ, ਲਿਬਿਡੋ ਸ਼ਕਤੀ ਭਾਵ ਦਮਿਤ ਉਤੇਜਨਾਵਾਂ ਦੇ ਮਨੁੱਖੀ ਵਿਹਾਰ ਵਿਚ ਦਖ਼ਲ ਅੰਦਾਜ਼ ਹੋਣ ਦੇ ਵਿਲੱਖਣ ਤੇ ਵਿਭਿੰਨ ਪਹਿਲੂਆਂ ਨੂੰ ਸਿਰਜਣਾ ਵਿਸ਼ਵੀਕਰਨ ਤੇ ਪਿਛਲੇਰੇ ਪੂੰਜੀਵਾਦ ਦਾ ਸਥਾਨਕ ਸਮਾਜਾਂ ਦੇ ਸਭਿਆਚਾਰ, ਅਰਥ ਵਿਵਸਥਾ ਅਤੇ ਜੀਵਨ-ਮੁੱਲਾਂ ਤੇ ਅਸਰ, ਸਥਾਨਕ ਸਮਾਜਾਂ ਦਾ ਇਨ੍ਹਾਂ ਦੀ ਚਕਾਚੌਂਧ ਦੇ ਭੁਲਾਵੇ ਵਿਚ ਗੁਆਚਣਾ, ਪਿੰਡ ਪੱਧਰ ਤੇ ਸਰਮਾਏਦਾਰੀ ਦਾ ਅਸਰ, ਕਿਰਸਾਨੀ ਸੰਕਟ ਜਿਹੇ ਸਮਾਜਕ, ਮਨੋਵਿਗਿਆਨਕ ਵਿਸ਼ੇ ਇਸ ਸੰਗ੍ਰਹਿ ਵਿਚ ਪੇਸ਼ ਹੋਏ ਹਨ।

ਸੰਗ੍ਰਹਿ ਵਿਚਲੀ ਪਹਿਲੀ ਕਹਾਣੀ 'ਦੁੱਧ ਪੁੱਤ' ਪੇਂਡੂ ਪਰਿਦ੍ਰਿਸ਼ ਉਪਰ ਸਰਮਾਏਦਾਰੀ ਦੇ ਕਾਬਜ਼ ਹੋਣ ਅਤੇ ਪੂੰਜੀਵਾਦੀ ਘਰਾਣਿਆਂ ਦੁਆਰਾ ਪ੍ਰਸਾਰਿਤ ਤੇ ਪ੍ਰਵਾਨਿਤ ਬਜ਼ਾਰੂ ਪਦਾਰਥਕ ਸਟੇਟਸ ਕੋ ਵਾਲੀ ਖਰਚਖਾਹ ਜੀਵਨ ਜਾਚ ਦੀ ਪਿਛਲੱਗ ਬਣੀ ਛੋਟੀ ਕਿਰਸਾਨੀ ਦੀ ਨਵੀਂ ਪੀੜ੍ਹੀ ਦੇ ਪੜ੍ਹੇ ਲਿਖੇ ਅੱਧਪੜ੍ਹ ਪੁੱਤਾਂ ਦੇ 'ਫੁੱਟ ਜਾਣ' ਦੀ ਕਹਾਣੀ ਹੈ। ਉਜਾਗਰ ਸਿੰਘ ਇੰਗਲੈਂਡੀਆਂ ਪੁੱਤਰਾਂ ਦੇ ਇੰਗਲੈਂਡ ਤੋਂ ਭੇਜੇ ਡਾਲਰਾਂ ਸਦਕਾ ਪਿੰਡ ਦੀ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਬਣਦਾ ਹੈ ਤੇ ਰਾਜਸੀ ਪਾਰਟੀਆਂ ਨੂੰ ਪਾਰਟੀ ਫੰਡ ਦੇ ਕੇ ਪਾਰਟੀਆਂ ਵਿਚ ਆਪਣੀ ਪੈਂਠ ਬਣਾਉਂਦਾ ਹੈ। ਜਦਕਿ ਸੂਰਤ ਸਿੰਘ ਜਿਹਾ ਛੋਟਾ ਕਿਰਸਾਨ ਆਪਣੇ ਨੂੰਹ-ਪੁੱਤ ਦੀ ਫੋਕੀ ਸ਼ਾਨ-ਓ-ਸ਼ੌਕਤ ਵਾਲੀ ਜ਼ਿੰਦਗੀ ਦੇ ਚਲਦਿਆਂ ਬੇਜ਼ਮੀਨਾ ਹੋਣ ਦੀ ਕਗਾਰ ਤੇ ਆ ਖਲੌਂਦਾ ਹੈ। ਸਧਾਰਨ ਜ਼ਿੰਦਗੀ ਤੋਂ ਹਟ ਕੇ ਪਦਾਰਥਕ ਸਟੇਟਸ ਕੋ ਵਾਲੀ ਜ਼ਿੰਦਗੀ ਮਹਿੰਗੇ ਖੇਤੀ ਸੰਦਾਂ, ਵਿਆਹਾਂ ਵਿਚ ਵਿਤੋਂ ਬਾਹਰੇ ਖਰਚ, ਕਿਸਾਨ ਦਾ ਹੱਥੀਂ ਕਿਰਤ ਕਰਨ ਤੋਂ ਪਿਛੇ ਹਟਣਾ ਕਰਜਾ ਨੀਤੀਆਂ ਅਜਿਹੇ ਕਾਰਨ ਹਨ ਜੋ ਕਹਾਣੀਕਾਰ ਦੀ ਦ੍ਰਿਸ਼ਟੀ ਮੁਤਾਬਿਕ ਕਿਰਸਾਨੀ ਸੰਕਟ ਦੇ ਬਾਇਜ਼ ਬਣਦੇ ਹਨ। 'ਕਾਲ ਚੱਕਰ', 'ਗਲੇਸ਼ੀਅਰ', 'ਤ੍ਰਿੰਞਣ', 'ਕਸੀਰ', 'ਵਾਵਰੋਲੇ' ਕਹਾਣੀਆਂ ਮਨੁੱਖੀ ਮਨ ਅੰਦਰ ਦਮਿਤ ਕਾਮ ਉਤੇਜਨਾਵਾਂ ਦੇ ਸਮੇਂ ਸਮੇਂ ਉਭਰਨ ਅਤੇ ਇਸ ਉਭਾਰ ਦੇ ਸਮਾਜਿਕ ਮੁੱਲ ਵਿਧਾਨ ਨਾਲ ਪੈਂਦੇ ਤਨਾਵਾਂ ਤੇ ਟਕਰਾਵਾਂ ਦੇ ਵਿਭਿੰਨ ਪਹਿਲੂਆਂ ਨੂੰ ਉਜਾਗਰ ਕਰਨ ਵਾਲੀਆਂ ਹਨ। 'ਕਾਲ



ਚੱਕਰ' ਕਹਾਣੀ ਮਨੁੱਖ ਦੇ ਕਾਮੁਕ ਵਿਹਾਰ ਦੇ ਦੋ ਵੱਖਰੇ ਪਹਿਲੂਆਂ ਨੂੰ ਸਿਰਜਦੀ ਹੈ, ਇਕ ਪਾਸੇ ਇਹ ਉਤੇਜਨਾ 'ਹਾਬੜੇ ਪਨ' ਦਾ ਰੂਪ ਲੈ ਰਹੀ ਹੈ, ਐਸੀ ਅਗਨ ਦਾ ਰੂਪ ਜਿਸ ਅੱਗੇ ਜੋ ਵੀ ਆਉਂਦਾ ਹੈ, ਉਸ ਨੂੰ ਆਪਣੇ ਕਲੇਵਰ ਵਿਚ ਵਲਣਾ ਚਾਹੁੰਦੀ ਹੈ। ਦਾਰ ਜੀ ਦਾ ਕਾਮੁਕ ਵਿਹਾਰ ਕੁਝ ਅਜਿਹੇ ਰੂਪ ਵਿਚ ਹੀ ਪੇਸ਼ ਹੈ। ਦੂਜਾ ਪੱਖ ਪ੍ਰਥਮ ਪੁਰਖ ਦਾ ਹੈ, ਜੋ ਆਪਣੇ ਪਿਤਾ ਦੇ ਅਜਿਹੇ ਵਿਹਾਰ ਨੂੰ ਵੇਖਦਾ ਰਿਹਾ ਹੈ ਤੇ ਇਸ ਨੂੰ ਨਫ਼ਰਤ ਕਰਦਾ ਹੈ, ਉਸ ਅੰਦਰ ਇਹ ਭਾਵਨਾ ਦਮਿਤ ਰੂਪ ਵਿਚ ਪਈ ਰਹੀ ਜੋ ਉਮਰ ਦੇ ਅਗਲੇਰੇ ਪੜਾਅ ਤੇ ਜਾ ਕੇ ਉੱਭਰਦੀ ਹੈ। ਸਾਰੀਆਂ ਸੋਚਾਂ ਸਿਆਣਪਾਂ ਤੇ ਸੰਜਮ ਦੇ ਬਾਵਜੂਦ ਉਹ ਉਸ ਕਾਰਜ ਵਿਚ ਪੈਂਦਾ ਹੈ, ਜਿਸ ਕਰਕੇ ਉਹ ਆਪਣੇ ਪਿਤਾ ਨੂੰ ਸਾਰੀ ਉਮਰ ਨਫ਼ਰਤ ਕਰਦਾ ਆਇਆ ਸੀ। ਇਹ ਪੂਰਤੀ ਉਸ ਨੂੰ ਸੰਤੁਸ਼ਟੀ ਨਹੀਂ ਬਲਕਿ ਪਛਤਾਵਾਂ ਦਿੰਦੀ ਹੈ। ਬਿਲਕੁਲ ਅਜਿਹੀ ਹੀ ਸਥਿਤੀ 'ਕਸੀਰ' ਕਹਾਣੀ ਦੇ ਪਾਤਰ ਮਾਸਟਰ ਹਰਬਿਲਾਸ ਦੀ ਹੈ, ਜੋ ਜਵਾਨੀ ਦੀ ਉਮਰ ਵਿਚ ਆਪਣੇ ਆਪ ਨੂੰ ਸੰਜਮ ਵਿਚ ਬੰਨ੍ਹੀ ਰੱਖਦਾ ਹੈ, ਨਾਜਾਇਜ਼ ਸੰਬੰਧ ਰੱਖਣ ਵਾਲੇ ਉਸਦੇ ਆਦਰਸ਼ੱਕ ਵਿਅਕਤੀ ਉਸਦੀਆਂ ਨਜ਼ਰਾਂ ਚੋਂ ਡਿਗਦੇ ਹਨ। ਵਿਆਹੁਤਾ ਜੀਵਨ ਸੰਤੋਸ਼ਜਨਕ ਤੇ ਵਿਸ਼ਵਾਸਯੋਗ ਨਾ ਹੋਣ ਦੇ ਬਾਵਜੂਦ ਉਹ ਆਪਣੇ ਆਦਰਸ਼ ਤੇ ਕਾਇਮ ਰਹਿੰਦਾ ਹੈ, ਪਰ ਅਖੀਰ ਆਪਣੀ ਧੀ ਦੀ ਹਮਉਮਰ ਵਿਦਿਆਰਥਣ ਕੁੜੀ ਨਾਲ ਸਰੀਰਕ ਸੰਬੰਧ ਬਣਾ ਲੈਂਦਾ ਹੈ। ਛਿਣ ਭਰ ਦੀ ਸੰਤੁਸਟੀ ਤੇ ਫਿਰ ਪਛਤਾਵਾ। ਚਿਰਾਂ ਤੋਂ ਦੱਬੀਆਂ ਭਾਵਨਾਵਾਂ ਦੀ ਪੂਰਤੀ ਸੰਤੁਸ਼ਟੀ ਦੇ ਰਹੀ ਹੈ ਤੇ ਫਿਰ ਚੇਤੰਨ ਪੱਧਰ ਤੇ ਮਨੁੱਖ ਦਾ ਆਪਣਾ ਸੱਚ ਬਣ ਚੁੱਕੇ ਨੈਤਿਕ ਮੁੱਲ ਪਛਤਾਵਾ ਦਿੰਦੇ ਹਨ। ਦੋਹਾਂ ਸ਼ਕਤੀਆਂ ਦੇ ਭੇੜ ਵਿਚ ਮਨੁੱਖੀ ਮਨ-ਮਸਤਕ ਕੁਰੁਕਸ਼ੇਤਰ ਬਣਿਆ ਪਿਆ ਹੈ।

'ਗਲੇਸ਼ੀਅਰ' ਆਪਣੀ ਉਮਰ ਹੰਢਾ ਕੇ ਆਪਣੀ ਮੌਤ ਮਰਦੇ ਨਾਜ਼ਾਇਜ਼ ਸੰਬੰਧਾਂ ਦੀ ਕਥਾ ਹੈ। ਪ੍ਰਥਮ ਪੁਰਖ ਅਤੇ ਦੀਪਕ ਸਵਰਾਜ ਨਾਲ ਸਾਂਝਾ ਰਿਸ਼ਤਾ ਸਥਾਪਿਤ ਕਰਦੇ ਹਨ ਜੋ ਸ਼ੁਰੂਆਤੀ ਦੌਰ ਵਿਚ ਪੂਰੇ ਰੁਮਾਂਚ ਤੇ ਉਤੇਜਨ ਨਾਲ ਭਰਪੂਰ ਹੈ ਪਰ ਸਮੇਂ ਨਾਲ ਰੁਮਾਂਚ ਤੇ ਉਤੇਜਨਾ ਦੇ ਇਹ ਗਲੇਸ਼ੀਅਰ ਖੁਰਨ ਲਗਦੇ ਹਨ। 'ਗਲੇਸ਼ੀਅਰ' ਵਿਚਲਾ ਇਹ ਨਾਜਾਇਜ਼ ਸੰਬੰਧ ਸਾਮਾਜਿਕ ਪੱਧਰ ਤੇ ਬਿਨਾਂ ਕਿਸੇ ਵਡੇਰੀ ਰੁਕਾਵਟ ਦੇ ਆਪਣੀ ਅਉਧ ਹੰਢਾ ਕੇ ਮਰਦਾ ਹੈ ਜਦਕਿ ਇਸਦੇ ਬਿਲਕੁਲ ਉਲਟ 'ਤ੍ਰਿੰਞਣ' ਵਿਚ ਅਜਿਹੇ ਸੰਬੰਧਾਂ ਦੇ ਚਲਦਿਆਂ ਸਮਾਜ ਧੀਆਂ-ਭੈਣਾਂ ਦੀ ਬਲੀ ਲੈਂਦਾ ਹੈ। ਭੂਆ ਕੇਸਰੋ, ਵੀਰੋ , ਮਿੰਦਰ, ਗੁੱਜਰ ਪਿੰਡ ਦੀ ਦਲਿਤ ਕੁੜੀ ਚੰਦਰਿਕਾ ਤੇ ਸਰੋਜ ਅਜਿਹੇ ਸੰਬੰਧਾਂ ਦੇ ਚਲਦਿਆਂ ਆਪਣਿਆਂ ਹੱਥੋਂ ਕਤਲ ਹੁੰਦੀਆਂ ਹਨ। ਦਮਿਤ ਖਾਹਸ਼ਾਂ ਸਮਾਜਿਕ ਮੁੱਲ ਪ੍ਰਬੰਧ ਅੱਗੇ ਆਪਣੀ ਹੋਣੀ ਭੋਗਦੀਆਂ ਹਨ, ਪਰ ਵਿਚਾਰਨਯੋਗ ਪਹਿਲੂ ਇਹ ਕਿ ਅੰਜ਼ਾਮ ਨੂੰ ਜਾਣਦੇ ਹੋਏ ਵੀ ਇਹ ਭਾਵਨਾਵਾਂ ਉਠਦੀਆਂ ਹਨ ਤੇ ਬੇਕਾਬੂ ਹੁੰਦੀਆਂ ਹਨ। ਮਨੋਭਾਵਾਂ ਦੀ ਅਜਿਹੀ ਹੀ ਅੱਥਰੀ ਸੁਰ ਕਹਾਣੀ 'ਵਾਵਰੋਲੇ' ਵਿਚ ਪੇਸ਼ ਹੋਈ ਹੈ। ਅਵਤਾਰ ਅਤੇ ਜੋਤੀ ਮੂੰਹ ਬੋਲੀ ਭੈਣ-ਭਰਾ ਦੇ ਰਿਸ਼ਤੇ ਦੀ ਆੜ ਹੇਠ ਨਾਜਾਇਜ਼ ਸੰਬੰਧ ਹੰਢਾਉਂਦੇ ਹਨ। ਪਤਨੀ ਅਤੇ ਪਰਿਵਾਰ ਵਿਚ ਨਸ਼ਰ ਹੋਣ ਦੇ ਬਾਵਜੂਦ ਅਵਤਾਰ ਬਾਗੀ ਹੋ ਕੇ ਇਸ ਸੰਬੰਧ ਵੱਲ ਉਲਾਰ ਰਹਿੰਦਾ ਹੈ। ਦੂਜੇ ਪਾਸੇ ਪਤਨੀ ਜਿੰਦਰ ਦਾ ਪੱਖ ਪੇਸ਼ ਹੁੰਦਾ ਹੈ ਜੋ ਇਸ ਸਭ ਨੂੰ ਚੁੱਪ ਚਾਪ ਨਹੀਂ ਸਹਿੰਦੀ ਸਗੋਂ ਵਿਰੋਧ ਜ਼ਾਹਰ ਕਰਦੀ ਹੈ, ਮਾਨਸਿਕ ਤਵਾਜ਼ਨ ਵੀ ਗਵਾਉਂਦੀ ਹੈ, ਪਰ ਅਖ਼ੀਰ ਆਪਣੀ ਜ਼ਿੰਦਗੀ ਆਪਣੀ ਮਰਜ਼ੀ ਮੁਤਾਬਿਕ ਜਿਊਣ ਦਾ ਫ਼ੈਸਲਾ ਕਰਦੀ ਅਵਤਾਰ ਤੋਂ ਮੂੰਹ ਮੋੜਦੀ ਹੈ, ਨਾਜਾਇਜ਼ ਸੰਬੰਧਾਂ ਦੇ ਅਨੇਕ ਪਰਿਪੇਖ ਸਿਰਜਦੀਆਂ ਇਹ ਕਹਾਣੀਆਂ ਮਨੁੱਖੀ ਮਨ ਦੇ ਕਈ ਬਾਰੀਕ ਪਹਿਲੂਆਂ ਸੰਬੰਧੀ ਕਈ ਪ੍ਰਸ਼ਨ ਸਿਰਜਦੀਆਂ ਹਨ।

'ਲੇਜ਼ਰ ਸੋਅ' ਕਹਾਣੀ ਮਹਾਂਨਗਰਾਂ ਵਿਚ ਸਰਮਾਏਦਾਰੀ ਦੁਆਰਾ ਉਸਾਰੇ ਜਾ ਰਹੇ ਬਜ਼ਾਰ ਅਤੇ ਇਸ ਬਾਜ਼ਾਰੀ ਚਕਾਚੌਂਧ ਦੇ ਮਾਇਆ ਜਾਲ' ਦੀ ਗ੍ਰਿਫ਼ਤ ਵਿਚ ਆ ਰਹੀ ਜ਼ਿੰਦਗੀ ਦੇ ਸੰਕਟਾਂ ਉਤੇ ਦ੍ਰਿਸ਼ਟੀ ਪਾਉਣ ਵਾਲੀ ਕਹਾਣੀ ਹੈ। ਸੰਦੀਪ ਆਪਣੀ ਜਵਾਨ ਧੀ 'ਮਾਇਆ' ਨੂੰ ਲੈ ਕੇ ਸ਼ਹਿਰ ਵਿਚ ਨਵੇਂ ਖੁੱਲ੍ਹੇ ਮਾਲ਼' ਦੇ ਉਤਘਾਟਨੀ ਸਮਾਰੋਹ ਵਿਚ ਲੈ ਕੇ ਜਾਂਦਾ ਹੈ। ਜਿਥੋਂ ਦੀ 'ਫੈਸ਼ਨ ਪਰੇਡ' ਤੇ 'ਡਾਂਸ' ਵਿਚ ਮਾਇਆ ਐਸਾ ਗੁਆਚਦੀ ਹੈ ਕਿ ਪਿਤਾ ਦੀ ਪਹੁੰਚ ਤੋਂ ਦੂਰ ਹੋ ਜਾਂਦੀ ਹੈ। ਸਰਮਾਏਦਾਰੀ ਦੁਆਰਾ ਆਪਣੇ

ਮੁਨਾਫ਼ਾ ਹਿੱਤਾਂ ਲਈ ਸਮਾਜ ਨੂੰ ਅਜਿਹਾ 'ਜਸ਼ਨਨੁਮਾ' ਬਾਜ਼ਾਰ ਤੇ ਸੋਚ ਦਿੱਤੀ ਜਾ ਰਹੀ ਹੈ ਜਿਸ ਦੀ ਰੌਸ਼ਨੀ ਪਿਛੇ ਲੁਕਿਆ ਹਨ੍ਹੇਰਾ ਥੋੜ੍ਹੀ ਕੀਤੀ ਦਿਖਾਈ ਨਹੀਂ ਦਿੰਦਾ। ਨਵੀਂ ਪੀੜ੍ਹੀ ਇਸ ਖਪਤ ਸਭਿਆਚਾਰ ਦੇ ਦਿੱਤੇ 'ਜੰਕ ਕਲਚਰ' ਵਿਚ ਅਸਾਨੀ ਨਾਲ ਖਚਿਤ ਹੋ ਰਹੀ ਹੈ ਅਤੇ ਮਾਪਿਆਂ ਦੀ ਪਹੁੰਚ ਤੋਂ ਬਾਹਰ ਹੁੰਦੀ ਜਾ ਰਹੀ ਹੈ।

'ਧਰਤ ਸੁਹਾਵੀ' ਅਤੇ 'ਪਾਂਡੀ' ਕਹਾਣੀਆਂ ਦੇਸ਼ ਵੰਡ ਦੇ ਮਾਨਵੀ ਦੁਖਾਂਤ ਨੂੰ ਆਪਣਾ ਵਿਸ਼ਾ ਬਣਾਉਂਦੀਆਂ ਹਨ। 'ਧਰਤ ਸੁਹਾਵੀ' ਦੇਸ਼ ਵੰਡ ਸਮੇਂ ਜ਼ਿੰਦਗੀ ਤੇ ਇੱਜ਼ਤ ਦੀ ਖਾਤਰ ਹੋਏ ਧਰਮ ਪਰਿਵਰਤਨ ਅਤੇ ਮੂਲ ਧਰਮ ਦੀਆਂ ਡੂੰਘੀਆਂ ਅਵਚੇਤਨੀ ਜੜ੍ਹਾਂ ਦੀ ਬਾਤ ਪਾਉਂਦੀ ਹੈ। ਕਰਮਦੀਨ ਆਪਣੀ ਧੀ ਸ਼ੀਦਾਂ ਨੂੰ ਉਸਦੀ ਜ਼ਿੰਦਗੀ ਤੇ ਇੱਜ਼ਤ ਖ਼ਾਤਰ ਆਪਣੇ ਸਿੱਖ ਦੋਸਤ ਦੇ ਮੁੰਡੇ ਨਾਲ ਵਿਆਹੁਦਾ ਹੈ ਅਤੇ ਧਰਮ ਪਰਿਵਰਤਿਤ ਕਰਕੇ ਸਿੱਖ ਬਣਦਾ ਹੈ। ਸ਼ੀਦਾਂ ਅਮ੍ਰਿਤ ਛਕ ਕੇ ਅਮ੍ਰਿਤ ਕੌਰ ਬਣਦੀ ਹੈ। ਸਿੱਖ ਮਰਿਆਦਾ ਵਿਚ ਜ਼ਿੰਦਗੀ ਜਿਉਂਦੀ ਹੈ। ਪਰ ਕਿਧਰੇ ਅਵਚੇਤਨ ਵਿਚ ਮੂਲ ਧਰਮ ਦੇ ਅਵਸੇਸ਼ ਬਣੇ ਰਹਿੰਦੇ ਹਨ,

ਕਦੀ ਕਦੀ ਸਿਆਲੀ ਦਿਨਾਂ ਵਿਚ ਮੈਂ ਅੰਮੀ ਨੂੰ ਕੋਠੇ 'ਤੇ ਧੁੱਪੇ ਬੈਠਿਆਂ ਮਸੀਤ ਦੇ ਢਹਿੰਦੇ ਗੁੰਬਦਾਂ ਵੱਲ ਬੜੀ ਅਜੀਬ ਜਿਹੀ ਨਜ਼ਰੇ ਤੱਕਦਿਆਂ ਵੇਖਿਆ ਸੀ। (ਪੰਨਾ 65)

ਇੰਜ ਹੀ 'ਪਾਂਡੀ' ਕਹਾਣੀ ਵੀ ਦੇਸ਼ ਵੰਡ ਕਾਰਨ ਪੀੜ੍ਹੀਆਂ ਤਾਈਂ ਵਿਛੋੜੇ ਦਾ ਦੁਖਾਂਤ ਭੋਗਦੇ ਪਰਿਵਾਰਾਂ ਦੇ ਮਾਨਵੀ ਦਰਦ ਦੀ ਕਹਾਣੀ ਹੈ। ਕਹਾਣੀਕਾਰ ਦੀ ਬਿਰਤਾਂਤ ਕਲਾ ਬਾਰੇ ਸੰਖਿਪਤ ਗੱਲ ਕੀਤੀ ਜਾਵੇ ਤਾਂ ਕਹਾਣੀਕਾਰ ਬਾਹਰੀ ਸਥਿਤੀਆਂ, ਘਟਨਾਵਾਂ ਤੇ ਵਾਰਤਾਲਾਪਾਂ ਤੋਂ ਤੁਰ ਕੇ ਪਾਤਰਾਂ ਦੀ ਬਣਦੀ ਢਹਿੰਦੀ ਮਨੋ ਸਥਿਤੀ ਦੀਆਂ ਪਰਤਾਂ ਫਰੋਲਣ ਵੱਲ ਤੁਰਦਾ ਹੈ। ਬਾਹਰੀ ਤਨਾਵਾਂ, ਟਕਰਾਵਾਂ ਨਾਲੋਂ ਵਧੇਰੇ ਉਹ ਮਨ ਦੀ ਖਿਚੋਤਾਣ ਨੂੰ ਸਿਰਜਦਾ ਹੈ। ਪਾਤਰਾਵਲੀ ਵਧੇਰੇ ਕਰਕੇ ਇਕ ਵਿਸ਼ੇਸ਼ ਤਬਕੇ ਤੇ ਵਿਸ਼ੇਸ਼ ਉਮਰ ਨਾਲ ਸੰਬੰਧਿਤ ਹੈ। ਕਹਾਣੀਆਂ ਦਾ ਕੇਂਦਰੀ ਮਸਲਾ ਚਾਹੇ ਕਿ ਮੁੱਖ ਰੂਪ ਵਿਚ ਨਾਜਾਇਜ਼ ਸੰਬੰਧਾਂ ਅਤੇ ਦਮਿਤ ਕਾਮ ਭਾਵਨਾਵਾਂ ਨਾਲ ਸੰਬੰਧਿਤ ਰਿਹਾ ਹੈ ਫਿਰ ਵੀ ਮੰਨਣਾ ਪਵੇਗਾ ਕਿ ਇਸ ਦੇ ਵੱਖ ਵੱਖ ਪਹਿਲੂਆਂ ਤੇ ਪਾਸਾਰਾਂ ਨੂੰ ਸਿਰਜਣ ਦਾ ਯਤਨ ਹੋਇਆ ਹੈ। **(ਸੰਪ. 98880-51362)**


**ਨਵ ਸਾਖਰਾ ਲਈ ਇਕ ਕਹਾਣੀ ਦੀ ਕਿਤਾਬ**



ਮੂਲ ਲੇਖਕ: ਭਗਵੰਤ ਰਸੂਲਪੁਰੀ
ਅਨੁਵਾਦ: ਡਾ. ਸੁਨੀਤਾ
ਮੁੱਲ : 15, ਪੰਨੇ : 20

**ਨਹਿਰੂ ਬਾਲ ਪੁਸਤਕ ਮਾਲਾ ਦੀ ਅਨੁਵਾਦ ਕਿਤਾਬ**




ਮੂਲ ਲੇਖਕ: ਦੁਰਲੱਭ ਭੱਟਾਚਾਰੀਆ
ਅਨੁਵਾਦ: ਭਗਵੰਤ ਰਸੂਲਪੁਰੀ
ਮੁੱਲ : 40, ਪੰਨੇ : 40

***ਪ੍ਰਕਾਸ਼ਕ: ਨੈਸ਼ਨਲ ਬੁੱਕ ਟਰੱਸਟ, ਇੰਡੀਆ***




## ਸਮਕਾਲੀ ਪਰਸਥਿਤੀਆਂ ਅੰਦਰ ਪੰਜਾਬੀ ਮਨੁੱਖ ਦਾ ਪ੍ਰਵਚਨ 'ਕਥਾ ਇਸ ਯੁੱਗ ਦੀ'/ -ਡਾ. ਸਾਕ ਮੁਹੰਮਦ




ਬਲਬੀਰ ਪਰਵਾਨਾ ਇਕ ਸਤਰਕ, ਤਤਵੇਤਾ ਤੇ ਬਹੁ-ਵਿਧਾਵੀ ਸਾਹਿਤਕਾਰ ਹੈ। ਉਸ ਨੇ ਪੰਜਾਬੀ ਪੱਤਰਕਾਰੀ ਦੇ ਵਸਤੂ ਯਥਾਰਥ ਵਾਲੇ ਅਜਿਹੇ ਨੁਕਤੇ ਉਭਾਰੇ ਹਨ, ਜਿਨ੍ਹਾਂ ਨਾਲ ਪੰਜਾਬੀ ਨਾਵਲ ਜਗਤ ਵਿਚ ਵਸਤੂ ਵਜੋਂ ਵਿਸਥਾਰ ਹੋਇਆ। 'ਕਥਾ ਇਸ ਯੁੱਗ ਦੀ' ਨਾਵਲ ਵਿਚ ਨਾਵਲਕਾਰ ਪੱਤਰਕਾਰੀ ਦੇ ਯਥਾਰਥ ਨੂੰ ਬਿਰਤਾਂਤਕ ਚਿੱਤਰਪੱਟ 'ਤੇ ਉਭਾਰਦਾ ਹੋਇਆ ਵਿਸ਼ਵੀਕਰਨ ਦੇ ਅਜੋਕੇ ਯੁੱਗ ਵਿਚ ਪੰਜਾਬੀ ਸਮਾਜ ਦੇ ਸ਼ਹਿਰਾਂ ਤੇ ਪਿੰਡਾਂ ਅੰਦਰ ਆਏ ਪਰਿਵਰਤਨਾਂ ਨੂੰ ਰੂਪਾਂਤਰਿਤ ਕਰਦਾ ਹੈ।

'ਕਥਾ ਇਸ ਯੁੱਗ ਦੀ' ਨਾਵਲ ਮੂਲ ਰੂਪ ਵਿਚ ਪਰਵਾਨੇ ਦੇ ਪਹਿਲੇ ਤਿੰਨ ਨਾਵਲਾਂ 'ਗਹਿਰ ਚੜ੍ਹੀ ਅਸਮਾਨ', ਆਪਣੇ ਆਪਣੇ ਮੋਰਚੇ' ਅਤੇ 'ਨਿੱਕੇ ਨਿੱਕੇ ਯੁੱਧ' ਦੀ ਲੜੀ ਵਾਲੇ ਬਿਰਤਾਂਤ ਨੂੰ ਸੰਪੂਰਨ ਕਰਨ ਵਾਲਾ ਭਾਗ ਹੈ। ਪਰਵਾਨੇ ਨੇ 'ਗਹਿਰ ਚੜ੍ਹੀ ਅਸਮਾਨ' ਨਾਵਲ ਅੰਦਰ ਪਿੰਡ ਦੀਆਂ ਵਿਭਿੰਨ ਜਾਤਾਂ ਤੇ ਜਮਾਤਾਂ ਦੇ ਸੰਦਰਭ ਵਿਚ ਪੰਜਾਬ ਦੀ ਨਿਮਨ, ਮਧਲੀ ਤੇ ਧਨੀ ਕਿਸਾਨੀ ਦੀ ਪੂਰਵ ਹਰੀ ਕ੍ਰਾਂਤੀ ਕਾਲ ਵਿਚਲੀ ਅਵਸਥਾ ਨੂੰ ਪਿੰਡ ਦੀ ਕਮਿਊਨਿਸਟ ਪਾਰਟੀ ਨਾਲ ਪ੍ਰਤਿਬਧ ਹੋ ਕੇ ਚਿਤਰਿਆ ਹੈ। ਇਸ ਨਾਵਲ ਦੇ ਬਿਰਤਾਂਤਕ ਜਗਤ ਅੰਦਰਲੇ ਪਿੰਡ ਦੇ ਕਮਿਊਨਿਸਟਾਂ ਵਿਚੋਂ ਜਗਵਿੰਦਰ ਉਰਫ ਮਿੰਦਰ ਨਾਂ ਦਾ ਲੜਕਾ ਨਾਵਲੀ ਬਿਰਤਾਂਤ ਦੇ ਖਾਤਮੇ ਉੱਪਰ ਕੁਝ ਨਵੀਨ ਅਤੇ ਮਹੱਤਵਸ਼ੀਲ ਕਾਰਜ ਕਰ ਗੁਜ਼ਰਨ ਵਾਲਾ ਬਣ ਕੇ ਉਭਰਦਾ ਹੈ। ਇਹੀ ਪਾਤਰ 'ਆਪਣੇ ਆਪਣੇ ਮੋਰਚੇ' ਨਾਵਲ ਵਿਚ ਕੇਂਦਰੀ ਪਾਤਰ ਬਣ ਜਾਂਦਾ ਹੈ ਅਤੇ ਉਹ ਪਿੰਡ ਦੇ ਹੋਰਨਾਂ ਕਮਿਊਨਿਸਟਾਂ ਦੇ ਸਮਵਿਥ ਆਪਣੇ ਮੋਰਚੇ ਉੱਪਰ ਡਟ ਜਾਂਦਾ ਹੈ। ਆਪਣੇ ਮੋਰਚੇ ਉੱਪਰ ਡਟਿਆ ਉਹ ਪਿੰਡ ਦੀ ਕਮਿਊਨਿਸਟ ਪਾਰਟੀ ਦਾ ਕਾਰਕੁੰਨ ਬਣ ਕੇ ਪੰਜਾਬ ਪੱਧਰ ਉਪਰ ਪਾਰਟੀ ਲਈ ਕੰਮ ਕਾਜ ਕਰਦਾ ਹੋਇਆ ਸ਼ਹਿਰ ਵਿਚ ਸਥਾਨਕ ਪੱਤਰਕਾਰ ਵਜੋਂ ਕੰਮ ਕਰਨ ਲੱਗ ਜਾਂਦਾ ਹੈ ਅਤੇ ਪਿੰਡ ਦੀ ਜ਼ਮੀਨ ਵੇਚ ਕੇ ਸ਼ਹਿਰ ਮਕਾਨ ਖਰੀਦ ਪੱਕੇ ਤੌਰ 'ਤੇ ਸ਼ਹਿਰੀ ਵਸਨੀਕ ਹੀ ਨਹੀਂ ਬਣਦਾ, ਸਗੋਂ ਆਪਣੀ ਪੱਕੀ ਉਮਰ ਵਿਚ ਕਾਂਤਾ ਨਾਂ ਦੀ ਤਲਾਕਸ਼ੁਦਾ ਔਰਤ ਨਾਲ ਵਿਆਹ ਵੀ ਕਰਵਾ ਲੈਂਦਾ ਹੈ। ਜਗਵਿੰਦਰ ਦੀ ਇਸ ਨਵੀਨ ਜ਼ਿੰਦਗੀ ਦਾ ਅਗਲੇਰਾ ਵਰਣਨ 'ਨਿੱਕੇ ਨਿੱਕੇ ਯੁੱਧ' ਵਿਚ ਰੂਪਾਂਤਰਿਤ ਹੁੰਦਾ ਹੈ। ਇਸ ਨਾਵਲ ਦਾ ਵਕਤ ਵਿਸ਼ਵੀਕਰਨ ਨਾਲ ਵਾਬਸਤਾ ਹੈ। ਇਸ ਦੌਰ ਵਿਚ ਪੂੰਜੀਵਾਦੀ, ਨਾਰੀਵਾਦੀ ਤੇ ਉਪਭੋਗਤਾਵਾਦੀ ਸਰੋਕਾਰਾਂ ਨਾਲ ਜਿਹੜੀ ਸਮਾਜਕ ਪਰਿਵਰਤਨ ਦੀ ਸਥਿਤੀ ਬਣੀ ਉਹ ਇਸ ਨਾਵਲ ਦਾ ਕੇਂਦਰੀ ਵਸਤੂ ਬਣ ਜਾਂਦੀ ਹੈ। ਨਾਵਲਕਾਰ ਜਗਵਿੰਦਰ ਨੂੰ ਕਮਿਊਨਿਸਟ ਵਿਚਾਰਧਾਰਾ ਨਾਲ ਪ੍ਰਤਿਬਧ ਹੋਣ ਸਦਕਾ ਪੱਤਰਕਾਰੀ ਦੇ ਖੇਤਰ ਵਿਚ ਅਣਫਿੱਟ ਪਾਤਰ ਵਜੋਂ ਰੂਪਾਂਤਰਿਤ ਕਰਦਾ ਹੈ। ਸਿੱਟੇ ਵਜੋਂ, ਮਿੰਦਰ ਮਾਨਸਕ ਸੰਤਾਪ ਭੋਗਦਾ ਹੋਇਆ 'ਰੋਜ਼ਾਨਾ' ਅਖ਼ਬਾਰ ਨਾਲੋਂ ਹੀ ਵੱਖ ਨਹੀਂ ਹੁੰਦਾ, ਸਗੋਂ ਕਾਂਤਾ ਨਾਲ ਵੀ ਤਲਾਕ ਲੈ ਕੇ ਸਕੂਨ ਹਾਸਿਲ ਕਰਦਾ ਹੈ। ਇਥੇ ਇਹ ਜ਼ਿਕਰਯੋਗ ਹੈ ਕਿ ਜਿੱਥੇ ਇਹ ਤਿੰਨੇ ਨਾਵਲ ਜਗਵਿੰਦਰ ਦੇ ਇਸ ਤਰ੍ਹਾਂ ਦੇ ਜੀਵਨ

ਨੂੰ ਬਿਰਤਾਂਤਕ ਚਿੱਤਰਪੱਟ ’ਤੇ ਉਭਾਰਦੇ ਹਨ, ਉਥੇ ਇਹ ਪੰਜਾਬ ਦੀ ਕਮਿਊਨਿਸਟ ਲਹਿਰ ਦੀ ਚੜ੍ਹਤ ਪਤਨ ਤੇ ਨਿਘਾਰ ਦੇ ਵਿਭਿੰਨ ਕਾਰਨਾਂ ਨੂੰ ਵੀ ਪ੍ਰਗਟਾਉਂਦੇ ਹਨ। ਨਾਵਲਕਾਰ ਜਗਵਿੰਦਰ ਨੂੰ ਪਾਰਟੀ ਹਮਦਰਦ ਤੇ ਇਮਾਨਦਾਰ ਕਾਰਕੁੰਨ ਵਜੋਂ ਦਰਸਾਉਂਦਾ ਹੋਇਆ ਪਾਰਟੀ ਦੀ ਗਿਰਾਵਟ ਲਈ ਧਨੀ ਕਿਸਾਨੀ ਪਿਛੋਕੜ ਵਾਲੇ ਆਗੂਆਂ ਦੇ ਕਥਨ ਤੇ ਕਾਰਜ ਵਿਚਲੇ ਅੰਤਰ ਨਾਲ ਪਾਰਟੀ ਨੂੰ ਢਾਹ ਲੱਗਦੀ ਚਿਤਰਦਾ ਹੈ। ਇਹ ਹੀ ਨਹੀਂ ਨਾਵਲਕਾਰ ਇਸੇ ਸਮੇਂ ਵਿਚ ਖਾੜਕੂ ਲਹਿਰ ਸਮੇਂ ਕਮਿਊਨਿਸਟ ਕਾਰਕੁੰਨਾਂ ਦੀ ਸਥਿਤੀ ਅਤੇ ਵਿਸ਼ਵੀਕਰਨ ਦੇ ਦੌਰ ਵਿਚ ਕਾਂਗਰਸੀ ਤੇ ਅਕਾਲੀ ਪਾਰਟੀ ਨਾਲ ਸੰਬੰਧ ਬਣਾਉਣ ਵਾਲੇ ਵਰਕਰਾਂ ਦੀ ਸ੍ਵੈ-ਕੇਂਦਰਿਤ, ਪੂੰਜੀਵਾਦੀ ਤੇ ਉਪਭੋਗਤਾਵਾਦੀ ਸਥਿਤੀ ਨੂੰ ਵੀ ਪਿੰਡ ਤੇ ਸ਼ਹਿਰ ਦੇ ਸੰਦਰਭ ਵਿਚ ਵਿਭਿੰਨ ਪਾਤਰਾਂ ਦੇ ਜ਼ਿਕਰ ਰਾਹੀਂ ਪ੍ਰਗਟਾਉਂਦਾ ਹੈ। ਇੰਝ ਇਨ੍ਹਾਂ ਤਿੰਨੇ ਨਾਵਲਾਂ ਵਿਚ ਇਕੀਵੀਂ ਸਦੀ ਦੇ ਆਰੰਭ ਕਾਲ ਤੱਕ ਦੀ ਪੇਂਡੂ ਨਿਮਨ, ਮਧਲੀ ਤੇ ਧਨੀ ਕਿਸਾਨੀ ਦੀ ਪਿੰਡ ਤੇ ਸ਼ਹਿਰ ਵਿਚਲੀ ਸਮਾਜਕ ਆਰਥਿਕ ਧਾਰਮਿਕ ਤੇ ਰਾਜਨੀਤਕ ਸਥਿਤੀ ਨੂੰ ਬਦਲਦੀਆਂ ਪਰਸਥਿਤੀਆਂ ਮੁਜ਼ਬ ਇਤਿਹਾਸਕ ਗਤੀ ਦੇ ਸੰਦਰਭ ਵਿਚ ਪ੍ਰਸਤੁਤ ਕੀਤਾ ਗਿਆ ਹੈ।

‘ਕਥਾ ਇਸ ਯੁੱਗ ਦੀ’ ਨਾਵਲ ਦੇ ਬਿਰਤਾਂਤਕ ਜਗਤ ਅੰਦਰਲਾ ਯਥਾਰਥ ਅੰਦਾਜਨ ਇਕੀਵੀਂ ਸਦੀ ਦੇ ਪਹਿਲੇ ਦਹਾਕੇ ਦੇ ਦੂਜੇ ਅੱਧ ਦੇ ਪੰਜ ਕੁ ਸਾਲਾਂ ਨਾਲ ਵਾਬਸਤਾ ਹੈ। ਇਸ ਵਕਤ ਵਿਚ ਵਿਸ਼ਵੀਕਰਨ ਦੇ ਨਤੀਤਿਆਂ ਦਾ ਸਰੂਪ ਸਾਹਮਣੇ ਆਉਣ ਨਾਲ ਸ਼ਹਿਰੀ ਜੀਵਨ ਦੀ ਸਥਿਤੀ ਵਿਚ ਵਾਪਰੀਆਂ ਤਬਦੀਲੀਆਂ ਇਸ ਨਾਵਲ ਦਾ ਕੇਂਦਰੀ ਵਸਤੂ ਬਣਦੀਆਂ ਹਨ। ਨਾਵਲਕਾਰ ਜਗਵਿੰਦਰ ਨੂੰ ਮੁਕੇਰੀਆਂ ਦੀ ਬਜਾਇ ਜਲੰਧਰ ਵਿਚ ‘ਅਮਰ ਪੰਜਾਬ’ ਪਤ੍ਰਿਕਾ ਵਿਚ ਸਹਿ ਸੰਪਾਦਕ ਵਜੋਂ ਕੰਮ ਕਰਦੇ ਦਰਸਾ ਕੇ ਇਥੋਂ ਦੀ ਮੱਧ ਤੇ ਉੱਚ ਸ਼੍ਰੇਣੀ ਦੀ ਸਥਿਤੀ ਨੂੰ ਫੋਕਸ ਕਰਦਾ ਹੈ। ਇੰਝ ਇਸ ਨਾਵਲ ਵਿਚਲਾ ਵਡੇਰਾ ਮਜ਼ਮੂਨ ਪੰਜਾਬੀ ਅਖ਼ਬਾਰਾਂ ਦੀ ਪੱਤਰਕਾਰੀ ਵਿਚ ਆਈ ਗਿਰਾਵਟ ਨੂੰ ਚਿਤਰਨ ਨਾਲ ਵਾਬਸਤਾ ਹੈ। ਨਾਵਲ ਦੇ ਪਾਤਰ ਪਰਮਪਾਲ ਰਾਹੀ ‘ਰੋਜ਼ਾਨਾ’ ਅਖਬਾਰ ਦੀ ਸਮਕਾਲੀ ਸਥਿਤੀ ਦਰਸਾਈ ਗਈ ਹੈ। ਪਰਮਪਾਲ ਵਿਦਿਅਕ ਸੰਸਥਾਵਾਂ ਤੇ ਪ੍ਰਮੁੱਖ ਹਸਤੀਆਂ ਦੇ ਇਸ਼ਤਿਹਾਰ ਅਖ਼ਬਾਰ ਵਿਚ ਛਪਵਾ ਕੇ ਖ਼ੁਦ ਵੀ ਦਸ ਪ੍ਰਤੀਸ਼ਤ ਕਮਿਸ਼ਨ ਬਣਾਉਂਦਾ ਹੈ ਅਤੇ ਅਖ਼ਬਾਰ ਨੂੰ ਵੀ ਚੋਖੀ ਆਮਦਨ ਦਾ ਹੀਲਾ ਵਸੀਲਾ ਕਰਕੇ ਦਿੰਦਾ ਹੈ। ਇਸੇ ਤਰ੍ਹਾਂ ਉਹ ਵਿਧਾਨ ਸਭਾ ਚੋਣਾਂ ਸਮੇਂ ਕਾਮਰਸ ਤੇ ਅਕਾਲੀ ਪਾਰਟੀ ਨੂੰ ਉਨ੍ਹਾਂ ਦੀਆਂ ਮਨਮਰਜ਼ੀ ਵਾਲੀਆਂ ਖ਼ਬਰਾਂ ਪ੍ਰਕਾਸ਼ਿਤ ਕਰਵਾਉਣ ਲਈ ਦੋ ਦੋ ਕਰੋੜ ਦਾ ਸੌਦਾ ਕਰਵਾ ਕੇ ਆਪਣੇ ਕਮਿਸ਼ਨ ਰਾਹੀਂ ਕੋਠੀ ਖਰੀਦਦਾ ਹੈ। ਇਸ ਵਿਵਰਨ ਨਾਲ ਇਹ ਦਰਸਾਇਆ ਗਿਆ ਹੈ ਕਿ ਦੇਸ਼ ਦੀ ਸੁਤੰਤਰਤਾ ਤੋਂ ਪਹਿਲਾਂ ਤੇ ਮਗਰੋਂ ਪੱਤਰਕਾਰੀ ਇਕ ਸੱਚੀ ਸੁੱਚੀ ਕਸਬ ਸੀ। ਇਹ ਕਸਬ ਵਿਸ਼ਵੀਕਰਨ ਦੇ ਦੌਰ ਵਿਚ ਮੁਕਾਬਲੇਬਾਜ਼ੀ ਵਿਚ ਹੀ ਨਹੀਂ ਫਸਦਾ, ਸਗੋਂ ਪੂੰਜੀਵਾਦੀ ਸਰੋਕਾਰਾਂ ਦੀ ਗ੍ਰਿਫ਼ਤ ਵਿਚ ਆ ਕੇ ਭ੍ਰਿਸ਼ਟਾਚਾਰ ਦਾ ਸ਼ਿਕਾਰ ਹੋ ਗਿਆ ਹੈ। ਨਾਵਲੀ ਪਾਤਰ ਪਰਮਪਾਲ ਵਲੋਂ ਪ੍ਰਸ਼ਾਸ਼ਨ, ਵਿਦਿਅਕ ਸੰਸਥਾਵਾਂ ਅਤੇ ਵੱਡੀਆਂ ਰਾਜਸੀ ਪਾਰਟੀਆਂ ਦੇ ਨੇਤਾਵਾਂ ਵਲੋਂ ਪੂੰਜੀ ਲੈ ਕੇ ਉਨ੍ਹਾਂ ਦੇ ਹਿੱਤ ਪੂਰਨ ਵਾਲੀਆਂ ਖ਼ਬਰਾਂ ਤੇ ਇਸ਼ਤਿਹਾਰ ਪੱਤਰਕਾਰੀ ਖੇਤਰ ਦੀ ਇਕ ਸਥਿਤੀ ਇਹ ਵੀ ਹੈ ਕਿ ਜਗਵਿੰਦਰ ਵਰਮਾ ਸੱਚਾ-ਸੁੱਚਾ, ਇਮਾਨਦਾਰ ਤੇ ਵਿਚਾਰਧਾਰਕ ਪ੍ਰਤਿਬਧਤਾ ਵਾਲਾ ਵਿਅਕਤੀ ਇਸ ਖੇਤਰ ਵਿਚ ਅਣਫਿੱਟ ਹੈ। ਉਹ ਜੇਕਰ ਆਪਣੀ ਜ਼ਮੀਰ ਮਾਰ ਕੇ ਪੂੰਜੀਵਾਦੀ ਸਰੋਕਾਰਾਂ ਨੂੰ ਆਪਣਾ ਲੈਂਦਾ ਤਾਂ ਉਹ ਇਸ ਖੇਤਰ ਲਈ ਯੋਗ ਸੀ। ਇਸ ਦੇ ਸਮਵਿਥ ਜਗਵਿੰਦਰ ਕਥਨ ਤੇ ਕਾਰਜ ਵਿਚ ਅੰਤਰ ਵਾਲੇ ਮਨੁੱਖ ਦਾ ਵਿਚਾਰਧਾਰਕ ਵਿਰੋਧੀ ਹੈ। ਇਸ ਦੇ ਸਿੱਟੇ ਵਜੋਂ ਉਹ ਇਸ ਕਸਬ ਤੋਂ ਮਨਸਿਕ ਪੀੜਤ ਹੋ ਕੇ ਇਸ ਕਸਬ ਨੂੰ ਅਲਵਿਦਾ ਕਹਿ ਦਿੰਦਾ ਹੈ। ਵਿਸ਼ਵੀਕਰਨ ਦੇ ‘ਇਸ ਯੁੱਗ’ ਅੰਦਰ ਅਖ਼ਬਾਰ ਦੇ ਸੰਪਾਦਕ ਤੇ ਮਾਲਕ ਵਿਭਿੰਨ ਫਰਮਾਂ/ ਸੰਸਥਾਵਾਂ/ ਪਾਰਟੀਆਂ ਨਾਲ ਗ਼ੈਰ ਕਾਨੂੰਨੀ ਸੌਦੇ ਤੈਅ ਕਰਨ ਦੀ ਬਜਾਇ ਆਪਣੇ ਪੱਤਰਕਾਰਾਂ ਰਾਹੀਂ ਇਸ ਕਰਕੇ ਕਰਦੇ ਹਨ ਕਿ ਜੇਕਰ ਭ੍ਰਿਸ਼ਟਾਚਾਰ ਦੀ ਇਹ ਸਥਿਤੀ ਕਦੀ ਫੜੀ ਗਈ ਤਾਂ ਦੋਸ਼ੀ ਮਹਿਜ਼ ਪੱਤਰਕਾਰ ਹੀ ਬਣੇਗਾ। ਨਾਵਲ ਵਿਚ ਪਰਮਪਾਲ ਦਾ ਭ੍ਰਿਸ਼ਟਾਚਾਰ ਵਿਚ ਫਸਣਾ ਅਤੇ ਅਖ਼ਬਾਰ ਵਲੋਂ ਉਸ ਨਾਲ ਨਾਤਾ ਤੋੜਨਾ ਬਿਨਾ ਸ਼ੱਕ ਅਜਿਹੀਆਂ ਦੋਗਲੀਆਂ ਨੀਤੀਆਂ ਦਾ ਰੂਪਾਂਤਰਨ ਹੈ।



ਨਾਵਲ ਦੇ ਥੀਮਕ ਜਗਤ ਅੰਦਰ ਨਾਵਲਕਾਰ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਮੱਧਵਰਗੀ ਔਰਤ ਅੰਦਰ ਪੂੰਜੀਵਾਦੀ, ਨਾਰੀਵਾਦੀ ਤੇ ਉਪਭੋਗਤਾਵਾਦੀ ਸਰੋਕਾਰਾਂ ਦੇ ਉਪਜਣ ਕਾਰਨ ਪੰਜਾਬੀ ਸਮਾਜ ਦੀ ਪਰਿਵਾਰਕ ਇਕਾਈ ਅਤੇ ਵਿਆਹ ਸੰਸਥਾ ਦੇ ਖੰਡਿਤ ਹੋਣ ਦੀ ਵਾਸਤਵਿਕਤਾ ਨੂੰ ਚਿਤਰਦਾ ਹੈ। ਨਾਵਲ ਦੀਆਂ ਪ੍ਰਮੁੱਖ ਔਰਤ-ਪਾਤਰਾਂ ਪ੍ਰਿਯੰਕਾ, ਅਚਲਾ ਤੇ ਵੀਨਾ ਅਗਰਵਾਲ ਰਾਹੀਂ ਇਸ ਸਥਿਤੀ ਦਾ ਰੂਪਾਂਤਰਨ ਹੋਇਆ ਹੈ। ਪ੍ਰਿਯੰਕਾ ਇਕ ਅਜਿਹੀ ਔਰਤ ਹੈ, ਜਿਹੜੀ ਐਮ. ਫਿਲ. ਦੀ ਪੜ੍ਹਾਈ ਮਗਰੋਂ ਪਰਮਪਾਲ ਨਾਲ ਵਿਆਹ ਕਰਵਾ ਲੈਂਦੀ ਹੈ। ਉਹ ਪੜ੍ਹਾਈ ਦੌਰਾਨ ਹੀ ਮਿਸ਼ਰਾ ਨਾਲ ਅਜਿਹਾ ਜੁੜਦੀ ਹੈ ਕਿ ਵਿਆਹ ਬਾਅਦ ਵੀ ਉਹ ਆਪਣੇ ਸੰਬੰਧ ਕਾਇਮ ਰੱਖਦੀ ਹੈ। ਉਹ ਪੀ. ਐਚ. ਡੀ. ਦੀ ਡਿਗਰੀ ਲੈਣ ਲਈ ਸਮਰੇ ਨਾਲ ਮਿਹਨਤ ਤਾਂ ਕਰਦੀ ਹੈ, ਪਰ ਉਹ ਜਿੰਨੀ ਦੇਰ ਤੱਕ ਮਿਸ਼ਰੇ ਨਾਲ ਸਰੀਰਕ ਸੰਬੰਧ ਨਹੀਂ ਬਣਾਉਂਦੀ, ਉਨੀ ਦੇਰ ਉਸ ਦੀ ਪੀ-ਐਚ. ਡੀ. ਦਾ ਥੀਸਿਜ ਸੰਪੂਰਨ ਨਹੀਂ ਹੁੰਦਾ। ਉਹ ਆਪਣੀ ਮਨਮਰਜੀ ਦਾ ਕਮਾਉਂਦੀ ਹੈ ਅਤੇ ਉਪਭੋਗੀ ਰੁਚੀਆਂ ਦੌਰਾਨ ਬੇਲੋੜਾ ਖਰਚ ਕਰਦੀ ਹੈ। ਇੰਝ ਹੀ ਉਹ ਨਾਰੀ ਚੇਤਨਾ ਦੇ ਅੰਤਰਗਤ ਪਰਮਪਾਲ ਦੇ ਅਧੀਨ ਰਹਿਣ ਦੀ ਬਜਾਇ ਬਰਾਬਰੀ ਭਾਲਦੀ ਹੈ ਅਤੇ ਉਸ ਦਾ ਸੰਭਵਤਾ ਦੀ ਹੱਦ ਤੱਕ ਵਿਰੋਧ ਵੀ ਕਰਦੀ ਹੈ। ਇਸ ਦਾ ਪਹਿਲਾ ਕਾਰਨ। ਪਿਯੰਕਾ ਦਾ ਧਨੀ ਕਿਸਾਨੀ ਪਿਛੋਕੜ ਵਿਚੋਂ ਹੋਣਾ ਹੈ ਅਤੇ ਪਰਮਪਾਲ ਦਾ ਮਧਲੀ ਕਿਸਾਨੀ ਦੇ ਪਿਛੋਕੜ ਵਿਚੋਂ ਹੋਣਾ ਹੈ, ਦੂਸਰਾ ਇਹ ਕਿ ਉਸ ਦਾ ਪਿਤਾ ਲੋੜ ਤੋਂ ਵਧੇਰੇ ਆਰਥਿਕ ਮੱਦਦ ਕਰਦਾ ਹੈ, ਤੀਸਰਾ ਇਹ ਕਿ ਪ੍ਰਿਯੰਕਾ ਮਰਦ ਦੇ ਬਰਾਬਰ ਕਮਾਉਣ ਵਾਲੀ ਹੈ, ਚੌਥਾ ਇਹ ਕਿ ਪ੍ਰਿਯੰਕਾ ਨਾਰੀ ਚੇਤਨਾ ਦੇ ਪ੍ਰਭਾਵ ਅਧੀਨ ਜਾਗੀਰੂ ਕੀਮਤਾਂ ਨੂੰ ਪ੍ਰਣਾਏ ਮਰਦ ਦੇ ਵਿਰੋਧ ਵਿਚ ਭੁਗਤਣ ਵਿਚ ਆਪਣੀ ਪ੍ਰਾਪਤੀ ਸਮਝਦੀ ਹੈ ਅਤੇ ਪੰਜਵਾਂ ਇਹ ਕਿ ਉਹ ਨਾਰੀ ਚੇਤਨਾ ਵਾਲੇ ਪੱਛਮੀ ’ਤੇ ਵਿਸ਼ਵੀਕਰਨ ਵਾਲੇ ਉਪਭੋਗਤਾਵਾਦੀ ਸਰੋਕਾਰਾਂ ਅਧੀਨ ਵਿਭਿੰਨ ਮਰਦਾਂ ਨੂੰ ਹੰਢਾਉਣ ਅਤੇ ਉਨ੍ਹਾਂ ਤੋਂ ਆਪਣੇ ਮਤਲਬ ਹੱਲ ਕਰਨ ਲਈ ਤਤਪਰ ਹੈ। ਇਸ ਦੇ ਸਮਵਿਥ ਅਚਲਾ ਦੀ ਸਥਿਤੀ ਸਮਾਜਕ ਕੀਮਤਾਂ ਦੀ ਵਿਰੋਧੀ ਅਤੇ ਇਨ੍ਹਾਂ ਵਿਚ ਨਵੀਨਤਾ ਲਿਆਉਣ ਵਾਲੀ ਹੈ। ਅਚਲਾ ਅਜਿਹੀ ਮੱਧਵਰਗੀ ਔਰਤ ਹੈ, ਜਿਹੜੀ ਆਪਣੇ ਭਰਾ ਤੇ ਭੈਣ ਦੇ ਮੁਕਾਬਲੇ ਖੁਦ ਟਿਊਸ਼ਨ ਪੜ੍ਹਾ ਕੇ ਰਸਾਇਨਿਕ ਵਿਗਿਆਨ ਦੀਆਂ ਉਚ ਡਿਗਰੀਆਂ ਲੈ ਕੇ ਸਕੂਲ ਵਿਚ ਪੜ੍ਹਾਉਣ ਲੱਗ ਪੈਂਦੀ ਹੈ ਅਤੇ ਟਿਊਸ਼ਨ ਰਾਹੀਂ ਪੈਸੇ ਕਮਾ ਕੇ ਖ਼ੁਦਮੁਖਤਾਰ ਹੋਂਦ ਸਥਾਪਿਤ ਕਰਦੀ ਹੈ। ਉਹ ਆਪਣੀ ਵੱਡੀ ਭੈਣ ਸਵੀਟੀ ਦੇ ਦੰਪਤੀ ਜੀਵਨ ਤੋਂ ਨਾ ਖ਼ੁਸ਼ ਹੈ। ਉਹ ਨਾਰੀ ਜੀਵਨ ਵਿਚਲੇ ਸੁਧਾਰਾਂ ਵਾਲੇ ਪੱਛਮੀ ਵਿਚਾਰਾਂ ਦੀ ਵੀ ਗਿਆਤਾ ਹੈ। ਇਸ ਲਈ ਇਹ ਫੈਸਲਾ ਲੈਂਦੀ ਹੈ ਕਿ ਉਹ ਸਾਰੀ ਉਮਰ ਵਿਆਹ ਨਹੀਂ ਕਰਵਾਏਗੀ। ਉਹ ਭਾਵੇਂ ਸਰੀਰਕ ਲੋੜ ਲਈ ਹਰਪ੍ਰੀਤ ਜਗਵਿੰਦਰ ਅਤੇ ਆਤਮ ਨਾਲ ਸਰੀਰਕ ਸੰਬੰਧ ਬਣਾਉਂਦੀ ਹੈ, ਪਰ ਵਿਆਹ ਪ੍ਰਤੀ ਰਜ਼ਾਮੰਦ ਨਹੀਂ ਹੁੰਦੀ। ਅਚਲਾ ਦਾ ਵਿਆਹ ਵਿਰੋਧੀ ਫੈਸਲਾ ਸਮਕਾਲੀ ਪਰਸਥਿਤੀਆਂ ਵਿਚ ਵਿਆਹ ਦੇ ਜੋੜਿਆਂ ਦੀ ਸਥਿਤੀ ਤੋਂ ਨਫ਼ਰਤ ਉਤਪੰਨ ਕਰਨ ਵਾਲਾ ਵੀ ਹੈ ਅਤੇ ਪੱਛਮੀ ਕੀਮਤਾਂ ਮੁਜ਼ਬ ਨਾਰੀ ਚੇਤਨਾ ਦੇ ਸਿਧਾਂਤਾਂ ਅਨੁਸਾਰੀ ਜੀਵਨ ਜਿਉਣ ਦੀ ਨਵੀਨ ਜਾਂਚ ਵਾਲਾ ਵੀ ਹੈ। ਇਨ੍ਹਾਂ ਦੇ ਸਮਨਾਂਤਰ ਵੀਨਾ ਅਗਰਵਾਲ ਅਜਿਹੀ ਔਰਤ ਹੈ, ਜਿਹੜੀ ਵਿਦਿਅਕ ਯੋਗਤਾ ਪੂਰੀ ਕਰਨ ਲਈ ਵਿਆਹ ਤੋਂ ਬਾਅਦ ਪੜ੍ਹਦੀ ਹੈ ਅਤੇ ਵਿਦਿਅਕ ਯੋਗਤਾ ਪ੍ਰਾਪਤੀ ਉਪਰੰਤ ਕਾਲਜ ਵਿਚ ਐਡਹਾਕ ਲੈਕਚਰਾਰ ਲੱਗ ਜਾਂਦੀ ਹੈ। ਇੰਝ ਹੀ ਉਹ ਕਾਲਜ ਦੇ ਪ੍ਰਿੰਸੀਪਲ ਨਾਲ ਸੰਬੰਧ ਕਾਇਮ ਕਰਕੇ ਆਪਣੀ ਨੌਕਰੀ ਸਥਾਈ ਕਰਵਾ ਲੈਂਦੀ ਹੈ। ਇਸ ਦੰਪਤੀ ਜੀਵਨ ਵਿਚ ਜਦੋਂ ਵੀਨਾ ਅਗਰਵਾਲ ਐਡਹਾਕ ਲੈਕਚਰਾਰ ਲਗਦੀ ਹੈ ਤਾਂ ਉਸ ਦੇ ਸੱਸ ਤੇ ਸਹੁਰੇ ਦੀ ਮੌਤ ਹੋ ਜਾਂਦੀ ਹੈ ਅਤੇ ਸਥਾਈ ਨੌਕਰੀ ਲੱਗਣ ਮਗਰੋਂ ਉਸ ਦਾ ਪਤੀ ਨਾਲ ਤਰਕਾਰ ਹੋਣ ਲੱਗ ਪੈਂਦਾ ਹੈ। ਇੰਝ ਉਸ ਦਾ ਪਤੀ ਸ਼ਰਾਬ ਵਿਚ ਡੁੱਬਦਾ ਆਖਿਰ ਮਰ ਜਾਂਦਾ ਹੈ। ਨਾਵਲ ਦੀ ਇਸ ਪਾਤਰ ਰਾਹੀਂ ਨਾਵਲਕਾਰ ਇਹ ਦਰਸਾਉਂਦਾ ਹੈ ਕਿ ਔਰਤ ਜਦੋਂ ਮਰਦ ਦੇ ਬਰਾਬਰ ਕਮਾਉਣ ਲੱਗਦੀ ਹੈ ਤਾਂ ਦੰਪਤੀ ਜੀਵਨ ਵਿਚ ਤਰੇੜ੍ਹਾਂ ਆਉਂਦੀਆਂ ਹਨ, ਦੂਸਰਾ ਇਹ ਕਿ ਜਦੋਂ ਔਰਤ ਆਪਣੀਆਂ ਨਿੱਜੀ ਪ੍ਰਾਪਤੀਆਂ ਕਰਨ ਦੀ ਲਾਲਸਾ ਵਿਚ ਪੈ ਜਾਵੇ ਤਾਂ ਨਜਾਇਜ਼ ਸੰਬੰਧ ਅਨਿਵਾਰੀ ਬਣਾ ਲੈਂਦੀ ਹੈ ਅਤੇ ਤੀਸਰਾ ਇਹ ਕਿ ਜਦੋਂ ਮੱਧਵਰਗੀ ਪੜ੍ਹੀ-ਲਿਖੀ ਤੇ ਨਾਰੀ ਸਰੋਕਾਰਾਂ ਨੂੰ ਸਮਝ ਚੁੱਕੀ

ਔਰਤ ਆਪਣੇ ਪਤੀ ਪ੍ਰਤੀ ਵਰਤਾਵ ਕਰੇਗੀ ਤਾਂ ਉਹ ਵਰਤਾਵ ਜਾਗੀਰੂ ਕੀਮਤਾਂ ਨੂੰ ਪ੍ਰਣਾਏ ਮਰਦ/ ਪਰਿਵਾਰ ਦੇ ਵਿਰੋਧ ਵਿਚ ਹੀ ਹੋਵੇਗਾ। ਇੰਝ ਨਾਵਲ ਵਿਚ ਪੰਜਾਬੀ ਸਮਾਜ ਦੀ 'ਇਸ ਯੁੱਗ' ਵਿਚ ਪਰਿਵਾਰ ਤੇ ਵਿਆਹ ਸੰਸਥਾ ਦਾ ਖੰਡਿਤ ਹੋ ਰਿਹਾ ਸਰੂਪ ਇਹ ਹੈ ਕਿ ਪੜ੍ਹੇ ਲਿਖੇ ਜੋੜੇ ਪਿਆਰ-ਵਿਆਹ ਤਾਂ ਕਰਵਾ ਲੈਂਦੇ ਹਨ ਪਰ ਉਨ੍ਹਾਂ ਲਈ ਇਹ ਵਿਆਹ-ਸੰਬੰਧ ਕਾਇਮ ਰੱਖਣੇ ਅਤਿ ਮੁਸ਼ਕਲ ਹਨ। ਇੰਝ ਹੀ 'ਪ੍ਰਬੰਧ ਵਿਆਹ' ਜਾਤੀ ਤੇ ਜਮਾਤੀ ਸਰੋਕਾਰਾਂ ਨੂੰ ਧਿਆਨ ਵਿਚ ਰੱਖ ਕੇ ਕਰ ਤਾਂ ਦਿੱਤੇ ਜਾਂਦੇ ਹਨ, ਪਰ ਇਨ੍ਹਾਂ ਦਾ ਵੀ 'ਇਸ ਯੁੱਗ' ਵਿਚ ਨਿਭਾ ਕਰਨਾ ਅਤਿ ਕਠਿਨ ਹੈ। ਨਾਵਲ ਵਿਚ ਇਸ ਦਾ ਇਕ ਸਰੂਪ ਇਹ ਹੈ ਕਿ ਅਚਲਾ ਦੀ ਭੈਣ ਸਵੀਟੀ 'ਪ੍ਰਬੰਧ ਵਿਆਹ' ਵਿਵਸਥਾ ਅਧੀਨ ਵਿਆਹੀ ਜਾਂਦੀ ਹੈ। ਉਸ ਦਾ ਪਤੀ ਸ਼ਰਾਬ ਵੀ ਪੀਂਦਾ ਹੈ ਅਤੇ ਘਰ ਦੇ ਖਰਚਿਆਂ ਲਈ ਵੀ ਜਿੰਮੇਵਾਰੀ ਨਹੀਂ ਨਿਭਾਉਂਦਾ। ਇੰਝ ਸਵੀਟੀ ਆਪਣੀ ਲੜਕੀ ਨੂੰ ਅਚਲਾ ਕੋਲ ਪੜ੍ਹਨ ਦੀ ਜਦੋਂ ਪੇਸ਼ਕਸ਼ ਕਰਦੀ ਹੈ ਤਾਂ ਅਚਲਾ ਕੋਰਾ ਜਵਾਬ ਦਿੰਦੀ ਹੈ। ਇਸ ਦਾ ਕਾਰਨ ਸਪਸ਼ਟ ਹੈ ਕਿ ਅਚਲਾ ਇਕ ਤਾਂ ਨਾਰੀਵਾਦੀ ਸਰੋਕਾਰਾਂ ਮੁਜ਼ਬ ਵਿਆਹ ਸੰਸਥਾ ਦੀ ਵਿਰੋਧੀ ਹੈ ਅਤੇ ਉਸ ਇਸ ਸੰਸਥਾ ਅਧੀਨ ਜੰਮੇ ਬੱਚਿਆਂ ਦਾ ਪਾਲਣ-ਪੋਸ਼ਣ ਕਰਨ ਦੀ ਜ਼ਿੰਮੇਵਾਰੀ ਤੋਂ ਮੁਨਕਰ ਹੋਣ ਵਿਚ ਮਾਨਸਿਕ ਸਕੂਨ ਲੋਚਦੀ ਹੈ, ਦੂਜਾ ਇਹ ਕਿ ਉਹ ਸ਼ਹਿਰ ਦੇ ਅਜਿਹੇ ਉਪਭੋਗੀ ਸਭਿਆਚਾਰ ਦਾ ਹਿੱਸਾ ਬਣ ਚੁੱਕੀ ਹੈ, ਜਿਸ ਦੀ ਪੂਰਤੀ ਲਈ ਉਸ ਨੂੰ ਭਾਣਜੀ ਨਾਲ ਰਹਿਣਾ ਮੁਸ਼ਕਲਾਂ ਵਿਚ ਧਕੇਲ ਸਕਦਾ ਹੈ। ਇੰਝ ਇਸ ਨਾਵਲ ਦੇ ਬਿਰਤਾਂਤਕ ਜਗਤ ਅੰਦਰ ਸ਼ਹਿਰੀ ਤੇ ਮੱਧਵਰਗੀ ਪਰਿਵਾਰਾਂ ਦੀਆਂ 'ਇਸ ਯੁੱਗ' ਵਿਚਲੀਆਂ ਔਰਤਾਂ ਦੇ ਵਿਆਹ ਅਤੇ ਪਰਿਵਾਰ ਪ੍ਰਤੀ ਨਾਮੁਖੀ ਹੁੰਗਾਰੇ ਵਾਲੀ ਜ਼ਹਿਨੀਅਤ ਰੂਪਾਂਤਰਿਤ ਹੋਈ ਹੈ।

ਨਾਵਲ ਅੰਦਰ ਜਗਵਿੰਦਰ ਰਾਹੀ ਪੰਜਾਬ ਦੀ ਕਿਸਾਨੀ ਦੀ ਸਥਿਤੀ ਦਾ ਰੂਪਾਂਤਰਨ ਹੋਇਆ ਹੈ। ਜਗਵਿੰਦਰ ਜਲੰਧਰ ਸ਼ਹਿਰ ਵਿਚ ਆ ਕੇ 'ਅਮਰ ਪੰਜਾਬ' ਦਾ ਭਾਰਤੀ ਸੰਪਾਦਕ ਤਾਂ ਬਣ ਜਾਂਦਾ ਹੈ ਪਰ ਆਪਣੀ ਕਿਸਾਨੀ / ਜਾਗੀਰੂ ਤੇ ਕਮਿਊਨਿਸ਼ਟ ਵਿਚਾਰਧਾਰਕ ਪ੍ਰਤਿਬਧਤਾ ਸਦਕਾ ਪੱਤਰਕਾਰੀ ਦੀ 'ਇਸ ਯੁੱਗ' ਵਿਚਲੀ ਸਥਿਤੀ ਮੁਜਬ ਢਲ ਨਹੀਂ ਸਕਿਆ। ਉਹ ਸ਼ਹਿਰੀ ਸਭਿਅਤਾ ਤੋਂ ਨਿਰਾਸ਼ ਹੋਣ ਉਪਰੰਤ ਪਛੜੇ ਪਿੰਡ ਸਿੱਧੂਪੁਰ ਵਿਚ ਸਸਤੀ ਜ਼ਮੀਨ ਖਰੀਦਦਾ ਹੈ ਅਤੇ ਖੇਤੀ ਕਰਕੇ ਦਿਨ ਕਟੀ ਕਰਨ ਲੱਗ ਪੈਂਦਾ ਹੈ। ਉਸ ਦੀ ਨਿੱਜੀ ਧਾਰਨਾ ਹੈ ਕਿ ਸ਼ਹਿਰੀ ਸਮਾਜ ਵਿਚ ਪਹਿਲਾਂ ਗਧਿਆਂ ਵਾਂਗ ਬਿਨਾਂ ਕੁਝ ਵੀ ਸੋਚਿਆ ਵਿਚਾਰਿਆ ਕਮਾਓ ਤੇ ਫਿਰ ਸੂਰਾਂ ਵਾਂਗ ਤੂਸ ਤੂਸ ਕੇ ਖਾਓ, ਸੁਖ ਸੁਵਿਧਾਵਾਂ ਨੂੰ ਭੋਗੋ। ਕੀ ਜ਼ਿੰਦਗੀ ਸਿਰਫ ਇਹੀ ਹੀ ਹੈ?' ਦੂਜੀ ਇਹ ਹੈ ਕਿ 'ਮੇਰਾ ਪਹਿਲਾ ਸੰਘਰਸ਼ ਇਹ ਹੈ ਕਿ ਕਿਸੇ ਅੱਗੇ ਰੋਟੀ ਲਈ ਹੱਥ ਨਾ ਅੱਡਣਾ ਪਵੇ। ਤੇ ਦੂਸਰਾ ਜਿਵੇਂ ਮੈਂ ਸਮਾਜ ਨੂੰ ਜ਼ਿੰਦਗੀ ਨੂੰ ਦੇਖਣੀ ਚਾਹੁੰਦਾ ਹਾਂ ਉਸ ਸੁਰ-ਸੇਧ ਅਨੁਸਾਰ ਜਿਉਣਾ।" ਜਗਵਿੰਦਰ ਦੀ ਜ਼ਹਿਨੀਅਤ ਇਹ ਦੋ ਸੰਕਲਪ ਕਿ ਸ਼ਹਿਰੀ ਸਭਿਅਤਾ ਵਿਚ ਉਪਭੋਗੀ ਵਰਤਾਰੇ ਵਾਲੀਆਂ ਅਨੇਕਾਂ ਘਾਟਾਂ ਹਨ ਅਤੇ ਜ਼ਿੰਦਗੀ ਅਜਿਹੀ ਹੋਵੇ ਕਿ ਦੂਸਰੇ ਅੱਗੇ ਬਗੈਰ ਹੱਥ ਅੱਡੇ ਰੋਟੀ ਵੀ ਮਿਲੇ ਤੇ ਕਿਸੇ ਦੀ ਅਧੀਨਤਾ ਤੋਂ ਰਹਿਤ ਵਿਅਕਤੀ ਜ਼ਿੰਦਗੀ ਜੀਵੇ। ਇਨ੍ਹਾਂ ਦੋਨੋਂ ਸੰਕਲਪਾਂ ਦਾ ਆਦਿ ਤੇ ਅੰਤ ਬਿੰਦੂ ਪੰਜਾਬੀ ਜਾਗੀਰੂ ਕਦਰਾਂ ਕੀਮਤਾਂ 'ਚੋਂ ਉਸਰਿਆ ਉਹ ਜ਼ਿਹਨ ਹੈ, ਜਿਹੜਾ ਪੇਂਡੂ ਕਿਸਾਨੀ ਜੀਵਨ ਨਾਲ ਵਾਬਸਤਾ ਹੈ। ਪੇਂਡੂ ਨਿਮਨ, ਮਧਲੀ ਤੇ ਉੱਚ ਪੱਧਰ ਦੀ ਕਿਸਾਨੀ ਬਗੈਰ ਜ਼ਮੀਨੀ ਜਮਾਤ ਨਾਲੋਂ ਆਰਥਿਕ ਪੱਖੋਂ ਮਜ਼ਬੂਤ ਹੁੰਦੀ ਹੈ। ਅਤੇ ਆਪਣੇ ਜ਼ਿਹਨ ਅੰਦਰ ਸ੍ਰੈ ਵਪਾਰ, ਨਖਿੱਧ ਚਾਕਰੀ, ਭੀਖ ਨਦਾਰ' ਵਰਗੀ ਅਖਾਣ ਦੇ ਵਿਸ਼ੇਸ਼ ਅਰਥ ਹਨ। ਕਿਸਾਨੀ ਸਮਾਜ ਵਿਚ ਸ਼ਹਿਰ ਦੀ ਚਾਕਰੀ ਨੂੰ ਨਖਿੱਧ ਇਸ ਕਰਕੇ ਮੰਨਿਆ ਜਾਂਦਾ ਹੈ ਕਿ ਨੌਕਰੀ ਕਰਨ ਲਈ ਵਿਅਕਤੀ ਨੂੰ ਸੰਸਥਾ ਦੇ ਸਿਸਟਮ ਮੁਤਾਬਕ ਹੀ ਚੱਲਣਾ ਪਵੇਗਾ ਅਤੇ ਖ਼ੁਦਮੁਖਤਾਰੀ ਵਾਲੀ ਹੋਂਦ ਨੂੰ ਤਿਆਗਣਾ ਪਵੇਗਾ। ਨੌਕਰੀ ਮੁਕਾਬਲੇ ਖੇਤੀ ਕਾਰਜ ਖ਼ੁਦਮੁਖਤਾਰੀ ਵਾਲਾ ਕਾਰਜ ਹੋਣ ਸਦਕਾ ਉੱਤਮ ਹੈ। ਜਗਵਿੰਦਰ ਆਪਣੀ ਇਸੇ ਜ਼ਹਿਨੀਅਤ ਦੇ ਸਿੱਟੇ ਵਜੋਂ ਭੋਏਂ ਖਰੀਦ ਕੇ ਖੇਤੀ ਕਸਬ ਰਾਹੀਂ ਅਧੀਨਗੀ ਰਹਿਤ ਜੀਵਨ ਜਿਉਣਾ ਸ਼ੁਰੂ ਕਰਦਾ ਹੈ। ਉਹ ਇਹ ਵੀ ਸਾਬਤ ਕਰਨ ਉੱਪਰ ਤੁਲ ਜਾਂਦਾ ਹੈ ਕਿ ਜੇਕਰ ਮਨੁੱਖ ਦਾ ਮਹਿਜ਼ ਸਧਾਰਨ ਭੋਜਨ ਖਾ ਕੇ ਗੁਜ਼ਾਰਾ ਹੋ ਸਕਦਾ ਹੈ ਤਾਂ ਉਹ ਉਪਭੋਗਤਾ ਲਈ ਹੀ ਅੰਨੇਵਾਹ ਕਮਾਈ ਕਰਨ ਦੇ ਰਾਹ



ਕਿਉਂ ਪਵੇਂ? ਦੂਸਰਾ ਇਹ ਕਿ ਜਗਵਿੰਦਰ ਮੱਧ ਵਰਗੀ ਅਤੇ ਕਮਿਊਨਿਸਟ ਵਿਚਾਰਧਾਰਾ ਵਾਲੀ ਨਕਾਰਾਤਮਕ ਵਾਲੀ ਦ੍ਰਿਸ਼ਟੀ ਰੱਖਦਾ ਹੈ। ਇਸੇ ਕਰਕੇ ਉਹ ਸਮਾਜਕ ਭਲਾਈ ਕਰਕੇ ਸੰਤੁਸ਼ਟ ਹੈ। ਇੰਝ ਹੀ ਜਗਵਿੰਦਰ ਦਾ ਸ਼ਹਿਰ ਤੋਂ ਪਿੰਡ ਨੂੰ ਮੋੜਾ ਨਿਰਸੰਦੇਹ ਕਿਸਾਨੀ ਦੀ ਉਹ ਮਾਨਸਿਕ ਸਥਿਤੀ ਹੈ ਕਿ ਕਿਸਾਨ ਖੇਤੀ ਨੂੰ ਘਾਟੇ-ਮੰਦੇ ਦਾ ਕਸਬ ਮੰਨ ਕੇ ਭਾਵੇਂ ਹੋਰ ਕਿੱਤਿਆਂ ਦੇ ਰਾਹ ਤੁਰਦਾ ਹੈ, ਪਰ ਆਪਣੀ ਜੱਟ-ਜਾਗੀਰੂ ਹਾਉਮੈ ਕਾਰਨ ਨਵੀਨ ਕਸਬ ਰਾਸ ਨਾ ਆਉਣ ਦੀ ਹਾਲਤ ਵਿਚ ਦੁਬਾਰਾ ਜ਼ਮੀਨ ਖਰੀਦਣ ਅਤੇ ਖੇਤੀ ਕਰਨ ਵਿਚ ਹੀ ਆਪਣੀ ਭਲਾਈ ਸਮਝਦਾ ਹੈ। ਇੰਝ ਹੀ ਨਾਵਲੀ ਬਿਰਤਾਂਤ ਦੇ ਅੰਤਲੇ ਹਿੱਸੇ ਵਿਚ ਆਈ ਰਿਸ਼ੀ ਦੀ ਮਿਥ ਕਥਾ ਵਿਚਲੇ ਰਿਸ਼ੀ ਵਾਂਗ ਕਿਸਾਨ ਜੰਗਲ ਨੂੰ ਅੱਗ ਲੱਗਣ ਉਪਰੰਤ ਇਕ ਇਕ ਡੋਲ ਪਾਣੀ ਰਾਹੀਂ ਅੱਗ ਨੂੰ ਬੁਝਾਉਣ ਦਾ ਨਿਮਾਣਾ ਜਿਹਾ ਯਤਨ ਕਰਦਾ ਹੈ। ਅਰਥਾਤ ਵਿਸ਼ਵੀਕਰਨ ਦੇ ਇਸ ਯੁੱਗ ਅੰਦਰ ਜਗਵਿੰਦਰ ਪੂੰਜੀ ਤੇ ਉਪਭੋਗਤਾ ਦੀ ਅੱਗ ਵਿਚ ਮੱਚ ਰਹੇ ਪੰਜਾਬੀ ਸਮਾਜ ਵਿਚ ਸਿੱਧੂਪੁਰ ਵਿਚਲੇ ਪੰਜ ਸੱਤ ਗਭਰੂਟਾਂ ਨੂੰ ਚੇਤਨ ਕਰਕੇ ਆਪਣੀ ਵਿਚਾਰਧਾਰਕ ਪ੍ਰਤਿਬੱਧਤਾ ਮੁਜਬ ਵਾਹ ਲੱਗਦਾ ਬਚਾਵ ਕਰਨ ਲਈ ਕਿਰਿਆਸ਼ੀਲ ਹੈ।

ਨਾਵਲ ਵਿਚ ਨਾਵਲਕਾਰ ਜਦੋਂ ਜਗਵਿੰਦਰ ਨੂੰ ਕੇਂਦਰੀ ਪਾਤਰ ਵਜੋਂ ਰੱਖ ਕੇ ਬਾਕੀ ਪਾਤਰਾਂ ਦੀ ਸਥਿਤੀ ਉਲੀਕਦਾ ਹੈ ਅਤੇ ਜਗਵਿੰਦਰ ਦੀ ਸਿਮਰਤੀ ਵਿਚਲੇ ਵਰਨਣ ਰਾਹੀ ਪਾਠਕ ਨੂੰ ਸੁਚੇਤਨਾ ਦਿੰਦਾ ਹੋਇਆ 'ਇਸ ਯੁੱਗ' ਦੇ ਨਕਾਰਾਤਮਕ ਪਹਿਲੂਆਂ ਨੂੰ ਪ੍ਰਗਟਾਉਂਦਾ ਹੈ ਤਾਂ ਜਗਵਿੰਦਰ ਰਚਨਾਕਾਰ ਦੀ ਦ੍ਰਿਸ਼ਟੀ, ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ ਦਾ ਵਾਹਕ ਪਾਤਰ ਦ੍ਰਿਸ਼ਟੀਗਤ ਹੁੰਦਾ ਹੈ। ਨਾਵਲਕਾਰ ਦੀ ਦ੍ਰਿਸ਼ਟੀ ਮੱਧਵਰਗੀ ਤੇ ਵਿਗਿਆਨਕ ਹੈ ਅਤੇ ਦ੍ਰਿਸ਼ਟੀਕੋਣ ਕਲਾਸੀਕਲ ਮਾਰਕਸੀ ਦਰਸ਼ਨ ਵਾਲਾ ਹੈ। ਇੰਝ ਹੀ ਨਾਵਲਕਾਰ ਦੀ ਵਿਚਾਰਧਾਰਾ ਵਿਚ ਪੇਂਡੂ ਨਿਮਨ ਕਿਸਾਨੀ ਦੇ ਅਵਚੇਤਨੀ ਸਰੋਕਾਰ ਸਮਾਏ ਮਿਲਦੇ ਹਨ। ਇੰਝ ਨਾਵਲ ਵਿਚ ਸ਼ਹਿਰੀ ਤੇ ਪੇਂਡੂ ਸਮਾਜ ਦਾ ਦ੍ਰਿਸ਼ ਜਦੋਂ ਜਗਵਿੰਦਰ ਦੀ ਜ਼ਿਹਨੀਅਤ ਮੁਜਬ ਅਲੋਚਨਾਤਮਕ ਸੰਦਰਭ ਵਿਚ ਪਾਠਕ ਦੀ ਚੇਤਨਾ ਨੂੰ ਹਲੂਣਦਾ ਹੈ ਤਾਂ ਵਿਸ਼ਵੀਕਰਨ ਦੇ 'ਇਸ ਯੁੱਗ' ਵਿਚ ਪੂੰਜੀਵਾਦੀ, ਉਪਭੋਗਤਾਵਾਦੀ ਅਤੇ ਵਿਕਾਸ ਦੇ ਨਾਂ ਉੱਪਰ ਵਾਪਰ ਰਹੇ ਵਰਤਾਰੇ ਨਕਾਰਾਤਮਕ ਹੋ ਜਾਂਦੇ ਹਨ। ਨਾਵਲ ਵਿਚ ਪਰਮਪਾਲ, ਗੁਰਚਰਨ ਜੇਤਲੀ ਆਦਿ ਪੱਤਰਕਾਰਾਂ ਦਾ ਅੰਤਿਮ ਰੂਪ ਵਿਚ ਸਮੱਸਿਆਵਾਂ ਵਿਚ ਘਿਰਨਾ, ਰਾਣੇ ਹੋਰਾਂ ਦੀ ਰਾਜਸੀ ਤੇ ਸਮਾਜਿਕ ਸਥਿਤੀ ਵਿਚ ਗਿਰਾਵਟ, ਕਾਂਤਾ ਨੂੰ ਵਿਦੇਸ਼ੀ ਜੀਵਨ 'ਡੈਂਬਰਿਆ' ਜਾਪਣਾ ਇਤਿਆਦਿ ਅਜਿਹੇ ਗਲਪੀ ਵੇਰਵੇ ਹਨ, ਜਿਹੜੇ 'ਅੰਤ ਬੁਰੇ ਦਾ ਬੁਰਾ' ਹੋਣ ਨੂੰ ਪ੍ਰਗਟਾਉਂਦੇ ਹਨ। ਨਾਵਲ ਵਿਚ ਇਨ੍ਹਾਂ ਵੇਰਵਿਆਂ ਪ੍ਰਤੀ ਜਗਵਿੰਦਰ ਦੀ ਸਿਮਰਤੀ ਤੇ ਵਾਰਤਾਲਾਪਾਂ ਵਿਚ ਵਿਰੋਧਤਾ ਦਾ ਸਰੂਪ ਨਿਰਸੰਦੇਹ ਬਿਰਤਾਂਤਕਾਰ ਵਲੋਂ 'ਇਸ ਯੁੱਗ' ਅੰਦਰਲੇ ਵਿਸ਼ਵੀਕਰਨ ਦੇ ਵਰਤਾਰੇ ਨੂੰ ਆਪਣੀ ਜੀਵਨ ਦ੍ਰਿਸ਼ਟੀ, ਦ੍ਰਿਸ਼ਟੀਕੋਣ ਤੇ ਵਿਚਾਰਧਾਰਾ ਮੁਜਬ ਚਿਤਰਨ ਨਾਲ ਵਾਬਸਤਾ ਹੈ।

'ਕਥਾ ਇਸ ਯੁੱਗ ਦੀ' ਨਾਵਲ ਵੱਡ ਅਕਾਰੀ ਬਿਰਤਾਂਤ ਦਾ ਅੰਤਿਮ ਭਾਗ ਹੋਣ ਦੀ ਅਵਸਥਾ ਅਨੁਸਾਰ ਆਪਣੇ ਬਿਰਤਾਂਤ ਨੂੰ ਸਮੇਟਦਾ ਜਾਪਦਾ ਹੈ। ਚਾਰੇ ਨਾਵਲਾਂ / ਭਾਗਾਂ ਦੇ ਕੇਂਦਰੀ ਪਾਤਰ ਜਗਵਿੰਦਰ ਦਾ ਸੂਚਨਾ ਤੇ ਤਕਨਾਲੌਜੀ ਅਤੇ ਵਿਚਾਰਧਾਰਕ ਜਦੋ ਜਹਿਦ ਵਾਲੇ 'ਇਸ ਯੁੱਗ' ਅੰਦਰਲੇ ਸਮਾਜ ਦੀ ਸ਼ਹਿਰੀ ਸਭਿਅਤਾ ਤੋਂ ਅਲੱਗ ਹੋ ਕੇ ਮਹਿਜ਼ ਪਛੜੇ ਪਿੰਡ ਵਿਚ ਜਾ ਕੇ ਨਿੱਜੀ ਇਛਾਵਾਂ ਦੀ ਪੂਰਤੀ ਕਰਨੀ ਨਾਵਲੀ ਬਿਰਤਾਂਤ ਦੇ ਸਿਮਟਣ ਦੀ ਇਕ ਅਵਸਥਾ ਹੈ। ਇੰਝ ਹੀ ਨਾਵਲ ਦੇ ਮਧਲੇ ਦੋ ਭਾਗਾਂ ਦੀ ਅਹਿਮ ਪਾਤਰ ਕਾਂਤਾ ਨੂੰ ਪੰਜਾਬੀਆਂ ਵਲੋਂ ਚੰਗੇਰਾ ਹੁੰਗਾਰਾ ਨਾ ਮਿਲਣ ਦੀ ਸੂਰਤ ਵਿਚ ਵਿਦੇਸ਼ੀ ਜੀਵਨ "ਡੈਂਬਰਿਆ" ਲੱਗਣ ਅਤੇ ਉਸ ਵਲੋਂ ਉਸੇ ਜੀਵਨ ਨਾਲ ਸਮਝੌਤਾ ਕਰਨ ਨਾਲ ਉਸ ਦਾ ਬਿਰਤਾਂਤਕ ਸਰੂਪ ਸੰਪੂਰਨ ਹੁੰਦਾ ਜਾਪਦਾ ਹੈ। ਇਨ੍ਹਾਂ ਦੇ ਸਮਵਿਥ ਪ੍ਰਿਯੰਕਾ ਅਤੇ ਪਰਮਪਾਲ ਸੰਬੰਧਾਂ ਦੀ ਸਥਿਤੀ ਵੀ ਸਪਸ਼ਟ ਹੈ ਕਿ ਉਨ੍ਹਾਂ ਦੇ ਪਰਿਵਾਰ ਵਿਚ ਵੀ ਵੀਨਾ ਅਗਰਵਾਲ ਦੇ ਪਰਿਵਾਰ ਵਰਗੀ ਸਥਿਤੀ ਵਾਪਰੇਗੀ। ਇੰਝ ਹੀ ਅਚਲਾ ਵਲੋਂ ਵਿਆਹ ਨਾ ਕਰਵਾਉਣ, ਭੈਣਾਂ-ਭਰਾਵਾਂ ਦੇ ਬੱਚਿਆਂ ਦਾ ਸਹਾਰਾ ਨਾ ਬਣਨ ਅਤੇ ਆਪਣੇ ਹਮਖਿਆਲੀ ਲੋਕਾਂ ਨਾਲ ਰਲ ਕੇ ਅਯਾਸ਼ੀ ਕਰਨ ਦੇ ਨਾਲ ਨਾਲ ਸਮਾਜ

ਭਲਾਈ ਕਾਰਜ ਕਰਨ ਨਾਲ ਨਿਰਸੰਦੇਹ ਉਸ ਦਾ ਬਿਰਤਾਂਤ ਸਿਮਟਣਾ ਦਾ ਲਖਾਇਕ ਹੈ। ਇਨ੍ਹਾਂ ਦੇ ਸਮਵਿਥ ਕਮਿਊਨਿਸਟ ਪਾਰਟੀ ਦੇ ਵੱਡੇ ਆਗੂਆਂ ਦਾ ਹੌਲੀ ਹੌਲੀ ਹੋਰਨਾਂ ਰਾਜਸੀ ਪਾਰਟੀਆਂ ਵਿਚ ਚਲੇ ਜਾਣ ਅਤੇ ਕਾਮਰੇਡ ਜਗਵਿੰਦਰ, ਕਰਨ, ਸਮਸ਼ੇਰ ਆਦਿ ਦਾ ਪਾਰਟੀ ਪ੍ਰਤੀ ਵਫਾਦਾਰੀ ਰੱਖਦੇ ਆਰਥਿਕ ਸੰਕਟ ਵਿਚ ਘਿਰਨਾ ਅਤੇ ਪਾਰਟੀ ਦੀ ਵਿਚਾਰਧਾਰਾ 'ਤੇ ਪਹਿਰਾ ਦੇਣ ਵਾਲੀ ਰਹਿੰਦ-ਖੂੰਹਦ ਜਾਪਣਾ, ਜਿੱਥੇ ਪਾਰਟੀ ਦੇ ਅੰਤ ਦਾ ਸੂਚਕ ਹੈ, ਉਥੇ ਕਮਿਊਨਿਸਟ ਕਾਰਕੁੰਨਾਂ ਦਾ ਬਿਰਤਾਂਤ ਵੀ ਸਮਾਪਤ ਹੁੰਦਾ ਦ੍ਰਿਸ਼ਟੀਗਤ ਹੁੰਦਾ ਹੈ। ਇੰਝ ਇਸ ਨਾਵਲ ਵਿਚ ਬਿਰਤਾਂਤਕਾਰ ਦੀ ਟੇਕ ਨਾਵਲੀ ਪਾਤਰਾਂ ਦੇ ਬਿਰਤਾਂਤ ਨੂੰ ਸੰਮੇਟਣ ਉੱਪਰ ਹੈ।

ਨਾਵਲੀ ਬਿਰਤਾਂਤ ਦੀ ਖ਼ੂਬੀ ਇਸ ਗੱਲ ਵਿਚ ਹੈ ਕਿ ਨਾਵਲਕਾਰ ਨੇ ਪਾਤਰਾਂ ਦੀ 'ਇਸ ਯੁੱਗ' ਵਿਚਲੀ ਸਥਿਤੀ ਨੂੰ ਰੂਪਾਂਤਰਿਤ ਕਰਨ ਲਈ ਨਿੱਕੀਆਂ-ਨਿੱਕੀਆਂ ਬੂਮਰਿੰਗ ਦੀਆਂ ਜੁਗਤਾਂ ਦੀ ਵਰਤੋਂ ਕੀਤੀ ਹੈ। ਇੰਝ ਪਾਤਰਾਂ ਦਾ ਪਹਿਲੇ ਤਿੰਨ ਨਾਵਲਾਂ ਵਿਚਲਾ ਅਤੀਤ ਵੀ ਪਾਠਕ ਸਿਮਰਤੀ ਵਿਚ ਆ ਜਾਂਦਾ ਹੈ ਅਤੇ ਸਮਕਾਲ ਵਿਚਲੀ ਪਾਤਰ ਦੀ ਸਥਿਤੀ ਵੀ ਰੂਪਾਂਤਰਿਤ ਹੋ ਜਾਂਦੀ ਹੈ। ਨਾਵਲ ਵਿਚ ਪਾਤਰ ਚਿਤਰਨ ਅਤੇ ਦੁਆਬੀ ਭੂ ਦ੍ਰਿਸ਼ ਬਿਰਤਾਂਤ ਨੂੰ ਪ੍ਰਭਾਵਸ਼ਾਲੀ ਬਣਾਉਂਦਾ ਹੈ। ਨਾਵਲ ਵਿਚ ਲੰਮੇ ਲੰਮੇ ਸਿਮਰਤੀ ਵਰਨਣ ਅਕਾਊ ਹੋਣ ਦੀ ਬਜਾਇ ਮਾਰਕਸੀ ਗਿਆਨ ਨਾਲ ਭਰਪੂਰ ਹਨ। ਇਸੇ ਕਰਕੇ ਇਹ ਰੌਚਕਤਾ ਹੀਣ ਨਹੀਂ ਬਣਦੇ। ਇਸੇ ਤਰ੍ਹਾਂ ਇਸ ਨਾਵਲ ਦੇ ਬਿਰਤਾਂਤ ਵਿਚ ਪਹਿਲੇ ਨਾਵਲਾਂ ਵਾਂਗ ਕਾਮੁਕ ਵੇਰਵਿਆਂ ਦੀ ਭਰਮਾਰ ਤਾਂ ਹੈ ਪਰ ਇਨ੍ਹਾਂ ਵੇਰਵਿਆਂ ਦਾ ਵਰਨਣ ਕਰਦੇ ਨਾ ਤਾਂ ਬਿਰਤਾਂਤਕਾਰ ਖ਼ੁਦ ਸਵਾਦ ਲੈਣ ਲੱਗਿਆ ਜਾਪਦਾ ਹੈ ਅਤੇ ਨਾ ਹੀ ਇਹ ਦ੍ਰਿਸ਼ ਪਾਠਕ ਦੀ ਕਾਮ-ਤ੍ਰਿਪਤੀ ਲਈ ਲੁਭਾਉਣੇ ਬਣੇ ਜਾਪਦੇ ਹਨ। ਇਸ ਵੰਨਗੀ ਦੇ ਵੇਰਵਿਆਂ ਪ੍ਰਤੀ ਬਿਰਤਾਂਤਕਾਰ ਪੂਰਨ ਰੂਪ ਵਿਚ ਇਸ ਪ੍ਰਕਾਰ ਸੁਚੇਤ ਹੈ ਕਿ 'ਇਸ ਯੁੱਗ' ਦੇ ਇਹੋ ਜਿਹੇ ਵਰਨਣ ਨਾਵਲ ਵਿਚ ਜੀਵੰਤਤਾ ਨਾਲ ਪੇਸ਼ ਤਾਂ ਹੋਣ ਪਰ ਇਨ੍ਹਾਂ ਦੀ ਪੇਸ਼ਕਾਰੀ ਨਾਲ ਨਾਵਲ ਬਜ਼ਾਰੂ ਕਿਸਮ ਦਾ ਨਾ ਬਣ ਕੇ ਰਹਿ ਜਾਵੇ।

ਨਾਵਲ ਅੰਦਰ ਭਾਵੇਂ ਵਾਰਤਾਲਾਪੀ ਤੇ ਵਰਨਣੀ ਬਿਰਤਾਂਤਕ ਕਾਰਜ ਲਈ ਵਰਤੀ ਭਾਸ਼ਾ ਨੂੰ ਵਖਰੇਵਿਆਂ ਸਮੇਤ ਚਿਤਰਨ ਦਾ ਯਤਨ ਹੈ, ਪਰ ਵਧੇਰੇ ਪਾਤਰਾਂ ਦਾ ਇਕੋ ਜਿਹੀ ਸ਼ਬਦਾਵਲੀ ਦੀ ਵਰਤੋਂ ਕਰਨਾ ਨਾਵਲ ਵਿਚ ਪਾਤਰਾਂ ਦੀ ਇਕਹਿਰੀ ਭਾਸ਼ਾ ਦੇ ਸਰੂਪ ਨੂੰ ਨਿਰਧਾਰਿਤ ਕਰਨਾ ਹੈ? ਇੰਝ ਹੀ ਪਾਤਰਾਂ ਦੇ ਬੋਲਾਂ ਵਿਚ ਮੱਧਵਰਗੀ ਤੇ ਪੜ੍ਹੇ ਲਿਖੇ ਲੋਕਾਂ ਦੀ 'ਸਾਊ ਸ਼ਬਦਾਵਲੀ' ਦੀ ਵਰਤੋਂ ਕੀਤੀ ਮਿਲਦੀ ਹੈ। ਖਾਸ ਕਰ ਉਦੋਂ ਜਦੋਂ ਪਾਤਰ ਆਪਣੇ ਹਿੰਸਾਤਮਕ ਕਥਾਰਸਿਸ ਲਈ ਗਾਲ੍ਹਾਂ ਦੀ ਵਰਤੋਂ ਤਾਂ ਕਰਦੇ ਹਨ, ਪਰ ਉਹ ਇਸ ਲਈ ਮਹਿਜ਼ 'ਸਾਊ ਸ਼ਬਦਾਵਲੀ' ਦੀ ਹੀ ਵਰਤੋਂ ਕਰਦੇ ਹਨ। ਮਸਲਨ ਪਰਮਪਾਲ ਔਰਤ ਵਿਰੋਧਤਾ ਲਈ ਅਚਲਾ ਦੀ ਸਥਿਤੀ ਨੂੰ 'ਗਸ਼ਤੌੜਪੁਣਾ' ਆਖਦਾ ਹੈ ਅਤੇ ਅਚਲਾ ਮਰਦ ਵਲੋਂ ਔਰਤ ਨੂੰ ਹੰਢਾਉਣ ਦੇ ਸੰਦਰਭ ਵਿਚ 'ਚਿਊਂਇੰਗਮ' ਸ਼ਬਦ ਰਾਹੀਂ ਆਪਣਾ ਗੁੱਸਾ ਪ੍ਰਗਟ ਕਰਦੀ ਹੈ। ਇਹ ਪਾਤਰ ਆਪਣੇ ਹਿੰਸਾਤਮਕ ਕਥਾਰਸਿਸ ਲਈ ਇਨ੍ਹਾਂ ਸ਼ਬਦਾਂ ਨੂੰ ਵਰਤ ਕੇ ਗੁੱਸੇ ਭਰੀ ਪਰ 'ਸਾਊ ਸ਼ਬਦਾਵਲੀ' ਦੀ ਵਰਤੋਂ ਹੀ ਕਰਦੇ ਹਨ।

ਸੰਖੇਪ ਵਿਚ ਬਲਬੀਰ ਪਰਵਾਨਾ ਦਾ ਨਾਵਲ 'ਕਥਾ ਇਸ ਯੁੱਗ ਦੀ' ਆਪਣੇ ਪਹਿਲੇ ਤਿੰਨ ਨਾਵਲਾਂ ਦੇ ਬਿਰਤਾਂਤ ਨੂੰ ਵਿਸ਼ਵੀਕਰਨ ਦੇ 'ਇਸ ਯੁੱਗ' ਵਿਚ ਸੰਪੂਰਨ ਕਰਦਾ ਹੈ। ਨਾਵਲਕਾਰ ਆਪਣੇ ਪਹਿਲੇ ਨਾਵਲੀ ਭਾਗਾਂ ਦੇ ਅਨੁਸਾਰੀ ਇਸ ਭਾਗ ਵਿਚ ਵੀ ਬਿਰਤਾਂਤਕ ਰੌਚਕਤਾ ਨੂੰ ਬਣਾਈ ਰੱਖਣ ਵਿਚ ਸਫ਼ਲ ਹੈ ਅਤੇ ਆਪਣੀ ਦ੍ਰਿਸ਼ਟੀ ਦ੍ਰਿਸ਼ਟੀਕੋਣ ਤੇ ਵਿਚਾਰਧਾਰਾ ਮੁਜ਼ਬ ਨਾਵਲੀ ਮਜ਼ਮੂਨ ਤੇ ਭਾਸ਼ਾ ਸ਼ੈਲੀ ਦਾ ਨਿਭਾ ਕਰਨ ਤੱਕ ਮਹਿਦੂਦ ਹੈ।

ਪਤਾ ਅਸਿਸਟੈਂਟ ਪ੍ਰੋਫੈਸਰ, ਏ.ਐਸ. ਕਾਲਜ, ਖੰਨਾ।
(**ਸੰਪਾਰਕ 94641-38523**)



## ਹੁੰਗਾਰਾ

ਆਪਦਾ 'ਕਹਾਣੀ ਧਾਰਾ-22 ' ਜੁਲਾਈ-ਸਤੰਬਰ,2011 ਵਿਚਲਾ ਸੰਪਾਦਕੀ ਪੜ੍ਹਿਆ, ਜਿਸ ਵਿੱਚ ਆਪ ਨੇ ਬਹੁਤ ਸੰਤੁਲਿਤ ਰਹਿਣ ਦਾ ਸ਼ਲਾਘਾਯੋਗ ਯਤਨ ਕੀਤਾ ਹੈ। ਪਰ ਕੀ ਸ੍ਰੀ ਮਾਧੋਪੁਰੀ ਦੀ ਸਿਰਫ ਭਾਸ਼ਾ ਹੀ ਵਿਵਾਦਪੂਰਣ ਹੈ? ਕੀ ਉਨ੍ਹਾਂ ਦੇ ਮੂਲ ਸਰੋਤ ਸਹੀ ਅਤੇ ਕਾਫੀ ਹਨ? ਕੀ ਉਨ੍ਹਾਂ ਦੇ ਨਿਸ਼ਕਰਸ਼ ਤਰਕਸੰਗਤ ਅਤੇ ਨਿਰਪੱਖ ਹਨ? ਕਿਤਾਬ ਵਿੱਚ ਕਈ ਥਾਂਵਾਂ ਤੇ ਅਸੁਵਿਧਾਜਨਕ ਤੱਥਾਂ ਤੋਂ ਜਾਣ ਬੁੱਝ ਕੇ ਪਿੱਛਾ ਛੁਡਾਉਣ ਦੀ ਪ੍ਰਵਿਰਤੀ ਸਾਫ਼ ਦਿਖਾਈ ਨਹੀਂ ਦਿੰਦੀ?

ਸ੍ਰੀ ਸੁਲੇਖ ਨੇ ਉਨ੍ਹਾਂ ਸਰੋਤਾਂ ਅਤੇ ਤੱਥਾਂ ਨੂੰ ਰੇਖਾਂਕਤ ਕਰਨ ਹਿੱਤ ਲਿਖਿਆ ਹੋਣ ਕਰਕੇ, ਉਨ੍ਹਾਂ ਨੂੰ ਆਪਦਾ ਸ੍ਰੀ ਮਾਧੋਪੁਰੀ ਦੇ ਬਰਾਬਰ ਰੱਖਣਾ ਉਚਿਤ ਪ੍ਰਤੀਤ ਨਹੀਂ ਹੁੰਦਾ। ਉਨ੍ਹਾਂ ਦੀ ਕ੍ਰਿਤ ਦੀ ਭਾਸ਼ਾ ਉਸੇ ਤਰ੍ਹਾਂ ਦੀ ਹੋਣੀ ਸੁਭਾਵਿਕ ਸੀ ਜਿਸ ਤਰ੍ਹਾਂ ਦੀ ਕ੍ਰਿਤ ਦੇ ਤੱਥਾਂ ਅਤੇ ਨਿਸ਼ਕਰਸ਼ਾਂ ਨੂੰ ਉਹ ਚੁਣੌਤੀ ਦੇ ਰਹੇ ਸਨ। ਗਲਤ ਪਰਿਪੇਖ ਦੇ ਲੇਖਕ ਨੂੰ ਅਤੇ ਸਹੀ ਪਰਿਪੇਖ ਪ੍ਰਦਾਨ ਕਰਨ ਵਾਲੇ ਲੇਖਕ ਨੂੰ ਇਕ ਬਰਾਬਰ ਰੱਖਣਾ ਆਪ ਦੇ ਸੰਤੁਲਿਤ ਸੰਪਾਦਕੀ ਨੂੰ ਇੱਕ ਖਾਸ ਤਰ੍ਹਾਂ ਦਾ ਝੁਕਾਉ ਪ੍ਰਦਾਨ ਕਰ ਰਿਹਾ ਹੈ, ਜੋ ਇੰਜ ਲਗਦੈ ਜਿਵੇਂ ਪਾਠਕ ਨੂੰ ਭਰਮਾਉਣ ਹਿੱਤ ਜਾਣ ਬੁੱਝ ਕੇ ਲਿਆ ਗਿਆ ਪੈਂਤਰਾ ਹੋਵੇ!

ਆਪ ਨੇ ਜਿਸ ਸੰਵਾਦ ਤੋਰਨ ਦੀ ਗੱਲ ਕੀਤੀ ਹੈ, ਉਹ ਬਹੁਤ ਮਹੱਤਵਪੂਰਨ ਹੈ। ਇਸ ਲਈ ਜੋ ਚਿਤਾਵਨੀ ਆਪ ਨੇ ਦਿੱਤੀ ਹੈ, ਉਹ ਵੀ ਬਹੁਤ ਮਾਕੂਲ ਹੈ, ਭਾਸ਼ਾ ਵਿਵਾਦ ਵਾਲੀ ਨਾ ਹੋਵੇ।

ਮੈਂ ਸਮਝਦਾ ਹਾਂ ਕਿ ਹੁਣ ਜਦੋਂ ਐਕਸ਼ਨ ਦਾ ਰਿਐਕਸ਼ਨ ਹੋ ਚੁੱਕਾ ਹੈ, ਸੰਵਾਦ ਲਈ ਸਹੀ ਮੌਕਾ ਹੈ, ਜੋ ਸੰਵਾਦ ਦੇ ਸਹੀ ਅਰਥਾਂ ਵਿੱਚ ਸੰਵਾਦ ਹੀ ਹੋਣਾ ਚਾਹੀਦਾ ਹੈ। ਕਿਸੇ ਵਿਅਕਤੀ ਦਾ ਸਹੀ ਤੇ ਨਿਰਪੱਖ ਮੂਲਅੰਕਣ ਕਰਦੇ ਹੋਏ ਇਹ ਜ਼ਰੂਰੀ ਨਹੀਂ ਹੁੰਦਾ ਕਿ ਕਿਸੇ ਦੂਜੇ ਨੂੰ ਛੋਟਾ ਸਿੱਧ ਕੀਤਾ ਹੀ ਕੀਤਾ ਜਾਵੇ, ਕਿਉਂਕਿ ਮੂਲਅੰਕਣ ਨਿਰੇ ਵਿਅਕਤੀ ਦਾ ਨਹੀਂ, ਸਗੋਂ ਉਸ ਲਹਿਰ ਦਾ ਹੀ ਮੁੱਖ ਤੌਰ 'ਤੇ ਹੁੰਦਾ ਹੈ, ਜਿਸ ਨੂੰ ਉਸ ਜਨਮ ਦਿੱਤਾ ਹੁੰਦਾ ਹੈ। ਉਸ ਲਹਿਰ ਦੇ ਪ੍ਰਤੱਖ ਅਤੇ ਅਪ੍ਰਤੱਖ ਹਾਂ ਪੱਖੀ ਅਸਰ, ਉਸ ਦੇ ਪ੍ਰਭਾਵ ਖੇਤਰ ਦੀ ਵਿਸ਼ਾਲਤਾ, ਉਸ ਲਹਿਰ ਦੀਆਂ ਭਵਿੱਖੀ ਸੰਭਾਵਨਾਵਾਂ ਆਦਿ ਅਨੇਕਾਂ ਪੱਖਾਂ ਨੂੰ ਮੂਲਅੰਕਣ ਕਰਨ ਸਮੇਂ ਧਿਆਨ ਗੋਚਰੇ ਰੱਖਣ ਦੀ ਜ਼ਰੂਰਤ ਹੁੰਦੀ ਹੈ। ਫਿਰ ਮੰਗੂਰਾਮ ਜੀ ਹੋਣ ਜਾਂ ਬਾਬਾ ਸਾਹਿਬ ਅੰਬੇਡਕਰ, ਉਨ੍ਹਾਂ ਬਾਬਤ ਕੁਝ ਵੀ ਲੁਕਿਆ ਨਹੀਂ ਹੈ, ਸਿਰਫ ਤੱਥਾਂ ਨੂੰ ਘੋਖਣ ਅਤੇ ਨਿਰਪੱਖਤਾ ਬਣਾਈ ਰੱਖਣ ਦੀ ਜ਼ਰੂਰਤ ਹੈ।

ਆਸ ਹੈ, ਆਪ ਵਲੋਂ ਸੰਵਾਦ ਲਈ ਦਿੱਤੇ ਸੱਦੇ ਦੇ ਹਾਂ ਪੱਖੀ ਸਿੱਟੇ ਨਿਕਲਣੇ। ਸ਼ੁੱਭ ਇਛਾਵਾਂ ਨਾਲ।

**-ਸੁਰਿੰਦਰ ਅਜਨਾਤ**, ਬੰਗਾ

ਤੇਰਾ ਪਰਚਾ ਬਾਕਾਇਦਗੀ ਨਾਲ ਮਿਲਦਾ ਹੈ ਤੇ ਮੈਂ ਬੜੇ ਧਿਆਨ ਨਾਲ ਇਸਦਾ ਅੱਖਰ ਅੱਖਰ ਪੜ੍ਹਦਾ ਹਾਂ। ਨਾਵਲ ਅੰਕ ਵਿਚ 'ਆਪਣੇ ਆਪਣੇ ਜਮਨੇਜੇ' ਬੜੇ ਸ਼ੌਕ ਨਾਲ ਪੜ੍ਹਿਆ। ਕਈ ਇਤਰਾਜ ਸਨ ਜਿਨਾ ਬਾਰੇ ਮੈਂ ਲਿਖਣ ਲਿਖਣ ਕਰਦਾ ਖ਼ਰਾਬ ਸਿਹਤ ਕਾਰਨ ਨਾ ਲਿਖ ਸਕਿਆ। ਪਰ ਚੰਗਾ ਹੋਇਆ ਉਸ ਤੋਂ ਅਗਲਾ ਪਰਚਾ ਵੀ ਮਿਲ ਗਿਆ ਹੈ। ਜਿਸ ਵਿਚ ਇਸ ਨਾਵਲ ਬਾਰੇ ਪ੍ਰਤੀਕਰਮ ਛਪੇ ਹਨ।

ਸਭ ਤੋਂ ਪਹਿਲਾਂ ਤਾਂ ਲੇਖਕ ਨੇ ਕਹਾਣੀ ਰਸ ਪੈਦਾ ਜ਼ਰੂਰ ਕੀਤਾ ਹੈ ਪਰ ਨਾਂ ਤੋਂ ਹੀ ਲਗਦਾ ਏ ਕਿ ਇਸਦਾ ਨਾਇਕ ਕੋਈ ਖਲਨਾਇਕ ਏ। 'ਜਮਨੇਜੇ' ਦਾ ਅਰਥ ਕੀ ਹੋਇਆ?

ਦੋ ਨੰਬਰ ਉਪਰ ਇਸਦੀ ਵਡਿਆਈ ਕਰਨ ਵਾਲੇ ਅਸਲੋਂ ਨਵੇਂ ਆਲੋਚਕ ਲਗਦੇ ਹਨ। ਇਹ ਕੀ ਫੈਸ਼ਨ ਹੋਇਆ ਕਿ ਹਰ ਚੀਜ਼ ਨੂੰ ਸੰਸਾਰੀਕਰਨ ਦਾ ਨਾਂ ਦੇ ਦਿੱਤਾ? ਕੀ ਇਨ੍ਹਾਂ ਨੇ ਕਦੀ ਗਲੋਬਲਾਈਜ਼ੇਸ਼ਨ ਦਾ ਸਾਹਿਤ ਪੜ੍ਹਿਆ ਹੈ? ਕੀ ਇਹ ਜਾਣਦੇ ਹਨ ਕਿ ਸੰਸਾਰੀਕਰਨ ਹੈ ਕੀ? ਉਥੋਂ ਦੀਆਂ ਕੁੜੀਆਂ (ਔਰਤਾਂ) ਤਾਂ ਆਪ ਪੰਜ ਪੰਜ ਸੌ ਮੁਲਾਜ਼ਮਾ ਵਾਲੀਆਂ ਕੰਪਨੀਆਂ ਦੀਆਂ ਐਗਜ਼ੈਕਟਿਵ ਹਨ। ਲਿੱਟ ਦੀਆਂ ਨਾਵਲ ਵਰਗੀਆਂ ਭੋਲੀਆਂ ਭਾਲੀਆਂ ਕੁੜੀਆਂ ਨਹੀਂ। ਨਾ ਹੀ ਕਿਸੇ ਕਾਰੋਬਾਰੀ ਆਦਮੀ ਕੋਲ

ਇਨ੍ਹਾਂ ਸਮਾਂ ਹੈ ਕਿ ਉਹ ਆਪਣੇ ਕਾਰੋਬਾਰ ਵਿਚੋਂ ਧਿਆਨ ਖਿਚ ਕੇ ਸਾਰਾ ਸਮਾਂ ਕੁੜੀਆਂ ਨੂੰ ਫਸਾਉਣ ਦੇ ਯਤਨਾ ਵਿਚ ਖਰਚ ਕਰ ਸਕੇ।

ਸਭ ਤੋਂ ਪਹਿਲਾਂ ਨਰਸਿਮਹਾ ਰਾਓ ਦੇ ਸਮੇਂ ਸੰਸਾਰ ਬੈਂਕ ਅਤੇ 'ਕੌਮਾਂਤਰੀ ਮੁਦਰਾ ਕੋਸ਼' ਨੇ ਰਾਓ ਅੱਗੇ ਸ਼ਰਤ ਰਖੀ ਕਿ ਅੰਤਰ ਰਾਸ਼ਟਰੀ ਕਰਜੇ ਤਾਂ ਖੋਹਲੇ ਜਾਣਗੇ ਜੇ ਮਨਮੋਹਨ ਸਿੰਘ ਨੂੰ ਖਜ਼ਾਨਾ ਮੰਤਰੀ ਬਣਾਇਆ ਜਾਵੇ। ਮਨਮੋਹਨ ਸਿੰਘ ਨੇ ਸਾਡੀ ਆਰਥਕਤਾ ਦਾ ਰੰਗ ਰੂਪ ਹੀ ਬਦਲ ਦਿੱਤਾ। ਸਾਡੀਆਂ ਭਾਰਤੀ ਕੰਪਨੀਆਂ ਟੈਕਸਲਾ, ਓਨੀਡਾ ਵਗੈਰਾ ਖਤਮ ਕਰਕੇ ਰਖ ਦਿੱਤੀਆਂ। ਵਿਸ਼ਵ ਬੈਂਕ ਵਗੈਰਾ ਦੇ ਕਰਜ਼ੇ ਤੇਲ ਪੈਦਾ ਕਰਨ ਵਾਲੇ ਦੇਸ਼ਾਂ ਵਿਚ ਜਾਂਦੇ ਹਨ। ਪਹਿਲਾਂ ਕਿਹਾ ਜਾਂਦਾ ਹੈ, "ਲੈ ਲਓ ਲੈ ਲਓ' ਫਿਰ ਸ਼ਾਈ ਲਾਕ ਵਾਂਗ Pound of Flesh ਮੰਗੀ ਜਾਂਦੀ ਹੈ। ਮਨਮੋਹਨ ਸਿੰਘ ਗੁੱਝਾ ਇਨਸਾਨ ਹੈ। ਜਿਵੇਂ ਇੰਦਰਾ ਗਾਂਧੀ ਲੋੜੋਂ ਵੱਧ ਸਖਤ ਸੀ। ਲੋਕ ਇਹ ਨਹੀਂ ਵੇਖਦੇ ਕਿ ਰਸੋਈ ਗੈਸ 90 ਰੁਪਏ ਤੋਂ ਸਾਢੇ ਚਾਰ ਸੌ ਰੁਪਏ ਤਕ ਕਰ ਦਿੱਤੀ ਗਈ ਹੈ। ਲੋਕ ਤਾਂ ਸ਼ੇਕਸਪੀਅਰ ਦੇ ਸ਼ਬਦਾਂ ਵਿਚ ਮੂਰਖ ਲੰਗੂਰ ਨੇ।

ਸਮੁੱਚੇ ਤੌਰ ਤੇ ਮੇਰਾ ਮਿੱਤਰ ਗੁਰਪਾਲ ਸਿੰਘ ਲਿੱਟ ਇਸ ਨਾਵਲ ਵਿਚ ਕਹਾਣੀ ਰਸ ਤਾਂ ਪੈਦਾ ਕਰ ਸਕਿਆ ਹੈ ਪਰ ਨਾ ਤਾਂ ਕੋਈ ਕਾਰੋਬਾਰੀ ਆਦਮੀ ਲੜਕੀਆਂ ਨੂੰ ਫਸਾਉਣ ਲਈ 'ਜਮਨੇਜਾ' ਜਿਨ ਸਮਾਂ ਕਢ ਸਕਦਾ ਹੈ ਨਾਂ ਹੀ ਧਨ ਬਰਬਾਦ ਕਰ ਸਕਦਾ ਹੈ। ਸੰਸਾਰੀਕਰਨ ਦੌਰ ਦੀਆਂ ਲੜਕੀਆਂ ਤਾਂ ਆਪ ਲੜਕੇ ਫਸਾਉਂਦੀਆਂ ਹਨ। ਮੇਰਾ ਆਲੋਚਕਾਂ ਨੂੰ ਮਸ਼ਵਰਾ ਹੈ ਕਿ ਉਹ ਅਮਰੀਕਾ ਜਾਂ ਦੂਜੇ ਵਿਕਸਤ ਦੇਸ਼ਾਂ ਦਾ ਸਾਹਿਤ ਪੜ੍ਹਿਆ ਕਰਨ। ਇਕ ਗਲ ਜ਼ਰੂਰ ਹੈ ਜਦ ਸੋਨੀਆਂ ਗਾਂਧੀ ਨੇ ਕਾਂਗਰਸ ਪਾਰਲੀਮੈਂਟਰੀ ਪਾਰਟੀ ਦੀ ਨੇਤਾ ਚੁਣੀ ਜਾਣ ਪਿਛੋਂ ਪ੍ਰਧਾਨ ਮੰਤਰੀ ਬਨਣਾ ਅਪਰਵਾਨ ਕਰ ਦਿਤਾ ਤਾਂ ਕਾਂਗਰਸ ਕੋਲ ਮਨਮੋਹਨ ਸਿੰਘ ਨਾਲੋਂ ਸੀਨੀਅਰ ਅਤੇ ਬਿਹਤਰ ਆਗੂ ਸਨ। ਪਰ ਵਿਸ਼ਵ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਲਈ ਸਭ ਤੋਂ ਵੱਧ ਮਨਮੋਹਨ ਸਿੰਘ ਫਿਟ ਬੈਠਦਾ ਸੀ। ਜਿਸ ਨੇ ਪੀ. ਚਦੰਬਰਮ ਅਤੇ ਮਨਟੇਕ ਸਿੰਘ ਆਹਲੂਵਾਲੀਆ ਨਾਲ ਰਲ ਕੇ ਭਾਰਤ ਨੂੰ ਅਮਰੀਕਨ ਆਦਿ ਦੇਸ਼ਾਂ ਦੀ ਮੰਡੀ ਲਈ ਪੇਸ਼ ਕਰ ਦਿੱਤਾ। ਉਸ ਲਿਹਾਜ਼ ਨਾਲ 'ਜਮਨੇਜਾ' ਠੀਕ ਹੈ ਜੋ ਲੋੜ ਵੇਲੇ ਪਤਨੀ ਵੀ ਪੇਸ਼ ਕਰਕੇ ਕੰਮ ਕਢਵਾ ਲੈਂਦਾ ਹੈ। ਪਰ ਅਮਰੀਕਾ ਆਦਿ ਵਿਕਸਤ ਦੇਸ਼ਾਂ ਦੀਆਂ ਪਤਨੀਆਂ 'ਜਮਨੇਜਾ' ਦੀ ਪਤਨੀ ਵਾਂਗ ਮਰਦ ਦੀ ਹਕੂਮਤ ਮੰਨਣ ਲਈ ਤਿਆਰ ਨਹੀਂ, ਇਸ ਨਾਵਲ ਨੂੰ ਫਿਊਡਲ ਦੌਰ ਦੇ ਸਾਹਿਤ ਵਿਚ ਜ਼ਰੂਰ ਸਾਮਲ ਕੀਤਾ ਜਾ ਸਕਦਾ ਹੈ।

ਨੰਬਰ ਦੋ ਉਪਰ ਪ੍ਰੇਮ ਪ੍ਰਕਾਸ਼ ਦਾ ਮਜ਼ਮੂਨ ਹੈ। ਮੈਂ ਪ੍ਰੇਮ ਪ੍ਰਕਾਸ਼ ਦਾ ਮਿੱਤਰ ਹੁੰਦਾ ਹੋਇਆ ਵੀ ਉਸਦੀਆਂ ਬਹੁਤ ਸਾਰੀਆਂ ਗੱਲਾਂ ਨਾਲ ਸਹਿਮਤ ਨਹੀਂ। ਤੂੰ ਜਾਣਦਾ ਏਂ ਮੈਂ ਹਿੰਦੂ-ਸਿੱਖ ਤਣਾਓ ਦੇ ਦਿਨੀਂ ਜਲੰਧਰ ਸਾਂ। ਪ੍ਰੇਮ ਪ੍ਰਕਾਸ਼ ਮੂਰਤੀ ਚੱਢਾ ਅਤੇ ਮਿਲਾਪ ਚੌਂਕ ਵਾਲਾ ਤਾਂਤਰਕ ਜਿਓਤਸ਼ੀ (ਜਿਸਦਾ ਨਾਂ ਮੈਨੂੰ ਯਾਦ ਨਹੀਂ ਆ ਰਿਹਾ) ਇਹ ਜਦ ਵੀ ਮੈਨੂੰ ਮਿਲਿਆ ਕਰਦੇ ਸਨ ਤਾਂ ਇੰਜ ਮਹਿਸੂਸ ਕਰਾਇਆ ਕਰਦੇ ਸਨ ਜਿਵੇਂ ਇਕ ਸਿੱਖ ਨੂੰ ਮਿਲ ਰਹੇ ਹੋਈਏ। ਹਾਲਾਂਕਿ ਇਸਤੋਂ ਛੁਟ ਕਿ ਮੇਰੇ ਮੂੰਹ ਤੇ ਦਾਹੜੀ ਅਤੇ ਸਿਰ ਤੇ ਪੱਗ ਹੈ ਹੋਰ ਮੇਰੇ ਵਿਚ ਸਿੱਖਾਂ ਵਾਲੀ ਕੋਈ ਗੱਲ ਨਹੀਂ। ਬਲਿਊ ਸਟਾਰ ਤਾਂ ਬਹੁਤ ਪਛੜ ਕੇ ਕੀਤਾ ਗਿਆ ਸੀ ਮੈਂ ਤਾਂ ਉਸ ਦਿਨ ਹੀ ਅਜਿਹੀ ਕਿਸੇ ਕਾਰਵਾਈ ਦੇ ਹਕ ਵਿਚ ਸਾਂ ਜਿਸ ਦਿਨ ਬਸ ਤੋਂ ਉਤਾਰਕੇ ਨਿਰਦੋਸ ਹਿੰਦੂਆਂ ਦਾ ਜੀ. ਟੀ. ਰੋਡ ਉਪਰ ਕਤਲ ਕੀਤਾ ਗਿਆ ਸੀ। ਫਿਰ ਪ੍ਰੇਮ ਪ੍ਰਕਾਸ਼ ਬਲਦੇਵ ਧਾਲੀਵਾਲ ਦੇ ਵਿਚਾਰਾਂ ਨੂੰ ਵਜ਼ਨ ਦੇ ਰਿਹਾ ਹੈ। ਮੈਂ ਧਾਲੀਵਾਲ ਨੂੰ ਬਹੁਤ ਨੇੜਿਓਂ ਜਾਣਦਾ ਹਾਂ ਅਸੀਂ ਵਧੇਰੇ ਨਹੀਂ ਤਾਂ ਸਾਲ ਡੇਢ ਸਾਲ 'ਅਜੀਤ' ਵਿਚ ਇਕਠਿਆ ਕੰਮ ਕੀਤਾ ਹੈ। ਪਰ ਜਿਥੇ ਕਿਤੇ ਵੀ ਹਿੰਦੂ-ਸਿੱਖ ਨੂੰ ਵੰਡਣ ਦੀ ਗੱਲ ਆਵੇਗੀ ਪ੍ਰੇਮ ਪ੍ਰਕਾਸ਼ ਨੂੰ ਜ਼ਰੂਰ ਪਸੰਦ ਆਵੇਗੀ। ਕਿਉਂਕਿ ਉਸਦੇ ਅੰਦਰ ਹਿੰਦੂ ਵੜਿਆ ਬੈਠਾ ਹੈ। ਜਦ 1984 'ਚ ਇੰਦਰਾ ਗਾਂਧੀ ਦੇ ਕਤਲ ਪਿਛੋਂ ਦਿੱਲੀ 'ਚ ਸਿੱਖਾਂ ਦਾ ਕਤਲੇ ਆਮ ਕੀਤਾ ਗਿਆ ਤਾਂ ਉਪ੍ਰੋਕਤ ਤਿੰਨੇ ਸੱਜਣ, ਪ੍ਰੇਮ ਪ੍ਰਕਾਸ਼, ਮੂਰਤੀ ਚੱਢਾ ਤੇ ਜਿਓਤਸ਼ੀ ਨਾਂ ਦਾ (ਹੁਣ ਨਾਂ ਯਾਦ ਆਇਆ ਏ) ਮੈਨੂੰ ਇੰਜ ਮਿਲੇ ਜਿਵੇਂ ਦਿੱਲੀ ਵਿੱਚ ਸਿੱਖਾਂ ਦਾ ਨਹੀਂ ਮੇਰੇ (ਪ੍ਰੀਤਮ) ਦੇ ਰਿਸ਼ਤੇਦਾਰਾਂ ਦਾ ਕਤਲੇ ਆਮ ਕੀਤਾ ਗਿਆ ਹੋਵੇ। ਪ੍ਰੇਮ ਪ੍ਰਕਾਸ਼ ਦੇ ਲਫ਼ਜ ਮੈਨੂੰ ਯਾਦ ਹਨ, "ਮੀਸ਼ਾ ਮਿਲਿਆ ਉਸ ਨਾਲ ਅਫਸੋਸ ਕੀਤਾ



ਜੌਹਲ ਨੂੰ ਉਚੇਚਾ ਮਿਲਕੇ ਦਿੱਲੀ ਦੇ ਸਿੱਖਾਂ ਦੇ ਕਤਲਾਂ ਬਾਰੇ ਦੁੱਖ ਪ੍ਰਗਟ ਕੀਤਾ।" ਕਹੀਆਂ ਬੇਹੂਦਾ ਗੱਲਾਂ ਹਨ! ਪ੍ਰੇਮ ਪ੍ਰਕਾਸ਼ ਦੀ 'ਇਹ ਉਹ ਜਸਬੀਰ ਨਹੀਂ' ਜਾਂ ਵਰਿਆਮ ਸਿੰਘ ਸੰਧੂ ਦੀ 'ਭੱਜੀਆ ਬਾਹੀਂ' ਇਕੋ ਲੜੀ ਦੀਆਂ ਕਹਾਣੀਆਂ ਹਨ। ਪ੍ਰੇਮ ਪ੍ਰਕਾਸ਼ ਜਦ ਮੰਟੋ ਅਤੇ ਐਕਟਰ ਸ਼ਿਆਮ ਬਾਰੇ ਜ਼ਿਕਰ ਕਰਦਾ ਹੈ ਤਾਂ ਦੋਹਾਂ ਦੇ 1947 'ਚ ਮਿਲਣ ਦੇ ਥਾਂ ਹੀ ਅਲਗ ਅਲਗ ਦਸਦਾ ਏ। ਇਹ ਮੁਲਾਕਾਤ ਉਸ ਸਮੇਂ ਹੁੰਦੀ ਏ ਜਦ ਸ਼ਿਆਮ ਆਪਣੇ ਰਾਵਲ ਪਿੰਡੀਓ ਆਏ ਰਿਸ਼ਤੇਦਾਰਾਂ ਅਤੇ ਮਿੱਤਰਾਂ ਨੂੰ ਮਿਲਣ ਜਾਣ ਲਈ ਤਿਆਰੀ ਕਰ ਰਿਹਾ ਹੈ। ਚਲੋ ਖ਼ੈਰ ਅਸਲ ਕਹਾਣੀ ਦੀ ਥਾਂ ਤੇ ਪ੍ਰੇਮ ਪ੍ਰਕਾਸ਼ ਨੇ ਨਵੀਂ ਕਹਾਣੀ ਪੈਦਾ ਕਰ ਲਈ ਹੈ, ਮੰਟੋ ਨੇ 1947 ਦੇ ਫਸਾਦਾਂ ਬਾਰੇ ਬਹੁਤ ਕਹਾਣੀਆਂ ਲਿਖੀਆਂ ਹਨ। ਸਾਰੀਆਂ ਬਹੁਤ ਖੂਬਸੂਰਤ। ਪਰ ਵਿਸ਼ੇ ਦੇ ਪਖੋਂ ਸੰਤ ਸਿੰਘ ਸੇਖੋਂ ਦੀ 'ਭੂਤਾਂ ਦੀ ਖੇਡ' ਰਾਜਿੰਦਰ ਸਿੰਘ ਬੇਦੀ ਦੀ 'ਲਾਜਵੰਤੀ' ਅਤੇ ਮਹਿੰਦਰ ਸਿੰਘ ਸਰਨਾ ਦੀ 'ਛਵੀਆਂ ਦੀ ਰੁੱਤ' ਕਿਸੇ ਸੂਰਤ ਵਿਚ ਵੀ ਵਿਸ਼ੇ ਦੇ ਪਖੋਂ ਅੱਡ ਅੱਡ ਨਹੀਂ ਹਨ। ਅਜਿਹੀਆਂ ਰਚਨਾਵਾਂ ਨੂੰ ਹਿੰਦੂ... ਮੁਸਲਮ ਜਾਂ ਸਿੱਖ ਹਿੰਦੂ ਦਰਮਿਆਨ ਵੰਡਿਆ ਜਾਣਾ ਬੇਹੂਦਾ ਏ।

**-ਪ੍ਰੀਤਮ**, ਬਿਰਧ ਆਸ਼ਰਮ, ਤਰਨਤਾਰਨ

ਕਹਾਣੀ ਧਾਰਾ (ਅਪ੍ਰੈਲ-ਜੂਨ, 2011 ਦੇ ਨਾਵਲ ਵਿਸ਼ੇਸ਼ ਅੰਕ ਬਾਰੇ ਕੁਝ ਵਿਚਾਰ ਨਿਮਨ ਅਨੁਸਾਰ ਸਾਂਝੇ ਕਰਨਾ ਚਾਹਾਂਗਾ। ਸੰਪਾਦਕੀ 'ਚ ਜ਼ਾਇਜ਼ ਕਿਹਾ ਗਿਆ ਕਿ ਨਾਵਲ ਹੀ ਅਜੇਹੀ ਸਾਹਿਤਕ ਵਿਧਾ ਹੈ, ਜੋ ਜ਼ਿੰਦਗੀ ਦੀਆਂ ਤੇ ਸਮਾਜ ਦੀਆਂ ਮਹੀਨ ਪਰਤਾਂ ਦੇ ਦੀਦੇ ਦੀਦਾਰ ਕਰਾਉਂਦਾ ਹੈ। ਹੋਰ ਵੰਨਗੀਆਂ ਤਾਂ ਮਹਿਜ਼ ਕਾਤਰਾਂ ਹਨ, ਛਿਣ ਹਨ ਕਲਾਤਮਕ ਛੋਹਾਂ ਦੀ ਪਰਤ ਚੜ੍ਹੇ ਹੋਏ। ਹੱਥਲੇ ਅੰਕ ਵਿਚ 'ਆਪੋ ਆਪਣੇ ਜਮਨੇਜੇ' ਗੁਰਪਾਲ ਸਿੰਘ ਲਿੱਟ ਦਾ ਨਾਵਲ ਜੋ ਬਾਰਾਂ ਕਾਂਡਾ ਵਿਚ ਫੈਲਿਆ ਹੋਇਆ ਹੈ, ਜ਼ਿੰਦਗੀ ਦੀਆਂ ਰੋਜ਼ ਵਾਪਰਦੀਆਂ ਘਟਨਾਵਾਂ ਨੂੰ ਬਾਖ਼ੂਬੀ ਬਿਆਨਦਾ ਹੈ। ਪੈਸੇ ਵਾਲਾ ਜਮਨੇਜਾ ਆਪਣੇ ਪੜ੍ਹਦੇ ਵੇਲੇ ਦੇ ਦੋਸਤ ਜੱਸੀ ਨਾਲ ਹਮਦਰਦੀ ਦਾ ਢੌਂਗ ਰਚਾ ਕੇ ਕਿਵੇਂ ਉਸਦੀਆਂ ਜੁਆਨ ਕੁੜੀਆਂ ਨੂੰ ਵਾਰੀ ਵਾਰੀ ਆਪਣੀ ਹਵਸ ਦਾ ਸ਼ਿਕਾਰ ਬਣਾਉਂਦਾ ਹੈ। ਆਰਥਿਕ ਤੌਰ ਤੇ ਟੁੱਟੇ ਘਰਾਂ ਦੀ ਹੋਣੀ ਅੱਜ ਵੀ ਇਹੀ ਹੈ। ਕੁਦਰਤ ਇਸ ਵਧ ਰਹੀ ਬਿਮਾਰੀ ਦਾ ਹੱਲ ਜੱਸੀ ਦੀ ਤੀਜੀ ਕੁੜੀ ਰਾਹੀਂ ਕੱਢਦੀ ਹੈ। ਨੀਲੂ ਉਸ ਦਾ ਸਾਰਾ ਕੱਚਾ ਚਿੱਠਾ ਉਹਦੇ ਸਾਹਮਣੇ ਖੋਲ੍ਹ ਦਿੰਦੀ ਹੈ। ਨੀਲੂ ਜਮਨੇਜੇ ਨੂੰ ਚੰਡੀ ਦਾ ਰੂਪ ਲੱਗਦੀ ਹੈ। ਧਰਤੀ 'ਚ ਵੀ ਜਮਨੇਜੇ ਨੂੰ ਕੋਈ ਲੁਕਣ ਲਈ ਥਾਂ ਨਹੀਂ ਲੱਭਦੀ। ਲਿੱਟ ਸਮਾਜ ਦੇ ਕੁਹਜ ਨੂੰ ਨੰਗਾ ਕਰਨ 'ਚ ਕਾਫ਼ੀ ਹੱਦ ਤੀਕ ਸਫ਼ਲ ਰਿਹਾ ਹੈ।

ਦੇਵਦਾਸੀ (ਮਨਮੋਹਨ ਬਾਵਾ) ਨਾਵਲ ਦੇ ਕਾਂਡ 'ਚ ਮੰਦਰਾਂ 'ਚ ਬ੍ਰਾਹਮਣਾਂ, ਪੁਜਾਰੀਆਂ, ਦੇਵਦਾਸੀਆਂ ਦੀ ਭੂਮਿਕਾ ਸ਼ਪਸ਼ਟ ਸਮਝ ਪੈਂਦੀ ਹੈ। ਕਿਵੇਂ ਦੇਵ ਦੱਤਾ ਨੇ ਸੁਰਾਪ੍ਰਭਾ ਦੇਵਦਾਸੀ ਦੇ ਸੁੰਦਰ ਸਰੀਰ ਨੂੰ, ਸੰਗੀਤਕ ਨਾਚ ਰਾਹੀਂ ਨਗਰ ਸ਼੍ਰੇਸ਼ਟਾਂ, ਸਾਮੰਤਾਂ ਅਤੇ ਅਨੰਦਪਾਲ ਦੀਆਂ ਅੱਖਾਂ ਔਗਿਉ ਲੰਘਾਇਆ। ਇੰਝ ਦੇਵਦਾਸੀਆਂ ਰਾਜੇ ਮਹਾਂਰਾਜਿਆਂ ਤੀਕ ਪਹੁੰਚ ਬਣਾ ਲੈਂਦੀਆਂ ਸਨ ਤੇ ਰਾਜ ਮਹੱਲ ਤੱਕ ਪਹੁੰਚਣਾ ਹੀ ਆਪਣੀ ਮੰਜਿਲ ਮੰਨਦੀਆਂ ਸਨ। ਇਕ ਕਾਂਡ ਬੜੀ ਰੌਚਿਕਤਾ ਨਾਲ , ਇਤਿਹਾਸਕ ਗੱਲ ਬਾ ਦਲੀਲ ਕਰ ਗਿਆ। 'ਕਥਾ ਇਸ ਯੁੱਗ ਦੀ' (ਬਲਬੀਰ ਪਰਵਾਨਾ) ਨਾਵਲ ਕਾਂਡ, ਇਕ ਅਖ਼ਬਾਰ ਨਵੀਸ ਪਰਮਪਾਲ ਕਿਦਾਂ ਦੇਹ ਵਾਪਾਰ ਦੇ ਅੱਡੇ ਫੜ੍ਹੇ ਜਾਣ ਦੀ ਖ਼ਬਰ ਦੀ ਕਵਰੇਜ਼ ਕਰਨ ਲਈ ਪੁੱਜਾ ਅਤੇ ਬਾਹਰੀ ਪ੍ਰਭਾਵ ਨਾਲ ਥੋੜ੍ਹਾ ਰੋਮਾਂਟਿਕ ਹੋ ਗਿਆ। ਉਸ ਦੀ ਪਤਨੀ ਪ੍ਰਿਯੰਕਾ ਉਸ ਦੇ ਘਰ ਆਣ ਵੇਲੇ ਘਰ ਨਹੀਂ ਸੀ। ਉਸ ਨੇ ਦਾਰੂ ਦੇ ਪੈੱਗ ਅਤੇ ਸੀ. ਡੀ. ਲਾ ਕੇ ਗੀਤਾਂ ਦਾ ਸਹਾਰਾ ਲਿਆ। ਪਰ ਉਸ ਤੇ ਕਾਮੁਕ ਉਤੇਜਨਾ ਭਾਰੂ ਸੀ। ਪ੍ਰਿਯੰਕਾ ਘਰੇ ਆਈ ਵੀ ਪਰ ਕਿਸੇ ਵਗਾਰ ਲਈ ਨੋਟਸ ਲੱਭਣ 'ਬਣਾਉਣ' 'ਚ ਰੁੱਝ ਗਈ। ਪ੍ਰਿਯੰਕਾ ਉਸ ਦੇ ਕੋਲ ਨਾ ਆਈ। ਉਸਦਾ 'ਹਵੇਲੀ' ਜਾ ਕੇ ਖਾਣਾ ਖਾਣ ਦਾ ਪ੍ਰੋਗਰਾਮ ਵੀ ਪ੍ਰਿਯੰਕਾ ਨੇ ਅੱਗੇ ਪਾ ਦਿੱਤਾ। 'ਪੈ ਢੱਠੇ ਖੂਹ 'ਚ' ਕਹਿ ਉਹ ਪੌੜੀਆਂ ਚੜ੍ਹਿਆ। ਫੇਰ ਉਹ ਫਾਈਲ 'ਚੋਂ ਦੇਸੀ ਬਲਿਊ ਦ੍ਰਿਸ਼ਾਂ ਦੀ ਸੀ ਡੀ ਲਾ ਕੇ, ਉਨ੍ਹਾਂ ਦ੍ਰਿਸ਼ਾ ਵਿਚ ਹੀ ਗੁਆਚ ਜਾਂਦਾ ਹੈ। ਪਰਵਾਨਾ ਨੇ ਆਦਮੀ ਔਰਤ ਦੀ ਉਤੇਜਨਾਂ ਸਮੇਂ ਇਕਸੁਰਤਾ ਦੇ ਲੰਗੜਾ ਜਾਣ 'ਚੋਂ ਉਪਜੀ ਪੀੜ ਨੂੰ ਸ਼ਬਦ ਦਿੱਤੇ ਹਨ।

**- ਪ੍ਰਿੰ. ਹਰੀ ਕ੍ਰਿਸ਼ਨ ਮਾਇਰ**, 398-ਵਿਕਾਸ ਨਗਰ, ਪੱਖੋਵਾਲ ਰੋਡ, ਲੁਧਿਆਣਾ

# ਪਰਵਾਜ਼ ਪ੍ਰਕਾਸ਼ਨ

## ਸਾਹਿਤਕ ਪੁਸਤਕਾਂ ਦੇ ਪ੍ਰਕਾਸ਼ਨ 'ਚ ਪਲੇਠਾ ਕਦਮ

ਉਤਮ, ਮਿਆਰੀ, ਸੁੰਦਰ ਦਿੱਖ ਵਿਚ ਪੁਸਤਕਾਂ ਪ੍ਰਕਾਸ਼ਤ ਕਰਨ ਵਾਲਾ ਨਵਾਂ ਪ੍ਰਕਾਸ਼ਨ ਘਰ, ਜਿਸ ਨੇ ਪ੍ਰਕਾਸ਼ਨ ਦੇ ਖੇਤਰ ਵਿਚ ਸਾਹਿਤਕ ਪੁਸਤਕਾਂ ਨਾਲ ਆਪਣੀ ਪਹਿਲੀ ਪਰਵਾਜ਼ ਭਰੀ ਹੈ। ਇਹ ਪ੍ਰਕਾਸ਼ਨ ਘਰ ਪੰਜਾਬੀ ਸਾਹਿਤ ਦੀ ਹਰ ਵਿਧਾ ਦੀਆਂ ਪੁਸਤਕਾਂ ਦੇ ਨਾਲ ਨਾਲ ਦੂਜੀਆਂ ਭਾਸ਼ਾਵਾਂ ਦੀਆਂ ਅਨੁਵਾਦ ਪੁਸਤਕਾਂ ਵੀ ਪ੍ਰਕਾਸ਼ਤ ਕਰੇਗਾ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ-

**Parwaz Parkashan**
**Vill. Dharampur, P.O. Khamber,**
**Distt. Jalandhar-144026,Mob. 94170-64350**
**e.mail:parwazparkashan@gmail.com**
**web:-www.parwazparkashan.com**




Year: 6 Issue No. 23
'KAHANI DHARA'(PUNJABI QUARTERLY) Oct.- Dec., 2011 R.N.I. Regd No. PUN PUN 2006 / 19971


## ਪਰਵਾਜ਼ ਪ੍ਰਕਾਸ਼ਨ ਦਾ ਪਲੇਠਾ ਤੇ ਨਿੱਗਰ ਕਦਮ
## ਪੁਸਤਕਾਂ ਖਰੀਦਣ ਲਈ ਹੇਠ ਲਿਖੇ ਪਤੇ 'ਤੇ ਸੰਪਰਕ ਕਰੋ





ਕਾਲ ਕਾਲਾਂਤਰ (ਕਹਾਣੀ ਸੰਗ੍ਰਹਿ) ਸਰੂਪ ਸਿਆਲਵੀ
ਮੁੱਲ 150 ਰੁਪਏ, ਪੰਨੇ 144

### ਕਾਲ ਕਾਲਾਂਤਰ


ਸਰੂਪ ਸਿਆਲਵੀ ਪੰਜਾਬੀ ਕਹਾਣੀ ਦੇ ਦ੍ਰਿਸ਼ ਵਿਚ ਅਸਲੋਂ ਵੱਖਰਾ ਖਲੋਤਾ ਕਹਾਣੀਕਾਰ ਹੈ। ਉਸ ਦੀ ਕਹਾਣੀ ਸਮਾਜ ਦੇ ਸਭ ਤੋਂ ਦਰੜੇ, ਕੁਚਲੇ ਅਤੇ ਸਮਾਜਕ ਤੌਰ ਤੇ ਅਪਾਹਜ ਕਰ ਦਿੱਤੇ ਗਏ ਤਬਕੇ ਦੇ ਦੁਖਾਂਤ ਦੀ ਕਹਾਣੀ ਹੈ। ਉਹ ਬਾਰ ਬਾਰ ਇਸ ਅਪਾਹਜ ਅਤੇ ਮੌਨ ਕਰ ਦਿੱਤੇ ਗਏ ਤਬਕੇ ਦੇ ਦਰਦ ਨੂੰ ਅਗਰਭੂਮੀ 'ਤੇ ਲਿਆਕੇ ਧਿਆਨ ਖਿਚਣਾ ਚਾਹੁੰਦਾ ਹੈ ਕਿ ਇਹ ਤਬਕਾ ਸਭ ਤੋਂ ਵੱਧ ਮਾਰ ਝੱਲਣ ਵਾਲਾ ਤਬਕਾ ਹੈ। ਸਰੂਪ ਸਿਆਲਵੀ ਦੀ ਕਹਾਣੀ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਉਨ੍ਹਾਂ ਅਵਚੇਤਨੀ ਗੰਢਾਂ ਨੂੰ ਫੜਦਾ ਹੈ ਜਿਨ੍ਹਾਂ ਦੀਆਂ ਡੂੰਘੀਆਂ ਜੜ੍ਹਾਂ, ਪੁਰਾਤਨ ਇਤਿਹਾਸ ਅਤੇ ਮਿਥਿਹਾਸ ਵਿਚ ਪਈਆਂ ਹਨ। 'ਕਾਲ ਕਾਲਾਂਤਰ' ਕਹਾਣੀ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਪਹਿਲੀ ਕਹਾਣੀ ਹੈ ਜੋ ਇਤਿਹਾਸ ਮਿਥਿਹਾਸ ਨੂੰ ਜਾਤੀ ਅਵਚੇਤਨ ਦੀ ਦ੍ਰਿਸ਼ਟੀ ਤੋਂ ਫੜਦੀ ਹੋਈ ਇਹ ਤਰਕ ਸਿਰਜਦੀ ਹੈ ਕਿ ਮਨੁੱਖ ਨੂੰ ਦਬੇਲ ਬਣਾਈ ਰੱਖਣ ਦੀ ਰੁਚੀ, ਦ੍ਰਿਸ਼ਟੀ ਅਤੇ ਸੋਚ ਆਧੁਨਿਕ ਸਮਿਆਂ ਦੀ ਬਾਤ ਨਹੀਂ, ਸਗੋਂ ਬਹੁਤ ਪੁਰਾਣੀ ਹੈ।

ਸਰੂਪ ਸਿਆਲਵੀ ਦੇ ਕਥਾ ਸੰਗ੍ਰਹਿ 'ਕਾਲ ਕਾਲਾਂਤਰ' ਦਾ ਕੈਨਵਸ ਬਹੁਤ ਵਿਸ਼ਾਲ ਹੈ। ਇਹ ਹੁਣ ਬਾਰੇ ਗੱਲ ਕਰਦਾ ਹੋਇਆ ਇਤਿਹਾਸ ਮਿਥਿਹਾਸ ਤੱਕ ਫੈਲਦਾ ਹੈ। ਪੰਜਾਬੀ ਕਹਾਣੀ ਅਨੁਭਵ ਦੇ ਸੰਗ-ਸਾਥ ਅਜਿਹੀ ਬੌਧਿਕਤਾ ਦੀ ਮੰਗ ਕਰਦੀ ਹੈ। ਸਰੂਪ ਅਨੁਭਵ ਅਤੇ ਬੌਧਿਕਤਾ ਵਿਚੋਂ ਸੰਘਣੇ ਬਿਰਤਾਂਤ ਦੀ ਕਹਾਣੀ ਸਿਰਜਦਾ ਹੋਇਆ ਪੰਜਾਬੀ ਕਥਾ ਬਿਰਤਾਂਤ ਨੂੰ ਨਵੀਂ ਦਿਸ਼ਾ ਵੱਲ ਵੀ ਸੇਧਿਤ ਕਰ ਰਿਹਾ ਹੈ।

-ਡਾ. ਸਰਬਜੀਤ ਸਿੰਘ




ਮੇਰੀ ਅਧੂਰੀ ਕਹਾਣੀ (ਸਵੈ ਜੀਵਨੀ) ਮੋਹਨ ਸਿੰਘ ਕੁੱਕੜਪਿੰਡੀਆ
ਮੁੱਲ: 260, ਰੁਪਏ, ਪੰਨੇ: 254




ਕਦਮ ਕਦਮ ਚੌਰਾਹੇ (ਕਹਾਣੀ ਸੰਗ੍ਰਹਿ) ਬਿੰਦਰ ਬਸਰਾ
ਮੁੱਲ :100 ਰੁਪਏ, ਪੰਨੇ: 96

ਪਰਵਾਜ਼ ਪ੍ਰਕਾਸ਼ਨ
ਪਤਾ ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ-144026
ਫੋਨ 94170-64350

Parwaz Parkashan
E.mail:parwazparkashan@gmail.com
Mob. 94170-64350